Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

All International Channels
MR IPTV
"Entertainment" is his middle name!
THE ULTIMATE IPTV SERVICES
*Live TV *4K Channels *Sports *Movies
*Documentaries *PPV *News
*Bollywood/Hollywood Movies
*Web Series *Music *Local Channels
ਆਈ ਪੀ ਟੀ ਵੀ ਲਾਓ ਅਤੇ ਆਪਣੇ ਪਸੰਦੀਦਾ ਪ੍ਰੋਗਰਾਮ ਘਰ ਬੈਠੇ ਦੇਖੋ!
CALL OR TEXT BOBBY: +1-909-278-7147

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587


Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 30; July 26, 2025
20451 N. Plum Grove Rd., Palatine, IL 60074
Ph:847-359-0746, Fax:847-705-9388

## ਉਪ-ਰਾਸ਼ਟਰਪਤੀ ਜਗਦੀਪ ਧਨਖੜ ਦੇ ਅਚਾਨਕ ਅਸਤੀਫ਼ੇ ਨਾਲ ਰਾਜਨੀਤੀ ਗਰਮਾਈ

### ਅਗਲਾ ਉਪ-ਰਾਸ਼ਟਰਪਤੀ ਬਿਹਾਰ ਜਾਂ ਪੰਜਾਬ 'ਚੋਂ ਬਣਨ ਦੀਆਂ ਅਟਕਲਾਂ



**ਨਵੀਂ ਦਿੱਲੀ:** ਉਪ ਰਾਸ਼ਟਰਪਤੀ ਜਗਦੀਪ ਧਨਖੜ ਵਲੋਂ ਆਪਣੇ ਅਹੁਦੇ ਤੋਂ ਅਚਾਨਕ ਅਸਤੀਫਾ ਦੇਣ ਨਾਲ ਭਾਰਤ ਦੀ ਰਾਜਨੀਤੀ ਇਕ ਦਮ ਗਰਮਾ ਗਈ ਹੈ। ਹਾਲਾਂ ਕਿ ਧਨਖੜ ਨੇ ਆਪਣੀ ਸਿਹਤ ਦੇ ਕਾਰਨਾਂ ਕਰਕੇ ਇਹ ਅਸਤੀਫਾ ਦਿੱਤਾ ਹੈ। ਧਨਖੜ ਨੇ ਇਸ ਸਬੰਧ ਵਿੱਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਇੱਕ ਪੱਤਰ ਲਿਖਿਆ ਹੈ।

ਉਨ੍ਹਾਂ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਲਿਖੇ ਪੱਤਰ ਵਿੱਚ ਸਿਹਤ ਕਾਰਨਾਂ ਅਤੇ ਡਾਕਟਰੀ ਸਲਾਹ ਦਾ ਹਵਾਲਾ ਦਿੰਦੇ ਹੋਏ ਸੰਵਿਧਾਨ ਦੀ ਧਾਰਾ 67(ਏ) ਦੇ ਤਹਿਤ ਆਪਣੇ ਅਸਤੀਫ਼ੇ ਦਾ ਐਲਾਨ ਕੀਤਾ। ਰਾਸ਼ਟਰਪਤੀ ਮੁਰਮੂ ਨੂੰ ਲਿਖੇ ਆਪਣੇ ਪੱਤਰ ਵਿੱਚ, ਜਗਦੀਪ ਧਨਖੜ ਨੇ ਲਿਖਿਆ, 'ਸਿਹਤ ਨੂੰ ਪਹਿਲ ਦਿੰਦੇ ਹੋਏ ਅਤੇ ਡਾਕਟਰੀ ਸਲਾਹ ਦੀ ਪਾਲਣਾ ਕਰਦੇ ਹੋਏ, ਮੈਂ ਤੁਰੰਤ ਪ੍ਰਭਾਵ ਨਾਲ ਭਾਰਤ ਦੇ ਉਪ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇ ਰਿਹਾ ਹਾਂ।' ਉਨ੍ਹਾਂ ਰਾਸ਼ਟਰਪਤੀ ਦਾ ਉਨ੍ਹਾਂ ਦੇ ਸਹਿਯੋਗ ਅਤੇ ਸੁਹਿਰਦ ਸਬੰਧਾਂ ਲਈ ਧੰਨਵਾਦ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦਾ ਵੀ ਉਨ੍ਹਾਂ ਦੇ ਸਹਿਯੋਗ ਅਤੇ ਮਾਰਗਦਰਸ਼ਨ ਲਈ ਧੰਨਵਾਦ ਕੀਤਾ। ਜਗਦੀਪ ਧਨਖੜ ਸਾਲ 2022 ਵਿੱਚ ਉਪ ਰਾਸ਼ਟਰਪਤੀ ਬਣੇ ਸਨ। ਉਨ੍ਹਾਂ ਦਾ ਕਾਰਜਕਾਲ ਅਗਸਤ 2027 ਤੱਕ ਸੀ, ਪਰ ਉਨ੍ਹਾਂ ਨੇ ਅਚਾਨਕ ਅਸਤੀਫ਼ਾ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਇਸ ਅਸਤੀਫ਼ੇ ਦਾ ਪਾਰਲੀਮੈਂਟ ਦਾ ਮਾਨਸੂਨ ਸੈਸ਼ਨ ਸ਼ੁਰੂ ਹੋਣ ਦੇ ਪਹਿਲੇ ਹੀ ਦਿਨ ਆਉਣਾ ਹੋਰ ਵੀ ਹੈਰਾਨੀਜਨਕ ਹੈ। ਜਗਦੀਪ ਧਨਖੜ ਵਲੋਂ ਆਪਣੀ ਸਿਹਤ ਦੇ ਹਵਾਲੇ ਨਾਲ ਦਿੱਤੇ ਗਏ ਅਸਤੀਫ਼ੇ ਦਾ ਦੱਸਿਆ ਗਿਆ ਕਾਰਨ ਵਿਰੋਧੀ ਧਿਰ ਨੂੰ ਕਿਸੇ ਵੀ ਤਰ੍ਹਾਂ ਹਜ਼ਮ ਨਹੀਂ ਹੋ ਰਿਹਾ। ਕਾਂਗਰਸੀ ਆਗੂ ਜੈਰਾਮ ਰਾਜੇਸ਼ ਨੇ ਆਪਣੇ ਐਕਸ ਅਕਾਊਂਟ ਉੱਤੇ ਲਿਖਿਆ ਹੈ ਕਿ ਕੱਲ੍ਹ ਸੋਮਵਾਰ ਦੁਪਹਿਰ ਨੂੰ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਦੀ ਜੋ ਮੀਟਿੰਗ, ਉਪ -ਰਾਸ਼ਟਰਪਤੀ ਵਲੋਂ ਬੁਲਾਈ ਗਈ ਸੀ, ਉਸ ਵਿੱਚ ਕੈਬਨਿਟ ਮੰਤਰੀ ਕਿਰਨ ਰਿਜਿਜੂ ਅਤੇ ਇੱਕ ਹੋਰ ਮੰਤਰੀ ਦਾ ਹਾਜ਼ਰ ਨਾ ਹੋਣਾ ਅਤੇ ਮੰਤਰੀਆਂ ਵਲੋਂ ਆਪਣੀ ਗ਼ੈਰਹਾਜ਼ਿਰੀ ਬਾਰੇ ਉਪ-ਰਾਸ਼ਟਰਪਤੀ ਨੂੰ ਸੂਚਨਾ ਵੀ ਨਾ ਦੇਣਾ, ਦਾਲ ਵਿਚ ਕੁਝ ਕਾਲਾ ਹੋਣ ਦਾ ਸੰਕੇਤ ਦਿੰਦਾ ਹੈ। ਇਸ ਮੀਟਿੰਗ ਵਿੱਚ ਜੈਰਾਮ ਰਮੇਸ਼ ਖੁਦ ਹਾਜ਼ਰ ਸਨ। ਮੰਤਰੀਆਂ ਦੇ ਨਾ ਆਉਣ ਕਾਰਨ ਜਗਦੀਪ ਧਨਖੜ ਨੇ ਇਹ ਮੀਟਿੰਗ ਮੰਗਲਵਾਰ ਦੁਪਹਿਰ ਤੱਕ ਮੁਲਤਵੀ ਕਰ ਦਿੱਤੀ ਪਰ ਇਸ ਤੋਂ ਦੋ ਕੁ ਘੰਟੇ ਬਾਅਦ ਹੀ ਰਾਸ਼ਟਰਪਤੀ ਨੂੰ ਲਿਖੇ ਇੱਕ ਪੱਤਰ ਵਿੱਚ ਸਿਹਤ ਦਾ ਹਵਾਲਾ ਦੇ ਕੇ ਉਪ-ਰਾਸ਼ਟਰਪਤੀ ਬਣੇ ਰਹਿਣ ਤੋਂ ਅਸਮਰੱਥਤਾ ਪਰਗਟ ਕਰ ਦਿੱਤੀ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜਗਦੀਪ ਧਨਖੜ ਦੇ ਪਿਛਲੇ ਸਮੇਂ ਵਿੱਚ ਕੁਝ ਅਜੇਹੇ ਬਿਆਨ ਵੀ ਆਏ ਸਨ ਜੋ ਭਾਜਪਾ ਦੇ ਵਰਤਮਾਨ ਕੰਮ ਢੰਗ ਨਾਲ ਮੇਲ ਨਹੀਂ ਖਾਂਦੇ। ਉਹਨਾਂ ਨੇ ਕਿਸਾਨਾਂ ਦੇ ਹੱਕ ਵਿੱਚ ਵੀ ਇੱਕ ਬਿਆਨ ਦਿੱਤਾ ਸੀ ਅਤੇ ਨਾਲ ਹੀ ਇਹ ਕਿਹਾ ਸੀ ਕਿ ਦੇਸ਼ ਦੇ ਉੱਚ ਅਹੁਦਿਆਂ ਉੱਤੇ ਬੈਠੇ ਵਿਅਕਤੀਆਂ ਨੂੰ ਵਧੇਰੇ ਸੁਚੇਤ ਹੋਣ ਦੀ ਲੋੜ ਹੈ, ਅਤੇ ਦੇਸ਼ ਦੀਆਂ ਜਮਹੂਰੀ ਰਵਾਇਤਾਂ ਕਾਇਮ ਰਹਿਣੀਆਂ ਚਾਹੀਦੀਆਂ ਹਨ। ਇਸ ਸਾਰੇ ਘਟਨਾਕ੍ਰਮ ਬਾਰੇ ਭਾਜਪਾ ਚੁੱਪ ਹੈ। ਦੂਸਰੇ ਪਾਸੇ ਇਹ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਕਿ ਅਗਲਾ ਉਪ ਰਾਸ਼ਟਰਪਤੀ ਕੌਣ ਹੋ ਸਕਦਾ ਹੈ। ਇਹ ਬਿਹਾਰ ਤੋਂ ਨਿਤੀਸ਼ ਕੁਮਾਰ ਵੀ ਹੋ ਸਕਦਾ ਹੈ ਅਤੇ ਪੰਜਾਬ ਤੋਂ ਕੋਈ ਚਿਹਰਾ ਵੀ ਹੋ ਸਕਦਾ ਹੈ।

ਕੋਈ ਸਿੱਖ ਚਿਹਰਾ ਬਣਾਉਣ ਦੀ ਗੱਲ ਚੱਲੀ ਤਾਂ ਸੰਕੇਤ ਇਸ ਤਰ੍ਹਾਂ ਦੇ ਵੀ ਮਿਲ ਰਹੇ ਹਨ ਕਿ ਸ਼ਾਇਦ ਕੇਂਦਰੀ ਮੰਤਰੀ ਹਰਦੀਪ ਪੁਰੀ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਚੁਣ ਲਿਆ ਜਾਏ ਕਿਉਂਕਿ ਭਾਜਪਾ ਇਸ ਵੇਲੇ ਸਭ ਤੋਂ ਵੱਧ ਕੇਂਦਰਿਤ ਬਿਹਾਰ ਅਤੇ ਪੰਜਾਬ ਉੱਤੇ ਹੋ ਰਹੀ ਹੈ।



## ਈਰਾਨ ਨੇ ਨਵੇਂ ਪ੍ਰਮਾਣੂ ਕੇਂਦਰ ਬਣਾਏ ਤਾਂ ਕਰ ਦਿਆਂਗੇ ਨਸ਼ਟ: ਟਰੰਪ

**ਦੁਬਈ:** ਈਰਾਨ ਵਲੋਂ ਬ੍ਰਿਟੇਨ, ਫਰਾਂਸ ਅਤੇ ਜਰਮਨੀ ਨਾਲ ਆਪਣੇ ਪ੍ਰਮਾਣੂ ਪ੍ਰੋਗਰਾਮ 'ਤੇ ਗੱਲਬਾਤ ਕਰਨ ਸੰਬੰਧੀ ਖ਼ਬਰਾਂ ਵਿਚਕਾਰ ਨਵੀਂ ਹਲਚਲ ਮੱਧ ਏਸ਼ੀਆ ਦੇ ਤਿੰਨਾਂ ਦੇਸ਼ਾਂ ਵੱਲੋਂ ਦਿੱਤੀਆਂ ਉਨ੍ਹਾਂ ਚਿਤਾਵਨੀਆਂ ਤੋਂ ਬਾਅਦ ਸ਼ੁਰੂ ਹੋ ਗਈ ਹੈ ਕਿ ਜੇ ਅਮਰੀਕਾ ਨਾਲ ਗੱਲਬਾਤ ਮੁੜ ਸ਼ੁਰੂ ਨਹੀਂ ਹੁੰਦੀ ਤਾਂ ਈਰਾਨ 'ਤੇ ਅੰਤਰਰਾਸ਼ਟਰੀ ਪਾਬੰਦੀਆਂ ਮੁੜ ਲਾਗੂ ਕੀਤੀਆਂ ਜਾਣਗੀਆਂ।ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਗੱਲਬਾਤ ਦੇ ਸਿਧਾਂਤ 'ਤੇ ਸਹਿਮਤੀ ਬਣ ਗਈ ਹੈ ਪਰ ਗੱਲਬਾਤ ਦੇ ਸਮੇਂ ਅਤੇ ਸਥਾਨ 'ਤੇ ਵਿਚਾਰ- ਵਟਾਂਦਰਾ ਜਾਰੀ ਹੈ। ਜਿਸ ਦੇਸ਼ ਵਿਚ ਗੱਲਬਾਤ ਅਗਲੇ ਹਫ਼ਤੇ ਹੋ ਸਕਦੀ ਹੈ, ਉਹ ਹਾਲੇ ਤੱਕ ਤੈਅ ਨਹੀਂ ਹੋਇਆ। ਕਿਹਾ ਗਿਆ ਹੈ ਕਿ ਜੇ ਈਰਾਨ ਅਤੇ ਅਮਰੀਕਾ ਦੇ ਵਿਚਕਾਰ ਚੱਲ ਰਹੀ ਪ੍ਰਮਾਣੂ ਗੱਲਬਾਤ ਮੁੜ ਸ਼ੁਰੂ ਨਹੀਂ ਹੁੰਦੀ ਜਾਂ ਠੋਸ ਨਤੀਜੇ ਨਹੀਂ ਦਿੰਦੀ ਤਾਂ ਉਹ ਅਗਸਤ ਦੇ ਅੰਤ ਤੱਕ ਤਹਿਰਾਨ 'ਤੇ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਮੁੜ ਲਾਗੂ ਕਰਨਗੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ ਜੇ ਕੋਈ ਨਵੀਆਂ ਪਰਮਾਣੂ ਸਹੂਲਤਾਂ ਬਣਾਉਣ ਦਾ ਫ਼ੈਸਲਾ ਕਰਦਾ ਹੈ ਤਾਂ ਉਨ੍ਹਾਂ ਨੂੰ ਨਸ਼ਟ ਕਰ ਦਿੱਤਾ ਜਾਵੇਗਾ। ਉਨ੍ਹਾਂ ਦੁਬਾਰਾ ਕਿਹਾ ਕਿ ਜੂਨ ਵਿਚ ਅਮਰੀਕੀ ਹਮਲਿਆਂ ਨੇ ਤਿੰਨ ਪਰਮਾਣੂ ਟਿਕਾਣਿਆਂ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਸੀ। ਉਨ੍ਹਾਂ ਨੂੰ ਮੁੜ ਸੇਵਾ 'ਚ ਲਿਆਉਣ 'ਚ ਕਈ ਸਾਲ ਲੱਗਣਗੇ। ਇਸ ਦੌਰਾਨ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜੇਸ਼ਕੀਅਨ ਨੇ ਸ਼ਾਂਤਮਈ ਉਦੇਸ਼ਾਂ ਲਈ ਪਰਮਾਣੂ ਊਰਜਾ ਦੀ ਵਰਤੋਂ ਕਰਨ ਦੇ ਆਪਣੇ ਦੇਸ਼ ਦੇ ਜਾਇਜ਼ ਅਧਿਕਾਰ ਨੂੰ ਦੁਹਰਾਇਆ ਹੈ। ਇਸ ਦੇ ਨਾਲ ਹੀ

(ਬਾਕੀ ਸਫ਼ਾ 6 'ਤੇ)

Sukhsimranjit Singh LLB, LLM, Ph.D
Mediator and Arbitrator, JAMS
ਸਿਵਲ, ਬਿਜ਼ਨਸ, ਪਰਿਵਾਰਕ, ਠੇਕੇ ਜਾਂ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਝਗੜੇ ਦੇ ਹੱਲ ਲਈ ਅਤੇ ਆਪਣੇ ਪੈਸੇ ਤੇ ਰਿਸ਼ਤਿਆਂ ਨੂੰ ਬਚਾਉਣ ਲਈ ਮੀਡੀਏਟਰ ਅਤੇ ਆਰਬੀਟਰੇਟਰ ਸੁਖਸਿਮਰਨਜੀਤ ਸਿੰਘ ਨਾਲ ਸੰਪਰਕ ਕਰੋ।
Do you have Civil, Business, Family, Contractual or Property Disputes?
Winner of SCMA Peacemaker Award, Dr. Singh is an internationally Acclaimed Mediator and Arbitrator.
Call: 503-910-8767
Case Manager: Julie McCool ,Email: jmccool@jamsadr.com
Mediation helps save money, completed within a day and save your relationship!
Four Locations: LOS ANGELES, SAN FRANCISCO, SACRAMENTO, VISALIA/ FRESNO, NEW YORK

Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਵਿਪਸਾਅ ਵਲੋਂ ਜਗਜੀਤ ਨੌਸ਼ਹਿਰਵੀ ਦੇ ਕਾਵਿ-ਸੰਗ੍ਰਹਿ ਉੱਪਰ ਗੋਸ਼ਟੀ

## ਸਿਰਜਣਾ ਦੇ ਨਵੇਂ ਅਰਥ ਤਲਾਸ਼ਦਾ ਕਾਵਿ-ਸੰਗ੍ਰਹਿ 'ਹਾਲ ਉਥਾਈਂ ਕਹੀਏ': ਕੁਲਵਿੰਦਰ

**ਹੇਵਰਡ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵੱਲੋਂ ਸੈਫ਼ਾਇਰ ਬੈਂਕੁਇਟ ਹਾਲ ਹੇਵਰਡ ਵਿਖੇ ਸਾਹਿਤਕ ਮਿਲਣੀ ਵਿਚ ਜਗਜੀਤ ਨੌਸ਼ਹਿਰਵੀ ਦੇ ਪਲੇਠੇ ਕਾਵਿ-ਸੰਗ੍ਰਹਿ 'ਹਾਲ ਉਥਾਈਂ ਕਹੀਏ' 'ਤੇ ਵਿਚਾਰ-ਚਰਚਾ ਕਰਵਾਈ ਗਈ। ਮਿਲਣੀ ਦੇ ਆਰੰਭ ਵਿਚ ਪ੍ਰਧਾਨ ਕੁਲਵਿੰਦਰ ਨੇ ਸਭ ਨੂੰ ਜੀਅ ਆਇਆਂ ਆਖਿਆ। ਪ੍ਰਸਿੱਧ ਸ਼ਾਇਰ ਈਸ਼ਰ ਸਿੰਘ ਮੋਮਨ ਅਤੇ 4 ਜੁਲਾਈ, 2025 ਨੂੰ ਟੈਕਸਸ ਵਿਖੇ ਹੜ੍ਹ ਵਿਚ ਮਾਰੀ ਗਈ ਲੋਕਾਈ ਦੀਆਂ ਵਿਛੜੀਆਂ ਰੂਹਾਂ ਨੂੰ ਮੌਨ ਧਾਰਨ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਜਗਜੀਤ ਦੀ ਕਿਤਾਬ ਵਿਚੋਂ ਖ਼ੂਬਸੂਰਤ ਗ਼ਜ਼ਲ ਗਾਇਨ ਕੀਤਾ।

ਪ੍ਰਧਾਨਗੀ ਮੰਡਲ ਵਿਚ ਪੰਜਾਬ ਤੋਂ ਆਏ ਨਾਮਵਰ ਸ਼ਾਇਰ ਜਸਵੀਰ ਧੀਮਾਨ, ਜਸਵੀਰ ਗਿੱਲ, ਜਗਜੀਤ ਨੌਸ਼ਹਿਰਵੀ, ਹਰਜਿੰਦਰ ਕੰਗ, ਪ੍ਰੋ. ਸੁਰਿੰਦਰ ਸਿੰਘ ਸੀਰਤ, ਸੁਰਿੰਦਰ ਸਿੰਘ ਧਨੋਆ ਅਤੇ ਬਲਵਿੰਦਰ ਸਿੰਘ ਧਨੋਆ ਸੁਸ਼ੋਭਿਤ ਹੋਏ। ਜਗਜੀਤ ਨੌਸ਼ਹਿਰਵੀ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਕਿਹਾ ਕਿ ਉਸ ਦੇ ਘਰ ਵਿਚ ਉਸ ਦੇ ਦਾਦਾ ਜੀ ਵੱਲੋਂ ਰੱਖੇ ਹੋਏ ਕਿੱਸਾ ਕਾਵਿ ਜੋ ਉਸਨੇ ਪਰਿਵਾਰ ਤੋਂ ਚੋਰੀ ਪੜ੍ਹਿਆ ਸੀ, ਉਸ ਨੂੰ ਸਾਹਿਤ ਨਾਲ਼ ਜੋੜ ਗਿਆ। ਉਸ ਨੇ ਕਾਲਜ ਦੇ ਅੰਤਿਮ ਕਾਲ ਵਿਚ ਲਿਖਣਾ ਸ਼ੁਰੂ ਕੀਤਾ। ਲੰਬਾ ਸਮਾਂ ਵਿਪਸਾਅ ਦੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਣ ਵੇਲੇ ਕਵਿਤਾ ਸਹਿਜ ਕਦਮੀਂ ਨਾਲ਼-ਨਾਲ਼ ਚੱਲਦੀ ਰਹੀ, ਜੋ ਅੱਜ ਕਿਤਾਬ ਦੇ ਰੂਪ ਵਿਚ ਸਾਹਮਣੇ ਆਈ ਹੈ। ਜੇਅ ਸੰਧੂ ਨੇ ਆਪਣੇ ਡੈਡੀ ਨੂੰ ਉਸ ਦੀ ਕਿਤਾਬ ਦੀ ਵਧਾਈ ਦਿੰਦਿਆਂ ਕਿਹਾ ਕਿ ਉਸ ਨੂੰ ਆਪਣੇ ਡੈਡੀ 'ਤੇ ਬਹੁਤ ਮਾਣ ਹੈ। ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਇਸ ਕਿਤਾਬ ਬਾਰੇ ਭਾਵ-ਪੂਰਤ ਪਰਚਾ ਪੇਸ਼ ਕਰਦਿਆਂ ਕਿਹਾ ਕਿ ਇਸ ਕਿਤਾਬ ਦੀਆਂ ਗ਼ਜ਼ਲਾਂ, ਨਜ਼ਮਾਂ ਤੇ ਗੀਤਾਂ ਵਿਚ ਦਿਲ ਨੂੰ ਛੋਹਣ ਵਾਲੀ ਗੱਲ, ਦਿਲ ਵਿਚੋਂ ਹੀ ਦਿਲ ਦੀ ਜ਼ੁਬਾਨ ਵਿਚ ਕਹੀ ਗਈ ਹੈ। ਇਸ ਦੀਆਂ ਕਵਿਤਾਵਾਂ ਰਾਹੀਂ ਗੁਰੂਆਂ ਦੀ ਰਹਿਮਤ, ਸ਼ਾਹ ਹੁਸੈਨ, ਕਰਤਾਰ ਸਿੰਘ ਸਰਾਭਾ, ਮਹਾਤਮਾ ਬੁੱਧ, ਮਹਾਰਾਜਾ ਦਲੀਪ ਸਿੰਘ ਅਤੇ ਦੁੱਲ੍ਹਾ ਭੱਟੀ ਆਦਿ ਪੰਜਾਬ ਦੇ ਨਾਇਕ ਨਵੇਂ ਰੂਪ ਵਿਚ ਪਾਠਕਾਂ ਦੀਆਂ ਰੂਹਾਂ ਵਿਚ ਜਿਉਂਦੇ ਹੋ ਗਏ ਹਨ। ਇਸ ਲਈ ਇਹ ਕਿਤਾਬ ਅਮਰੀਕੀ ਪੰਜਾਬੀ ਸਾਹਿਤ ਵਿਚ




ਮਹੱਤਵਪੂਰਣ ਵਾਧਾ ਹੈ। ਮਨਜੀਤ ਪਲਾਹੀ ਨੇ 'ਰਾਤ ਸ਼ਿਫ਼ਟ ਦੀਆਂ ਨਰਸਾਂ' ਕਵਿਤਾ ਦਾ ਅੰਗਰੇਜ਼ੀ ਵਿਚ ਕੀਤਾ ਤਰਜਮਾ ਪੇਸ਼ ਕੀਤਾ। ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਜਗਜੀਤ ਨੇ ਆਪਣੇ ਸ਼ਿਅਰਾਂ ਵਿਚ ਨਵੇਂ ਰੰਗ ਭਰੇ ਹਨ ਅਤੇ ਸਭ ਤੋਂ ਔਖੀ ਬਹਿਰ ਵਿਚ ਵੀ ਲਿਖਿਆ ਹੈ। ਉਸਦੇ ਸ਼ਿਅਰ ਵਿਚਲੀ ਵੱਖਰਤਾ ਇਸ ਤਰ੍ਹਾਂ ਹੈ:

ਅਸੀਂ ਸੀਂਦੇ ਰਹੇ ਫਟੇ ਹੋਏ ਅਸਮਾਨ ਦੀ ਚਾਦਰ
ਜੋ ਅੰਦਰ ਫਟ ਗਏ ਅੰਬਰ ਉਨ੍ਹਾਂ ਲੀਰਾਂ ਦੇ ਕੀ ਕਰੀਏ

ਸੁਰਜੀਤ ਸਖੀ ਨੇ ਕਿਹਾ ਕਿ ਜਗਜੀਤ ਨੇ ਇਸ ਕਿਤਾਬ ਵਿਚ ਗ਼ਜ਼ਲਾਂ ਨੂੰ ਅਨੇਕਾਂ ਰੰਗਾਂ ਸਮੇਤ ਪੇਸ਼ ਕੀਤਾ ਹੈ ਤੇ ਉਸ ਦੀਆਂ ਕਵਿਤਾਵਾਂ ਪਾਠਕਾਂ ਨਾਲ਼ ਵਾਦ-ਵਿਵਾਦ ਛੇੜਦੀਆਂ ਹਨ। ਪਾਠਕ ਉਸ ਦੇ ਸ਼ਿਅਰਾ ਦੇ ਨਾਲ਼-ਨਾਲ਼ ਤੁਰ ਪੈਂਦਾ ਹੈ:

ਰਜ਼ਾ ਵਿਚ ਰਹਿਣ ਦਾ ਹੀ ਤੂੰ ਬਣਾਇਆ ਹੈ ਨਿਯਮ ਜੇਕਰ,
ਰਜ਼ਾ ਤੋਂ ਪਾਰ ਦੀ ਸੋਚਾਂ ਨਾ ਫਿਰ ਐਸੀ ਰਜ਼ਾ ਲਿਖਣਾ।

ਹਰਜਿੰਦਰ ਕੰਗ ਨੇ ਕਿਹਾ ਕਿ ਜਗਜੀਤ ਦੀ ਗ਼ਜ਼ਲ ਬਹਿਰਾਂ 'ਤੇ ਖਰੀ ਉੱਤਰੀ ਹੈ ਅਤੇ ਉਹ ਸਥਾਪਿਤ ਸ਼ਾਇਰ ਵਜੋਂ ਸਾਹਮਣੇ ਆਇਆ ਹੈ। ਉਸਦੇ ਕਈ ਸ਼ੇਅਰਾਂ ਵਿਚ ਗ਼ਜ਼ਲ ਦਾ ਰੰਗ ਵੀ ਹਾਜ਼ਰ ਹੈ। ਹਰਪ੍ਰੀਤ ਕੌਰ ਧੂਤ ਨੇ ਕੁਝ ਚੋਣਵੇਂ ਸ਼ੇਅਰਾਂ ਦੇ ਹਵਾਲੇ ਨਾਲ ਆਪਣੇ ਵਿਚਾਰ ਰੱਖੇ ਅਤੇ ਜਗਜੀਤ ਦੀ ਸ਼ਬਦ ਦੁਆ ਨਾਲ਼ ਹੀ ਜਗਜੀਤ ਲਈ ਦੁਆ ਕੀਤੀ:

ਤੇਰੇ ਅੰਦਰੋਂ ਕਦੇ ਨਾ ਸੁੱਕੇ
ਸ਼ਬਦਾਂ ਦਾ ਦਰਿਆ।

ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਸਾਹਿਤ ਉਹ ਹੈ ਜੋ ਸਾਡੇ ਨਾਲ਼-ਨਾਲ਼ ਜੀਵਨ ਵਿਚ ਚਲਦਾ ਹੈ। ਜੀਵਨ ਤੋਂ ਅਲੱਗ ਕੋਈ ਸਾਹਿਤ ਨਹੀਂ ਹੋ ਸਕਦਾ। ਜਗਜੀਤ ਦੀਆਂ ਕਵਿਤਾਵਾਂ ਵੀ ਮਨੁੱਖੀ ਰਿਸ਼ਤਿਆਂ ਅਤੇ ਸਾਡੇ ਸਮਾਜ ਸਨਮੁੱਖ ਮੁਸ਼ਕਲਾਂ ਦੁਆਲੇ ਬੁਣੀਆਂ ਹਨ ਅਤੇ ਭਾਵਪੂਰਤ ਹਨ। ਕੁਲਵਿੰਦਰ ਨੇ ਕਿਹਾ ਕਿ ਜਗਜੀਤ ਨੇ ਛੰਦ ਮੁਕਤ ਕਵਿਤਾਵਾਂ ਵਿਚ ਆਧੁਨਿਕ ਭਾਵ-ਬੋਧ, ਨਵੇਂ ਬਿੰਬ-ਵਿਧਾਨ ਤੇ ਸਮਕਾਲੀ ਮੁੱਦਿਆਂ ਨੂੰ ਬਾਖ਼ੂਬੀ ਚਿੱਤਰਿਆ ਹੈ। ਉਸ ਨੇ ਦੁੱਲਾ ਭੱਟੀ ਦੀ ਕਵਿਤਾ ਵਿਚ ਦੁੱਲੇ ਨੂੰ ਇਤਿਹਾਸਕ ਪਾਤਰ ਹੀ ਨਹੀਂ ਸਗੋਂ ਇੱਕ ਪ੍ਰਤੀਕ ਵਜੋਂ ਪੇਸ਼ ਕੀਤਾ ਹੈ। ਉਸ ਨੇ ਆਪਣੀ ਰਚਨਾ ਵਿਚ ਗੀਤਾਂ ਨੂੰ ਪੁੱਤਾਂ ਵਰਗੇ ਮਜ਼ਬੂਤ ਤੇ ਗ਼ਜ਼ਲਾਂ ਨੂੰ ਧੀਆਂ ਵਰਗੀ ਕੋਮਲਤਾ ਦਾ ਪ੍ਰਭਾਵ ਦਿੱਤਾ ਹੈ। ਇਸ ਦੇ ਨਾਲ਼ ਹੀ ਪਰੰਪਰਾ ਤੋਂ ਹਟ ਕੇ ਨਵੇਂ ਬਿੰਬ ਵੀ ਸਿਰਜੇ ਹਨ:


ਗੀਤ ਮੇਰੇ ਨੇ ਪੁੱਤਰਾਂ ਵਰਗੇ ਗ਼ਜ਼ਲਾਂ ਧੀਆਂ ਵਰਗੀਆਂ ਨੇ
ਮੇਰੀਆਂ ਸਭ ਕਵਿਤਾਵਾਂ ਮੈਨੂੰ ਘਰ ਦੇ ਜੀਆਂ ਵਰਗੀਆਂ ਨੇ
ਜਾਂ
ਲਈ ਫਿਰਦਾ ਹਾਂ ਖੰਭਾਂ ਹੇਠ ਮੈਂ ਇੱਕ ਪੰਡ ਚਾਨਣ ਦੀ
ਮੈਂ ਲਿਖਣਾ ਲੋਚਦਾਂ ਫੁੱਲ-ਪੱਤਿਆਂ 'ਤੇ ਜਾਗਦੇ ਅੱਖਰ।

ਚਰਨਜੀਤ ਸਿੰਘ ਪੰਨੂ, ਤਾਰਾ ਸਿੰਘ ਸਾਗਰ, ਸੁਰਿੰਦਰ ਸਿੰਘ ਧਨੋਆ, ਬਲਵਿੰਦਰ ਸਿੰਘ ਧਨੋਆ ਆਦਿ ਨੇ ਵੀ ਵਿਚਾਰ-ਚਰਚਾ ਨੂੰ ਅੱਗੇ ਤੋਰਦੇ ਹੋਏ ਜਗਜੀਤ ਨੂੰ ਵਧਾਈ ਦਿੱਤੀ। ਜਸਵੀਰ ਧੀਮਾਨ ਨੇ ਇਸ ਸੈਸ਼ਨ ਦਾ ਮੁਲਾਂਕਣ ਕਰਦੇ ਹੋਏ ਵਿਪਸਾਅ ਨੂੰ ਸਫ਼ਲ ਪ੍ਰੋਗਰਾਮ ਕਰਵਾਉਣ ਲਈ ਵਧਾਈ ਦਿੱਤੀ। ਵਿਪਸਾਅ ਵੱਲੋਂ ਜਗਜੀਤ ਨੌਸ਼ਹਿਰਵੀ, ਜਸਵੀਰ ਧੀਮਾਨ (ਅਤੇ ਉਨ੍ਹਾਂ ਦੀ ਪਤਨੀ) ਅਤੇ ਹਰਜਿੰਦਰ ਕੰਗ ਦਾ ਸਨਮਾਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਸ ਪ੍ਰੋਗਰਾਮ ਵਿਚ ਹਰਜਿੰਦਰ ਕੰਗ ਦੇ ਕਾਵਿ-ਸੰਗ੍ਰਿਹ 'ਵੇਲ ਰੁਪਏ ਦੀ ਵੇਲ' ਵੀ ਲੋਕ-ਅਰਪਣ ਕੀਤਾ ਗਿਆ ਅਤੇ ਇਸ ਬਾਰੇ ਸੰਤੋਖ ਸਿੰਘ ਮਿਨਹਾਸ ਦਾ ਲਿਖਿਆ ਰਿਵੀਊ ਅਵਤਾਰ ਗੋਂਦਾਰਾ ਵੱਲੋਂ ਪੜ੍ਹਿਆ ਗਿਆ। ਕਵੀ ਦਰਬਾਰ ਵਿਚ, ਪ੍ਰਿੰਸੀਪਲ ਹਜ਼ੂਰਾ ਸਿੰਘ, ਜਸਵੰਤ ਸ਼ਾਦ, ਚਰਨਜੀਤ ਸਿੰਘ ਗਿੱਲ, ਗੁਰਤੇਜ ਪਰਸਾ ਆਦਿ ਨੇ ਭਾਗ ਲਿਆ। ਪ੍ਰਿੰਸੀਪਲ ਹਰਨੇਕ ਸਿੰਘ ਨੇ ਮਿੰਨੀ ਕਹਾਣੀ ਪੜ੍ਹੀ। ਹੋਰਾਂ ਤੋਂ ਇਲਾਵਾ ਡਾ. ਗੁਰਪ੍ਰੀਤ ਕੌਰ ਹਾਜ਼ਰਾ, ਸੁਰਿੰਦਰ ਕੌਰ ਹਾਜ਼ਰਾ, ਪ੍ਰੋ. ਸੁਖਦੇਵ ਸਿੰਘ, ਵਿਜੇ ਸਿੰਘ, ਅਵਤਾਰ ਲਾਖਾ, ਜੋਤੀ, ਕਮਲ ਸਿੱਧੂ, ਮਹਿੰਗਾ ਸਿੰਘ ਸਰਪੰਚ, ਸੋਨੂੰ ਸਾਹਿਲ, ਰਿੰਮੀ ਸੰਧੂ ਆਦਿ ਸ਼ਾਮਲ ਸਨ। ਪ੍ਰੋਗਰਾਮ ਦਾ ਸੰਚਾਲਨ ਲਾਜ ਨੀਲਮ ਸੈਣੀ ਨੇ ਕੀਤਾ।

*-ਰਿਪੋਰਟ: ਲਾਜ ਨੀਲਮ ਸੈਣੀ*
*ਸਾਹਿਤ ਸਕੱਤਰ*
*ਫ਼ੋਨ: 510-502-0551*


**Homeopathicvibes**
**Harminder Singh Gill**
Homeopathic Consultant and Practitioner
*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
*We sell and ship homeopathic remedies through out North America.*



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
**Grand Opening**
**Special Price for Truck Wash**
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997










# Matrimonials

## ਲੜਕੇ ਦੀ ਲੋੜ ਹੈ

Seeking a professional match green card/citizen only, for U.S. born Dhillon girl 29, 5'4", masters in Environmental Science. Working in university. Brother is Doctor in Stanford. Parents are well educated. Please call us at: 817 929 6405 or E-Mail at: Dhillon3531@gmail.com . 30-33

---

Ramgarhia Sikh family seeking a suitable match for their Doctor daughter, 30, 5'6". MBBS (Silver Medalist) from India. Presently in first year of fellowship after Residency (internal medicine) in USA. Father retired as Colonel from Indian Army. Mother working as Lecturer. Caste no bar. Contact us at: +91 9471004633 and +1 (570) 880-0136. 29-32

---

Looking for a suitable match for our Canadian Citizen Ramgarhia Sikh daughter 32, 5'-8" beautiful, family oriented with Bachelor of Commerce. The boy must be from the USA or Canada, professionally qualified, good-natured, well settled, and with good family values. Serious inquiries only. Please respond to kalsi.construction@gmail.com with biodata. 29-32

## ਲੜਕੀ ਦੀ ਲੋੜ ਹੈ

Well settled Gursikh Amritdhari boy in USA, 1987 born, 5'-11" tall, MS Degree holder, works as Software Product Leader, Green Card petition approved in 2016. Home Owner in San Francisco, Bay Area, California since 2021, innocently divorced, issueless, family oriented, seeks Amritdhari (Keskidhari/ ready to tie Keski), educated, vegetarian, family oriented Girl. Preference to girls living in USA & CANADA. Marriage Bureau stay away. Please contact us at +1-510-399-4085 or +91-98993-79442 (whatsapp) or E-mail at cjsingh55@gmail.com 30-33

---

Sikh family looking for a suitable match for their US citizen, son (wears turban), 24, 5'7", BS (Computer Science) and Masters (Computer Information System) from UWM. He is well settled and working full time in Wisconsin for a renowned MNC and earning a decent package. We are a well settled family living in Wisconsin. Caste Ramdasia (Caste No Bar). Boy lives with grandparents, parents and sister in Wisconsin. If interested, please call at +1 714 699 4757 (Father) or Email: satnamsingh18@hotmail.com 29-32

---

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020. 26-29

---

Jatt Sikh family looking for a suitable match for their US citizen, son, 25, 5'10" tall, holding a degree in Chemical Engineering from UT, Austin-TX. He is currently working in San Francisco. He belongs to a well-settled, respected Jatt Sikh family in the USA. He is the only child with no siblings. if interested, please contact: 501-580-7305 or email: sarabjitb27@gmail.com

---

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

---

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

# ਘਟ ਰਿਹਾ ਹੈ ਪੰਜਾਬੀ ਭਾਸ਼ਾ ਪੜ੍ਹਨ ਦਾ ਰੁਝਾਨ

**ਜਲੰਧਰ:**ਭਾਸ਼ਾ ਮਾਹਿਰਾਂ ਦਾ ਮੰਨਣਾ ਹੈ ਕਿ ਪਹਿਲੀ ਉਮਰ ਵਿੱਚ ਬੱਚਾ ਜਿੰਨੀਆਂ ਵੀ ਭਾਸ਼ਾਵਾਂ ਚਾਹੇ, ਸਿੱਖ ਸਕਦਾ ਹੈ। ਇਸ ਕਰਕੇ ਸਰਕਾਰ ਵੱਲੋਂ ਸਿਖਿਆ ਸੰਸਥਾਵਾਂ ਨੂੰ ਭਾਸ਼ਾਵਾਂ ਪੜ੍ਹਾਉਣ ਲਈ ਸਹੂਲਤ ਦਿੱਤੀ ਗਈ ਹੈ। ਸਰਕਾਰ ਤਾਂ ਸਹੂਲਤ ਦੇ ਰਹੀ ਹੈ, ਕੀ ਅਸੀਂ ਸੱਚਮੁੱਚ ਆਪਣੇ ਬੱਚਿਆਂ ਨੂੰ ਭਾਸ਼ਾਵਾਂ ਨਾਲ ਜੋੜ ਰਹੇ ਹਾਂ? ਅੱਜ ਸਾਡੇ ਕੋਲ ਭਾਸ਼ਾ ਦੇ ਨਾਂ 'ਤੇ ਅੰਗਰੇਜ਼ੀ ਅਤੇ ਹਿੰਦੀ ਦੀ ਗੱਲ ਹੀ ਪ੍ਰਮੁੱਖਤਾ ਨਾਲ ਸਾਹਮਣੇ ਆਉਂਦੀ ਹੈ। ਗੱਲ ਕਰਦੇ ਹਾਂ ਦੇਸ਼ ਦੀ ਰਾਜਧਾਨੀ ਦਿੱਲੀ ਬਾਰੇ। ਦਿੱਲੀ ਇਕ ਬਹੁ-ਭਾਸ਼ਾਈ ਸ਼ਹਿਰ ਹੈ ਜਿੱਥੇ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਮੁੱਖ ਰੂਪ ਵਿਚ ਵਰਤੀ ਜਾਂਦੀ ਹੈ। ਭਾਵੇਂ ਦਿੱਲੀ ਵਿਚ ਇਸ ਸਮੇਂ ਸਰਕਾਰੀ ਪੱਧਰ 'ਤੇ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਹੋਇਆ ਹੈ। ਇਸ ਕਰਕੇ ਦਿੱਲੀ ਦੇ ਸਰਕਾਰੀ, ਗ਼ੈਰ-ਸਰਕਾਰੀ ਅਤੇ ਪਬਲਿਕ ਸਕੂਲਾਂ ਦੇ ਨਾਲ-ਨਾਲ ਕਾਲਜਾਂ ਵਿਚ ਪੰਜਾਬੀ ਪੜ੍ਹਨ ਦੀ ਸਹੂਲਤ ਦਿੱਤੀ ਹੋਈ ਹੈ। ਸਰਕਾਰ ਨੇ ਤਾਂ ਆਪਣਾ ਕੰਮ ਕਰ ਦਿੱਤਾ। ਕੀ ਅਸੀਂ ਸੱਚਮੁੱਚ ਇਸ ਦਾ ਲਾਭ ਉਠਾ ਰਹੇ ਹਾਂ। ਮੈਂ ਆਪ ਵੀ ਇਕ ਵਿੱਦਿਅਕ ਅਦਾਰੇ ਨਾਲ ਜੁੜਿਆ ਹੋਇਆ ਹਾਂ। ਇਸ ਕਰਕੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨਾਲ ਵਾਹ ਪੈਂਦਾ ਰਹਿੰਦਾ ਹੈ।

ਅੱਜ ਵੇਖਣ ਵਾਲੀ ਗੱਲ ਇਹ ਹੈ ਕਿ ਦਿੱਲੀ ਵਿਚ ਸਕੂਲਾਂ ਤੇ ਕਾਲਜਾਂ 'ਚ ਵਿਦਿਆਰਥੀਆਂ ਦੀ ਪੰਜਾਬੀ ਭਾਸ਼ਾ ਨੂੰ ਪੜ੍ਹਨ ਦੀ ਰੁਚੀ ਦਿਨ-ਪ੍ਰਤੀ-ਦਿਨ ਘਟਦੀ ਜਾ ਰਹੀ ਹੈ।



ਸਕੂਲਾਂ, ਕਾਲਜਾਂ ਵਿਚ ਅਧਿਆਪਕ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਉਣਾ ਚਾਹੁੰਦੇ ਹਨ ਪਰ ਕੀ ਵਿਦਿਆਰਥੀ ਤੇ ਕੀ ਉਨ੍ਹਾਂ ਦੇ ਮਾਪੇ, ਪੰਜਾਬੀ ਭਾਸ਼ਾ ਵੱਲੋਂ ਮੂੰਹ ਮੋੜ ਰਹੇ ਹਨ। ਦੂਜੇ ਪਾਸੇ ਅਨੇਕ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਕਾਰਜਸ਼ੀਲ ਹਨ। ਇਸ ਦੇ ਬਾਵਜੂਦ ਵਿਦਿਆਰਥੀਆਂ ਵਿਚ ਪੰਜਾਬੀ ਭਾਸ਼ਾ ਨੂੰ ਪੜ੍ਹਨ ਲਈ ਉਤਸ਼ਾਹ ਘਟਦਾ ਜਾ ਰਿਹਾ ਹੈ। ਇਸ ਦੇ ਕਿਹੜੇ ਮੂਲ ਕਾਰਨ ਹਨ, ਆਓ, ਉਨ੍ਹਾਂ ਬਾਰੇ ਗੱਲ ਕਰੀਏ ਤੇ ਵੇਖੀਏ ਕਿ ਵਿਦਿਆਰਥੀ ਪੰਜਾਬੀ ਭਾਸ਼ਾ ਕਿਉਂ ਨਹੀਂ ਪੜ੍ਹਨਾ ਚਾਹੁੰਦੇ? ਮੂਲ ਕਾਰਨ ਹਨ ਵਿਦਿਆਰਥੀ ਦੇ ਆਲੇ ਦੁਆਲੇ ਬਹੁ-ਭਾਸ਼ਾਈ ਵਾਤਾਵਰਨ ਦਾ ਹੋਣਾ। ਪੰਜਾਬੀ ਭਾਸ਼ਾ ਘਰੇਲੂ, ਸਮਾਜਿਕ ਤੇ ਰੋਜ਼ਾਨਾ ਦੇ ਵਰਤੋਂ-ਵਿਹਾਰ ਤੋਂ ਹਟ ਰਹੀ ਹੈ। ਮਾਪੇ ਆਪਣਿਆਂ ਬੱਚਿਆਂ ਨੂੰ ਜੀਵਨ ਵਿਚ ਅੱਗੇ ਵਧਣ ਲਈ ਅੰਗਰੇਜ਼ੀ ਤੇ ਹਿੰਦੀ ਭਾਸ਼ਾ ਪੜ੍ਹਨ ਵੱਲ ਪ੍ਰੇਰਿਤ ਕਰਦੇ ਹਨ।

ਪੰਜਾਬੀ ਭਾਸ਼ਾ ਨੂੰ ਘਰੋਗੀ ਭਾਸ਼ਾ ਵਜੋਂ ਜਾਣਿਆ ਜਾਂਦਾ ਹੈ। ਰੁਚੀਹੀਣ ਪਾਠਕ੍ਰਮ ਹੈ। ਪਾਠਕ੍ਰਮ ਨੂੰ ਨਵੇਂ ਢੰਗ ਨਾਲ ਅਪਡੇਟ ਨਾ ਕਰਨਾ। ਜਮਾਤ ਵਿਚ ਪੜ੍ਹਾਏ ਜਾਣ ਵਾਲੇ ਪਾਠ ਮੂਲ ਜੀਵਨ ਨਾਲ ਨਾ ਜੁੜਨੇ। ਪੰਜਾਬੀ ਪੜ੍ਹਨ ਵਾਲੇ ਬੱਚਿਆਂ ਨੂੰ ਕਈ ਵਾਰ ਦੂਜਿਆਂ ਵੱਲੋਂ ਹਾਸੇ ਜਾਂ ਭੇਦਭਾਵ ਭਰੀ ਨਜ਼ਰ ਨਾਲ ਵੇਖਣਾ। ਨੌਜਵਾਨ ਬੱਚੇ ਪੰਜਾਬੀ ਸੱਭਿਆਚਾਰ (ਜਿਵੇਂ ਲੋਕ-ਸੰਗੀਤ, ਗਿੱਧਾ, ਵਿਰਸਾ) ਨਾਲ ਨਹੀਂ ਜੁੜ ਰਹੇ। ਟੀਵੀ, ਸਿਨੇਮਾ, ਮੀਡੀਆ ਵਿਚ ਵੀ ਪੰਜਾਬੀ ਦੀ ਥਾਂ ਹੋਰ ਭਾਸ਼ਾਵਾਂ ਦਾ ਰਾਜ ਹੋਣਾ। ਪੰਜਾਬੀ ਭਾਸ਼ਾ ਦਾ ਰੁਜ਼ਗਾਰ ਦੀ ਭਾਸ਼ਾ ਨਾ ਬਣ ਸਕਣਾ ਆਦਿ। ਇਹੋ ਜਿਹੇ ਕਾਰਨ ਹਨ ਜਿਨ੍ਹਾਂ ਕਰਕੇ ਵਿਦਿਆਰਥੀ ਪੰਜਾਬੀ ਭਾਸ਼ਾ ਨਾਲ ਸਾਂਝ ਨਹੀਂ ਪਾ ਰਿਹਾ। ਵਿਦਿਆਰਥੀ ਤੇ ਮਾਪੇ ਪੰਜਾਬੀ ਪੜ੍ਹਨ ਵੱਲੋਂ ਮੂੰਹ ਮੋੜ ਰਹੇ ਹਨ। ਹੁਣ ਗੱਲ ਕਰਦੇ ਹਾਂ ਕਿ ਉਹ ਕਿਹੜੇ ਤਰੀਕੇ ਹਨ ਜਿਨ੍ਹਾਂ ਸਦਕਾ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਪੜ੍ਹਨ ਲਈ ਪ੍ਰੇਰਿਤ ਕੀਤਾ ਜਾ ਸਕੇ। ਕੁਝ ਸੁਝਾਅ ਇਹ ਹਨ-ਪੰਜਾਬੀ ਭਾਸ਼ਾ ਦੇ ਪਾਠਕ੍ਰਮ ਨੂੰ ਆਧੁਨਿਕ ਬਣਾਉਣਾ। ਨਵੀਆਂ ਕਵਿਤਾਵਾਂ, ਕਹਾਣੀਆਂ, ਨਾਟਕ ਅਤੇ ਸਮਕਾਲੀ ਵਿਸ਼ਿਆਂ ਨੂੰ ਪਾਠਕ੍ਰਮ ਵਿਚ ਸ਼ਾਮਲ ਕਰਨਾ। ਜਮਾਤ 'ਚ ਵੱਧ ਤੋਂ ਵੱਧ ਗਤੀਵਿਧੀਆਂ ਕਰਾਉਣਾ ਭਾਵ ਐਕਟਿਵ ਲਰਨਿੰਗ ਜਿਵੇਂ ਰੋਲ ਪਲੇ, ਡਰਾਮਾ, ਵੀਡੀਓ ਲੈਸਨਾਂ ਦੀ ਵਰਤੋਂ ਕਰਨਾ। ਸਕੂਲਾਂ ਤੇ ਕਾਲਜਾਂ ਵਿਚ ਸੱਭਿਆਚਾਰਕ ਸਰਗਰਮੀਆਂ ਵੱਧ ਤੋਂ ਵੱਧ ਕਰਾਉਣਾ। ਪੰਜਾਬੀ ਦਿਵਸ, ਕਵੀ ਦਰਬਾਰ, ਗਿੱਧਾ/ ਭੰਗੜਾ ਮੁਕਾਬਲੇ, ਪੰਜਾਬੀ ਬੋਲੀ ਦੇ ਦਿਹਾੜੇ 'ਤੇ ਵਿਸ਼ੇਸ਼ ਪ੍ਰੋਗਰਾਮ ਕਰਨਾ। ਮਾਪੇ ਘਰਾਂ 'ਚ ਬੱਚਿਆਂ ਨਾਲ ਪੰਜਾਬੀ ਬੋਲਣ, ਪੰਜਾਬੀ ਕਿਤਾਬਾਂ ਪੜ੍ਹਨ ਤੇ ਗੁਰਬਾਣੀ/ ਸੱਭਿਆਚਾਰ ਨਾਲ ਜੋੜਨ ਲਈ ਉਤਸ਼ਾਹਤ ਹੋਣ। ਪੰਜਾਬੀ ਪੜ੍ਹਨ ਵਾਲੇ ਬੱਚਿਆਂ ਲਈ ਇਨਾਮ, ਸਰਟੀਫਿਕੇਟ, ਵਿਸ਼ੇਸ਼ ਪਹੁੰਚ ਜਾਂ ਐਕਟਿਵਿਟੀ ਪਾਸ ਜਾਰੀ ਕਰਨਾ। ਨੌਜਵਾਨਾਂ ਲਈ ਉਸਾਰੂ ਸੋਚ ਨੂੰ ਦਰਸਾਉਂਦੀਆਂ ਪੰਜਾਬੀ ਰੀਲਜ਼, ਯੂਟਿਊਬ ਚੈਨਲ, ਕਹਾਣੀਆਂ, ਪੌਡਕਾਸਟ ਆਦਿ ਬਣਾਉਣ ਲਈ ਵੱਧ ਤੋਂ ਵੱਧ ਮੋਟੀਵੇਟ ਕਰਨਾ ਆਦਿ।

ਜੇ ਇਨ੍ਹਾਂ ਤਰੀਕਿਆਂ ਨੂੰ ਅਪਣਾਇਆ ਜਾਵੇ ਤਾਂ ਉਮੀਦ ਕਰਦੇ ਹਾਂ ਕਿ ਵਿਦਿਆਰਥੀ ਸਕੂਲਾਂ, ਕਾਲਜਾਂ 'ਚ ਪੰਜਾਬੀ ਪੜ੍ਹਨ ਲਈ ਅੱਗੇ ਆਉਣਗੇ ਤੇ ਆਪਣਾ ਸੁਨਹਿਰੀ ਭਵਿੱਖ ਵੀ ਪੰਜਾਬੀ ਭਾਸ਼ਾ ਦੀ ਸਹਾਇਤਾ ਨਾਲ ਬਣਾਉਣਗੇ।

## ਫਾਸਟਵੇ ਦੇ ਐੱਮ.ਡੀ. ਗੁਰਦੀਪ ਸਿੰਘ ਨੂੰ ਭੇਜੇ ਸੰਮਨ 'ਤੇ ਰੋਕ



**ਚੰਡੀਗੜ੍ਹ:**ਮਜੀਠੀਆ ਮਾਮਲੇ ਵਿਚ ਫਾਸਟਵੇ ਦੇ ਐੱਮਡੀ ਗੁਰਦੀਪ ਸਿੰਘ ਨੂੰ ਜਾਰੀ ਕੀਤੇ ਸੰਮਨ 'ਤੇ ਹਾਈ ਕੋਰਟ ਨੇ ਸੋਮਵਾਰ ਤੱਕ ਰੋਕ ਲਗਾ ਦਿੱਤੀ ਹੈ। ਗੁਰਦੀਪ ਸਿੰਘ ਨੇ ਅਦਾਲਤ ਵਿਚ ਪਟੀਸ਼ਨ ਦਾਇਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸਾਬਕਾ ਮੰਤਰੀ ਦੇ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦੀ ਜਾਂਚ ਦੇ ਸਿਲਸਿਲੇ ਵਿਚ ਸੰਮਨ ਭੇਜਿਆ ਗਿਆ ਹੈ, ਜਦਕਿ ਉਨ੍ਹਾਂ ਦਾ ਉਸ ਐੱਫ.ਆਈ.ਆਰ. ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਗੁਰਦੀਪ ਸਿੰਘ ਨੇ ਚਿੰਤਾ ਜਤਾਈ ਕਿ ਉਨ੍ਹਾਂ ਨੂੰ ਜਾਣਬੁੱਝ ਕੇ ਇਸ ਮਾਮਲੇ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਜਾਂਚ ਵਿਚ ਸ਼ਾਮਲ ਹੋਣ ਲਈ ਤਿਆਰ ਹਨ ਪਰ ਉਨ੍ਹਾਂ ਨੂੰ ਡਰ ਹੈ ਕਿ ਸਰਕਾਰ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਗੁਰਦੀਪ ਸਿੰਘ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਮਜੀਠੀਆ ਕੇਸ ਨਾਲ ਜੁੜੀਆਂ ਕਈ ਖ਼ਬਰਾਂ ਉਨ੍ਹਾਂ ਦੀ ਮੀਡੀਆ ਕੰਪਨੀ ਦੁਆਰਾ ਚਲਾਈਆਂ ਗਈਆਂ ਸਨ ਅਤੇ ਹੁਣ ਸਰਕਾਰ ਰੰਜਿਸ਼ਨ ਕਾਰਵਾਈ ਕਰ ਰਹੀ ਹੈ।

## ਅਕਾਲੀ ਦਲ ਨੇ ਬੇਅਦਬੀ ਘਟਨਾਵਾਂ ਦੀ ਨਿਰਪੱਖ ਜਾਂਚ ਮੰਗੀ

**ਚੰਡੀਗੜ੍ਹ:**ਸ਼੍ਰੋਮਣੀ ਅਕਾਲੀ ਦਲ ਨੇ ਬੇਅਦਬੀ ਦੀਆਂ ਘਟਨਾਵਾਂ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪਰਮਬੰਸ ਸਿੰਘ ਰੋਮਾਣਾ ਨੇ ਕਿਹਾ ਕਿ ਆਪ ਦੇ ਵਿਧਾਇਕ ਰਹੇ ਨਰੇਸ਼ ਯਾਦਵ ਨੂੰ ਪਵਿੱਤਰ ਕੁਰਾਨ ਸ਼ਰੀਫ ਦੀ ਬੇਅਦਬੀ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਤੇ ਅਦਾਲਤ ਨੇ ਉਸਨੂੰ ਦੋ ਸਾਲ ਦੀ ਸਜ਼ਾ ਸੁਣਾਈ ਸੀ।



ਰੋਮਾਣਾ ਅਤੇ ਜ਼ਾਹਿਦਾ ਸੁਲੇਮਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਨਰੇਸ਼ ਯਾਦਵ ਨੂੰ ਜੂਨ 2016 ਵਿਚ ਉਦੋਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਸਨੇ ਮੁਲਜ਼ਮਾਂ ਦੇ ਖਾਤੇ ਵਿਚ 90 ਲੱਖ ਰੁਪਏ ਪਾਏ ਅਤੇ ਉਹਨਾਂ ਨੂੰ ਤੋਂ 13 ਵਾਰ ਫੋਨ ਕੀਤੇ।ਸਰਕਾਰੀ ਪੱਖ ਦੇ ਵਕੀਲ ਨੇ ਅਦਾਲਤ 1 ਵਿਚ ਇਹ ਦਾਅਵਾ ਕੀਤਾ ਕਿ ਕੇਸ ਵਿਚ ਨਾਂ ਸ਼ਿਕਾਇਤਕਰਤਾ ਕੇਸ ਵਾਪਸ ਲੈਣਾ ਚਾਹੁੰਦਾ ਹੈ ਪਰ ਇਸਦੇ ਬਾਵਜੂਦ ਸੈਸ਼ਨਜ਼ ਅਦਾਲਤ 3 ਨੇ ਨਰੇਸ਼ ਯਾਦਵ ਨੂੰ ਦੋਸ਼ੀ ਠਹਿਰਾਇਆ।

ਰੋਮਾਣਾ ਨੇ ਕਿਹਾ ਕਿ ਆਪ ਤੇ ਕਾਂਗਰਸਸ ਦੋਵਾਂ ਨੇ ਬੇਅਦਬੀ ਦੇ ਸੰਵੇਦਨਸ਼ੀਲ ਮੁੱਦੇ ਏ 'ਤੇ ਰਾਜਨੀਤੀ ਕੀਤੀ ਹੈ। ਰੋਮਾਣਾ ਨੇ ਕਿਹਾ ਏ ਕਿ ਪਰਗਟ ਸਿੰਘ ਨੇ ਵਿਧਾਨ ਸਭਾ ਵਿਚ ਆਖਿਆ ਹੈ ਕਿ ਕਾਂਗਰਸ ਦੀ ਸਰਕਾਰ ਵੇਲੇ ਪਾਰਟੀ ਵਿਚ ਦੋ ਧੜੇ ਸਨ ਜਿਨ੍ਹਾਂ ਵਿਚੋਂ ਇਕ ਤਾਂ ਬੇਅਦਬੀ ਦੇ ਮੁੱਦੇ ਨੂੰ ਲਮਕਾਉਣਾ ਚਾਹੁੰਦਾ। ਸੀ ਅਤੇ ਇਕ ਧੜਾ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਕੇ ਸਜ਼ਾ ਦਿਵਾਉਣ ਦੇ ਹੱਕ ਵਿਚ ਸੀ।

## ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਜਲਦੀ ਖੁੱਲ੍ਹਵਾਉਣ ਲਈ ਯਤਨ ਤੇਜ਼

**ਡੇਰਾ ਬਾਬਾ ਨਾਨਕ:**ਜੰਮੂ-ਕਸ਼ਮੀਰ ਦੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੇ ਆਪਰੇਸ਼ਨ ਸਿੰਧੂਰ ਦੌਰਾਨ ਦੋਹਾਂ ਦੇਸ਼ਾਂ ਵਿੱਚ ਹੋਏ ਤਣਾਅ ਦੌਰਾਨ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਸਥਿਤ ਸ੍ਰੀ ਕਰਤਾਰਪੁਰ ਲਾਂਘਾ ਪਿਛਲੇ ਦੋ ਮਹੀਨੇ ਤੋਂ ਵੱਧ ਸਮੇਂ ਤੋਂ ਬੰਦ ਹੈ, ਦੇ ਮੁੜ ਖੁੱਲ੍ਹਣ ਦੇ ਆਸਾਰ ਦਿਖਾਈ ਦੇ ਰਹੇ ਹਨ।

ਜਾਣਕਾਰੀ ਅਨੁਸਾਰ ਇਸ ਬੰਦ ਪਏ ਲਾਂਘੇ ਨੂੰ ਖੁੱਲ੍ਹਵਾਉਣ ਸਬੰਧੀ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਲਾਂਘਾ ਖੋਲ੍ਹਣ ਦੀ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ, ਉੱਥੇ ਭਰੋਸੇਯੋਗ ਸੂਤਰਾਂ ਅਨੁਸਾਰ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੇ ਸਬੰਧ ਵਿੱਚ ਜੁਲਾਈ ਮਹੀਨੇ ਦੇ ਆਖਰੀ ਹਫਤੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਲਾਂਘਾ ਖੋਲ੍ਹਣ ਸਬੰਧੀ ਮੀਟਿੰਗ ਹੋਣ ਜਾ ਰਹੀ ਹੈ।

ਵੀਰਵਾਰ ਨੂੰ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਤੇ ਬਣੇ ਅਜੂਬੇ ਵਰਗੇ ਪੈਸੰਜਰ ਟਰਮੀਨਲ ਨੂੰ ਵੇਖਣ ਆਏ ਕਮਲਜੀਤ ਕੌਰ ਲਾਢੋਵਾਲੀ ਜਲੰਧਰ, ' ਜਗਜੀਤ ਸਿੰਘ, ਕਿਰਨਪ੍ਰੀਤ ਕੌਰ, ਜਸਵਿੰਦਰ ਸਿੰਘ, ਮਨਪ੍ਰੀਤ ਸਿੰਘ, ਅਮਰਜੀਤ, ਮੰਗਲ ਸਿੰਘ, ਗੁਰਮੀਤ ਕੌਰ ਮੱਧ ਪ੍ਰਦੇਸ਼, ਰੇਖਾ ਬਰੇਲੀ, ਵੀਰਪਾਲ ਕੌਰ ਆਦਿ ਨੇ ਦੱਸਿਆ ਕਿ ਉਹਨਾਂ ਵੱਲੋਂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਦੀਆਂ ਉਮੀਦਾਂ ਰੱਖੀਆਂ ਹੋਈਆਂ ਹਨ।

ਉਨ੍ਹਾਂ ਕਿਹਾ ਕਿ ਲਾਂਘਾ ਬੰਦ ਹੋਣ ਤੇ ਬਾਵਜੂਦ ਉਹ ਡੇਰਾ ਬਾਬਾ ਨਾਨਕ ਦੀ ਸਰਹੱਦ 'ਤੇ ਬਣੇ ਪੈਸੰਜਰ ਟਰਮੀਨਲ ਵੇਖਣ ਤੋਂ ਇਲਾਵਾ ਸਰਹੱਦ ਤੋਂ ਹੀ ਪਾਕਿਸਤਾਨ ਵਾਲੇ ਪਾਸੇ ਦਿਖਾਈ ਦੇਣ ਦੇ ਰਹੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦੂਰ ਤੋਂ ਹੀ ਦਰਸ਼ਨ ਕਰ ਰਹੇ ਹਨ। ਉਹਨਾਂ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਤੋਂ



ਮੰਗ ਕੀਤੀ ਕਿ ਲਾਂਘੇ ਨੂੰ ਤੁਰੰਤ ਖੋਲ੍ਹਿਆ ਜਾਵੇ। ਲਾਂਘਾ ਖੋਲ੍ਹਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਸਬੰਧੀ ਭਾਰਤ ਸਰਕਾਰ ਤੋਂ ਮੰਗ ਕੀਤੀ ਗਈ ਹੈ।

### ਗਲੋਬਲ ਸਿੱਖ ਕੌਂਸਲ ਵੱਲੋਂ ਲਾਂਘਾ ਖੋਲ੍ਹਣ ਦੀ ਮੰਗ

**ਚੰਡੀਗੜ੍ਹ:**ਗਲੋਬਲ ਸਿੱਖ ਕੌਂਸਲ ਨੇ ਭਾਰਤ ਸਰਕਾਰ ਨੂੰ ਕਰਤਾਰਪੁਰ ਸਾਹਿਬ ਦਾ ਲਾਂਘਾ ਤੁਰੰਤ ਖੋਲ੍ਹਣ ਦੀ -ਮੰਗ ਕੀਤੀ ਹੈ। ਕੌਂਸਲ ਦੀ ਪ੍ਰਧਾਨ ਡਾ ਕੰਵਲਜੀਤ ਕੌਰ ਤੇ ਸਕੱਤਰ ਹਰਜੀਤ ਸਿੰਘ ਗਰੇਵਾਲ ਨੇ ਭਾਰਤ ਵੱਲੋਂ ਇਕਤਰਫ਼ਾ ਤੇ ਅਨਿਸ਼ਚਿਤ ਸਮੇਂ ਲਈ ਯਾਤਰਾ ਰੋਕ ਦੇਣ 'ਤੇ ਗਹਿਰੀ ਚਿੰਤਾ ਪ੍ਰਗਟਾਈ ਹੈ ਜਦਕਿ ਪਾਕਿਸਤਾਨ ਨੇ ਆਪਣੇ ਪਾਸੇ ਦਾ ਲਾਂਘਾ ਖੁੱਲ੍ਹਾ ਰੱਖਿਆ ਹੋਇਆ ਹੈ।

ਭਾਰਤ ਸਰਕਾਰ ਵੱਲੋਂ ਇਹ ਕੋਰੀਡੋਰ ਬੰਦ ਰੱਖਣ ਕਾਰਨ ਦੇਸ਼-ਵਿਦੇਸ਼ੋਂ ਹਜ਼ਾਰਾਂ ਸ਼ਰਧਾਲੂ ਇਸ ਪਵਿੱਤਰ ਅਸਥਾਨ ਅਤੇ ਸ੍ਰੀ ਗੁਰੂ ਨਾਨਕ ਜੀ ਦੇ ਅਖੀਰਲੇ ਸਮੇਂ ਦੇ ਤਪ ਅਸਥਾਨ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨ ਦੀਦਾਰੇ ਕਰਨ ਤੋਂ ਵਾਂਝੇ ਹਨ। ਕੌਂਸਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਭੇਜਕੇ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘਾ ਦੀਨ-ਈਮਾਨ, ਅਮਨ ਅਤੇ ਕੌਮਾਂਤਰੀ ਭਾਈਚਾਰੇ ਦਾ ਇਤਿਹਾਸਿਕ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਯਾਤਰਾ ਨੂੰ ਕਦੇ ਵੀ ਰਾਜਨੀਤਿਕ ਤਣਾਅ ਦੀ ਭੇਟ ਨਹੀਂ ਚੜ੍ਹਾਇਆ ਜਾਣਾ ਚਾਹੀਦਾ।

## ਹਾਈਵੇ ਨੇੜੇ ਸ਼ਰਾਬ ਪਰੋਸਣ ਵਾਲਿਆਂ 'ਤੇ ਲਟਕੀ ਤਲਵਾਰ

**ਚੰਡੀਗੜ੍ਹ:**ਨੈਸ਼ਨਲ ਅਤੇ ਸਟੇਟ ਹਾਈਵੇ ਤੋਂ 500 ਮੀਟਰ ਦੇ ਅੰਦਰ ਸ਼ਰਾਬ ਪਰੋਸਣ ਵਾਲੇ ਹੋਟਲਾਂ, ਰੈਸਟੋਰੈਂਟਾਂ, ਕਲੱਬਾਂ ਅਤੇ ਬਾਰਾਂ 'ਤੇ ਕਾਰਵਾਈ ਦੀ ਤਲਵਾਰ ਲਟਕ ਗਈ ਹੈ। ਹਾਈ ਕੋਰਟ ਨੇ ਐਕਸਾਈਜ਼ ਕਮਿਸ਼ਨਰ ਨੂੰ ਇਹ ਦੱਸਣ ਦਾ ਹੁਕਮ ਦਿੱਤਾ ਹੈ ਕਿ ਕੀ ਇਨ੍ਹਾਂ ਨੂੰ ਸ਼ਰਾਬ ਪਰੋਸਣ ਲਈ ਦਿੱਤਾ ਲਾਇਸੈਂਸ ਸੁਪਰੀਮ ਕੋਰਟ ਦੇ ਹੁਕਮਾਂ ਦੇ ਖ਼ਿਲਾਫ਼ ਤਾਂ ਨਹੀਂ ਹੈ। ਇਹ ਵੀ ਦੱਸਣਾ ਹੋਵੇਗਾ ਕਿ ਕਿਉਂ ਨਾ ਇਨ੍ਹਾਂ ਸਥਾਨਾਂ 'ਤੇ ਸ਼ਰਾਬ ਪਰੋਸਣ ਤੇ ਰੋਕ ਲਗਾਈ ਜਾਵੇ। ਪਟੀਸ਼ਨ ਦਾਖ਼ਲ ਕਰਦਿਆਂ, 'ਅਰਾਈਵ ਸੇਫ ਸੋਸਾਇਟੀ ਨੇ ਵਕੀਲ ਰਵੀ ਕਮਲ ਗੁਪਤਾ ਜ਼ਰੀਏ ਹਾਈ ਕੋਰਟ ਨੂੰ ਦੱਸਿਆ ਕਿ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਨੈਸ਼ਨਲ ਅਤੇ ਸਟੇਟ ਹਾਈਵੇਜ਼ 'ਤੇ ਹੋਟਲਾਂ, ਰੈਸਟੋਰੈਂਟਾਂ, ਕਲੱਬਾਂ ਅਤੇ ਬਾਰਾਂ ਵਿਚ ਸ਼ਰਾਬ ਪਰੋਸੀ ਜਾ ਰਹੀ ਹੈ। ਪਟੀਸ਼ਨਰ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਹਾਈਵੇ ਤੋਂ ਠੇਕੇ ਹਟਾਉਣ ਦਾ ਹੁਕਮ 'ਡ੍ਰਿੰਕ ਐਂਡ ਡ੍ਰਾਈਵ ਰੋਕਣ ਲਈ ਸੀ। ਸਰਕਾਰ ਦੀ ਇਸ ਨੀਤੀ



ਨਾਲ ਤਾਂ ਸੁਪਰੀਮ ਕੋਰਟ ਦੇ ਹੁਕਮ ਦਾ ਕੋਈ ਅਰਥ ਹੀ ਨਹੀਂ 'ਰਹਿੰਦਾ। ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਪੁੱਛਿਆ ਕਿ ਕੀ ਤੁਸੀਂ ਸੁਪਰੀਮ ਕੋਰਟ ਵਿਚ ਸਪੱਸ਼ਟੀਕਰਨ ਲਈ ਕੋਈ ਅਰਜ਼ੀ ਦਿੱਤੀ ਹੈ। ਪੰਜਾਬ ਸਰਕਾਰ ਨੇ ਜਵਾਬ ਦਾਖ਼ਲ ਕਰਨ ਲਈ ਮੋਹਲਤ ਮੰਗੀ ਹੈ। ਹਾਈ ਕੋਰਟ ਨੇ ਹੁਣ ਅਗਲੀ ਸੁਣਵਾਈ 'ਤੇ ਪੰਜਾਬ ਦੇ ਐਕਸਾਈਜ਼ ਕਮਿਸ਼ਨਰ ਨੂੰ ਹਲਫ਼ਨਾਮਾ ਦਾਖ਼ਲ ਕਰਕੇ ਇਹ ਦੱਸਣ ਦਾ ਹੁਕਮ ਦਿੱਤਾ ਹੈ ਕਿ ਕੀ ਪੰਜਾਬ ਸਰਕਾਰ ਦੀ ਨੀਤੀ ਕਿਸੇ ਤਰ੍ਹਾਂ ਸੁਪਰੀਮ ਕੋਰਟ ਦੇ ਹੁਕਮਾਂ ਦੇ ਖ਼ਿਲਾਫ਼ ਤਾਂ ਨਹੀਂ ਹੈ।

# ਰੋਟਰੀ ਕਲੱਬ ਕਰਮਨ ਵੱਲੋਂ ਸਮਾਜਸੇਵੀ ਗੁਲਬਿੰਦਰ ਗੈਰੀ ਢੇਸੀ ਦਾ ਸਨਮਾਨ

**ਫਰਿਜ਼ਨੋ:** ਅੰਤਰਰਾਸ਼ਟਰੀ ਪੱਧਰ 'ਤੇ ਸੇਵਾਵਾਂ ਨਿਭਾ ਰਹੇ ਰੋਟਰੀ ਕਲੱਬ ਕਰਮਨ, ਮਾਣ ਦਿਵਾਉਣ ਵਿਚ ਮੋਢੀ ਰਿਹਾ ਹੈ। ਨਿੱਜੀ ਤੋਰ 'ਤੇ ਅਤੇ ਆਪਣੇ ਦੋਸਤਾਂ ਦੇ ਸਹਿਯੋਗ




ਕੈਲੇਫੋਰਨੀਆ ਵੱਲੋਂ ਸਮਾਜਸੇਵੀ ਗੁਲਬਿੰਦਰ ਗੈਰੀ ਢੇਸੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪਿਛਲੇ ਲੰਮੇਂ ਅਰਸੇ ਤੋਂ ਗੈਰੀ ਢੇਸੀ ਪੰਜਾਬੀ ਭਾਈਚਾਰੇ ਵਿਚ ਨਿਰਸਵਾਰਥ ਸਮਾਜਿਕ ਅਤੇ ਭਾਈਚਾਰਕ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ। ਇਸ ਤੋਂ ਇਲਾਵਾ ਉਹ ਕਬੱਡੀ ਦਾ ਚੰਗਾ ਖਿਡਾਰੀ ਅਤੇ ਉੱਭਰ ਰਿਹਾ ਗੀਤਕਾਰ ਵੀ ਹੈ। ਉਹ ਰੋਟਰੀ ਕਲੱਬ ਦਾ ਸਰਗਰਮ ਮੈਂਬਰ ਵੀ ਹੈ।

ਉਹ ਪਿਛਲੇ ਕੁਝ ਸਾਲਾਂ ਤੋਂ ਕਰਮਨ ਵਿਖੇ ਹੋ ਰਹੇ ਸਾਲਾਨਾ ਹਾਰਵੈਸਟਰ ਫੈਸਟੀਵਲ ਵਿਚ ਵੱਖ-ਵੱਖ ਭਾਈਚਾਰਿਆਂ ਦੀ ਸੱਭਿਆਚਾਰਕ ਸਟੇਜ ਤੋਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਨਾਲ ਉਹ ਵੱਖ-ਵੱਖ ਸੰਸਥਾਵਾਂ ਲਈ ਆਰਥਿਕ ਸਹਾਇਤਾ ਵੀ ਪ੍ਰਦਾਨ ਕਰ ਰਿਹਾ ਹੈ। ਉਸ ਦੀਆਂ ਪੰਜਾਬੀ ਭਾਈਚਾਰੇ ਤੋਂ ਇਲਾਵਾ ਸਮੁੱਚੇ ਅਮਰੀਕਨ ਭਾਈਚਾਰੇ ਲਈ ਸੇਵਾਵਾਂ ਨੂੰ ਦੇਖਦਿਆਂ ਰੋਟਰੀ ਕਲੱਬ ਕਰਮਨ, ਕੈਲੇਫੋਰਨੀਆ (ਅੰਤਰਰਾਸ਼ਟਰੀ) ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਹੈ। ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ ਤੋਂ ਇਲਾਵਾ ਸਮੁੱਚੇ ਭਾਈਚਾਰੇ ਵੱਲੋਂ ਗੈਰੀ ਢੇਸੀ ਨੂੰ ਬਹੁਤ-ਬਹੁਤ ਵਧਾਈ ਦਿੰਦੇ ਹਾਂ।

***ਰਿਪੋਰਟ: ਕੁਲਵੰਤ ਧਾਲੀਆਂ/ਨੀਟਾ ਮਾਛੀਕੇ***

# ਫਰਿਜ਼ਨੋ ਵਿਖੇ ਤੀਆਂ ਦੇ ਮੇਲੇ 'ਤੇ ਲੱਗੀਆਂ ਖ਼ੂਬ ਰੌਣਕਾਂ

**ਫਰਿਜ਼ਨੋ:** ਫਰਿਜ਼ਨੋ ਨੂੰ ਪੰਜਾਬੀਆਂ ਦੀ ਸੰਘਣੀ ਵਸੋਂ ਕਰਕੇ ਮਿੰਨੀ ਪੰਜਾਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕੋਈ ਅਜਿਹਾ ਮੇਲਾ ਨਹੀਂ ਮੁਫ਼ਤ ਫੂਡ ਦਾ ਮੁਟਿਆਰਾਂ ਨੇ ਖ਼ੂਬ ਲੁਤਫ ਲਿਆ। ਮੇਲੇ ਵਿਚ ਲੱਗੇ ਸਟਾਲਾਂ ਤੋਂ ਮੁਟਿਆਰਾਂ ਨੇ ਖ਼ਰੀਦੋ-ਫ਼ਰੋਖ਼ਤ ਵੀ ਕੀਤੀ। ਇਹ ਪਾਰਕ ਸੁੰਦਰ ਇਹ ਮੇਲਾ ਲਗਾਤਾਰ ਫਰਿਜ਼ਨੋ ਵਿਖੇ ਲਾਇਆ ਜਾ ਰਿਹਾ ਹੈ ਅਤੇ ਹਰ ਸਾਲ ਮੁਟਿਆਰਾਂ ਵਧ-ਚੜ੍ਹ ਕੇ ਇਸ ਮੇਲੇ ਵਿਚ ਸ਼ਿਰਕਤ ਕਰਦੀਆਂ







ਜਿਹੜਾ ਫਰਿਜ਼ਨੋ ਵਿਚ ਨਾ ਲੱਗਦਾ ਹੋਵੇ। ਲੰਘੇ ਸ਼ਨਿਚਰਵਾਰ ਇੱਥੇ ਪੰਜਾਬਣ ਮੁਟਿਆਰਾਂ ਵੱਲੋਂ ਤੀਆਂ ਦਾ ਸਾਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਗੌਲਫ ਕੋਰਸ ਵਿਚ ਮਨਾਇਆ ਗਿਆ, ਜਿੱਥੇ ਵੱਡੀ ਗਿਣਤੀ ਵਿਚ ਮੁਟਿਆਰਾਂ ਨੇ ਪਹੁੰਚ ਕੇ ਲਾਈਵ ਬੋਲੀਆਂ ਰਾਹੀਂ ਗਿੱਧਾ ਪਾ ਕੇ ਅੰਬਰੀਂ ਧੂੜ ਚੜ੍ਹਾ ਦਿੱਤੀ। ਮੇਲੇ ਵਿਚ ਐਂਟਰੀ ਫਰੀ ਸੀ। ਝੀਲ ਦੇ ਕਿਨਾਰੇ ਬਣਿਆ ਹੋਇਆ ਹੈ। ਇਸ ਮੌਕੇ ਫ਼ੌਜੀ ਦੇ ਡੀ.ਜੇ. ਨੇ ਸਭ ਨੂੰ ਖ਼ੂਬ ਨਚਾਇਆ। ਮੇਲੇ ਵਿਚ ਲੱਗੇ ਫੋਟੋ ਬੂਥ ਵੀ ਹਰੇਕ ਦਾ ਧਿਆਨ ਖਿੱਚ ਰਹੇ ਸਨ। ਇਸ ਮੌਕੇ ਨਵਜੋਤ ਕੌਰ ਸੰਧੂ, ਸੋਨੀ ਕੌਰ, ਇੰਦਰਜੀਤ ਕੌਰ ਅਤੇ ਸਰਬਜੀਤ ਕੌਰ ਪੱਡਾ ਨੇ ਮੇਲੇ ਦੇ ਸਬੰਧ ਵਿਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਹਨ। ਉਨ੍ਹਾਂ ਕਿਹਾ ਕਿ ਇਹ ਮੇਲਾ ਕਰਵਾਉਣ ਦਾ ਸਾਡਾ ਮੁੱਖ ਉਦੇਸ਼ ਸਾਡੀ ਨਵੀਂ ਪੀੜ੍ਹੀ ਨੂੰ ਸਾਡੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨਾ ਹੈ। ਇਸ ਮੌਕੇ ਸੁਖਦੇਵ ਸਿੰਘ ਸਿੱਧੂ ਨੇ ਸਮੂਹ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਮੇਲੇ ਦੀ ਫੋਟੋਗ੍ਰਾਫੀ ਦਿਲਬਾਗ ਬੰਗੜ ਨੇ ਕੀਤੀ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਮੇਲਾ ਯਾਦਗਾਰੀ ਹੋ ਨਿੱਬੜਿਆ।

# ਪੰਜਾਬ ਨੂੰ ਭਿਖਾਰੀ-ਮੁਕਤ ਕਰਨ ਦੇ ਸੁਪਨੇ ਅਧੀਨ ਕਾਰਵਾਈ ਜਾਰੀ

**ਚੰਡੀਗੜ੍ਹ:** ਪੰਜਾਬ ਵਿੱਚ ਵਧ ਰਹੀ ਭਿਖਾਰੀਆਂ ਦੀ ਗਿਣਤੀ ਨੂੰ ਰੋਕਣ ਲਈ ਅਤੇ ਪੰਜਾਬ ਨੂੰ ਭਿਖਾਰੀ ਮੁਕਤ ਬਣਾਉਣ ਲਈ "ਆਪ੍ਰੇਸ਼ਨ ਜੀਵਨ ਜੋਤ" ਚਲਾਇਆ ਗਿਆ ਹੈ। ਜਿਸ ਦੀ ਸ਼ੁਰੂਆਤ ਮੋਹਾਲੀ ਅਤੇ ਅੰਮ੍ਰਿਤਸਰ ਤੋਂ ਕੀਤੀ ਗਈ ਹੈ। ਇਸ ਆਪ੍ਰੇਸ਼ਨ ਤਹਿਤ ਪੰਜਾਬ ਭਰ ਵਿਚ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ। ਭੀਖ ਮੰਗਣ ਵਾਲਿਆ ਵਿਚ ਜ਼ਿਆਦਾਤਰ ਗਿਣਤੀ ਪਰਵਾਸੀਆਂ ਦੀ ਹੁੰਦੀ ਹੈ ਜੋ ਬਿਹਾਰ, ਉੱਤਰ ਪ੍ਰਦੇਸ਼, ਉੜੀਸਾ ਆਦਿ ਰਾਜਾਂ ਤੋਂ ਕੰਮ ਦੀ ਭਾਲ 'ਚ ਇੱਥੇ ਆਉਂਦੇ ਹਨ। ਬਹੁਤੀ ਗਿਣਤੀ 'ਚ ਇਹ ਪਰਵਾਸੀ ਇੱਥੇ ਨਦੀਆਂ, ਨਾਲਿਆਂ, ਫੁੱਟਪਾਥਾਂ ਤੇ ਸੜਕਾਂ ਕਿਨਾਰੇ ਝੁੱਗੀਆਂ-ਝੌਂਪੜੀਆਂ ਬਣਾ ਕੇ ਰਹਿੰਦੇ ਹਨ। ਇਸ ਤੋਂ ਇਲਾਵਾ ਕਈ ਕਿਰਾਏ ਦੇ ਸਸਤੇ ਮਕਾਨਾਂ ਵਿਚ ਵੀ ਰਹਿੰਦੇ ਹਨ। ਇਨ੍ਹਾਂ 'ਚੋਂ ਕਈ ਕੁਝ ਸਮੇਂ ਬਾਅਦ ਇਥੋਂ ਦੇ ਪੱਕੇ ਵਸਕੀਨ ਹੋ ਜਾਂਦੇ ਹਨ।

ਪੰਜਾਬ ਦੇ ਕਈ ਸ਼ਹਿਰੀ ਖੇਤਰਾਂ ਜਿਨ੍ਹਾਂ ਵਿਚ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਬਠਿੰਡਾ, ਪਟਿਆਲਾ ਤੇ ਮੋਹਾਲੀ ਆਦਿ ਸ਼ਾਮਲ ਹਨ, ਵਿਚ ਉਦਯੋਗਿਕ, ਉਸਾਰੀ ਅਤੇ ਵਪਾਰਕ ਕੰਮਕਾਰ ਜ਼ਿਆਦਾ ਹਨ। ਇਸ ਕਾਰਨ ਇਨ੍ਹਾਂ ਸ਼ਹਿਰਾਂ 'ਚ ਕਈ ਪਰਵਾਸੀ ਵਿਅਕਤੀ ਕੰਮ ਕਰਨ ਲੱਗ ਜਾਂਦੇ ਹਨ ਹਾਲਾਂਕਿ ਕਈ ਵਾਰ ਇਨ੍ਹਾਂ ਪਰਵਾਸੀ ਵਿਅਕਤੀਆਂ ਨੂੰ ਆਮ ਨਾਲੋਂ ਬਹੁਤ ਘੱਟ ਮਜ਼ਦੂਰੀ ਮਿਲਦੀ ਹੈ ਪਰ ਫਿਰ ਵੀ ਉਹ ਭੀਖ ਮੰਗਣ ਨਾਲੋਂ ਮਿਹਨਤ ਕਰਨਾ ਪਸੰਦ ਕਰਦੇ ਹਨ। ਪਰ ਇਸ ਦੇ ਉਲਟ ਕਈ ਪਰਵਾਸੀ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਮਿਹਨਤ ਕਰਨਾ ਪਸੰਦ ਨਹੀਂ ਹੁੰਦਾ ਤੇ ਉਹ ਕਮਾਉਣ ਦਾ ਸੌਖਾ ਤਰੀਕਾ ਲੱਭ ਲੈਂਦੇ ਹਨ ਤੇ ਭੀਖ ਮੰਗਣਾ ਸ਼ੁਰੂ ਕਰ ਦਿੰਦੇ ਹਨ। ਕਈ ਔਰਤਾਂ ਛੋਟੇ ਬੱਚੇ ਨੂੰ ਗੋਦੀ 'ਚ ਚੁੱਕ ਕੇ ਜਾਂ ਚੁੰਨੀ ਜਾਂ ਕੱਪੜੇ ਦੀ ਝੋਲੀ ਬਣਾ ਕੇ ਪਿੱਠ ਉੱਪਰ ਬਿਠਾ ਕੇ ਭੀਖ ਮੰਗਣਾ ਸ਼ੁਰੂ ਕਰ ਦਿੰਦੀਆਂ ਹਨ। ਉਹ ਸਾਰਾ ਦਿਨ ਬੱਚਿਆਂ ਦੇ ਨਾਂ 'ਤੇ ਭੀਖ ਮੰਗਦੀਆਂ ਹਨ। ਇਸ ਤੋਂ ਇਲਾਵਾ ਕਈ ਬੱਚੇ ਇਕੱਲੇ ਹੀ ਅਨੇਕਾਂ ਥਾਂਵਾਂ, ਚੁਰਸਤਿਆਂ, ਲਾਲ ਬੱਤੀਆਂ, ਚੌਕਾਂ 'ਤੇ ਭੀਖ ਮੰਗਦੇ ਆਮ ਦੇਖੇ ਜਾ ਸਕਦੇ ਹਨ।



ਪੰਜਾਬ ਜੋ ਕਿ ਸੂਰਬੀਰਾਂ, ਯੋਧਿਆਂ, ਗੁਰੂਆਂ-ਪੀਰਾਂ, ਮਾਨਵਤਾ ਦੀ ਭਲਾਈ ਕਰਨ ਵਾਲੇ ਪੰਜਾਬੀਆਂ ਦੇ ਨਾਂਵਾਂ ਨਾਲ ਪ੍ਰਸਿੱਧ ਸੀ, ਨੂੰ ਹੁਣ ਇਸ 'ਤੇ ਕਈ ਤੋਹਮਤਾਂ ਲਾ ਕੇ ਬਦਨਾਮ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਭਿਖਾਰੀਆਂ ਦੀ ਗਿਣਤੀ ਹੋਰ ਵਧਣ ਤੋਂ ਰੋਕਣ ਲਈ ਸਰਕਾਰ ਇਸ ਸਬੰਧੀ ਬਣੇ 1971 ਦੇ ਕਾਨੂੰਨ ਵਿਚ ਸੋਧ ਕਰੇਗੀ ਤਾਂ ਜੋ ਭੀਖ ਮੰਗਵਾਉਣ ਵਾਲੇ ਗਿਰੋਹਾਂ ਤੇ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਸਕੇ। ਆਪ੍ਰੇਸ਼ਨ ਜੀਵਨਜੋਤ ਤਹਿਤ ਜਿਸ ਵੀ ਭਿਖਾਰੀ 'ਤੇ ਸ਼ੱਕ ਹੋਵੇ ਕਿ ਜਿਨ੍ਹਾਂ ਬੱਚਿਆਂ ਦੇ ਨਾਂ 'ਤੇ ਭੀਖ ਮੰਗੀ ਜਾ ਰਹੀ ਹੈ ਜਾਂ ਜਿਨ੍ਹਾਂ ਬੱਚਿਆਂ ਤੋਂ ਭੀਖ ਮੰਗਵਾਈ ਜਾ ਰਹੀ ਹੈ ਉਹ ਅਸਲ 'ਚ ਉਨ੍ਹਾਂ ਦੇ ਆਪਣੇ ਬੱਚੇ ਨਹੀਂ ਹਨ ਤਾਂ ਇਸ ਹਾਲਤ 'ਚ ਉਨ੍ਹਾਂ ਤੋਂ ਮਾਂ-ਬਾਪ ਹੋਣ ਦਾ ਸਬੂਤ ਮੰਗਿਆ ਜਾਵੇਗਾ। ਜੇ ਉਹ ਇਸ ਸਬੰਧੀ ਸਬੂਤ ਦੇਣ 'ਚ ਅਸਮਰੱਥ ਰਹਿੰਦੇ ਹਨ ਤਾਂ ਉਨ੍ਹਾਂ ਬੱਚਿਆਂ ਦਾ ਡੀਐੱਨਏ ਟੈਸਟ ਕਰਵਾ ਕੇ ਅਸਲੀਅਤ ਦਾ ਪਤਾ ਲਗਾਇਆ ਜਾਵੇਗਾ। ਭੀਖ ਮੰਗਵਾਉਣ ਵਾਲਿਆਂ ਨੂੰ ਦੋਸ਼ੀ ਪਾਏ ਜਾਣ 'ਤੇ ਜੇਲ੍ਹ ਤੇ ਜੁਰਮਾਨੇ ਦੀ ਸਜ਼ਾ ਹੋਵੇਗੀ।

ਬੱਚਿਆਂ ਤੋਂ ਭੀਖ ਮੰਗਵਾਉਣਾ ਆਧੁਨਿਕ ਗੁਲਾਮੀ ਹੈ ਅਤੇ ਇਹ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਹੈ। 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਿਸੇ ਵੀ ਕੰਮ ਜਾਂ ਰੁਜ਼ਗਾਰ ਵਿਚ ਲਗਾਉਣ 'ਤੇ ਪੂਰਨ ਪਾਬੰਦੀ ਹੈ। ਇਸ ਵਿਚ ਘਰੇਲੂ ਕੰਮ ਵੀ ਸ਼ਾਮਲ ਹਨ। 14 ਸਾਲ ਤੋਂ ਘੱਟ ਉਮਰ ਦੇ ਬੱਚੇ ਆਡੀਓ-ਵਿਜ਼ੁਅਲ ਮਨੋਰੰਜਨ ਉਦਯੋਗ (ਜਿਵੇਂ ਕਿ ਫਿਲਮਾਂ, ਟੀਵੀ ਸੀਰੀਅਲ, ਇਸ਼ਤਿਹਾਰਾਂ) ਵਿਚ ਕਲਾਕਾਰ ਵਜੋਂ ਕੰਮ ਕਰ ਸਕਦੇ ਹਨ, ਬਸ਼ਰਤੇ ਇਹ ਉਨ੍ਹਾਂ ਦੀ ਪੜ੍ਹਾਈ ਵਿਚ ਵਿਘਨ ਨਾ ਪਾਵੇ। ਇਸ ਵਿਚ ਮਾਤਾ-ਪਿਤਾ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਿੱਖਿਆ ਹਾਸਲ ਕਰਨ ਤੋਂ ਰੋਕ ਨਹੀਂ ਸਕਦੇ। ਸਿੱਖਿਆ ਦਾ ਅਧਿਕਾਰ ਐਕਟ 2009, ਭਾਰਤ ਦੀ ਸੰਸਦ ਵੱਲੋਂ 4 ਅਗਸਤ 2009 ਨੂੰ ਪਾਸ ਕੀਤਾ ਗਿਆ ਇਕ ਕਾਨੂੰਨ ਹੈ, ਜੋ ਭਾਰਤੀ ਸੰਵਿਧਾਨ ਦੇ ਆਰਟੀਕਲ 21ਏ ਦੇ ਤਹਿਤ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਨੂੰ ਮੌਲਿਕ ਅਧਿਕਾਰ ਵਜੋਂ ਸਥਾਪਤ ਕਰਦਾ ਹੈ। ਇਹ ਐਕਟ 1 ਅਪ੍ਰੈਲ 2010 ਨੂੰ ਲਾਗੂ ਹੋਇਆ। ਇਸ ਲਈ ਭੀਖ ਮੰਗਣ ਵਾਲੇ ਬੱਚਿਆਂ ਦੀ ਸ਼ਨਾਖ਼ਤ ਕਰ ਕੇ ਉਨ੍ਹਾਂ ਨੂੰ ਸਕੂਲਾਂ ਵਿਚ ਦਾਖ਼ਲ ਕਰਵਾਉਣਾ ਚਾਹੀਦਾ ਤਾਂ ਜੋ ਬੱਚੇ ਚੰਗੀ ਸਿੱਖਿਆ ਹਾਸਲ ਕਰ ਸਕਣ ਤੇ ਉਹਨਾਂ ਦਾ ਭਵਿੱਖ ਰੌਸ਼ਨ ਹੋ ਸਕੇ।

## ਲੁਧਿਆਣਾ ਤੇ ਨਵਾਂਸ਼ਹਿਰ 'ਚ ਭੀਖ ਮੰਗ ਰਹੇ 21 ਬੱਚਿਆਂ ਨੂੰ ਬਚਾਇਆ

ਲੁਧਿਆਣਾ ਅਤੇ ਨਵਾਂਸ਼ਹਿਰ ਤੋਂ ਮਿਲੀਆਂ ਖ਼ਬਰਾਂ ਅਨੁਸਾਰ ਸੂਬੇ 'ਚ ਭਿਖਾਰੀਆਂ ਵਿਰੁੱਧ ਵਿੱਢੇ ਮਿਸ਼ਨ ਜੀਵਨਜੋਤ ਅਧੀਨ ਪ੍ਰਸ਼ਾਸਨ ਨੇ ਐਤਵਾਰ ਨੂੰ ਲੁਧਿਆਣਾ ਤੇ ਨਵਾਂਸ਼ਹਿਰ 'ਚ 217 ਬੱਚਿਆਂ ਨੂੰ ਬਚਾਇਆ। ਇਨ੍ਹਾਂ 'ਚ ਲੁਧਿਆਣਾ ਦੇ 18 ਤੇ ਨਵਾਂਸ਼ਹਿਰ ਦੇ ਬਲਾਚੌਰ ਦੇ ਤਿੰਨ ਬੱਚੇ 5 ਸ਼ਾਮਲ ਹਨ। ਸਿਰਫ਼ ਚਾਰ ਦਿਨਾਂ 'ਚ ਸੂਬੇ 'ਚ 1 62 ਬੱਚਿਆਂ ਨੂੰ ਭੀਖ ਮੰਗਣ ਤੋਂ ਮੁਕਤ ਕੀਤਾ 1 ਗਿਆ ਹੈ। ਪ੍ਰਸ਼ਾਸਨ ਨੇ ਸਾਰੇ ਆਜ਼ਾਦ ਕੀਤੇ 7 ਬੱਚਿਆਂ ਨੂੰ ਬਾਲ ਘਰਾਂ 'ਚ ਆਪਣੀ ਨਿਗਰਾਨੀ 5 ਹੇਠ ਰੱਖਿਆ ਹੈ ਅਤੇ ਉਨ੍ਹਾਂ ਲੋਕਾਂ ਤੋਂ ਇਸ ਦਾ ਸਬੂਤ ਮੰਗਿਆ ਹੈ ਜੋ ਉਨ੍ਹਾਂ ਨੂੰ ਆਪਣਾ ਹੋਣ ਦਾ ਦਾਅਵਾ ਕਰਦੇ ਹਨ। ਜੇਕਰ ਸਬੂਤ ਨਹੀਂ ਦਿੱਤੇ ਜਾਂਦੇ ਤਾਂ ਇਨ੍ਹਾਂ ਬੱਚਿਆਂ ਦਾ ਡੀਐੱਨਏ ਟੈਸਟ ਕੀਤਾ ਜਾਵੇਗਾ। ਇਹ ਜਾਣਕਾਰੀ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਖੁਦ ਦਿੱਤੀ। ਐਤਵਾਰ ਨੂੰ ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਰਸ਼ਮੀ ਸੈਣੀ ਦੀ ਨਿਗਰਾਨੀ ਹੇਠ ਲੁਧਿਆਣਾ 'ਚ ਕਮਿਸ਼ਨਰੇਟ ਪੁਲਿਸ, ਰੇਲਵੇ ਸੁਰੱਖਿਆ ਬਲ, ਚਾਈਲਡ ਲਾਈਨ ਤੇ ਬਚਪਨ ਬਚਾਓ ਅੰਦੋਲਨ (ਬੀਬੀਏ) ਦੇ ਨੁਮਾਇੰਦਿਆਂ ਨਾਲ ਮਿਲ ਕੇ ਰੇਲਵੇ ਸਟੇਸ਼ਨ, ਬੱਸ ਸਟੈਂਡ ਤੇ ਚੌੜਾ ਬਾਜ਼ਾਰ 'ਚ ਬੱਚਿਆਂ ਨੂੰ ਭੀਖ ਮੰਗਣ ਵਾਲਿਆਂ ਵਿਰੁੱਧ ਇਕ ਮੁਹਿੰਮ ਚਲਾਈ ਗਈ। ਇਸ ਸਮੇਂ ਦੌਰਾਨ 21 ਬੱਚਿਆਂ ਨੂੰ ਆਜ਼ਾਦ ਕਰਵਾਇਆ ਗਿਆ। ਰਸ਼ਮੀ ਸੈਣੀ ਨੇ ਕਿਹਾ। ਕਿ ਇਨ੍ਹਾਂ ਸਾਰੇ ਬੱਚਿਆਂ ਨੂੰ ਦੋਰਾਹਾ ਦੇ ਸੁਰੱਖਿਆ ਘਰ 'ਚ ਰੱਖਿਆ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀਰਵਾਰ ਨੂੰ ਅੰਮ੍ਰਿਤਸਰ 'ਚ ਪੰਜ ਬੱਚਿਆਂ, ਮੋਹਾਲੀ ਵਿੱਚ 12, ਸ਼ੁੱਕਰਵਾਰ ਨੂੰ ਬਠਿੰਡਾ 'ਚ 18 ਤੇ ਸ਼ਨੀਵਾਰ ਨੂੰ ਅੰਮ੍ਰਿਤਸਰ 'ਚ ਛੇ ਬੱਚਿਆਂ ਨੂੰ ਬਚਾਇਆ ਗਿਆ ਸੀ। ਡਾ. ਬਲਜੀਤ ਕੌਰ ਨੇ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਬੱਚੇ ਨੂੰ ਦਾਨ ਨਾ ਦੇਣ ਅਤੇ ਜੇਕਰ ਕੋਈ ਬੱਚਾ ਭੀਖ ਮੰਗਦਾ ਨਜ਼ਰ ਆਉਂਦਾ ਹੈ ਤਾਂ ਤੁਰੰਤ 1098 ਚਾਈਲਡ ਹੈਲਪਲਾਈਨ ਨੂੰ ਸੂਚਿਤ ਕਰਨ।

# ਡਾ. ਸਰਬਜਿੰਦਰ ਸਿੰਘ ਬਣੇ ਵਾਈਸ ਚਾਂਸਲਰ

**ਅਨੰਦਪੁਰ ਸਾਹਿਬ:** "ਸਰਬੱਤ ਦਾ ਭਲਾ" ਟਰੱਸਟ ਦੇ ਮੁਖੀ ਐੱਸ. ਪੀ ਉਬਰਾਏ ਵਲੋਂ ਕੁਦਰਤ ਦੀ ਗੋਦ ਵਿੱਚ, ਸੂਰਬੀਰ ਰੂਹਾਂ ਨੂੰ ਜਨਮ ਦੇਣ ਵਾਲੀ ਧਰਤੀ, ਉੱਤੇ ਸਥਾਪਿਤ ਕੀਤੀ ਗਈ Futuristics University ਵਿਖੇ ਪ੍ਰੋਫ਼ੈਸਰ ਸਰਬਜਿੰਦਰ ਸਿੰਘ ਨੇ ਬਤੌਰ ਵਾਈਸ-ਚਾਂਸਲਰ ਜੁਆਇਨ ਕਰ ਲਿਆ।

ਇਸ ਵਕਾਰੀ ਅਹੁਦੇ ਨੂੰ ਸੰਭਾਲਣ ਵੇਲੇ ਉਨਾਂ ਨੇ ਕਿਹਾ ਕਿ ਉਹਨਾਂ ਦੀ ਕੋਸ਼ਿਸ਼ ਰਹੇਗੀ ਕਿ ਮਿਆਰੀ ਯੂਨੀਵਰਸਿਟੀ ਸਿੱਖਿਆ ਦੇ ਨਵੇਂ ਆਯਾਮ ਕਾਇਮ ਕੀਤੇ ਜਾਣ। ਇਸ ਮੁਕਾਮ ਉੱਤੇ ਪਹੁੰਚਣ ਲਈ ਉਨ੍ਹਾਂ ਨੇ ਪ੍ਰਮਾਤਮਾ ਦਾ ਲੱਖ ਲੱਖ ਸ਼ੁਕਰਾਨਾ ਕੀਤਾ।



# ਏਅਰ ਹੋਸਟੈੱਸ ਨੇ ਸਾਥੀ ਮੁਲਾਜ਼ਮ 'ਤੇ ਲਗਾਇਆ ਜਬਰ-ਜਨਾਹ ਦਾ ਦੋਸ਼

**ਮੁੰਬਈ:** ਯੂਨਾਈਟਿਡ ਕਿੰਗਡਮ ਦੀ ਇਕ ਏਅਰਲਾਈਨ ਕੰਪਨੀ ਦੀ ਏਅਰ ਹੋਸਟੈੱਸ ਨੇ ਆਪਣੇ ਸਾਥੀ ਮੁਲਾਜ਼ਮ 'ਤੇ ਜਬਰ ਜਨਾਹ ਦਾ ਦੋਸ਼ ਲਗਾਇਆ ਹੈ। ਮੁੰਬਈ ਦੇ ਮੀਰਾ ਰੋਡ ਦੀ ਵਾਸੀ ਜਬਰ ਜਨਾਹ ਪੀੜਤ ਏਅਰ ਹੋਸਟੈਂਸ ਨੇ 18 ਜੁਲਾਈ ਨੂੰ ਨਵਾਂ ਘਰ ਪੁਲਿਸ ਸਟੇਸ਼ਨ ਵਿਚ ਮਾਮਲਾ ਦਰਜ ਕਰਵਾਇਆ। ਪੀੜਤਾ ਨੇ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦੇ ਸਾਥੀ ਮੁਲਾਜ਼ਮ ਨੇ 29 ਜੂਨ ਨੂੰ ਮੀਰਾ ਰੋਡ ਈਸਟ ਦੇ ਜੈਨਾਚਾਰਿਆ ਅਜਰਾਮਰ ਰੋਡ 'ਤੇ ਆਪਣੇ ਘਰ 'ਚ ਉਸ ਦਾ ਜਿਨਸੀ ਸ਼ੋਸ਼ਣ ਤੇ ਜਬਰ ਜਨਾਹ ਕੀਤਾ। 23 ਸਾਲਾ ਪੀੜਤਾ ਨੇ ਕਿਹਾ ਕਿ ਮੁਲਜ਼ਮ ਉਸ ਦਾ ਦੋਸਤ ਸੀ। ਦੋਵਾਂ ਨੇ ਇੱਕੋ ਉਡਾਣ ਨਾਲ ਲੰਡਨ ਦੀ ਯਾਤਰਾ ਕੀਤੀ ਸੀ। ਮੁਲਜ਼ਮ ਨੇ-ਮੁੰਬਈ ਵਾਪਸ ਆਉਣ 'ਤੇ ਉਸ ਨੂੰ ਆਪਣੀ ਰਿਹਾਇਸ਼ 'ਤੇ ਬੁਲਾਇਆ ਜਿੱਥੇ ਉਸ ਨਾਲ ਬਦਸਲੂਕੀ ਕੀਤੀ ਗਈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**


# ਹੇਮਕੁੰਟ ਸਾਹਿਬ ਨੇੜੇ ਖੱਡ 'ਚ ਡਿੱਗਣ ਨਾਲ ਸਿੱਖ ਸ਼ਰਧਾਲੂ ਦੀ ਮੌਤ

**ਗੋਪੇਸ਼ਵਰ:** ਪੁਲਿਸ ਨੇ ਦੱਸਿਆ ਹੈ ਕਿ ਪੰਜਾਬ ਦੇ ਇਕ 18 ਸਾਲਾ ਸਿੱਖ ਸ਼ਰਧਾਲੂ ਦੀ ਉਤਰਾਖੰਡ ਦੇ ਚਮੋਲੀ ਜ਼ਿਲ੍ਹੇ 'ਚ ਹੇਮਕੁੰਟ ਸਾਹਿਬ ਗੁਰਦੁਆਰੇ ਨੇੜੇ ਇਕ ਫੁੱਟਪਾਥ 'ਤੇ ਡੂੰਘੀ ਖੱਡ 'ਚ ਡਿੱਗਣ ਨਾਲ ਮੌਤ ਹੋ ਗਈ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਕਾਲੇ ਪਿੰਡ ਦਾ



ਰਹਿਣ ਵਾਲਾ ਗੁਰਪ੍ਰੀਤ ਸਿੰਘ 90 ਮੈਂਬਰੀ ਸਮੂਹ ਨਾਲ ਹੇਮਕੁੰਟ ਸਾਹਿਬ ਦੇ ਦਰਸ਼ਨ ਕਰ ਰਿਹਾ ਸੀ।

ਇਸ ਸਬੰਧੀ ਪੁਲਿਸ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਗੁਰਦੁਆਰੇ ਵੱਲ ਜਾਣ ਵਾਲੇ ਮੁੱਖ ਫੁੱਟਪਾਥ ਨੂੰ ਛੱਡ ਕੇ ਇਕ ਪੁਰਾਣੇ ਖਰਾਬ ਹੋਏ ਰਸਤੇ 'ਤੇ ਚੱਲ ਰਿਹਾ ਸੀ, ਜੋ ਸੁਰੱਖਿਆ ਚਿੰਤਾਵਾਂ ਕਾਰਨ ਬੰਦ ਕਰ ਦਿੱਤਾ ਗਿਆ ਹੈ। ਉਹ ਤਿਲਕ ਗਿਆ ਤੇ 100 ਮੀਟਰ ਡੂੰਘੀ ਖੱਡ 'ਚ ਡਿੱਗ ਗਿਆ। ਸੂਚਨਾ ਮਿਲਣ 'ਤੇ ਪੁਲਿਸ, ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ (ਐਸ.ਡੀ.ਆਰ.ਐਫ.) ਦੇ ਕਰਮਚਾਰੀ ਤੇ ਹੋਰ ਏਜੰਸੀਆਂ ਨੇ ਲਾਸ਼ ਨੂੰ ਬਾਹਰ ਕੱਢਿਆ।

# ਰਾਂਚੀ ਹਵਾਈ ਅੱਡੇ 'ਤੇ ਏਅਰ ਇੰਡੀਆ ਦੀ ਉਡਾਣ ਤਕਨੀਕੀ ਖਰਾਬੀ ਕਾਰਨ ਰੱਦ

**ਰਾਂਚੀ:** ਦਿੱਲੀ ਜਾਣ ਵਾਲੀ ਏਅਰ ਇੰਡੀਆ ਦੀ ਉਡਾਣ ਤਕਨੀਕੀ ਖਰਾਬੀ ਕਾਰਨ ਰੱਦ ਕਰ ਦਿੱਤੀ ਗਈ, ਜਿਸ ਕਾਰਨ ਹਵਾਈ ਅੱਡੇ 'ਤੇ ਹਫੜਾ-ਦਫੜੀ ਵਾਲੀ ਸਥਿਤੀ ਪੈਦਾ ਹੋ ਗਈ। ਹਵਾਈ ਅੱਡੇ ਦੇ ਡਾਇਰੈਕਟਰ ਆਰ.ਆਰ. ਮੌਰਿਆ ਨੇ ਦੱਸਿਆ ਕਿ ਰਾਂਚੀ ਤੋਂ ਦਿੱਲੀ ਜਾਣ ਵਾਲੀ ਏ.ਆਈ.ਐਕਸ (ਏਅਰ ਇੰਡੀਆ ਐਕਸਪ੍ਰੈਸ) 1200 ਨੂੰ ਤਕਨੀਬੀ ਖਰਾਬੀ ਕਾਰਨ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਡਾਣ ਭਰਨ ਤੋਂ ਪਹਿਲਾਂ ਜਹਾਜ਼ ਦੀ ਜਾਂਚ ਕਰਦੇ ਸਮੇਂ ਤਕਨੀਕੀ ਖਰਾਬੀ ਦਾ ਪਤਾ ਲੱਗਾ ਸੀ। ਜਹਾਜ਼ ਨੇ ਸ਼ਾਮ 6 ਵਜੇ ਉਡਾਣ ਭਰਨ ਵਾਲੀ ਸੀ। ਮੌਰਿਆ ਨੇ ਕਿਹਾ ਕਿ ਕੁਝ ਯਾਤਰੀਆਂ ਨੂੰ ਹੋਰ ਉਡਾਣਾਂ 'ਤੇ ਬਿਠਾਇਆ ਗਿਆ, ਜਦੋਂਕਿ ਕਈਆਂ ਦੀਆਂ ਟਿਕਟਾਂ ਰੱਦ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕੁਝ ਯਾਤਰੀਆਂ ਨੂੰ ਸੋਮਵਾਰ ਲਈ ਦੁਬਾਰਾ ਉਡਾਣ ਲਈ ਤੈਅ ਕੀਤਾ ਗਿਆ ਹੈ।

*(ਪਹਿਲੇ ਸਫ਼ੇ ਦੀ ਬਾਕੀ)*

## ਈਰਾਨ ਨੇ ਨਵੇਂ ...

ਟਰੰਪ ਨੇ ਕਿਹਾ ਕਿ ਉਹ ਸੰਯੁਕਤ ਅਰਬਅਮੀਰਾਤ ਵਿਚ ਸਾਲਾਂ ਤੋਂ ਕੈਦ ਅਫਗਾਨਾਂ ਦੀ ਮਦਦ ਕਰਨਗੇ। ਕਿਹਾ, 'ਮੈਂ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗਾ, ਹੁਣ ਤੋਂ ਸ਼ੁਰੂ ਕਰਾਂਗਾ।' ਟਰੰਪ ਨੇ ਜਨਵਰੀ ਵਿਚ ਅਹੁਦਾ ਸੰਭਾਲਣ ਦੇ ਬਾਅਦ ਸ਼ਰਨਾਰਥੀਆਂ ਦੇ ਮੁੜਵਸੇਬੇ ਨੂੰ ਰੋਕ ਦਿੱਤਾ ਸੀ। ਨਾਲ ਹੀ ਅਪ੍ਰੈਲ ਵਿਚ ਅਮਰੀਕਾ ਵਿਚ ਹਜ਼ਾਰਾਂ ਅਫਗਾਨਾਂ ਲਈ ਅਸਥਾਈ ਪਰਵਾਸ ਸੁਰੱਖਿਆ ਖ਼ਤਮ ਕਰ ਦਿੱਤੀ ਸੀ।

# ਲੈਂਡ ਪੂਲਿੰਗ ਨੀਤੀ ਅਨੁਸਾਰ ਜ਼ਮੀਨ ਦੇ ਪਲਾਟ ਮਿਲਣ ਤੱਕ ਕਿਰਾਏ ਵਜੋਂ ਸਾਲਾਨਾ ਦਿੱਤੇ ਜਾਣਗੇ ਇਕ ਲੱਖ ਰੁਪਏ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਹੋਈ ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ ਵਿੱਚ ਸਭ ਤੋਂ ਵੱਧ ਚਰਚਾ ਲੈਂਡ ਪੂਲਿੰਗ ਪਾਲਿਸੀ ਤੇ ਕੀਤੀ ਗਈ। ਜਾਣਕਾਰੀ ਦਿੰਦਿਆਂ ਹੋਇਆ ਸੀ.ਐੱਮ. ਭਗਵੰਤ ਮਾਨ ਨੇ ਕਿਹਾ ਕਿ ਲੈਂਡ ਪੂਲਿੰਗ ਨੀਤੀ ਕਿਸਾਨਾਂ ਨੂੰ ਲਾਭ ਦੇਣ ਲਈ ਲਿਆਂਦੀ ਗਈ ਹੈ। ਹੁਣ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਦੇ ਪਲਾਟ ਮਿਲਣ ਤੱਕ ਸਾਲਾਨਾ 1 ਲੱਖ ਰੁਪਏ ਕਿਰਾਏ ਵਜੋਂ ਦਿੱਤੇ ਜਾਣਗੇ, ਜੋ ਕਿ ਪਹਿਲਾਂ ਕਾਂਗਰਸ ਸਰਕਾਰ ਦੇ ਸਮੇਂ ਮਹਿਜ਼ 20 ਹਜ਼ਾਰ



ਰੁਪਏ ਸੀ।

ਇਸ ਤਰ੍ਹਾਂ, ਕਿਸਾਨਾਂ ਦੇ ਕਿਰਾਏ ਵਿੱਚ 5 ਗੁਣਾ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਯੋਜਨਾ ਵਿੱਚ ਸ਼ਾਮਿਲ ਹੋਣ ਦੀ ਸਹਿਮਤੀ ਦੇਣ 'ਤੇ ਹੀ ਕਿਸਾਨਾਂ ਨੂੰ 50 ਹਜ਼ਾਰ ਰੁਪਏ ਦਾ ਚੈਕ ਵੀ ਦਿੱਤਾ ਜਾਵੇਗਾ। ਸਾਲਾਨਾ 1 ਲੱਖ ਰੁਪਏ ਦੀ ਰਕਮ ਵਿੱਚ ਹਰ ਸਾਲ 10% ਦਾ ਵਾਧਾ ਵੀ ਕੀਤਾ ਜਾਵੇਗਾ, ਜਿਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਨਿਰੰਤਰ ਵਾਧਾ ਹੁੰਦਾ ਰਹੇਗਾ। ਇਹ ਯੋਜਨਾ ਕਿਸਾਨਾਂ ਲਈ ਵੱਡੀ ਰਾਹਤ ਅਤੇ ਆਰਥਿਕ ਸਹਾਇਤਾ ਦਾ ਸਾਧਨ ਬਣੇਗੀ।

# ਬਜ਼ੁਰਗ ਦੌੜਾਕ ਫੌਜਾ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ

### ਰਾਜਪਾਲ ਤੇ ਮੁੱਖ ਮੰਤਰੀ ਸਮੇਤ ਵੱਖ-ਵੱਖ ਰਾਜਸੀ ਆਗੂ ਹੋਏ ਸ਼ਾਮਲ

**ਬਿਆਸ ਪਿੰਡ(ਜਲੰਧਰ):** ਉਮਰਦਰਾਜ ਦੌੜਾਕ ਫੌਜਾ ਸਿੰਘ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਬਿਆਸ ਪਿੰਡ ਵਿਖੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਮ੍ਰਿਤਕ ਫੌਜਾ ਸਿੰਘ ਦੀਆਂ ਆਖਰੀ ਰਸਮਾਂ ਉਨ੍ਹਾਂ ਦੇ ਦੋਵਾਂ ਬੇਟਿਆਂ ਸੁਖਜਿੰਦਰ ਸਿੰਘ ਤੇ ਹਰਵਿੰਦਰ ਸਿੰਘ ਸੁੱਖਾ ਵਲੋਂ ਨਿਭਾਈਆਂ ਗਈਆਂ, ਜਦਕਿ ਪੁਲਿਸ ਦੀ ਟੁਕੜੀ ਵਲੋਂ ਸਲਾਮੀ ਦਿੱਤੀ ਗਈ। ਇਸ ਮੌਕੇ ਰਾਜਪਾਲ ਗੁਲਾਬ ਚੰਦ ਕਟਾਰੀਆ ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਸੀਨੀਅਰ ਅਕਾਲੀ ਆਗੂ ਡਾ.ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਜਥੇਦਾਰ ਕੁਲਵੰਤ ਸਿੰਘ ਮੰਨਣ, ਕੈਬਨਿਟ ਮੰਤਰੀ ਮਹਿੰਦਰ ਭਗਤ, ਸਾਬਕਾ ਮੰਤਰੀ ਬਲਕਾਰ ਸਿੰਘ, ਸਾਬਕਾ ਵਿਧਾਇਕ ਪਵਨ ਟੀਨੂੰ, ਸੀਨੀਅਰ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ, ਵਿਧਾਇਕ ਸੁਖਵਿੰਦਰ ਕੋਟਲੀ, ਵਿਧਾਇਕ ਪਰਗਟ ਸਿੰਘ, ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਨਕੋਦਰ ਹਲਕੇ ਦੇ ਇੰਚਾਰਜ ਡਾ. ਨਵਜੋਰ ਸਿੰਘ ਦਾਹੀਆ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਐਸ. ਐਸ. ਪੀ.



ਹਰਵਿੰਦਰ ਸਿੰਘ ਵਿਰਕ ਸਮੇਤ ਵੱਖ-ਵੱਖ ਰਾਜਸੀ ਪਾਰਟੀਆਂ ਦੇ ਪ੍ਰਮੁੱਖ ਆਗੂਆਂ, ਪੁਲਿਸ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਤੇ ਖੇਡ ਜਗਤ ਨਾਲ ਜੁੜੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਮ੍ਰਿਤਕ ਦੇਹ 'ਤੇ ਫੁੱਲ ਮਾਲਾਵਾਂ ਭੇਟ ਕਰ ਕੇ ਆਪਣੀ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਪਰਿਵਾਰ ਦੇ ਨਾਂਅ ਇਕ ਸ਼ੋਕ ਸੰਦੇਸ਼ ਭੇਜ ਕੇ ਫੌਜਾ ਸਿੰਘ ਦੀਆਂ ਪ੍ਰਾਪਤੀਆਂ ਨੂੰ ਯਾਦ ਕੀਤਾ ਅਤੇ ਕਿਹਾ ਕਿ ਉਹ ਇਕ ਮਹਾਨ ਦੌੜਾਕ ਤੇ ਦੇਸ਼ ਲਈ ਪ੍ਰੇਰਨਾ ਸਨ। ਉਨ੍ਹਾਂ ਦੇ ਜਾਣ ਨਾਲ ਮੁਲਕ ਇਕ ਅਜਿਹੇ ਜੁਝਾਰੂ ਤੇ ਹਿੰਮਤੀ ਇਨਸਾਨ ਤੋਂ ਵਾਂਝਾ ਹੋ ਗਿਆ ਹੈ, ਜਿਸ ਨੇ ਆਪਣੀ ਸਫਲਤਾ ਦੇ ਰਾਹ 'ਚ ਉਮਰ ਨੂੰ ਵੀ ਰੁਕਾਵਟ ਨਹੀਂ ਬਣਨ ਦਿੱਤਾ ਅਤੇ ਸਾਰੀਆਂ ਰੋਕਾਂ ਪਾਰ ਕਰਦੇ ਹੋਏ ਮੈਰਾਥਨ ਦੌੜ ਦੇ ਖੇਤਰ 'ਚ ਆਪਣੀ ਵੱਖਰੀ ਪਛਾਣ ਬਣਾਈ।

# ਕਾਂਸਟੇਬਲ ਅਮਨਦੀਪ ਕੌਰ ਨੂੰ ਹਾਈਕੋਰਟ ਤੋਂ ਝਟਕਾ; ਜ਼ਮਾਨਤ ਅਰਜ਼ੀ ਰੱਦ

**ਚੰਡੀਗੜ੍ਹ:** ਬਠਿੰਡਾ 'ਚ ਡਰੱਗ ਤਸਕਰੀ ਨਾਲ ਜੁੜੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਬਰਖਾਸਤ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਨੂੰ ਹਾਈ ਕੋਰਟ ਤੋਂ ਝਟਕਾ ਲੱਗਾ ਹੈ। ਅਮਨਦੀਪ ਕੌਰ ਦੀ ਪਟੀਸ਼ਨ 'ਤੇ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦੁਬਾਰਾ ਸੁਣਵਾਈ ਹੋਈ ਹੈ ਪਰ ਹਾਈ ਕੋਰਟ ਨੇ ਫਿਰ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਹੈ। ਸੋਮਵਾਰ ਨੂੰ ਵੀ ਅਦਾਲਤ ਨੇ ਉਸਦੀ ਜ਼ਮਾਨਤ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ।



ਹਾਲਾਂਕਿ ਕੱਲ੍ਹ ਸਵੇਰੇ ਹਾਈ ਕੋਰਟ ਨੇ ਅਮਨਦੀਪ ਕੌਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ ਪਰ ਦੁਪਹਿਰ ਵੇਲੇ ਉਸ ਦੇ ਵਕੀਲ ਨੇ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਜੇਕਰ ਉਸ ਨੂੰ ਕੁਝ ਸਮਾਂ ਦਿੱਤਾ ਜਾਵੇ ਤਾਂ ਉਹ ਕੁਝ ਮਹੱਤਵਪੂਰਨ ਤੱਥ ਪੇਸ਼ ਕਰਨਾ ਚਾਹੁੰਦਾ ਹੈ, ਇਸ ਬੇਨਤੀ 'ਤੇ ਹਾਈ ਕੋਰਟ ਨੇ ਅੱਜ ਸਵੇਰੇ ਦੁਬਾਰਾ ਸੁਣਵਾਈ ਕਰਨ ਦਾ ਫੈਸਲਾ ਕੀਤਾ ਸੀ। ਜਦੋਂ ਅੱਜ ਸਵੇਰੇ ਇਸ ਪਟੀਸ਼ਨ 'ਤੇ ਸੁਣਵਾਈ ਸ਼ੁਰੂ ਹੋਈ ਤਾਂ ਅਮਨਦੀਪ ਕੌਰ ਦੇ ਵਕੀਲ ਨੇ ਕਈ ਦਲੀਲਾਂ ਦਿੱਤੀਆਂ ਪਰ ਸਾਰੀਆਂ ਦਲੀਲਾਂ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਇੱਕ ਵਾਰ ਫਿਰ ਅਮਨਦੀਪ ਕੌਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਥਾਰ 'ਚੋਂ ਹੈਰੋਇਨ ਨਾਲ ਫੜੀ ਗਈ ਸੀ - ਅਮਨਦੀਪ ਕੌਰ ਉਦੋਂ ਸੁਰਖੀਆਂ ਵਿੱਚ ਆਈ ਜਦੋਂ 2 ਅਪ੍ਰੈਲ 2025 ਨੂੰ ਬਠਿੰਡਾ ਵਿੱਚ ਥਾਰ 'ਚੋਂ 17.71 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸਨੂੰ ਉਸੇ ਦਿਨ ਮੁਅੱਤਲ ਅਤੇ ਬਰਖਾਸਤ ਕਰ ਦਿੱਤਾ ਗਿਆ ਸੀ। ਇਹ ਮਾਮਲਾ ਹੌਲੀ-ਹੌਲੀ ਹਾਈ-ਪ੍ਰੋਫਾਈਲ ਹੋ ਗਿਆ। ਇਸ ਤੋਂ ਬਾਅਦ ਅਮਨਦੀਪ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਉਸਨੂੰ ਇੱਕ ਸਾਜ਼ਿਸ਼ ਦੇ ਹਿੱਸੇ ਵਜੋਂ ਫਸਾਇਆ ਗਿਆ ਹੈ। ਸਰਕਾਰੀ ਵਕੀਲ ਦਾ ਕਹਿਣਾ ਹੈ ਕਿ ਪੂਰੀ ਕਾਰਵਾਈ ਨਿਯਮਾਂ ਅਨੁਸਾਰ ਕੀਤੀ ਗਈ ਹੈ। ਉਨ੍ਹਾਂ ਨੇ ਅਦਾਲਤ ਵਿੱਚ ਐਫਆਈਆਰ ਦੀ ਇੱਕ ਕਾਪੀ ਵੀ ਪੇਸ਼ ਕੀਤੀ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਅਨਮੋਲ ਗਗਨ ਮਾਨ ਨੇ ਵਾਪਸ ਲਿਆ ਅਸਤੀਫ਼ਾ

**ਮੋਹਾਲੀ:** ਪੰਜਾਬ ਦੇ ਸਭ ਤੋਂ ਵੱਡੇ ਵਿਧਾਨ ਸਭਾ ਹਲਕੇ ਖਰੜ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਅਨਮੋਲ ਗਗਨ ਮਾਨ ਨੇ ਆਪਣਾ ਅਸਤੀਫ਼ਾ ਐਤਵਾਰ ਨੂੰ ਵਾਪਸ ਲੈ ਲਿਆ। ਇਹ ਫ਼ੈਸਲਾ ਉਨ੍ਹਾਂ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਮੰਤਰੀ ਅਮਨ ਅਰੋੜਾ ਨਾਲ ਬੈਠਕ ਮਗਰੋਂ ਕੀਤਾ। ਇਸ ਦੀ ਜਾਣਕਾਰੀ ਅਮਨ ਅਰੋੜਾ ਨੇ ਖ਼ੁਦ ਸੋਸ਼ਲ ਮੀਡੀਆ 'ਤੇ ਦਿੱਤੀ।



ਅਮਨ ਅਰੋੜਾ ਨੇ ਲਿਖਿਆ ਹੈ ਕਿ ਅਨਮੋਲ ਗਗਨ ਮਾਨ ਨਾਲ ਬੈਠਕ ਹੋਈ ਤੇ ਪਾਰਟੀ ਨੇ ਵਿਧਾਇਕ ਅਹੁਦਾ ਤੋਂ ਉਨ੍ਹਾਂ ਦਾ ਅਸਤੀਫ਼ਾ ਨਾਮਨਜ਼ੂਰ ਕਰਨ ਦਾ ਫ਼ੈਸਲਾ ਕੀਤਾ, ਜਿਸ ਨੂੰ ਉਨ੍ਹਾਂ ਸਵੀਕਾਰ ਕਰ ਲਿਆ ਹੈ। ਉਨ੍ਹਾਂ ਨੇ ਅਨਮੋਲ ਗਗਨ ਮਾਨ ਨੂੰ ਪਾਰਟੀ ਤੇ ਹਲਕੇ ਦੀ ਭਲਾਈ ਲਈ ਮਿਲ ਕੇ ਕੰਮ ਕਰਨ ਦੀ ਬੇਨਤੀ ਕੀਤੀ ਹੈ। ਯਾਦ ਰਹੇ ਕਿ ਸ਼ਨਿਚਰਵਾਰ ਨੂੰ ਅਚਾਨਕ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦੇ ਕੇ ਅਨਮੋਲ ਗਗਨ ਮਾਨ ਨੇ ਸਿਆਸਤ ਤੋਂ ਸੰਨਿਆਸ ਲੈਂਦਿਆਂ ਆਪਣੇ ਵਿਧਾਇਕ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ 'ਤੇ ਪੰਜਾਬ ਦੇ ਸਿਆਸੀ ਗਲਿਆਰਿਆਂ 'ਚ ਕਈ ਤਰ੍ਹਾਂ ਦੀਆਂ ਚਰਚਾਵਾਂ ਚੱਲ ਰਹੀਆਂ ਸਨ।



## ਰਣਜੀਤ ਸਿੰਘ ਗਿੱਲ ਦੀਆਂ ਅਟਕਲਾਂ 'ਤੇ ਵਿਰਾਮ

ਖਰੜ ਵਿਧਾਨ ਸਭਾ ਖੇਤਰ 'ਚ ਅਟਕਲਾਂ ਲਾਈਆਂ ਜਾ ਰਹੀਆਂ ਸਨ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਦਿੱਗਜ ਆਗੂ ਰਣਜੀਤ ਸਿੰਘ ਗਿੱਲ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲੇ ਹਨ ਤੇ ਉਹ ਖਰੜ ਵਿਧਾਨ ਸਭਾ ਹਲਕੇ ਤੋਂ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹੋਣਗੇ। ਇਸ ਦੀ ਸਭ ਤੋਂ ਵੱਡੀ ਵਜ੍ਹਾ ਇਹ ਸੀ ਕਿ ਸ਼ੁੱਕਰਵਾਰ ਨੂੰ ਰਣਜੀਤ ਸਿੰਘ ਗਿੱਲ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫਾ ਦਿੱਤਾ ਸੀ। ਦੂਜੇ ਪਾਸੇ, ਸ਼ਨਿਚਰਵਾਰ ਨੂੰ ਅਨਮੋਲ ਗਗਨ ਮਾਨ ਨੇ ਆਮ ਆਦਮੀ ਪਾਰਟੀ ਤੋਂ ਅਸਤੀਫ਼ਾ ਦਿੱਤਾ ਸੀ ਪਰ ਅਨਮੋਲ ਗਗਨ ਦੇ ਅਸਤੀਫ਼ਾ ਵਾਪਸ ਲੈਣ ਤੋਂ ਬਾਅਦ ਇਨ੍ਹਾਂ ਅਟਕਲਾਂ 'ਤੇ ਵੀ ਵਿਰਾਮ ਲੱਗ ਗਿਆ ਹੈ।

# ਬੱਬਰ ਖ਼ਾਲਸਾ ਦੇ ਤਿੰਨ ਅਤਿਵਾਦੀ ਗ੍ਰਿਫ਼ਤਾਰ

**ਮੋਹਾਲੀ:** ਪੰਜਾਬ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ (ਸੀਆਈ) ਪਟਿਆਲਾ ਤੇ ਸਟੇਟ ਸਪੈਸ਼ਲ ਓਪਰੇਸ਼ਨ ਸੈੱਲ (ਐੱਸਐੱਸਓਸੀ) ਮੁਹਾਲੀ ਨੇ ਪੰਜਾਬ ਦੇ ਹਰਿਆਣਾ 'ਚ ਪੁਲਿਸ ਚੌਕੀਆਂ 'ਤੇ ਹਮਲਾ ਕਰਨ ਵਾਲੇ ਅੱਤਵਾਦੀ ਸੰਗਠਨ ਬੱਬਰ ਖ਼ਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਤਿੰਨ ਅੱਤਾਵਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗੁਪਤ ਸੂਚਨਾ ਦੇ ਆਧਾਰ 'ਤੇ ਚਲਾਈ ਗਈ ਸਾਂਝੀ ਮੁਹਿੰਮ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਤਿੰਨਾਂ ਮੁਲਜ਼ਮਾਂ ਦੀ ਪਛਾਣ ਪਟਿਆਲਾ ਦੇ ਬਾਦਸ਼ਾਹ ਪੁਰ ਵਾਸੀ ਸੰਦੀਪ ਸਿੰਘ, ਪਟਿਆਲਾ ਦੇ ਹੀ ਹਰਚਾਂਦਪੁਰਾ ਵਾਸੀ ਹਰਪ੍ਰੀਤ ਸਿੰਘ ਤੇ ਗੁਰਦਿਆਪੁਰਾ ਵਾਸੀ ਹਰਮਨਪ੍ਰੀਤ ਸਿੰਘ ਵਜੋਂ ਹੋਈ ਹੈ। ਇਨ੍ਹਾਂ ਕੋਲੋਂ ਪੁਲਿਸ ਨੇ ਦੋ ਹੈਂਡ ਗ੍ਰਨੇਡ ਤੇ ਦੋ ਪਿਸਤੌਲ ਵੀ ਬਰਾਮਦ ਕੀਤੇ ਹਨ।



ਡੀਜੀਪੀ ਗੌਰਵ ਯਾਦਵ ਨੇ ਇਸ ਸਬੰਧੀ ਆਪਣੇ ਐਕਸ ਅਕਾਊਂਟ 'ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਿੰਨੇ ਇਕ ਅਪ੍ਰੈਲ 2025 ਨੂੰ ਪਟਿਆਲਾ ਜ਼ਿਲ੍ਹੇ ਦੇ ਬਾਦਸ਼ਾਹਪੁਰ ਤੇ 6 ਅਪ੍ਰੈਲ 2025 ਨੂੰ ਹਰਿਆਣਾ ਦੇ ਅਜ਼ੀਮਗੜ੍ਹ 'ਚ ਪੁਲਿਸ ਚੌਕੀਆਂ 'ਤੇ ਕੀਤੇ ਗਏ ਗ੍ਰਨੇਡ ਹਮਲਿਆਂ 'ਚ ਸ਼ਾਮਲ ਸਨ। ਤਿੰਨੇ ਮੁਲਜ਼ਮ ਹਿਸਟਰੀ ਸ਼ੀਟਰ ਹਨ। ਸ਼ੁਰੂਆਤੀ ਜਾਂਚ ਦੌਰਾਨ ਖ਼ੁਲਾਸਾ ਹੋਇਆ ਕਿ ਇਹ ਹਮਲੇ ਵਿਦੇਸ਼ 'ਚ ਮੌਜੂਦ ਬੀਕੇਆਈ ਦੇ ਦੋ ਸਰਗਰਮ ਮੈਂਬਰ,ਮਨੂੰ ਅਗਵਾਨ (ਗਰੀਸ) ਤੇ ਮਨਿੰਦਰ ਬਿੱਲਾ (ਮਲੇਸ਼ੀਆ) ਦੇ ਦਿਸ਼ਾ-ਨਿਰਦੇਸ਼ 'ਤੇ ਕੀਤੇ ਗਏ ਸਨ। ਦੋਵੇਂ ਵਿਅਕਤੀ ਪਾਕਿਸਤਾਨ ਅਧਾਰਤ ਅੱਤਵਾਦੀ ਹਰਵਿੰਦਰ ਸਿੰਘ ਰਿੰਦਾ ਤੇ ਉੱਥੋਂ ਦੀ ਖ਼ੁਫੀਆ ਏਜੰਸੀ ਆਈਐੱਸਆਈ ਦੇ ਸਿੱਧੇ ਸੰਪਰਕ 'ਚ ਸਨ। ਇਨ੍ਹਾਂ ਦੇ ਕਹਿਣ 'ਤੇ ਹੀ ਦੋਵਾਂ ਨੇ ਫੜੇ ਗਏ ਅੱਤਵਾਦੀਆਂ ਨੂੰ ਪੰਜਾਬ ਤੇ ਹਰਿਆਣਾ 'ਚ ਪੁਲਿਸ ਚੌਕੀਆਂ 'ਤੇ ਹਮਲੇ ਦੇ ਨਿਰਦੇਸ਼ ਦਿੱਤੇ ਹਨ। ਇਹ ਮਾਡਿਊਲ ਨਾ ਸਿਰਫ਼ ਇਨ੍ਹਾਂ ਦੋ ਹਮਲਿਆਂ ਲਈ ਜ਼ਿੰਮੇਵਾਰ ਸੀ, ਸਗੋਂ ਪੰਜਾਬ 'ਚ ਹੋਰ ਪੁਲਿਸ ਢਾਂਚਿਆਂ 'ਤੇ ਹਮਲੇ ਦੀ ਯੋਜਨਾ ਵੀ . ਬਣਾਈ ਬੈਠਾ ਸੀ। ਪਰ ਇਸ ਤੋਂ ਪਹਿਲਾਂ ਹੀ ਪੁਲਿਸ ਦੇ ਹੱਥੇ ਚੜ੍ਹ ਗਏ। ਉਨ੍ਹਾਂ ਨੂੰ ਲਾਜਿਸਟਿਕ ਤੇ ਵਿੱਤੀ ਸਹਾਇਤਾ ਵੀ ਵਿਦੇਸ਼ ਤੋਂ ਮਿਲ ਰਹੀ ਸੀ, ਤਾਂ ਜੋ ਪੰਜਾਬ ਤੇ ਹਰਿਆਣਾ 'ਚ ਅਸਥਿਰਤਾ ਪੈਦਾ ਕਰ ਕੇ ਅੱਤਵਾਦੀ ਨੈੱਟਵਰਕ ਫੈਲਾਇਆ ਜਾ ਸਕੇ। ਡੀਜੀਪੀ ਨੇ ਦੱਸਿਆ ਕਿ ਇਨ੍ਹਾਂ ਨੂੰ ਇਹ ਮਦਦ ਕਿਵੇਂ ਪੁੱਜੀ। ਇਸ ਦੀ ਜਾਂਚ ਕੀਤੀ ਜਾ ਰਹੀ ਹੈ।ਪੁਲਿਸ ਨੇ ਗ੍ਰਿਫ਼ਤਾਰ ਕੀਤੇ ਅੱਤਵਾਦੀਆਂ ਕੋਲੋਂ ਦੋ ਹੈਂਡ ਗ੍ਰਨੇਡ ਤੇ ਦੋ ਪਿਸਤੌਲ (ਪੁਆਇੰਟ 30 ਬੋਰ ਤੇ ਪੁਆਇੰਟ 32 ਬੋਰ) ਬਰਾਮਦ ਕੀਤੇ ਹਨ। ਤਿੰਨਾਂ ਖ਼ਿਲਾਫ਼ ਮੋਹਾਲੀ ਸਥਿਤ ਐੱਸਐੱਸਓਸੀ ਥਾਣੇ 'ਚ ਐੱਫਆਈਆਰ ਦਰਜ ਕਰ ਲਈ ਗਈ ਹੈ। ਮਾਮਲੇ ਦੀ ਜਾਂਚ ਚੱਲ ਰਹੀ ਹੈ। ਗ੍ਰਿਫ਼ਤਾਰ ਤਿੰਨਾਂ ਮੁਲਜ਼ਮਾਂ ਤੋਂ ਪੁੱਛਗਿੱਛ 'ਚ ਇਨ੍ਹਾਂ ਦੇ ਨੈੱਟਵਰਕ ਦਾ ਪਤਾ ਲਾਇਆ ਜਾਵੇਗਾ। ਜਿਸ ਨਾਲ ਛੇਤੀ ਹੀ ਹੋਰ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ।

# ਵਿਧਾਨ ਸਭਾ ਸੈਸ਼ਨ ਮੌਕੇ ਖੇਤੀ ਮੰਤਰੀ ਵੱਲੋਂ 'ਰਮੀ' ਖੇਡਣ ਦਾ ਮੁੱਦਾ ਭਖਿਆ



**ਮੁੰਬਈ:** ਐੱਨਸੀਪੀ ਆਗੂ ਤੇ ਮਹਾਰਾਸ਼ਟਰ ਦੇ ਖੇਤੀ ਮੰਤਰੀ ਮਾਣਿਕਰਾਓ ਕੋਕਾਟੇ ਦੀ ਇਕ ਵਾਇਰਲ ਵੀਡੀਓ ਨੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਸ ਵੀਡੀਓ 'ਚ ਉਹ ਵਿਧਾਨ ਸਭਾ ਸੈਸ਼ਨ ਦੌਰਾਨ ਆਪਣੇ ਮੋਬਾਈਲ ਫੋਨ 'ਤੇ 'ਰਮੀ' ਖੇਡਦੇ ਹੋਏ ਦਿਖਾਈ ਦੇ ਰਹੇ ਹਨ। ਵਿਰੋਧੀ ਧਿਰ ਨੇ ਸਰਕਾਰ 'ਤੇ ਕਿਸਾਨਾਂ ਪ੍ਰਤੀ ਅਸੰਵੇਦਨਸ਼ੀਲ ਹੋਣ ਦਾ ਦੋਸ਼ ਲਗਾਇਆ ਹੈ। ਐੱਨ.ਸੀ.ਪੀ. (ਸ਼ਰਦ ਪਵਾਰ) ਦੀ ਸੰਸਦ ਮੈਂਬਰ ਸੁਪ੍ਰਿਆ ਸੁਲੇ ਨੇ ਉਨ੍ਹਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ 'ਚ 750 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ ਪਰ ਉਹ 'ਰਮੀਂ ਖੇਡਣ ਵਿਚ ਲੱਗੇ ਹੋਏ ਹਨ। ਉਨ੍ਹਾਂ ਨੇ ਕੋਕਾਟੇ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਮੁੱਖ ਮੰਤਰੀ ਤੋਂ ਅਪੀਲ ਕੀਤੀ ਕਿ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ ਤੇ ਜੇਕਰ ਉਹ ਅਸਤੀਫ਼ਾ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਜਾਵੇ। ਆਲੋਚਨਾਵਾਂ ਦਾ ਸਾਹਮਣਾ ਕਰ ਰਹੇ ਕੋਕਾਟੇ ਨੇ ਸਪੱਸ਼ਟ ਕੀਤਾ, 'ਹਾਲੀਆ ਖ਼ਤਮ ਹੋਏ ਮੌਨਸੂਨ ਇਜਲਾਸ ਦੌਰਾਨ ਜਦੋਂ ਸੂਬਾਈ ਵਿਧਾਨ ਮੰਡਲ ਦੇ ਉੱਚ ਸਦਨ ਦੀ ਕਾਰਵਾਈ ਰੋਕੀ ਗਈ ਤਾਂ ਮੈਂ ਹੇਠਲੇ ਸਦਨ ਵਿਚ ਚੱਲ ਰਹੇ ਕੰਮਕਾਜ ਦੀ ਜਾਂਚ ਕਰਨ ਲਈ ਆਪਣਾ ਮੋਬਾਈਲ ਫੋਨ ਕੱਢਿਆ ਤੇ ਯੂਟਿਊਬ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਸੀ। ਡਾਊਨਲੋਡ ਕੀਤੀ ਗਈ 'ਰਮੀ' ਖੇਡ ਅਚਾਨਕ ਖੁੱਲ੍ਹ ਗਈ। ਮੈਂ . ਉਸ ਨੂੰ ਸਕਿਪ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਸਿਰਫ਼ ਪੰਜ ਤੋਂ ਦਸ ਸਕਿੰਟ ਦਾ. ਮਾਮਲਾ ਸੀ। ਵੀਡੀਓ ਵਿਚ ਉਹ ਹਿੱਸਾ ਕਿਉਂ ਨਹੀਂ ਦਿਖਾਇਆ ਗਿਆ?''

## ਗਊ ਮਾਸ ਫੈਕਟਰੀ ਚਲਾਉਣ ਵਾਲੇ ਜੇਲ੍ਹ ਭੇਜੇ

**ਅੰਮ੍ਰਿਤਸਰ:** ਚਾਟੀਵਿੰਡ ਦੇ ਚੱਬਾ ਰੋਡ ਇਲਾਕੇ 'ਚ ਗਊਆਂ ਨੂੰ ਮਾਰਨ ਤੇ ਉਨ੍ਹਾਂ ਦਾ ਮਾਸ ਵੇਚਣ ਵਾਲੇ ਗਿਰੋਹ ਦੇ ਪੰਜ ਮੈਂਬਰਾਂ ਨੂੰ ਅਦਾਲਤ 'ਚ ਐਤਵਾਰ ਨੂੰ ਪੇਸ਼ ਕੀਤਾ. ਗਿਆ। ਅਦਾਲਤ ਨੇ ਸਾਰੇ ਮੁਲਜ਼ਮਾਂ ਨੂੰ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਹੈ। ਦੂਜੇ ਪਾਸੇ ਇੰਸਪੈਕਟਰ ਹਰਸਿਮਰਨਜੀਤ ਕੌਰ ਨੇ ਕਿਹਾ ਕਿ ਫੈਕਟਰੀ ਮਾਲਕ ਤੇ ਪੰਜ ਔਰਤਾਂ ਦੀ ਭਾਲ ਅਜੇ ਵੀ ਜਾਰੀ ਹੈ। ਜਿਵੇਂ ਹੀ ਮੁਲਜ਼ਮਾਂ ਦੀ ਪੇਸ਼ੀ ਬਾਰੇ ਪਤਾ ਲੱਗਿਆ। ਤਾਂ ਹਿੰਦੂ ਸੰਗਠਨ ਵੀ ਅਦਾਲਤੀ ਕੰਪਲੈਕਸ 'ਚ ਪਹੁੰਚ ਗਏ। ਪੁਲਿਸ ਨੂੰ ਫੈਕਟਰੀ ਮਾਲਕ ਤੇ ਉਸ ਦੇ ਹੋਰ ਸਾਥੀਆਂ ਨੂੰ ਜਲਦੀ ਲੱਭਣ ਤੇ ਗ੍ਰਿਫ਼ਤਾਰ ਕਰਨ ਲਈ ਕਿਹਾ ਗਿਆ ਹੈ। ਦੱਸਣਯੋਗ ਹੈ ਕਿ ਚਾਟੀਵਿੰਡ ਥਾਣੇ ਦੀ ਪੁਲਿਸ ਨੇ ਯੂਪੀ ਦੇ ਕੁਸ਼ੀ ਨਗਰ ਵਾਸੀ ਨਸੀਮ ਅੰਸਾਰੀ, ਲਖਨਊ ਦੇ ਸਲਾਹਗੰਜ ਪਿੰਡ ਦੇ ਵਾਸੀ ਸ਼ਾਨੂ, ਮੇਰਠ ਦੇ ਸ਼ਿਆਮ ਨਗਰ ਵਾਸੀ ਇਮਰਾਨ, ਮੇਰਠ ਦੇ ਇਸਲਾਮਨਗਰ ਦੇ ਗੋਕੁਲਪੁਰ ਵਾਸੀ ਹਸੀਨ ਮੁਕੰਦ ਨੂੰ ਗ੍ਰਿਫ਼ਤਾਰ ਕੀਤਾ ਸੀ। ਮੁਕੰਦ ਦੀ ਗ੍ਰਿਫ਼ਤਾਰੀ ਇਸ ਕੇਸ ਦੀ ਵੱਡੀ ਪ੍ਰਾਪਤੀ ਹੈ।


# ਸਿੱਖ ਧਰਮ ਤੇ ਇਤਿਹਾਸ ਸਬੰਧੀ ਕਿਤਾਬਾਂ ਖਰੀਦੋ

*ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਤ ਕਿਤਾਬਾਂ ਖਰੀਦਣ ਦੇ ਚਾਹਵਾਨ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਇਹ ਕਿਤਾਬਾਂ ਘਰ ਬੈਠਿਆਂ ਉਨ੍ਹਾਂ ਦੇ ਸਿਰਨਾਵੇਂ 'ਤੇ ਪਹੁੰਚਾਈਆਂ ਜਾ ਸਕਦੀਆਂ ਹਨ।*

*ਇਨ੍ਹਾਂ ਕਿਤਾਬਾਂ ਵਿਚ*

**ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ:**

* ਸਿੱਖ ਤਵਾਰੀਖ਼ 1469-2022 (5 ਜਿਲਦਾਂ) US $ 70 (including courier charges)
* ਨਵਾਂ ਤੇ ਵੱਡਾ ਮਹਾਨ ਕੋਸ਼ 2748 ਸਫ਼ੇ, ਸੈਂਕੜੇ ਰੰਗੀਨ ਤਸਵੀਰਾਂ (4 ਜਿਲਦਾਂ) US $ 120 (including courier charges)
* ਸਿੱਖ ਇਤਿਹਾਸ ਵਿਚ ਅੱਜ ਦਾ ਦਿਨ (2 ਜਿਲਦਾਂ) US $ 40 (including courier charges)
* 100 ਸਿੱਖ ਬੀਬੀਆਂ US $ 20 (incluidng courier charges)
* ਨਾਨਕਸ਼ਾਹੀ ਕੈਲੰਡਰ ਤੇ ਹੋਰ ਲੇਖ US $ 20 (including courier charges)
* ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ, 40 ਮੁਕਤੇ US $ 20 (including courier charges)
* ਜਪੁਜੀ ਸਾਹਿਬ ਟੀਕਾ US $ 20 (including courier charges)
* ਕੀਰਤਪੁਰ ਸਾਹਿਬ ਇਤਿਹਾਸ US $ 20 (including courier charges)

**ਬੀਬੀ ਜਗਦੀਸ਼ ਕੌਰ ਪ੍ਰਯਾਗਰਾਜ ਲਿਖਤ**

*101 ਮਹਾਨ ਹਸਤੀਆਂ: ਜਿਨ੍ਹਾਂ ਨੇ ਸਿੱਖ ਇਤਿਹਾਸ ਸਿਰਜਿਆ US $ 25 (including courier charges)

**ਪ੍ਰਿੰਸੀਪਲ ਕਿਰਨਜੀਤ ਰੰਧਾਵਾ ਲਿਖਤ**

* 550 ਸਵਾਲ (ਗੁਰੂ ਨਾਨਕ ਸਾਹਿਬ ਸਬੰਧੀ) US $ 20 (including courier charges)

## English books: (by Dr Harjinder Singh Dilgeer)

* Guru Granth Sahib (English translation) 7 volumes. US $ 125 (including courier charges)
* Sikh History in 10 Volumes. US $ 100 (including courier charges)
* Amritsar & Darbar Sahib (Illustrated. with dozens of precious coloured photos of Darbar Sahib) US$ 40 (including courier charges)
* Heritage of the Punjab (with dozens of precious photos of historical buildings of Punjab) US $ 50 (including courier charges)
* Encyclopedia of Jalandhar District (with dozens of precious photos of historical buildings of Punjab) US $ 50 (including courier charges)
* Historical Sikh Shrines (with hundreds of precious photos of historical Gurdwaras of all the Gurus) US $ 125 (including courier charges)

**All books will be delivered to you at your door.**

**ਜਸਪ੍ਰੀਤ ਕੌਰ ਫੋਨ: 224-422-4773, ਹਰਜਿੰਦਰ ਸਿੰਘ ਦਿਲਗੀਰ ਫੋਨ: +44 777 549 9320**

# ਦਿੱਲੀ ਦੇ ਸ਼ਰਾਬ ਘੁਟਾਲੇ ਵਾਂਗ ਪੰਜਾਬ ’ਚ ਲੈਂਡ ਪੂਲਿੰਗ ਘੁਟਾਲੇ ਦੀ ਤਿਆਰੀ: ਅਨੁਰਾਗ ਠਾਕੁਰ

**ਬਠਿੰਡਾ:** ਸਾਬਕਾ ਕੇਂਦਰੀ ਮੰਤਰੀ ਤੇ ਸੰਸਦ ਮੈਂਬਰ ਅਨੁਰਾਗ ਠਾਕੁਰ ਨੇ ਸੂਬੇ ਦੀ ‘ਆਪ’ ਸਰਕਾਰ ‘ਤੇ ਵੱਡਾ ਹਮਲਿਆਂ ਕਰਦਿਆਂ ਕਿਹਾ ਕਿ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ‘ਚ ਸਹਿਯੋਗ ਕਰਨ ਦੀ ਬਜਾਏ ਪੰਜਾਬ ਸਰਕਾਰ ‘ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼’ (ਏਮਜ਼ ਬਠਿੰਡਾ) ਤੋਂ ਬਿਜਲੀ ਦੇ ਵਪਾਰਕ ਭਾਅ ਵਸੂਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਏਮਜ਼ ਤੋਂ ਸਾਰਾ ਪੈਸਾ ਬਿਜਲੀ ਰਾਹੀਂ ਵਸੂਲ ਲਵੇਗੀ ਤਾਂ ਲੋਕਾਂ ਨੂੰ ਸਸਤੀਆਂ ਤੇ ਵਧੀਆ ਸਿਹਤ ਸਹੂਲਤਾਂ ਕਿਵੇਂ ਪ੍ਰਦਾਨ ਕੀਤੀਆਂ ਜਾ ਸਕਣਗੀਆਂ। ਇਸ ਦਾ ਖ਼ੁਲਾਸਾ ਉਨ੍ਹਾਂ ਨੇ ਏਮਜ਼ ਬਠਿੰਡਾ ਦੀ ਬਤੌਰ ਮੈਂਬਰ ਗਵਰਨਿੰਗ ਬਾਡੀ ਦੀ ਮੀਟਿੰਗ ਉਪਰੰਤ ਬਠਿੰਡਾ ‘ਚ ਪ੍ਰੈੱਸਕਾਨਫ਼ਰੰਸ ਦੌਰਾਨ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਬਠਿੰਡਾ ਦੇ ਭਾਜਪਾ ਵਰਕਰਾਂ ਨਾਲ ਭਰਵੀਂ ਮੀਟਿੰਗ ਵੀ ਕੀਤੀ। ਅਨੁਰਾਗ ਠਾਕੁਰ ਨੇ ਏਮਜ਼ ਬਠਿੰਡਾ ਕੈਂਪਸ ‘ਚ ‘ਏਕ ਪੇੜ ਮਾਂ ਕੇ ਨਾਮ’ ਪ੍ਰੋਗਰਾਮ ਤਹਿਤ ਬੂਟਾ ਵੀ ਲਗਾਇਆ ਤੇ ਲੋਕਾਂ ਨੂੰ ਬੂਟੇ ਲਗਾਉਣ ਪ੍ਰਤੀ ਜਾਗਰੂਕ ਕੀਤਾ। ਇਸ ਦੌਰਾਨ ਅਨੁਰਾਗ ਠਾਕੁਰ ਨੇ ਕਿਹਾ ਕਿ ਪੰਜਾਬੀਆਂ ਨੇ ਸੂਬੇ ਅੰਦਰ ਆਪਣੀ ਸਰਕਾਰ ਤਾਂ ਬਣਾਈ ਪਰ ਉਸ ਨੂੰ ਚਲਾਉਣ ਵਾਲੇ ਪੰਜਾਬੀ ਨਹੀਂ, ਦਿੱਲੀ ਦੇ ਲੋਕਾਂ ਦੇ ਨਕਾਰੇ ਹੋਏ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਜੇਲ੍ਹਾਂ ‘ਚ ਰਹਿ ਚੁੱਕੇ ਲੋਕ ਹਨ।



ਉਨ੍ਹਾਂ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਸੂਬੇ ਦੇ ਕਿਸਾਨਾਂ ਤੋਂ ਸਿਰਫ਼ ਉਨ੍ਹਾਂ ਦੀ ਵਾਹੀਯੋਗ ਜ਼ਮੀਨ ਖੋਹਣ ਦੀ ਨੀਤੀ ਹੈ ਤੇ ਦਿੱਲੀ ਦੇ ਸ਼ਰਾਬ ਘੁਟਾਲੇ ਵਾਂਗ ਲੈਂਡ ਪੂਲਿੰਗ ਘੁਟਾਲਾ ਕਰਨ ਦੀ ਤਿਆਰੀ ਹੈ। ਠਾਕੁਰ ਨੇ ਸੂਬਾ ਸਰਕਾਰ ‘ਤੇ ਕੇਂਦਰ ਸਰਕਾਰ ਦੀਆਂ ਲੋਕ ਹਿੱਤ ਸਕੀਮਾਂ ਨੂੰ ਦਬਾਉਣ ਦੇ ਦੋਸ਼ ਵੀ ਲਗਾਏ।

ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਹਰਿਆਣਾ ‘ਚ 4 ਸੀਟਾਂ ਪ੍ਰਾਪਤ ਕਰਨ ਵਾਲੀ ਭਾਜਪਾ ਉਥੇ ਤੀਜੀ ਵਾਰ ਆਪਣੀ ਸਰਕਾਰ ਬਣਾ ਸਕਦੀ ਹੈ ਤਾਂ ਪੰਜਾਬ ‘ਚ 23 ਸੀਟਾਂ ਜਿੱਤਣ ਵਾਲੀ ਭਾਜਪਾ ਪੰਜਾਬ ਅੰਦਰ ਸਰਕਾਰ ਕਿਉਂ ਨਹੀਂ ਬਣਾ ਸਕਦੀ। ਉਨ੍ਹਾਂ ਸੂਬੇ ‘ਚ ਅਗਲੀ ਭਾਜਪਾ ਦੀ ਸਰਕਾਰ ਬਣਾਉਣ ਲਈ ਵਰਕਰਾਂ ਨੂੰ ਬੂਥ ਪੱਧਰ ‘ਤੇ ਮਜ਼ਬੂਤ ਕਰਨ ਲਈ ਕਿਹਾ। ਉਨ੍ਹਾਂ ਕਾਂਗਰਸ ‘ਤੇ ਵਾਰ ਕਰਦਿਆਂ ਕਿਹਾ ਕਿ ਅੱਜ ਤੱਕ ਕਾਂਗਰਸ ਨੇ 84 ਦੇ ਸਿੱਖ ਕਤਲੇਆਮ ਦੀ ਸਿੱਖ ਕੌਮ ਤੋਂ ਮੁਆਫ਼ੀ ਨਹੀਂ ਮੰਗੀ, ਜਦਕਿ ਮੋਦੀ ਸਰਕਾਰ ਨੇ ‘ਸਿੱਟ’ ਬਣਾ ਕੇ ਇਨ੍ਹਾਂ ਦੰਗਿਆਂ ਲਈ ਜ਼ਿੰਮੇਵਾਰ ਕਾਂਗਰਸ ਦੇ ਮੰਤਰੀਆਂ ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਨੂੰ ਜੇਲ੍ਹਾਂ ‘ਚ ਡੱਕਣ ਦਾ ਕੰਮ ਕੀਤਾ। ਇਸ ਮੌਕੇ ਭਾਜਪਾ ਹਲਕਾ ਭੁੱਚੋ ਦੇ ਇੰਚਾਰਜ ਬਲਦੇਵ ਸਿੰਘ ਆਕਲੀਆ ਤੇ ਜ਼ਿਲ੍ਹਾ ਜਨਰਲ ਸਕੱਤਰ ਅਸ਼ੋਕ ਬਾਲਿਆਂ ਵਾਲੀ ਆਦਿ ਸਮੇਤ ਹੋਰ ਆਗੂ ਮੌਜੂਦ ਸਨ।

# ਸਤੰਬਰ ’ਚ ਨੇਪਾਲੀ ਪੀ.ਐੱਮ. ਆਉਣਗੇ ਭਾਰਤ; ਨਵੰਬਰ ’ਚ ਮੋਦੀ ਜਾਣਗੇ ਨੇਪਾਲ



**ਕਾਠਮਾਂਡੂ:** ਨੇਪਾਲ ਦੇ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਸਤੰਬਰ ‘ਚ ਦੋ ਦਿਨਾ ਅਧਿਕਾਰਤ ਯਾਤਰਾ ‘ਤੇ ਭਾਰਤ ਆਉਣਗੇ। ਸੂਤਰਾਂ ਅਨੁਸਾਰ ਦੋ ਦਿਨਾ ਅਧਿਕਾਰਤ ਯਾਤਰਾ ਲਈ ਭਾਰਤ ਤੋਂ ਉਨ੍ਹਾਂ ਨੂੰ ਸੱਦਾ ਮਿਲਿਆ ਹੈ। ਨੇਪਾਲ ਦੇ ਵਿਦੇਸ਼ ਮੰਤਰਾਲੇ ਦੇ ਇਕ ਅਧਿਕਾਰੀ ਨੇ ਦੱਸਿਆ, ‘ਉਨ੍ਹਾਂ ਨੂੰ 16 ਸਤੰਬਰ ਤੋਂ ਸ਼ੁਰੂ ਹੋਣ ਵਾਲੇ ਦੋ ਦਿਨਾ ਦੌਰੇ ਦਾ ਸੱਦਾ ਮਿਲਿਆ ਹੈ। ਇਹ ਨੇਪਾਲੀ ਪ੍ਰਧਾਨ ਮੰਤਰੀ ਦੀ ਸੰਭਾਵੀ ਸਭ ਤੋਂ ਛੋਟੀ ਭਾਰਤ ਯਾਤਰਾ ਹੋਵੇਗੀ। ਉਨ੍ਹਾਂ ਦੀ ਯਾਤਰਾ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੰਬਰ ‘ਚ ਨੇਪਾਲ ਦੀ ਯਾਤਰਾ ‘ਤੇ ਜਾਣਗੇ। ਪਿਛਲੇ ਸਾਲ ਜੁਲਾਈ ‘ਚ ਚੌਥੀ ਵਾਰ ਅਹੁਦਾ ਸੰਭਾਲਣ ਵਾਲੇ ਪ੍ਰਧਾਨ ਮੰਤਰੀ ਓਲੀ ਨੇ ਹਾਲੇ ਤੱਕ ਭਾਰਤ ਦੀ ਅਧਿਕਾਰਤ ਯਾਤਰਾ ਨਹੀਂ ਕੀਤੀ ਹੈ। ਉਨ੍ਹਾਂ ਅਹੁਦਾ ਸੰਭਾਲਣ ਤੋਂ ਬਾਅਦ ਸਭ ਤੋਂ ਪਹਿਲਾਂ ਭਾਰਤ ਆਉਣ ਦੀ ਰਵਾਇਤ ਨੂੰ ਤੋੜਦੇ ਹੋਏ ਪਹਿਲੀ ਵਿਦੇਸ਼ ਯਾਤਰਾ ਲਈ ਚੀਨ ਨੂੰ ਚੁਣਿਆ ਸੀ।

ਨੇਪਾਲ ਦੇ ਵਿਦੇਸ਼ ਮੰਤਰਾਲੇ ਦੇ ਇਕ ਹੋਰ ਅਧਿਕਾਰੀ ਨੇ ਕਿਹਾ ਕਿ ਭਾਰਤੀ ਪੱਖ ਨੇ ਵੀ ਨਵੰਬਰ ‘ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨੇਪਾਲ ਯਾਤਰਾ ਦੀ ਸੰਭਾਵਨਾ ਦੇ ਸਬੰਧ ‘ਚ ਸੂਚਿਤ ਕੀਤਾ ਹੈ। ਭਾਰਤੀ ਪੱਖ ਨੇ ਤਰੀਕਾਂ ਦਾ ਐਲਾਨ ਨਹੀਂ ਕੀਤਾ ਹੈ ਪਰ ਯਾਤਰਾ ਲਈ ਸੰਭਾਵੀ ਮਹੀਨਾ ਨਵੰਬਰ ਦੱਸਿਆ ਹੈ। ਪਹਿਲਾਂ ਦੀ ਤਰ੍ਹਾਂ ਯਾਤਰਾ ਨੇਪਾਲ ਦੇ ਧਾਰਮਿਕ ਸਥਾਨਾਂ ਦੇ ਦੌਰੇ ‘ਤੇ ਕੇਂਦਰਤ ਹੋ ਸਕਦੀ ਹੈ। ਨੇਪਾਲ ਦੇ ਅਧਿਕਾਰਤ ਸੂਤਰਾਂ ਅਨੁਸਾਰ, ਪ੍ਰਧਾਨ ਮੰਤਰੀ ਮੋਦੀ ਦੀ ਨੇਪਾਲ ਯਾਤਰਾ ਪ੍ਰਤੀਕਾਤਮਕ ਹੋਣ ਦੀ ਉਮੀਦ ਹੈ, ਜੋ ਦੋਵਾਂ ਦੇਸ਼ਾਂ ਵਿਚਾਲੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਸੱਭਿਆਚਾਰਕ ਤੇ ਅਧਿਆਤਮਕ ਸਬੰਧਾਂ ਨੂੰ ਹੋਰ ਮਜ਼ਬੂਤ ਕਰੇਗੀ।

# ਨੇਪਾਲ ਦੇ ਡੰਕੀ ਰੂਟ ’ਤੇ ਏਜੰਸੀਆਂ ਦੀ ਤਿੱਖੀ ਨਜ਼ਰ

**ਗੋਰਖਪੁਰ:** ਨੇਪਾਲ ਦੀ ਖੁੱਲ੍ਹੀ ਸਰਹੱਦ ਰਾਹੀਂ ਭਾਰਤ ‘ਚ ਘੁਸਪੈਠ ਦੀਆਂ ਵਧ ਰਹੀ ਘਟਨਾਵਾਂ ਦੇ ਮੱਦੇਨਜ਼ਰ ਖੁਫ਼ੀਆ ਏਜੰਸੀਆਂ ਨੇ ਡੰਕੀ ਰੁਟ ‘ਤੇ ਨਿਗਰਾਨੀ ਤੇਜ਼ ਕਰ ਦਿੱਤੀ ਹੈ। ਪਿਛਲੇ 18 ਮਹੀਨਿਆਂ ‘ਚ ਨੇਪਾਲ ਸਰਹੱਦ ਤੋਂ ਭਾਰਤ ‘ਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਚੀਨ, ਈਰਾਨ, ਬੰਗਲਾਦੇਸ਼, ਸ੍ਰੀਲੰਕਾ, ਬ੍ਰਾਜ਼ੀਲ, ਜਰਮਨੀ ਤੇ ਨੀਦਰਲੈਂਡ ਦੇ 17 ਵਿਦੇਸ਼ੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।



ਮੁੱਢਲੀ ਜਾਂਚ ‘ਚ ਸਾਹਮਣੇ ਆਇਆ ਹੈ। ਕਿ ਕਾਠਮਾਂਡ ‘ਚ ਸਰਗਰਮ ਗਿਰੋਹ ਨੇ ਫਰਜ਼ੀ ਦਸਤਾਵੇਜ਼ ਬਣਾ ਕੇ ਉਨ੍ਹਾਂ ਨੂੰ ਭਾਰਤ ਵਿਚ ਭੇਜਣ ਦੀ ਸਾਜ਼ਿਸ਼ ਕੀਤੀ ਸੀ। ਉੱਤਰ ਪ੍ਰਦੇਸ਼ ਦੇ ਨਾਲ ਸੱਤ ਜ਼ਿਲ੍ਹੇ (ਸਿੱਧਾਰਥਨਗਰ, ਮਹਾਰਾਜਗੰਜ, ਬਲਰਾਮਪੁਰ, ਬਹਿਰਾਈਚ, ਵਸਤੀ, ਪੀਲੀਭੀਤ ਤੇ ਲਖੀਮਪੁਰ) ਦੀ 550 ਕਿਲੋਮੀਟਰ ਦੀ ਸਰਹੱਦ ਨੇਪਾਲ ਨਾਲ ਲੱਗਦੀ ਹੈ, ਜੋ ਅੰਤਰਰਾਸ਼ਟਰੀ ਘੁਸਪੈਠ ਦੇ ਹਿਸਾਬ ਨਾਲ ਸੰਵੇਦਨਸ਼ੀਲ ਮੰਨੀ ਜਾਂਦੀ ਹੈ। ਖਾਸ ਕਰਕੇ ਮਹਾਰਾਜਗੰਜ, ਸਿੱਧਾਰਥਨਗਰ ਦੀਆਂ ਪਗਡੰਡੀਆਂ, ਜੰਗਲੀ ਇਲਾਕੇ ਅਤੇ ਨਦੀਆਂ ਨਾਲ ਲੱਗੇ ਸਰਹੱਦੀ ਇਲਾਕੇ ਗ਼ੈਰ-ਕਾਨੂੰਨੀ ਘੁਸਪੈਠ ਲਈ ਸੌਖੇ ਹਨ।

ਦੋਸ਼ੀਆਂ ਤੋਂ ਪੁੱਛਗਿੱਛ ‘ਚ ਖੁਫ਼ੀਆ ਏਜੰਸੀ ਨੂੰ ਮਿਲੇ ਇਨਪੁਟ ਅਨੁਸਾਰ, ਕਾਠਮਾਂਡ ‘ਚ ਸਰਗਰਮ ਇਕ ਨੈੱਟਵਰਕ ਵਿਦੇਸ਼ੀ ਨਾਗਰਿਕਾਂ ਨੂੰ ਪਹਿਲਾਂ ਨੇਪਾਲ ਬੁਲਾਉਂਦਾ ਹੈ। ਉਥੇ ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਦੇ ਫ਼ਰਜ਼ੀ ਦਸਤਾਵੇਜ਼ (ਜਿਵੇਂ ਕਿ ਆਧਾਰ ਕਾਰਡ, ਡ੍ਰਾਈਵਿੰਗ ਲਾਇਸੈਂਸ ਆਦਿ) ਮੁਹੱਈਆ ਕਰਵਾਏ ਜਾਂਦੇ ਹਨ। ਫਿਰ ਉਨ੍ਹਾਂ ਨੂੰ ਨੇਪਾਲ ਦੇ ਸਰਹੱਦੀ ਇਲਾਕਿਆਂ ਰਾਹੀਂ ਭਾਰਤ ‘ਚ ਦਾਖ਼ਲ ਕਰਵਾਇਆ ਜਾਂਦਾ ਹੈ ਖੁਫ਼ੀਆ ਇਨਪੁੱਟ ‘ਚ ਇਹ ਵੀ ਸਾਹਮਣੇ ਆਇਆ ਹੈ ਕਿ ਨੇਪਾਲ ਦੀਆਂ ਕੁਝ ਟ੍ਰੈਵਲ ਏਜੰਸੀਆਂ ਅਤੇ ਹੋਟਲ ਮਾਲਕ ਵੀ ਇਸ ਘੁਸਪੈਠ ਨੈੱਟਵਰਕ ਨਾਲ ਜੁੜੇ ਹੋਏ ਹਨ।

# ਪੇਂਡੂ ਕਿਸਾਨਾਂ ਲਈ ਤਕਨਾਲੌਜੀ ਅਤੇ ਸਹੂਲਤਾਂ ਜ਼ਮੀਨੀ ਪੱਧਰ ’ਤੇ ਲਾਗੂ ਕਰਨ ਦੀ ਲੋੜ

**ਰਾਮਪੁਰਾ ਫੂਲ:** ਪੇਂਡੂ ਕਿਸਾਨਾਂ ਲਈ ਤਕਨਾਲੋਜੀ ਤੇ ਸਹੂਲਤਾਂ ਜ਼ਮੀਨੀ ਪੱਧਰ ‘ਤੇ ਲਾਗੂ ਕਰਨ ਦੀ ਲੋੜ ਹੈ। ਭਾਰਤ ਸਰਕਾਰ ਖੇਤੀ ‘ਚ ਨਵੀ ਤਕਨਾਲੋਜੀ ਡਰੋਨ, ਏ.ਆਈ. ਤੇ ਪ੍ਰਿਸੀਜਨ ਫਾਰਮਿੰਗ ਵਰਗੀਆਂ ਤਕਨਾਲੋਜੀਆਂ ਲਾਗੂ ਕਰਨ ‘ਚ ਨਾਕਾਮਯਾਬ ਰਹੀ ਹੈ। ਹਾਲਾਂਕਿ ਸਰਕਾਰ ਵਲੋਂ ਨਵੇਂ । ਉਪਕਰਨਾ ਅਤੇ ਤਕਨਾਲੋਜੀ ਦੇ ਪ੍ਰਚਾਰ ਪ੍ਰਸਾਰ ਦੀ ਕੋਸ਼ਿਸ਼ ਕੀਤੀ ਪਰ ਇਹ ਕਾਗਜ਼ੀ ਦਾਅਵਿਆਂ ਤੱਕ ਹੀ ਸੀਮਤ ਰਹੀ। ਹਕੀਕਤ ਵਿਚ ਪੇਂਡੂ ਕਿਸਾਨਾਂ ਤੱਕ ਨਾ ਤਾਂ ਤਕਨਾਲੋਜੀ ਪਹੁੰਚੀ ਤੇ ਨਾ ਹੀ ਸਹੂਲਤਾਂ। ਇਹ ਵੀ ਕਿ ਪੇਂਡੂ ਕਿਸਾਨ ਏ.ਆਈ. ਚੈਟਬੋਟ ਕਿਸਾਨ ਈ-ਮਿੱਤਰ ਦੇ ਗਿਆਨ ਤੋਂ ਅਨਜਾਣ ਹਨ। ਇੱਥੋਂ ਤੱਕ ਕਿ ਡਰੋਨਾਂ ਦੀ ਵਰਤੋਂ ਵੀ ਸਿਰਫ਼ ਪ੍ਰਦਰਸ਼ਨਾਂ ਤੱਕ ਸੀਮਤ ਰਹਿ ਗਈ ਹੈ। ਇਹ ਵੀ ਖੁਲਾਸਾ ਹੋਇਆ ਹੈ ਕਿ ਮਿੱਟੀ ਪਰਖ ਕਾਰਡ ‘ਤੇ ਲਿੱਖੇ ਨੁਸਖੇ ਕਿਸਾਨਾਂ ਦੀ ਸਮਝ ਤੋਂ ਪਰ੍ਹੇ ਹਨ ਤੇ ਕਿਸਾਨ ਸਿਖਲਾਈ ਮਹਿਜ਼ ਰਿਪੋਰਟਾਂ ਤੱਕ ਸੀਮਤ ਹੋ ਕੇ ਰਹਿ ਗਈਆਂ ਹਨ। ਜਾਣਕਾਰੀ ਅਨੁਸਾਰ ਖੇਤੀਬਾੜੀ ਅਤੇ ਖੇਤੀ ਕਾਰਜਾਂ ਦੀ ਔਕੜ ਨੂੰ ਘਟਾਉਣ ਲਈ ਪਿਛਲੇ ਦਹਾਕੇ ਦੌਰਾਨ 7665 ਕਰੋੜ ਰੁਪਏ ਦੀ ਰਕਮ ਅਲਾਟ ਕੀਤੀ ਗਈ ਤੇ ਕਿਸਾਨਾਂ ਨੂੰ ਸਬਸਿਡੀ ਤੇ 18,16,221 ਮਸ਼ੀਨਾਂ ਤੇ ਉਪਕਰਨ ਮੁਹੱਈਆ ਕਰਵਾਏ ਗਏ। ਉਕਤ ਕਾਰਜ ਲਈ 2024-25 ਦੌਰਾਨ ਰਾਜਾਂ ਨੂੰ 69.99 ਕਰੋੜ ਜਾਰੀ ਕੀਤੇ ਗਏ ਹਨ। ਕਿਸਾਨ ਡਰੋਨ ਦੀ ਵਰਤੋਂ ‘ਚ ਵਾਧੇ ਤਾਂ ਹੋਏ ਪਰ ਹਕੀਕਤ ਵਿਚ ਇਹ ਸੇਵਾਵਾਂ ਨਾ ਤਾਂ ਸਮੇਂ ‘ਤੇ ਮਿਲ ਰਹੀਆਂ ਹਨ ਅਤੇ ਨਾ ਹੀ ਹਰੇਕ ਪਿੰਡ ਤੱਕ ਇਨ੍ਹਾਂ ਦੀ ਪਹੁੰਚ ਬਣੀ ਹੈ। ਕਿਸਾਨ ਈ ਮਿੱਤਰ ਨਾਮ ਦੇ ਏ.ਆਈ. ਚੈਟਬੋਟ ਤਿਆਰ ਕੀਤਾ ਗਿਆ ਪਰ ਪਿੰਡਾਂ ਵਿਚ ਰਹਿਣ ਵਾਲੇ ਕਿਸਾਨਾਂ ਕੋਲ ਨਾ ਤਾਂ ਸਮਾਰਟਫੋਨ ਹਨ ਤੇ ਨਾ ਹੀ ਇੰਟਰਨੈੱਟ ਸੇਵਾਵਾਂ ਹਨ। ਦੇਸ਼ ਅੰਦਰ ਲਗਭਗ 25 ਕਰੋੜ ਮਿੱਟੀ ਸਿਹਤ ਕਾਰਡ ਬਣਾਏ ਗਏ ਪਰ 1068 ਸਟੈਟਿਕ, 163 ਮੋਬਾਇਲ ਅਤੇ 6376 ਮਿੰਨੀ ਲੈਬਾਂ ਦੇ ਮਾਧਿਅਮ ਰਾਹੀਂ ਪੂਰੇ ਦੇਸ਼ ਨੂੰ ਕਵਰ ਕਰਨਾ ਅਸੰਭਵ ਹੈ। ਇਨ੍ਹਾਂ ਕਾਰਡਾਂ ‘ਤੇ ਲਿਖੇ ਨੁਸਖੇ ਕਿਸਾਨ ਪੜ੍ਹ ਨਹੀਂ ਸਕਦੇ ਤੇ ਨਾ ਹੀ ਉਨ੍ਹਾਂ ਨੂੰ ਸਮਝਾਇਆ ਗਿਆ ਹੈ। ਇਨ੍ਹਾਂ ਕਾਰਡਾਂ ਦੀ ਵਰਤੋਂ ਦਰ 20 ਫੀਸਦੀ ਤੋਂ ਵੀ ਘੱਟ ਹੋਣ ਬਾਰੇ ਪਤਾ ਲੱਗਿਆ ਹੈ। ਦੂਜੇ ਪਾਸੇ ਪੰਜਾਬ ਸਰਕਾਰ ਵਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਿੰਡਾਂ ਵਿਚ ਕਿਸਾਨਾਂ ਨੂੰ ਆਧੁਨਿਕ ਖੇਤੀ ਤਕਨਾਲੋਜੀ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਤੇ ਕਿਸਾਨਾਂ ਨੂੰ ਆਧੁਨਿਕ ਖੇਤੀ ਮਸ਼ੀਨਰੀ ਉੱਤੇ ਵੱਡੀ ਸਬਸਿਡੀ ਪ੍ਰਦਾਨ ਕੀਤੀ ਜਾ ਰਹੀ ਹੈ। ਲੇਕਿਨ ਪਤਾ ਇਹ ਵੀ ਲੱਗਾ ਹੈ ਕਿ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ 1178 ਕਰੋੜ ਦੀ ਲਾਗਤ ਨਾਲ 90 ਹਜ਼ਾਰ ਤੋਂ ਵੱਧ ਖੇਤੀ ਮਸ਼ੀਨਾਂ ਦਿੱਤੀਆਂ ਗਈਆਂ ਸਨ।ਪੰਜਾਬ ਦੀ ਮੌਜੂਦਾ ਸਰਕਾਰ ਨੇ ਜਦ ਪੜਤਾਲ ਕਰਵਾਈ ਤਾਂ 11275 ਖੇਤੀ ਮਸ਼ੀਨਾਂ ਗਾਇਬ ਪਾਈਆਂ ਗਈਆਂ ਤੇ ਹੁਣ 140 ਕਰੋੜ ਦੇ ਫ਼ਰਜ਼ੀ ਬਿੱਲਾਂ ਦੇ ਮਾਮਲੇ ਦੀ ਪੰਜਾਬ ਸਰਕਾਰ ਵਲੋਂ ਜਾਂਚ ਸ਼ੁਰੂ ਕੀਤੀ ਹੋਈ ਹੈ। ਪੰਜਾਬ ਸਰਕਾਰ ਦਾ ਵਿੱਤੀ ਵਰ੍ਹੇ ਦਾ ਖੇਤੀਬਾੜੀ ਬਜਟ 14,524 ਕਰੋੜ ਪ੍ਰਸਤਾਵਿਤ ਕੀਤਾ ਗਿਆ ਹੈ ਹਾਲਾਂਕਿ ਖੇਤੀਬਾੜੀ ਦੀਆਂ ਹੋਰਨਾਂ ਯੋਜਨਾਵਾਂ ਦੇ ਨਾਲ- ਨਾਲ 9992 ਕਰੋੜ ਕਿਸਾਨਾਂ ਨੂੰ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਲਈ ਰੱਖੇ ਗਏ ਹਨ।



# 15 ਕਿਲੋ ਤੋਂ ਵੱਧ ਹੈਰੋਇਨ ਤੇ ਗੱਡੀ ਸਮੇਤ ਇਕ ਗ੍ਰਿਫ਼ਤਾਰ

**ਛੇਹਰਟਾ:** ਅੰਮ੍ਰਿਤਸਰ ਦੇ ਇਲਾਕਾ ਛੇਹਰਟਾ ‘ਚ ਐਂਟੀ ਨਾਰਕੋਟਿਕਸ ਟਾਸਕ ਫੋਰਸ ਨੂੰ ਉਸ ਵਕਤ ਵੱਡੀ ਸਫ਼ਲਤਾ ਮਿਲੀ ਜਦ ਪੁਲਿਸ ਥਾਣਾ ਛੇਹਰਟਾ ਇਲਾਕੇ ਵਿਚੋਂ ਇਕ ਨੌਜਵਾਨ ਨੂੰ ਕਾਬੂ ਕਰਕੇ ਉਸ ਕੋਲੋਂ 15 ਕਿਲੋ 400 ਗ੍ਰਾਮ ਹੈਰੋਇਨ ਤੇ ਕਾਰ ਬਰਾਮਦ ਕੀਤੀ। ਫੜੀ ਗਈ ਹੈਰੋਇਨ ਦੀ ਕੀਮਤ ਕਰੋੜਾਂ ‘ਚ ਦੱਸੀ ਜਾ ਰਹੀ ਹੈ। ਐਂਟੀ ਨਾਰਕੋਟਿਕਸ ਟਾਸਕ ਫੋਰਸ ਦੇ ਡੀ. ਐੱਸ. ਪੀ. ਰਵੀ ਸ਼ੇਰ ਸਿੰਘ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦੇ ਦੱਸਿਆ ਕਿ ਇਕ ਨੌਜਵਾਨ ਗੱਡੀ ‘ਤੇ ਸਵਾਰ ਹੋ ਕੇ ਆ ਛੇਹਰਟਾ ਵੱਲ ਆ ਰਿਹਾ ਸੀ



ਜਦ ਪੁਲਿਸ ਟੀਮ ਵਲੋਂ ਉਕਤ ਵਿਅਕਤੀ ਨੂੰ ਰੋਕ ਕੇ ਕਾਰ ਦੀ ਤਲਾਸ਼ੀ ਲਈ ਗਈ ਤਾਂ ਉਸ ਨੌਜਵਾਨ ਕੋਲੋਂ 15 ਕਿਲੋ 400 ਗ੍ਰਾਮ ਹੈਰੋਇਨ ਦੀ ਵੱਡੀ ਖੇਪ ਬਰਾਮਦ ਹੋਈ ਹੈ ਤੇ ਕਥਿਤ ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗੇਰਲੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ। ਡੀ. ਐੱਸ. ਪੀ. ਰਵੀ ਸ਼ੇਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਫੜੇ ਗਏ ਕਥਿਤ ਦੋਸ਼ੀ ਦੀ ਪਹਿਚਾਣ ਪਰਮਜੀਤ ਸਿੰਘ ਜੋ ਕਿ ਅੰਮ੍ਰਿਤਸਰ ਦੇ ਹਲਕਾ ਅਟਾਰੀ ਦੇ ਪਿੰਡ ਮੋਦੇ ‘ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ।

# ਭਾਖੜਾ ਡੈਮ ’ਚ ਪਾਣੀ ਦਾ ਪੱਧਰ.65 ਫੁੱਟ

**ਨੰਗਲ:** ਭਾਖੜਾ ਡੈਮ ‘ਚ ਪਾਣੀ ਦਾ ਪੱਧਰ 1598.65 ਫੁੱਟ ਰਿਕਾਰਡ ਕੀਤਾ ਗਿਆ। ਭਾਖੜਾ ਡੈਮ ‘ਚ 44276 ਕਿਊਸਿਕ ਪਾਣੀ ਆ ਰਿਹਾ ਹੈ ਤੇ 25106 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ।’ ਲੰਘੇ ਵਰ੍ਹੇ ਅੱਜ ਦੇ ਦਿਨ ਭਾਖੜਾ ਡੈਮ ਦਾ ਪਥਯਠ 1597.47 ਹਥਟ ਮੀ। 20.07. 2024 ਨੂੰ ਭਾਖੜਾ ਡੈਮ ‘ਚ 29412 ਕਿਊਸਿਕ ਪਾਣੀ ਆ ਰਿਹਾ ਸੀ ਅਤੇ 30,000 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਸੀ । ਭਾਖੜਾ ਡੈਮ ‘ਚ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਰੱਖਿਆ ਜਾਂਦਾ ਹੈ ਪਰ ਖਾਸ ਹਾਲਾਤ ‘ਚ ਇਹ ਪੱਧਰ 1685 ਫੁੱਟ ਵੀ ਹੋ ਸਕਦਾ ਹੈ। ਭਾਖੜਾ ਡੈਮ ਦੀ ਝੀਲ ‘ਗੋਬਿੰਦ ਸਾਗਰ’ 65 ਵਰਗ ਮੀਲ ਖੇਤਰ ‘ਚ ਫੈਲੀ ਹੈ ਤੇ ਇਸ ਝੀਲ ਚ 7.8 ਮਿਲੀਅਨ ਏਕੜ ਫੁੱਟ ਪਾਣੀ ਦਾ ਭੰਡਾਰ ਕਰਨ ਦੀ ਸਮਰੱਥਾ ਹੈ। ਚੇਤੇ ਰਹੇ ਕਿ ਅੱਜ ਦੇ ਦਿਨ ਪਾਣੀ ਦਾ ਪੱਧਰ ਪਿਛਲੇ ਸਾਲ ਅੱਜ ਦੇ ਦਿਨ ਨਾਲੋਂ 01.18 ਫੁੱਟ ਘੱਟ ਹੈ।



# ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਪੰਜਾਬ ਦੇ ਗੌਰਵ ਨੂੰ ਪਛਾਨਣ ਦਾ ਹੋਕਾ

## ਡੇਢ ਸਾਲਾ ਇਜਲਾਸ ਵਿਚ ਜਸਵਿੰਦਰ, ਬਲਵੀਰ ਪਰਵਾਨਾ, ਮਨਜਿੰਦਰ ਸਿੰਘ ਅਤੇ ਕਰਮ ਸਿੰਘ ਵਕੀਲ ਨੂੰ ਮਿਲੇ ਪੁਰਸਕਾਰ





**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਸਹਿਯੋਗ ਨਾਲ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਕਰਵਾਏ ਗਏ ਡੇਢ ਸਾਲਾ ਇਜਲਾਸ ਵਿੱਚ ਵਿਦਵਾਨਾਂ ਨੇ ''ਪੰਜਾਬੀ ਬੋਲੀ- ਕੱਲ, ਅੱਜ ਅਤੇ ਭਲਕ'' ਵਿਸ਼ੇ 'ਤੇ ਚਰਚਾ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਜਾਬੀ ਭਾਸ਼ਾ ਦੇ ਸਾਹਿਤਕ ਅਤੇ ਸਭਿਆਚਾਰਕ ਗੌਰਵਮਈ ਵਿਰਸੇ ਨੂੰ ਪਛਾਨਣ ਦੀ ਲੋੜ ਹੈ ਤਾਂ ਜੋ ਅਗਲੀ ਪੀੜੀ ਆਪਣੇ ਅਮੀਰ ਵਿਰਸੇ ਦੀਆਂ ਜੜ੍ਹਾਂ ਨਾਲ ਜੁੜੀ ਰਹੇ।

ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਸ਼ੀਲ ਦਸਾਂਝ ਨੇ ਵੱਡੀ ਗਿਣਤੀ ਵਿੱਚ ਪੁੱਜੇ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ। ਵਿਚਾਰ ਚਰਚਾ ਦਾ ਆਰੰਭ ਕਰਦਿਆਂ ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਮਾਂ ਬੋਲੀ ਦੀਆਂ ਬਹੁਮੁੱਲੀਆਂ ਵਿਸ਼ਵ ਵਿਆਪੀ ਗਿਆਨ ਪਰੰਪਰਾਵਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਅਜਿਹੇ ਉਪਰਾਲੇ ਨਿਰੰਤਰ ਕਰਦੇ ਰਹਿਣਾ ਚਾਹੀਦਾ ਹੈ। ਪ੍ਰਸਿੱਧ ਕਾਲਮ ਨਵੀਸ ਸ੍ਰੀ ਸਤਨਾਮ ਸਿੰਘ ਮਾਣਕ ਨੇ ਮਾਤ ਭਾਸ਼ਾ ਦੀ ਬੇਹਤਰੀ ਦੀ ਵਕਾਲਤ ਕਰਦਿਆਂ ਕਿਹਾ ਕਿ ਸਰਕਾਰਾਂ ਨੂੰ ਮੁਫਤਖੋਰੀ ਦੇ ਛਲਾਵਿਆਂ ਨੂੰ ਤਿਆਗ ਕੇ ਮਾਤ ਭਾਸ਼ਾ ਨੂੰ ਰੁਜ਼ਗਾਰ ਮੁਖੀ ਬਣਾਉਣ ਲਈ ਸਕੂਲਾਂ, ਕਾਲਜਾਂ ਅਤੇ ਹੋਰਨਾਂ ਅਦਾਰਿਆਂ ਵਿੱਚ ਰੁਜ਼ਗਾਰ ਦੇ ਵਸੀਲੇ ਪੈਦਾ ਕਰਨੇ ਚਾਹੀਦੇ ਹਨ। ਚਿੰਤਕ ਅਤੇ ਨਾਵਲਕਾਰ ਡਾ. ਮਨਮੋਹਨ ਨੇ ਸੋਸ਼ਲ ਮੀਡੀਆ ਦੇ ਵੱਖ ਵੱਖ ਪਲੇਟਫਾਰਮਾਂ ਤੋਂ ਪਰੋਸੀ ਜਾਂਦੀ ਭੱਦੀ ਸ਼ਬਦਾਵਲੀ 'ਤੇ ਉਂਗਲ ਚੁੱਕ ਦਿਆਂ ਕਿਹਾ ਕਿ ਗੁਰੂਆਂ, ਪੀਰਾਂ ਫਕੀਰਾਂ ਵੱਲੋਂ ਆਪਣੇ ਵਰਤੋਂ ਵਿਹਾਰ ਵਿੱਚ ਲਿਆਂਦੀ ਗਈ ਭਾਸ਼ਾ ਦਾ ਨਿਰਾਦਰ ਕਰਨਾ ਕਿਸੇ ਵੀ ਪੱਧਰ ਤੇ ਜਾਇਜ਼ ਨਹੀਂ। ਡਾ. ਲਖਵਿੰਦਰ ਜੌਹਲ ਨੇ ਸਫਲ ਸਮਾਗਮ ਦੀ ਵਧਾਈ ਦਿੰਦਿਆਂ ਮੁੱਲਵਾਨ ਭੁਸ਼ਾਈ ਟਿੱਪਣੀਆਂ ਕੀਤੀਆਂ। ਸਮੁੱਚੇ ਸਮਾਗਮ ਦਾ ਸੰਚਾਲਨ ਕਥਾਕਾਰ ਦੀਪ ਦਵਿੰਦਰ ਸਿੰਘ ਵੱਲੋਂ ਕੀਤਾ ਗਿਆ।



ਕੇਂਦਰੀ ਸਭਾ ਵੱਲੋਂ ਦਿੱਤੇ ਜਾਣ ਵਾਲੇ ਬਹੁਵਕਾਰੀ ਪੁਰਸਕਾਰ ਇਸ ਵਾਰੀ ''ਹਰਭਜਨ ਸਿੰਘ ਹੁੰਦਲ ਕਾਵਿ ਪੁਰਸਕਾਰ'' ਗ਼ਜ਼ਲਗੋ ਜਸਵਿੰਦਰ ਨੂੰ, ''ਡਾ. ਐਸ ਤਰਸੇਮ ਸਾਹਿਤ ਸਾਧਨਾ ਪੁਰਸਕਾਰ'' ਬਲਵੀਰ ਪਰਵਾਨਾ ਨੂੰ ''ਡਾ ਰਵਿੰਦਰ ਰਵੀ ਆਲੋਚਨਾ ਪੁਰਸਕਾਰ'' ਡਾ. ਮਨਜਿੰਦਰ ਸਿੰਘ ਨੂੰ ਅਤੇ ''ਗਿਆਨੀ ਹੀਰਾ ਸਿੰਘ ਦਰਦ ਜਥੇਬੰਦਕ ਪੁਰਸਕਾਰ'' ਕਰਮ ਸਿੰਘ ਵਕੀਲ ਨੂੰ ਦਿੱਤੇ ਗਏ, ਜਿਨਾਂ ਵਿੱਚ ਗਿਆਰਾ-ਗਿਆਰਾਂ ਹਜ਼ਾਰ ਸਨਮਾਨ ਰਾਸ਼ੀ ਅਤੇ ਸਨਮਾਨ ਚਿੰਨ ਭੇਂਟ ਕੀਤੇ ਗਏ।

ਬੀਤੇ ਡੇਢ ਸਾਲ ਵਿੱਚ ਸਭਾ ਵੱਲੋਂ ਕੀਤੀਆਂ ਸਾਹਿਤਿਕ ਸਰਗਰਮੀਆਂ ਡਾ. ਸ਼ਿੰਦਰਪਾਲ ਸਿੰਘ ਅਤੇ ਵਿੱਤੀ ਲੈਣ ਦੇਣ ਦੀ ਸਮੁੱਚੀ ਰਿਪੋਰਟ ਦਰਸ਼ਨ ਬੁੱਟਰ ਨੇ ਪੇਸ਼ ਕੀਤੀ। ਮਤੇ ਅਤੇ ਐਲਾਨਨਾਮਾ ਸੁਸ਼ੀਲ ਦੁਸਾਂਝ ਵਲੋਂ ਪੇਸ਼ ਕੀਤਾ ਗਿਆ , ਜਿਹਨਾਂ ਨੂੰ ਹਾਜ਼ਰੀ ਵੱਲੋਂ ਪ੍ਰਵਾਨਗੀ ਦਿੱਤੀ ਗਈ।

ਸਮਾਗਮ ਵਿੱਚ''ਅੱਖਰ'' ਰਸਾਲੇ ਦਾ ਨਵਾਂ ਅੰਕ ਅਤੇ ਕੁੱਝ ਨਵੀਆਂ ਕਿਤਾਬਾਂ ਵੀ ਲੋਕ ਅਰਪਣ ਕੀਤੀਆਂ ਗਈਆਂ। ਇਸ ਮੌਕੇ ਯਤਿੰਦਰ ਕੌਰ ਮਾਹਲ, ਦੀਪਕ ਸ਼ਰਮਾ ਚਰਨਾਰਥਲ, ਸੁਲੱਖਣ ਸਰਹੱਦੀ, ਰੋਜ਼ੀ ਸਿੰਘ, ਰਾਜਪਾਲ ਬਾਠ, ਹਰਪਾਲ ਸਿੰਘ ਨਾਗਰਾ, ਸੁਮੀਤ ਸਿੰਘ, ਡਾ ਬਲਜੀਤ ਢਿੱਲੋਂ,ਨਿਰਮਲ ਅਰਪਣ,ਪ੍ਰਤੀਕ ਸਹਿਦੇਵ, ਅੰਗਰੇਜ਼ ਸਿੰਘ ਵਿਰਦੀ, ਮੰਗਤ ਚੰਚਲ, ਡਾ ਲੇਖਰਾਜ, ਸੀਤਲ ਸਿੰਘ ਗੁੰਨੋਪੁਰੀ, ਪ੍ਰਿੰ. ਗੁਰਬੀਰ ਸਿੰਘ ਸੋਹਲ,ਗੁਰਮੀਤ ਸਿੰਘ ਬਾਜਵਾ, ਮੱਖਣ ਸਿੰਘ ਭੈਣੀਵਾਲਾ, ਮਨਮੋਹਨ ਸਿੰਘ ਢਿੱਲੋਂ, ਸ਼ਾਇਰ ਮਲਵਿੰਦਰ, ਮੂਲ ਚੰਦ ਸ਼ਰਮਾ, ਰਜਿੰਦਰ ਰਾਜਨ, ਮੋਹਿਤ ਸਹਿਦੇਵ,ਡਾ ਇਕਬਾਲ ਕੌਰ ਸੌਂਧ, ਕੁਲਜੀਤ ਵੇਰਕਾ, ਡਾ ਸਵੈਰਾਜ ਸੰਧੂ, ਡਾ.ਸ਼ਿੰਦਰ ਪਾਲ,ਗੁਰਪ੍ਰੀਤ ਸਿੰਘ ਰੰਗੀਲਪੁਰ, ਵਿਜੇ ਅਗਨੀਹੋਤਰੀ, ਸੁਰਿੰਦਰ ਖਲਚੀਆਂ, ਰਾਜਵਿੰਦਰ ਰਾਜ, ਬਰਕਤ ਵੋਹਰਾ, ਮੰਗਲ ਟਾਂਡਾ, ਡਾ ਗਗਨਦੀਪ ਸਿੰਘ, ਗੁਰਬਾਜ ਛੀਨਾ, ਬਲਵਿੰਦਰ ਸੰਧੂ, ਸੁਰਿੰਦਰ ਚੌਹਾਨ, ਕਮਲ ਦੁਸਾਂਝ, ਡਾ ਵਿਕਰਮ, ਬਖਤੌਰ ਧਾਲੀਵਾਲ, ਡਾ ਬਲਜੀਤ ਰਿਆੜ, ਡਾ ਪਰਮਜੀਤ ਸਿੰਘ ਬਾਠ, ਮਨਜੀਤ ਸਿੰਘ ਵੱਸੀ ਰਮਿੰਦਰਜੀਤ ਕੌਰ,ਡਾ ਦਵਿੰਦਰ ਸੈਫੀ, ਡਾ. ਸੀਮਾ ਗਰੇਵਾਲ, ਡਾ ਹੀਰਾ ਸਿੰਘ, ਰਿਸ਼ੀ ਹਿਰਦੇਪਾਲ, ਸ਼ੁਕਰਗੁਜ਼ਾਰ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਪੰਜਾਬ ਭਰ ਤੋਂ ਸਹਿਤਕਾਰ ਪਹੁੰਚੇ ਹੋਏ ਸਨ।

# ਸੁਖਵਿੰਦਰ ਕੌਰ ਰੰਧਾਵਾ ਤਰਨਤਾਰਨ ਤੋਂ ਅਕਾਲੀ ਦਲ ਦੇ ਉਮੀਦਵਾਰ

**ਤਰਨਤਾਰਨ:** ਸ਼੍ਰੋਮਣੀ ਅਕਾਲੀ ਦਲ ਨੇ ਤਰਨਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਇਹ ਐਲਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਤਵਾਰ ਨੂੰ ਅਕਾਲੀ ਦਲ ਦੇ ਪਹਿਲੇ ਪ੍ਰਧਾਨ ਸੁਰਮੁੱਖ ਸਿੰਘ ਝਬਾਲ ਦੇ ਪਿੰਡ 'ਚ ਹੋਈ ਰੈਲੀ ਦੌਰਾਨ ਕੀਤਾ। ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਆਜ਼ਾਦ ਗਰੁੱਪ ਵੱਲੋਂ ਨਗਰ ਕੌਂਸਲ ਚੋਣਾਂ ਦੌਰਾਨ ਵੱਡੀ ਸ਼ਕਤੀ ਬਣ ਕੇ ਉੱਭਰੇ ਸਨ।



ਤਰਨਤਾਰਨ ਵਿਧਾਨ ਸਭਾ ਹਲਕੇ ਵਿਚ ਨਗਰ ਕੌਂਸਲ ਚੋਣਾਂ ਦੌਰਾਨ ਵੱਡੀ ਸ਼ਕਤੀ ਬਣ ਕੇ ਉੱਭਰੇ ਆਜ਼ਾਦ ਗਰੁੱਪ ਨੇ ਐਤਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਨੂੰ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਮੂਲੀਅਤ ਕਰ ਦਿੱਤੀ। ਇਹ ਸ਼ਮੂਲੀਅਤ ਤਰਨਤਾਰਨ ਹਲਕੇ ਦੇ ਅਹਿਮ ਹਿੱਸਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪਹਿਲੇ ਪ੍ਰਧਾਨ ਸੁਰਮੁੱਖ ਸਿੰਘ ਝਬਾਲ ਦੇ ਪਿੰਡ ਵਿਚ ਰੱਖੀ ਗਈ ਵਿਸ਼ਾਲ ਰੈਲੀ ਦੌਰਾਨ ਕੀਤੀ ਗਈ।

ਜਦੋਂਕਿ ਵੱਡੇ ਇਕੱਠ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਜ਼ਾਦ ਗਰੁੱਪ ਦੀ ਮੁਖੀ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਤਰਨਤਾਰਨ ਦੀ ਜ਼ਿਮਨੀ ਚੋਣ ਵਾਸਤੇ ਉਮੀਦਵਾਰ ਐਲਾਨਦਿਆਂ ਬਾਕੀ ਪਾਰਟੀਆਂ ਨਾਲੋਂ ਪਹਿਲਕਦਮੀ ਵੀ ਕਰ ਦਿੱਤੀ ਹੈ।ਪਿੰਡ ਝਬਾਲ ਵਿਚ ਹੋਈ ਇਸ ਵੱਡੀ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਅੱਜ 43 ਮੌਜੂਦਾ ਸਰਪੰਚਾਂ, 8 ਕੌਂਸਲਰਾਂ ਤੇ ਦਰਜਨਾਂ ਸਾਬਕਾ ਸਰਪੰਚਾਂ ਤੇ ਚੇਅਰਮੈਨਾਂ ਸਮੇਤ ਪਾਰਟੀ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਆਜ਼ਾਦ ਗਰੁੱਪ ਨੇ ਇਹ ਫੈਸਲਾ ਹਲਕੇ, ਪੰਥ ਤੇ ਪੰਜਾਬ ਦੇ ਹਿੱਤਾਂ ਵਾਸਤੇ ਲਿਆ ਹੈ। ਸੁਖਬੀਰ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਸੂਬੇ ਨੂੰ ਲੁੱਟਣ ਲਈ ਕਰਨ ਵਾਸਤੇ ਪਾਰਟੀ ਦੇ ਬੈਨਰ ਹੇਠ ਇਕਜੁਟ ਹੋਣ। ਉਨ੍ਹਾਂ ਕਿਹਾ ਕਿ ਇਨ੍ਹਾਂ ਤਾਕਤਾਂ ਨੇ 2015 ਵਿਚ ਬੇਅਦਬੀ ਦੀਆਂ ਘਟਨਾਵਾਂ ਕਰਵਾਈਆਂ ਤਾਂ ਜੋ ਅਕਾਲੀ ਦਲ ਨੂੰ ਕਮਜ਼ੋਰ ਕੀਤਾ ਜਾ ਸਕੇ, ਸੁਖਬੀਰ ਨੇ ਪ੍ਰਿੰਸੀਪਲ ਰੰਧਾਵਾ ਨੂੰ ਇਸ ਮੌਕੇ ਹਲਕਾ ਤਰਨਤਾਰਨ ਦਾ ਇੰਚਾਰਜ ਵੀ ਐਲਾਨਿਆ।

ਉਨ੍ਹਾਂ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੂੰ ਤਰਨਤਾਰਨ ਜ਼ਿਮਨੀ ਚੋਣ ਲਈ ਪਾਰਟੀ ਇੰਚਾਰਜ ਵੀ ਨਿਯੁਕਤ ਕੀਤਾ। ਇਸ ਮੌਕੇ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਐੱਸ.ਐੱਸ. ਬੋਰਡ ਦੇ ਸਾਬਕਾ ਮੈਂਬਰ ਇਕਬਾਲ ਸਿੰਘ ਸੰਧੂ, ਜ਼ਿਲ੍ਹਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਵਰਕਿੰਗ ਕਮੇਟੀ ਮੈਂਬਰ ਗੌਰਵਦੀਪ ਸਿੰਘ ਵਲਟੋਹਾ, ਸ਼੍ਰੋਮਣੀ ਕਮੇਟੀ ਮੈਂਬਰ ਗੁਰਬਚਨ ਸਿੰਘ ਕਰਮੂਵਾਲ, ਸੁਖਵਿੰਦਰ ਸਿੰਘ ਖਾਪੜਖੇੜੀ, ਰਣਬੀਰ ਸਿੰਘ ਰਾਣਾ ਲੋਪੋਕੇ ਅਤੇ ਸਾਬਕਾ ਗੁਰਸੇਵਕ ਸਿੰਘ ਸ਼ੇਖ ਵੀ ਮੌਜੂਦ ਸਨ। ਇਸ ਮੌਕੇ ਆਜ਼ਾਦ ਗਰੁੱਪ ਦੇ ਆਗੂ ਪਰਮਜੀਤ ਸਿੰਘ ਪੰਮਾ ਗੱਗੋਬੂਹਾ ਨੇ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਪਾਰਟੀ ਉਮੀਦਵਾਰ ਐਲਾਨਣ 'ਤੇ ਸੁਖਬੀਰ ਸਿੰਘ ਬਾਦਲ ਦਾ ਗਰੁੱਪ ਵੱਲੋਂ ਧੰਨਵਾਦ ਵੀ ਕੀਤਾ।

# ਗੁਰੂ ਤੇਗ਼ ਬਹਾਦਰ ਨੇ ਮਨੁੱਖੀ ਹੱਕਾਂ ਦੀ ਰਾਖੀ ਲਈ ਸ਼ਹਾਦਤ ਦਿੱਤੀ: ਧਾਮੀ

**ਅੰਮ੍ਰਿਤਸਰ:** ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਮਲਾ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ।



ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਸਥਾਨਕ ਗੁਰਦੁਆਰਾ ਕਮੇਟੀ ਵੱਲੋਂ ਕਰਵਾਏ ਗਏ ਇਸ ਸਮਾਗਮ ਮੌਕੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਗੁਰਮਤਿ ਵਿਚਾਰਾਂ ਸਾਂਝੀਆਂ ਕਰਦਿਆਂ ਗੁਰੂ ਸਾਹਿਬ ਦੇ ਉਪਦੇਸ਼ਾਂ ਦੀ ਸੇਧ 'ਚ ਸੰਗਤ ਨੂੰ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਧਾਰਮਿਕ ਆਜ਼ਾਦੀ ਤੇ ਮਨੁੱਖੀ ਹੱਕਾਂ ਦੀ ਰੱਖਿਆ ਲਈ ਇਕ ਲਾਸਾਨੀ ਮਿਸਾਲ ਹੈ। ਗੁਰੂ ਸਾਹਿਬ ਨੇ ਨਾ ਸਿਰਫ ਸਿੱਖ ਧਰਮ ਦੀ, ਸਗੋਂ ਸਮੂਹ ਕੌਮਾਂ ਦੀ ਰੱਖਿਆ ਲਈ ਆਪਣੀ ਸ਼ਹਾਦਤ

ਦਿੱਤੀ। ਧਾਮੀ ਨੇ ਸਮਾਗਮ ਮੌਕੇ ਕੀਤੇ ਜਾਂਦੇ ਸਨਮਾਨ ਦੇ ਸਬੰਧ 'ਚ ਵਿਸ਼ੇਸ਼ ਤੌਰ 'ਤੇ ਵਿਚਾਰ ਸਾਂਝੇ ਕਰਦਿਆ ਕਿਹਾ ਕਿ ਸਿਰੋਪਾਓ ਦਾ ਸਿੱਖ ਪਰੰਪਰਾ 'ਚ ਬਹੁਤ ਉੱਚਾ ਸਤਿਕਾਰ ਹੈ ਅਤੇ ਇਹ ਕੇਵਲ ਸਿੰਘ ਸਾਹਿਬਾਨ, ਮਹਾਨ ਸ਼ਖ਼ਸੀਅਤਾਂ, ਗੁਰਮਤਿ ਪ੍ਰਚਾਰਕਾਂ ਜਾਂ ਧਾਰਮਿਕ ਸੇਵਾਵਾਂ ਲਈ ਵਿਸ਼ੇਸ਼ ਯੋਗਦਾਨ ਕਰਨ ਵਾਲਿਆਂ ਨੂੰ ਹੀ ਭੇਟ ਕੀਤਾ ਜਾਣਾ ਚਾਹੀਦਾ ਹੈ। ਆਮ ਤੌਰ 'ਤੇ ਸਨਮਾਨ ਦੇਣ ਦੀ ਥਾਂ ਧਾਰਮਿਕ ਕਿਤਾਬਾਂ ਜਾਂ ਸਿੱਖ ਰਹਿਤ

ਮਰਿਆਦਾ ਦੇ ਕੇ ਸਨਮਾਨ ਕਰਨ ਦੀ ਪ੍ਰਥਾ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਇਸ ਸਤਿਕਾਰ ਦਾ ਮੂਲ ਭਾਵ ਕਾਇਮ ਰਹੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰੇਕ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਰਹਿਤ ਮਰਿਆਦਾ ਪ੍ਰਕਾਸ਼ਤ ਕਰ ਕੇ ਸੰਗਤ ਤੱਕ ਮੁਫਤ ਪਹੁੰਚਾਈ ਜਾਂਦੀ ਹੈ। ਐਡਵੋਕੇਟ ਧਾਮੀ ਨੇ ਸੰਗਤ ਨੂੰ ਪ੍ਰੇਰਿਤ ਕਰਦਿਆ ਕਿਹਾ ਕਿ ਜਦੋਂ ਵੀ ਕਿਸੇ ਨੂੰ ਸਨਮਾਨ ਦਿੱਤਾ ਜਾਵੇ ਤਾਂ ਇਸ ਮਰਿਆਦਾ ਨੂੰ ਜਰੂਰ ਸੌਂਪਿਆ ਜਾਵੇ, ਤਾਂ ਜੋ ਸਿੱਖ ਕੌਮ ਦੇ ਹਰ ਘਰ ਤੱਕ ਗੁਰਮਤਿ ਦੇ ਸਿਧਾਂਤ ਅਤੇ ਰਹਿਣੀ-ਬਹਿਣੀ ਦੇ ਨਿਯਮ ਪਹੁੰਚ ਸਕਣ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਦਲਜੀਤ ਸਿੰਘ ਭਿੰਡਰ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਮਨੁੱਖਤਾ ਦੀ ਭਲਾਈ ਲਈ ਹਮੇਸ਼ਾ ਅੱਗੇ ਆਉਣ ਦੀ ਅਪੀਲ ਕੀਤੀ। ਇਸ ਤੋਂ ਪਹਿਲਾਂ ਬੀਤੇ ਕੱਲ੍ਹ ਦੇ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਹਾਜ਼ਰੀ ਭਰੀ। ਸਮਾਗਮ ਸਮੇਂ ਅੰਮ੍ਰਿਤਪਾਲ ਸਿੰਘ ਕੁਲਾਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਹਰਦੇਵ ਸਿੰਘ, ਗੁਰਦੁਆਰਾ ਸਿੰਘ ਸਭਾ ਸ਼ਿਮਲਾ ਦੇ ਪ੍ਰਧਾਨ ਜਸਵਿੰਦਰ ਸਿੰਘ, ਕਰਨੈਲ ਸਿੰਘ, ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼ ਦੇ ਇੰਚਾਰਜ ਭਾਈ ਗੁਰਦੀਪ ਸਿੰਘ ਆਦਿ ਹਾਜ਼ਰ ਸਨ।

## ਕਿਸੇ ਹੋਰ ਦੀ ਥਾਂ ਪੇਪਰ ਦਿੰਦਾ ਨੌਜਵਾਨ ਕਾਬੂ

**ਪਟਿਆਲਾ:** ਸਥਾਨਕ ਨਿਜੀ ਸਕੂਲ 'ਚ ਸੀ.ਬੀ.ਐਸ.ਈ ਦੀ 12ਵੀਂ ਜਮਾਤ ਦਾ ਕਿਸੇ ਹੋਰ ਵਿਦਿਆਰਥੀ ਦੀ ਥਾਂ 'ਤੇ ਪੇਪਰ ਦੇਣ ਆਇਆ ਨੌਜਵਾਨ ਸਕੂਲ ਪ੍ਰਬੰਧਕਾਂ ਨੇ ਕਾਬੂ ਕੀਤਾ ਹੈ। ਇਸਦੀ ਸੂਚਨਾ ਪੁਲਿਸ ਨੂੰ ਦੇਣ 'ਤੇ ਥਾਣਾ ਪੁਰਾਣੀ ਸਬਜ਼ੀ ਮੰਡੀ ਦੀ ਪੁਲਿਸ ਨੇ ਇੱਕ ਨੌਜਵਾਨ ਦੇ ਖਿਲਾਫ ਕੇਸ ਦਰਜ ਕੀਤਾ ਹੈ। ਮਾਮਲੇ ਦੀ ਪੁਲਿਸ ਜਾਂਚ ਜਾਰੀ ਹੈ।

ਜਾਣਕਾਰੀ ਅਨੁਸਾਰ ਹੋਰ ਵਿਦਿਆਰਥੀ ਦਾ ਪੇਪਰ ਦੇਣ ਲਈ ਵਿਜੇ ਕੁਮਾਰ ਵਾਸੀ ਪਾਤੜਾਂ ਪੇਪਰ ਦੇਣ ਲਈ ਆਇਆ ਸੀ ਤੇ ਉਸਨੂੰ ਜਦੋਂ ਕਾਗਜ਼ਾਤ ਚੈਕਿੰਗ ਲਈ ਰੋਕਿਆ ਗਿਆ ਤਾਂ ਉਹ ਕਿਸੇ ਹੋਰ ਵਿਦਿਆਰਥੀ ਦਾ ਆਈ ਕਾਰਡ ਲੈ ਕੇ ਆਇਆ ਸੀ। ਇਸ ਸਬੰਧੀ ਪੁਸ਼ਟੀ ਕਰਦਿਆਂ ਗੁਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਕੋਈ ਨੌਜਵਾਨ ਕਿਸੇ ਹੋਰ ਦਾ ਪੇਪਰ ਦੇਣ ਲਈ ਆਇਆ ਹੈ, ਜਿਸ ਸੰਬੰਧੀ ਜਾਂਚ ਕਰਨ 'ਤੇ ਨੌਜਵਾਨ ਨੇ ਮੰਨਿਆ ਕਿ ਉਹ । ਕਿਸੇ ਹੋਰ ਦਾ ਪੇਪਰ ਦੇਣ ਲਈ ਆਇਆ ਸੀ।

ਪੰਜਾਬ ਟਾਈਮਜ਼

*26 ਜੁਲਾਈ, ਸ਼ਨਿਚਰਵਾਰ*

# ਭਿਖਾਰੀ ਮੁਕਤ ਪੰਜਾਬ

*ਸਰਕਾਰਾਂ ਦੀਆਂ ਗ਼ਲਤ ਨੀਤੀਆਂ ਦੀ ਮੁਫ਼ਤਖੋਰੀ ਦਿਸ਼ਾ ਪੰਜਾਬ ਨੂੰ ਲਗਾਤਾਰ ਖੋਖਲਾ ਅਤੇ ਕਮਜ਼ੋਰ ਕਰੀ ਜਾ ਰਹੀ ਹੈ। ਹੁਣ ਇਸ ਵਿਚ ਰਲ ਰਹੀ ਭਿਖਾਰੀਆਂ ਦੀ ਸਮੱਸਿਆ ਇਸ ਦਾ ਅਕਸ ਵਿਗਾੜਨ ਵਿਚ ਲਗਾਤਾਰ ਇੱਕ ਹੋਰ ਕਿੱਲ ਠੋਕ ਰਹੀ ਨਜ਼ਰ ਆਉਂਦੀ ਹੈ। ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ 'ਚ, ਹਰ ਸੜਕ ਅਤੇ ਚੌਕ-ਚੁਰਾਹਿਆਂ 'ਤੇ ਭੀਖ ਮੰਗਣ ਵਾਲੇ ਬੱਚਿਆਂ ਦੀ ਵਧ ਰਹੀ ਗਿਣਤੀ ਇਕ ਵਾਰ ਮੁੜ ਤੋਂ ਚਰਚਾ ਵਿਚ ਆਈ ਹੈ। ਭਿਖਾਰੀ ਬੱਚਿਆਂ ਦੀ ਇੰਨੀ ਵਧ ਰਹੀ ਗਿਣਤੀ ਦੇ ਅਨੇਕਾਂ ਕਾਰਨ ਹੋ ਸਕਦੇ ਹਨ, ਜਿਸ 'ਚ ਵਧਦੀ ਆਬਾਦੀ ਵੀ ਸ਼ਾਮਿਲ ਹੈ ਅਤੇ ਵੱਡੇ ਸ਼ਹਿਰਾਂ ਵਿਚ ਝੁੱਗੀ-ਝੌਂਪੜੀਆਂ ਦੀ ਵਧ ਰਹੀ ਗਿਣਤੀ ਵੀ। ਪਰ ਜਿਸ ਇਕ ਗੰਭੀਰ ਕਾਰਨ ਨੇ ਸਰਕਾਰ, ਪ੍ਰਸ਼ਾਸਨ ਤੇ ਸਮਾਜ ਦਾ ਧਿਆਨ ਖਿੱਚਿਆ ਹੈ, ਉਹ ਹੈ ਵੱਡੀ ਗਿਣਤੀ 'ਚ ਚੋਰੀ ਹੋਏ ਬੱਚਿਆਂ ਦਾ ਇਸ ਬੱਚਿਆਂ ਵਿਚ ਸ਼ਾਮਿਲ ਹੋਣਾ।*

*ਅਜਿਹਾ ਸ਼ੱਕ ਇਸ ਲਈ ਵੀ ਪੁਖ਼ਤਾ ਹੁੰਦਾ ਹੈ, ਕਿਉਂਕਿ ਭੀਖ ਮੰਗਣ ਵਾਲਿਆਂ ਕੋਲ ਜਿਹੜੇ ਬੱਚੇ ਹੁੰਦੇ ਹਨ, ਉਨ੍ਹਾਂ 'ਚੋਂ ਜ਼ਿਆਦਾਤਰ ਨੀਂਦ ਜਾਂ ਅੱਧ-ਸੁੱਤੀ ਅਵਸਥਾ ਵਿਚ ਹੀ ਹੁੰਦੇ ਹਨ, ਜਿਵੇਂ ਉਨ੍ਹਾਂ ਨੂੰ ਕੋਈ ਨਸ਼ਾ ਦਿੱਤਾ ਗਿਆ ਹੋਵੇ। ਇਸ ਨਾਲ ਇਹ ਸ਼ੱਕ ਹੋਰ ਵੀ ਵਧ ਜਾਂਦਾ ਹੈ ਕਿ ਕਿਤੇ ਇਹ ਬੱਚੇ ਸੱਚਮੁੱਚ ਚੋਰੀ ਕੀਤੇ ਹੋਏ ਤਾਂ ਨਹੀਂ। ਪੰਜਾਬ ਦੇ ਹਰ ਵੱਡੇ ਸ਼ਹਿਰ 'ਚ ਅਜਿਹੀਆਂ ਔਰਤਾਂ ਮਿਲ ਜਾਂਦੀਆਂ ਹਨ, ਜੋ ਬੱਚੇ ਨੂੰ ਗੋਦ 'ਚ ਉਠਾ ਕੇ ਜਾਂ ਬੱਚੇ ਨੂੰ ਉਂਗਲੀ ਫੜਾ ਕੇ ਭੀਖ ਮੰਗਦੀਆਂ ਹਨ। ਗ਼ਰੀਬ ਤੇ ਝੁੱਗੀ-ਝੌਂਪੜੀਆਂ 'ਚ ਰਹਿੰਦੇ ਪਰਿਵਾਰਾਂ ਦੇ ਬੱਚਿਆਂ ਦਾ ਚੋਰੀ ਹੋਣਾ ਇਕ ਵੱਡੀ ਸਮੱਸਿਆ ਹੈ। ਦੇਸ਼ ਦੇ ਹੋਰ ਸੂਬਿਆਂ 'ਚ ਵੀ ਬੱਚਿਆਂ ਦਾ ਚੋਰੀ ਜਾਂ ਲਾਪਤਾ ਹੋਣਾ ਆਮ ਗੱਲ ਹੈ। ਸਾਲ 2015 ਦੇ ਇਸ ਸਰਵੇਖਣ ਅਨੁਸਾਰ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ 45 ਹਜ਼ਾਰ ਤੋਂ ਵੱਧ ਬੱਚੇ ਲਾਪਤਾ ਹੋਏ ਸਨ, ਮਤਲਬ ਹਰ 8 ਮਿੰਟ ਬਾਅਦ ਇਕ ਬੱਚਾ ਲਾਪਤਾ ਜਾਂ ਚੋਰੀ ਹੋਇਆ ਹੈ। ਬਿਨਾਂ ਸ਼ੱਕ ਇਨ੍ਹਾਂ 'ਚੋਂ ਜ਼ਿਆਦਾਤਰ ਬੱਚੇ ਅਪਰਾਧਿਕ ਦੁਨੀਆ ਜਾਂ ਭੀਖ ਮੰਗਣ ਜਿਹੀ ਬੁਰਾਈ ਵੱਲ ਧੱਕ ਦਿੱਤੇ ਜਾਂਦੇ ਹਨ। ਭੀਖ ਮੰਗਣਾ ਵੀ ਅੱਜ ਇਕ ਵੱਡੇ ਯੋਜਨਾਬੱਧ ਕਾਰੋਬਾਰ ਦਾ ਹਿੱਸਾ ਬਣ ਚੁੱਕਾ ਹੈ। ਅੰਕੜਿਆਂ ਅਨੁਸਾਰ ਪੰਜ ਸਾਲ ਪਹਿਲਾਂ ਦੇਸ਼ ਵਿਚ 5 ਲੱਖ ਭਿਖਾਰੀ ਸਨ, ਜਿਨ੍ਹਾਂ 'ਚ ਲਗਭਗ ਡੇਢ ਲੱਖ ਬੱਚੇ ਸਨ।*

*ਭੀਖ ਮੰਗਣ ਵਾਲੇ ਬੱਚਿਆਂ ਪ੍ਰਤੀ ਲੋਕਾਂ ਦੇ ਮਨ 'ਚ ਪੈਦਾ ਹੁੰਦੀ ਦਇਆ ਭਾਵਨਾ ਵੀ ਇਸ ਸਮੱਸਿਆ ਦੇ ਗੰਭੀਰ ਹੋਣ ਦਾ ਵੱਡਾ ਕਾਰਨ ਹੈ। ਅਸਲ ਵਿਚ ਬੱਚਿਆਂ ਨੂੰ ਚੋਰੀ ਤੇ ਹੋਰ ਅਪਰਾਧਾਂ ਜਾਂ ਭੀਖ ਮੰਗਣ ਵੱਲ ਤੋਰਨ ਵਾਲੇ ਕਥਿਤ ਕਾਰੋਬਾਰ ਨੂੰ ਚਲਾਉਣ ਵਾਲੇ ਗੁੰਡੇ ਤੱਤ ਚੋਰੀ ਕੀਤੇ ਹੋਏ ਇਨ੍ਹਾਂ ਬੱਚਿਆਂ ਦੇ ਅੰਗ-ਭੰਗ ਵੀ ਕਰ ਦਿੰਦੇ ਹਨ ਤਾਂ ਜੋ ਦਇਆ ਭਾਵਨਾ ਤਹਿਤ ਭੀਖ ਦੇਣ ਵਾਲੇ ਲੋਕਾਂ ਨੂੰ ਜ਼ਿਆਦਾ ਭਰਮਾਇਆ ਜਾ ਸਕੇ। ਦੇਸ਼ ਵਿਚ ਵਧਦੀ ਅਨਪੜ੍ਹਤਾ ਤੇ ਗ਼ਰੀਬੀ ਵੀ ਭਿਖਾਰੀ ਬੱਚਿਆਂ ਦੀ ਗਿਣਤੀ ਵਧਾਉਣ ਦਾ ਇਕ ਵੱਡਾ ਕਾਰਨ ਹੈ। ਇਹੀ ਅਨਪੜ੍ਹਤਾ ਗ਼ਰੀਬ ਤੇ ਭਿਖਾਰੀ ਪਰਿਵਾਰਾਂ ਵਿਚ ਆਬਾਦੀ ਨੂੰ ਵਧਾਉਣ ਦਾ ਸੰਯੋਗ ਬਣਦੀ ਹੈ। ਵਧਦੀ ਆਬਾਦੀ ਕਾਰਨ ਅੱਜ ਦੇਸ਼ ਦਾ ਹਰ ਛੇਵਾਂ ਬੱਚਾ ਘੋਰ ਗ਼ਰੀਬੀ ਵਿਚ ਜੀਅ ਰਿਹਾ ਹੈ। ਇਹ ਸੰਯੁਕਤ ਰਾਸ਼ਟਰ ਦੀ ਸੰਸਥਾ 'ਯੂਨੀਸੇਫ' ਦੀ ਇਕ ਰਿਪੋਰਟ ਦਾ ਦਾਅਵਾ ਹੈ। ਦੇਸ਼ ਦੇ ਜ਼ਿਆਦਾਤਰ ਬੱਚਿਆਂ ਨੂੰ ਜਿਉਣ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਸ਼ਾਇਦ ਇਸੇ ਲਈ ਬਹੁਤੇ ਬੱਚੇ ਭੀਖ ਮੰਗਣ ਨੂੰ ਪਹਿਲ ਦੇਣ ਲੱਗਦੇ ਹਨ। ਵਿਸ਼ਵ ਵਿਆਪੀ ਭੁੱਖਮਰੀ ਮਾਮਲੇ 'ਚ ਭਾਰਤ ਅੱਜ ਵੀ 127 ਦੇਸ਼ਾਂ 'ਚੋਂ 105ਵੇਂ ਸਥਾਨ 'ਤੇ ਹੈ। ਸੰਯੁਕਤ ਰਾਸ਼ਟਰ ਸੰਘ ਦੀ ਇਕ ਹੋਰ ਰਿਪੋਰਟ ਅਨੁਸਾਰ ਭਾਰਤ ਵਿਚ ਭੁੱਖ ਨਾਲ ਮਰਨ ਵਾਲੇ ਬੱਚਿਆਂ ਦੀ ਗਿਣਤੀ ਪਿਛਲੇ ਸਾਲਾਂ ਤੋਂ ਲਗਾਤਾਰ ਵਧਦੀ ਜਾ ਰਹੀ ਹੈ। ਹਾਲਾਂਕਿ ਵਿਸ਼ਵ ਬੈਂਕ ਦੀ ਇਕ ਰਿਪੋਰਟ ਅਨੁਸਾਰ ਭਾਰਤ ਦੇ ਲਗਭਗ 26 ਕਰੋੜ ਲੋਕ ਪਿਛਲੇ ਇਕ ਦਹਾਕੇ ਦੌਰਾਨ ਗ਼ਰੀਬੀ ਰੇਖਾ ਤੋਂ ਉੱਪਰ ਉੱਠੇ ਹਨ, ਪਰ ਦੇਸ਼ 'ਚ ਭਿਖਾਰੀਆਂ ਦੀ ਲਗਾਤਾਰ ਵਧਦੀ ਗਿਣਤੀ ਦੇ ਮੱਦੇਨਜ਼ਰ ਅਜਿਹਾ ਕੋਈ ਵਿਕਾਸ ਹੋਇਆ, ਵਿਸ਼ਵਾਸਯੋਗ ਨਹੀਂ ਲੱਗਦਾ। ਬੇਸ਼ੱਕ ਇਹ ਸਥਿਤੀ ਦੇਸ਼ ਤੇ ਸਮਾਜ ਲਈ ਬਹੁਤ ਚਿੰਤਾਜਨਕ ਹੈ, ਪਰ ਪੰਜਾਬ ਸਰਕਾਰ ਦੁਆਰਾ ਭਿਖਾਰੀ ਬੱਚਿਆਂ ਅਤੇ ਭਿਖਾਰੀਆਂ ਦੇ ਬੱਚਿਆਂ ਪ੍ਰਤੀ ਅਜਿਹੀ ਗੰਭੀਰਤਾ 'ਦਿਖਾਉਣਾ ਬਹੁਤ ਚੰਗਾ ਸੰਕੇਤ ਹੋ ਸਕਦਾ ਹੈ। ਇਸ ਨਿਰਦੇਸ਼ ਤਹਿਤ ਭਿਖਾਰੀਆਂ ਦੇ ਬੱਚਿਆਂ ਦਾ ਡੀ.ਐੱਨ.ਏ. ਟੈਸਟ ਕਰਵਾਉਣਾ ਇਕ ਚੰਗਾ ਫ਼ੈਸਲਾ ਮੰਨਿਆ ਜਾਵੇਗਾ। ਇਸ ਨਾਲ ਬਹੁਤੇ ਬੱਚੇ ਜੇਕਰ ਚੋਰੀ ਦੇ ਹਨ ਤਾਂ ਉਨ੍ਹਾਂ ਨੂੰ ਵਾਪਸ ਆਪਣੇ ਮਾਤਾ-ਪਿਤਾ ਕੋਲ ਭੇਜੇ ਜਾਣ ਦੀ ਵੱਡੀ ਸੰਭਾਵਨਾ ਬਣ ਸਕਦੀ ਹੈ। ਇਸ ਨਾਲ ਹਜ਼ਾਰਾਂ ਬੱਚਿਆਂ ਦੀ ਜ਼ਿੰਦਗੀ ਸੰਭਲ ਸਕਦੀ ਹੈ। ਅਨੇਕਾਂ ਪਰਿਵਾਰਾਂ ਦੇ ਲਾਪਤਾ ਜਾਂ ' ਚੋਰੀ ਹੋਏ ਬੱਚਿਆਂ ਦੇ ਆਪਣੇ ਮਾਤਾ-ਪਿਤਾ ਕੋਲ ਵਾਪਸ ਆਉਣ ਨਾਲ ਉਨ੍ਹਾਂ ਦੀ ਜ਼ਿੰਦਗੀ 'ਚ ਨਵੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਹਾਲਾਂਕਿ ਇੱਥੇ ਜ਼ਰੂਰੀ ਇਹ ਹੈ ਕਿ ਇਸ ਕਾਰਜ ਨੂੰ ਬਹੁਤ ਜ਼ਿਆਦਾ ਮਾਨਵੀ ਆਧਾਰ 'ਤੇ ਪੂਰਾ ਕੀਤਾ ਜਾਣਾ ਚਾਹੀਦਾ ਹੈ। ਡੀ.ਐੱਨ.ਏ. ਟੈਸਟ ਕਰਵਾਉਣ ਸਮੇਂ ਇਹ ਵੀ ਧਿਆਨ ਰੱਖਿਆ ਜਾਵੇ ਕਿ ਕਿਸੇ ਗ਼ਰੀਬ ਨਾਲ ਬੇਲੋੜੀ ਸਖ਼ਤੀ ਨਾ ਵਰਤੀ ਜਾਵੇ। ਇਹ ਵੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਸ਼ਨਾਖ਼ਤ ਹੋਣ ਵਾਲੇ ਬੱਚੇ ਮੁੜ ਤੋਂ ਭੀਖ ਮੰਗਣ ਜਾਂ ਅਪਰਾਧ ਜਗਤ ਵੱਲ ਵਾਪਸ ਨਾ ਮੁੜ ਸਕਣ। ਇਨ੍ਹਾਂ ਬੱਚਿਆਂ ਦੀ ਸਿੱਖਿਆ ਤੇ ਜੀਵਨ ਵਿਵਸਥਾ ਵੱਲ ਧਿਆਨ ਦੇਣ ਦੀ ਵੀ ਜ਼ਰੂਰਤ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸੈਸ਼ਨ-ਜਾਭਾਂ ਦੇ ਭੇੜ

*ਬਣ ਸਕਦੇ ਨਾ ਪਿੰਡਾਂ ਦੇ 'ਪੰਚ' ਜਿਹੜੇ ਹੁੰਦੇ ਐੱਮ.ਐੱਲ.ਏ ਸਮੇਂ ਦਾ ਗੇੜ ਮੀਆਂ।*
*'ਪੈਂਟ-ਕੋਟ' ਫਿਰ ਪਹਿਨ ਕੇ ਭੁੱਲ ਜਾਵਣ ਪਹਿਲਾਂ ਪਾਉਂਦੇ ਕੀ ਰਹੇ ਹਾਂ ਤੇੜ ਮੀਆਂ।*
*ਦੋਂਹ ਦੇ ਬਰਾਬਰੇ 'ਕੱਲੇ ਨੂੰ ਸਮਝ ਲਈਏ ਸਭਾ ਵਿਚ ਉਹ ਨਿਕਲਦਾ ਡੇੜ੍ਹ ਮੀਆਂ।*
*ਕੁਰਸੀ-ਭੁੱਖ ਵਿਚ 'ਹਾਬੜੇ' ਬੋਲਦੇ ਨੇ ਦੇਵਣ 'ਰਾਗ ਕੁਵੇਲੇ ਦਾ' ਛੇੜ ਮੀਆਂ।*
*ਭੰਡੀ ਕਰਦਿਆਂ 'ਗਾਲ਼' ਵੀ ਕੱਢ ਲੈਂਦੇ ਚਾਹੁਣ ਦੂਜੇ ਨੂੰ ਦਈਏ ਖਦੇੜ ਮੀਆਂ।*
*ਲੋਕੀਂ ਕਹਿਣ ਇਹ ਸੈਸ਼ਨ ਅਸੈਂਬਲੀ ਦੇ ਨਿਰੇ ਹੁੰਦੇ ਹਨ 'ਜਾਭਾਂ ਦੇ ਭੇੜ' ਮੀਆਂ!*

# ਕੀ ਭਾਰਤ ਵਿਚ ਸਿਆਸੀ ਪਾਰਟੀਆਂ ਜਾਤ-ਪਾਤ ਦਾ ਪੱਤਾ ਕਦੇ ਨਹੀਂ ਛੱਡਣਗੀਆਂ?

ਭਾਰਤ ਸਰਕਾਰ ਵਲੋਂ ਮਰਦਮਸ਼ੁਮਾਰੀ ਦਾ ਐਲਾਨ ਕੀਤਾ ਗਿਆ ਹੈ। ਭਾਵੇਂ ਇਹ ਪਹਿਲੀ ਮਰਦਮਸ਼ੁਮਾਰੀ ਨਹੀਂ ਹੈ, ਸਗੋਂ ਇਹ 16ਵੀਂ ਜਨਗਣਨਾ ਹੈ। ਇਸ ਤੋਂ ਪਹਿਲਾਂ 2011 ਵਿਚ ਸ. ਮਨਮੋਹਨ ਸਿੰਘ ਦੀ ਵਜ਼ਾਰਤ ਵੇਲੇ ਜਨਗਣਨਾ ਕਰਵਾਈ ਗਈ ਸੀ। ਹੁਣ 16 ਸਾਲਾਂ ਬਾਅਦ ਫਿਰ ਇਹ ਇਕ ਅਪਰੈਲ 2026 ਨੂੰ ਸ਼ੁਰੂ ਹੋਣ ਜਾ ਰਹੀ ਹੈ। ਇਸ ਵਾਰੀ ਹੋ ਰਹੀ ਜਨਗਣਨਾ ਵਿਚ ਖਾਸ ਵਾਧਾ ਇਹ ਕੀਤਾ ਗਿਆ ਹੈ ਕਿ ਹਰ ਭਾਰਤ ਵਾਸੀ ਦੀ ਜਾਤ ਦੀ ਨਿਰਖ-ਪਰਖ ਵੀ ਕੀਤੀ ਜਾਵੇਗੀ। ਭਾਵੇਂ 2011 ਵਾਲੀ ਜਨਗਣਨਾ ਵੇਲੇ ਬਣੀ ਕੈਬਨਿਟ ਕਮੇਟੀ ਨੇ ਵੀ ਇਸ ਮੁੱਦੇ 'ਤੇ ਵਿਚਾਰ ਕਰ ਕੇ ਇਹ ਪਾਸ ਕੀਤਾ ਸੀ ਕਿ

ਰਵਿੰਦਰ ਚੋਟ
ਫੋਨ: 9872673703

ਜਨਗਣਨਾ ਵੇਲੇ ਭਾਰਤ ਵਾਸੀਆਂ ਦਾ ਸਮਾਜਿਕ, ਆਰਥਕ ਅਤੇ ਜਾਤ ਵਿਵਰਣ ਲਿਆ ਜਾਵੇ, ਪਰ ਜਨਗਣਨਾ ਵੇਲੇ ਜਾਤ ਨਾਲੋਂ ਆਰਥਕ ਤੇ ਸਮਾਜਿਕ ਹਾਲਾਤ 'ਤੇ ਬਹੁਤਾ ਜ਼ੋਰ ਦਿਤਾ ਗਿਆ ਸੀ। ਹੁਣ ਵਾਲੀ ਜਨਗਣਨਾ ਵਿਚ ਪੋਲੀਟੀਕਲ ਅਫੇਅਰਜ਼ ਕਮੇਟੀ ਨੇ ਮੌਜੂਦਾ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਿਚ ਜਾਤ ਦੇ ਵੇਰਵੇ 'ਤੇ ਬਹੁਤਾ ਜ਼ੋਰ ਦਿਤਾ ਹੈ। ਇਹ ਜਨਗਣਨਾ 2011 ਤੋਂ ਬਾਅਦ ਦਸ ਸਾਲਾਂ ਬਾਅਦ 2021 ਵਿਚ ਹੋਣੀ ਸੀ ਪਰ ਇਹ ਕੋਵਿਡ-19 ਕਾਰਨ ਪਛੜ ਕੇ ਹੋ ਰਹੀ ਹੈ।

ਇਹ ਜਨਗਣਨਾ ਦੋ ਪੜਾਵਾਂ ਵਿਚ ਕਰਵਾਈ ਜਾਵੇਗੀ। ਪਹਿਲੇ ਪੜਾਅ ਵਿਚ ਮਕਾਨਾਂ ਦੀ ਗਿਣਤੀ ਕਰਨ ਦੇ ਨਾਲ ਨਾਲ ਰਹਿਣ-ਸਹਿਣ ਦੀਆਂ ਹਾਲਤਾਂ ਤੇ ਸਹੂਲਤਾਂ ਦੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਪਹਿਲਾ ਪੜਾਅ ਤਕਰੀਬਨ ਡੇਢ ਮਹੀਨੇ ਵਿਚ ਪੂਰਾ ਹੋਣ ਦੀ ਸੰਭਾਵਨਾ ਹੈ। ਦੂਸਰੇ ਪੜਾਅ ਵਿਚ ਅਸਲੀ ਆਬਾਦੀ ਗਿਣੀ ਜਾਵੇਗੀ। ਹਰ ਘਰ ਵਿਚ ਰਹਿਣ ਵਾਲੇ ਪ੍ਰਾਣੀਆਂ ਦਾ ਵੇਰਵਾ ਇਕੱਠਾ ਕੀਤਾ ਜਾਵੇਗਾ ਜਿਸ ਵਿਚ ਬਿਜਲੀ, ਪਾਣੀ, ਗੈਸ, ਹੋਰ ਰਸੋਈ ਵਿਚ ਵਰਤੇ ਜਾਣ ਵਾਲੇ ਉਪਕਰਨ, ਕੰਧਾਂ-ਫਰਸ਼ 'ਤੇ ਵਰਤੀ ਗਈ ਸਮੱਗਰੀ, ਦੋ ਪਹੀਆ ਤੇ ਚਾਰ-ਪਹੀਆ ਵਾਹਨ ਆਦਿ ਦਾ ਵੇਰਵਾ ਲਿਆ ਜਾਵੇਗਾ। ਦੇਸ਼ ਦੇ ਜਿਹੜੇ ਇਲਾਕਿਆਂ ਵਿਚ ਬਰਫ ਪੈਂਦੀ ਹੈ ਜਿਵੇਂ ਲੱਦਾਖ, ਜੰਮੂ-ਕਸ਼ਮੀਰ, ਹਿਮਾਚਲ ਅਤੇ ਉਤਰਾਖੰਡ ਆਦਿ ਦੇ ਬਰਫੀਲੇ ਇਲਾਕਿਆਂ ਵਿਚ ਜ਼ਿਆਦਾ ਬਰਫ ਪੈਣ ਤੋਂ ਪਹਿਲਾਂ ਹੀ ਜਨਗਣਨਾ ਕਰਵਾ ਲਈ ਜਾਵੇਗੀ। ਇਹ ਮਰਦਮਸ਼ੁਮਾਰੀ ਪਹਿਲੀ ਮਾਰਚ 2027 ਤਕ ਪੂਰੀ ਹੋ ਜਾਵੇਗੀ।

ਅੰਗਰੇਜ਼ ਹਕੂਮਤ ਵੇਲੇ ਵੀ ਜਨਗਣਨਾ 1881 ਤੋਂ 1931 ਤਕ ਜਾਤ ਆਧਾਰਤ ਕਰਵਾਈ ਜਾਂਦੀ ਰਹੀ ਹੈ। ਅੰਗਰੇਜ਼ਾਂ ਦਾ ਤਾਂ ਮੰਤਵ ਹੀ ਲੋਕਾਂ ਨੂੰ ਜਾਤਾਂ, ਮਜ਼ਹਬਾਂ-ਧਰਮਾਂ ਤੇ ਕੌਮਾਂ ਵਿਚ ਵੰਡ ਕੇ ਆਪਣੇ ਰਾਜ ਦਾ ਵਿਸਥਾਰ ਕਰਨਾ ਸੀ। ਉਨ੍ਹਾਂ ਦੀ ਨੀਤੀ 'ਵੰਡੋ ਤੇ ਰਾਜ ਕਰੋ' ਦੀ ਸੀ ਜਿਸ ਵਿਚ ਉਹ ਸਫਲ ਵੀ ਰਹੇ-ਥੋੜ੍ਹੇ ਜਿਹੇ ਅੰਗਰੇਜ਼ ਭਾਰਤ ਦੀ ਕਰੋੜਾਂ ਦੀ ਆਬਾਦੀ 'ਤੇ ਤਕਰੀਬਨ 200 ਸਾਲ ਤਕ ਰਾਜ ਕਰਦੇ ਰਹੇ। ਆਜ਼ਾਦ ਭਾਰਤ ਵਿਚ ਵੀ ਸੰਨ 1951 ਵਿਚ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਦੀ ਗਿਣਤੀ ਕਰਵਾਈ ਗਈ ਸੀ। ਹੁਣ 1931 ਤੋਂ ਬਾਅਦ ਫਿਰ ਉਸੇ ਤਰੀਕੇ ਨਾਲ ਜਾਤ ਆਧਾਰਤ ਜਨਗਣਨਾ ਕਰਵਾਈ ਜਾ ਰਹੀ ਹੈ। ਇਸ ਮਰਦਮਸ਼ੁਮਾਰੀ ਦੇ ਨਾਲ-ਨਾਲ ਕੌਮੀ ਆਬਾਦੀ ਰਜਿਸਟਰ (ਐਨ.ਪੀ.ਆਰ) ਵੀ ਪੂਰਾ ਕਰਨ ਦੀ ਸੰਭਾਵਨਾ ਹੈ। ਇਸ ਜਨਗਣਨਾ ਅਤੇ ਕੌਮੀ ਆਬਾਦੀ ਰਜਿਸਟਰ ਦੇ ਅੰਕੜਿਆਂ ਦੀ ਸਹਾਇਤਾ ਨਾਲ ਆਬਾਦੀ ਵਿਚ ਆ ਰਹੇ ਬਦਲਾਅ, ਆਬਾਦੀ ਦੀ ਆਰਥਕ ਹਾਲਤ ਅਤੇ ਉਨ੍ਹਾਂ ਦੇ ਵਿਸ਼ਵਾਸਾਂ ਤੇ ਰੀਤੀ-ਰਿਵਾਜਾਂ ਬਾਰੇ ਖੋਜ ਹੋ ਸਕੇਗੀ। ਇਸ ਨਾਲ ਸੰਸਦ, ਅਸੈਂਬਲੀਆਂ ਤੇ ਹੋਰ ਅਦਾਰਿਆਂ ਵਿਚ ਔਰਤਾਂ ਲਈ ਰਾਖਵਾਂਕਰਨ ਨਿਰਧਾਰਤ ਕਰਨ ਵਿਚ ਮਦਦ ਮਿਲਣ ਦੀ ਵੀ ਸੰਭਾਵਨਾ ਹੈ। ਜਾਤ ਤੇ ਬਰਾਦਰੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿਤਾ ਜਾ ਸਕਦਾ ਹੈ। ਇਸ ਮੁਹਿੰਮ ਵਿਚ ਲਗਪਗ 34 ਲੱਖ ਗਿਣਤੀਕਾਰ ਤੇ ਨਿਰੀਖਕ ਅਤੇ ਤੀਹ ਹਜ਼ਾਰ ਜਨਗਣਨਾ ਅਧਿਕਾਰੀ ਕੰਮ ਕਰਨਗੇ। ਕਿਉਂਕਿ ਇਹ ਜਨਗਣਨਾ ਡਿਜੀਟਲ ਡਿਵਾਈਸਾਂ ਰਾਹੀਂ ਕੀਤੀ ਜਾਵੇਗੀ, ਇਸ ਲਈ 1.3 ਲੱਖ ਡੀਵਾਈਸਾਂ



ਵਰਤੀਆਂ ਜਾਣਗੀਆਂ। ਇਸ ਕਵਾਇਦ 'ਤੇ 13000 ਕਰੋੜ ਖਰਚ ਆਉਣ ਦੀ ਸੰਭਾਵਨਾ ਹੈ। ਇਹ ਸਹੂਲਤ ਵੀ ਦਿਤੀ ਗਈ ਹੈ ਕਿ ਰਜਿਸਟਰਾਰ ਜਨਰਲ ਆਫ ਇੰਡੀਆ ਦੇ ਪੋਰਟਲ 'ਤੇ ਵਿਅਕਤੀ ਖੁਦ ਵੀ ਆਪਣੀ ਸਾਰੀ ਜਾਣਕਾਰੀ ਭਰ ਸਕਣਗੇ।

2011 ਦੀ ਮਰਦਮਸ਼ੁਮਾਰੀ ਮੁਤਾਬਕ ਆਬਾਦੀ ਦੀ ਵੰਡ ਇਸ ਤਰ੍ਹਾਂ ਸੀ- 18.46% ਅਨੁਸੂਚਿਤ ਜਾਤੀਆਂ ਅਤੇ 10.97% ਸ਼ਡਿਊਲ ਟਰਾਈਬਜ਼ ਨਾਲ ਸਬੰਧਤ ਸਨ, 68.52% ਹੋਰ ਜਾਤਾਂ ਦੇ ਲੋਕ ਸਨ ਅਤੇ 2.04% ਲੋਕਾਂ ਨੇ ਆਪਣੀ ਕੋਈ ਵੀ ਜਾਤ ਨਹੀਂ ਲਿਖਵਾਈ ਸੀ। ਹੁਣ ਹੋਣ ਵਾਲੀ ਮਰਦਮਸ਼ੁਮਾਰੀ ਦੇ ਨਤੀਜੇ ਇਨ੍ਹਾਂ ਤੋਂ ਬਿਲਕੁਲ ਭਿੰਨ ਆਉਣ ਦੀ ਸੰਭਾਵਨਾ ਹੈ, ਕਿਉਂਕਿ ਆਬਾਦੀ ਵਿਚ ਬਹੁਤ ਵਾਧਾ ਹੋ ਚੁੱਕਾ ਹੈ ਅਤੇ ਜਾਤੀ ਵੱਖਰੇਵੇਂ ਵੀ ਵਧ ਚੁੱਕੇ ਹਨ। ਜਾਤ (ਚਅਸਟਣ) ਸਪੈਨਿਸ਼ ਸ਼ਬਦ ਕਾਸਟਾ ਤੋਂ ਸਾਡੇ ਕੋਲ ਆਇਆ ਜਿਸ ਦਾ ਅਰਥ ਹੈ ਸਾਡਾ ਖਾਨਦਾਨ ਜਾਂ ਕਬੀਲਾ। ਪਰ ਸਾਡੇ ਦੇਸ਼ ਵਿਚ ਤਾਂ ਇਸ ਨੂੰ ਹੋਰ ਹੀ ਰੰਗਣ ਦੇ ਦਿਤੀ ਗਈ ਹੈ। ਵੈਦਿਕ ਕਾਲ ਵਿਚ ਪਹਿਲਾਂ-ਪਹਿਲ ਕਿੱਤੇ 'ਤੇ ਅਧਾਰਤ ਤਿੰਨ ਖਾਸ ਵਰਗ ਸਨ: ਜਿਵੇਂ ਬ੍ਰਾਹਮਣ, ਖੱਤਰੀ ਅਤੇ ਵੈਸ਼। ਬਾਕੀ ਸਾਰੇ ਆਮ ਲੋਕ ਸਨ। ਬਾਅਦ ਵਿਚ ਬਾਕੀ ਲੋਕਾਂ ਨੂੰ ਉਪਰਲੇ ਤਿੰਨ ਵਰਗਾਂ ਨੇ ਆਪਣੀ ਸੇਵਾ ਵਿਚ ਲਗਾ ਲਿਆ ਤੇ ਉਨ੍ਹਾਂ ਨੂੰ ਸ਼ੂਦਰ ਆਖਿਆ ਜਾਣ ਲੱਗਾ। ਇਸ ਤਰ੍ਹਾਂ ਚਾਰ ਵਰਗ ਪੈਦਾ ਕਰ ਦਿਤੇ ਗਏ। ਮੰਨੂ-ਸਿਮ੍ਰਤੀ ਗ੍ਰੰਥ ਵਿਚ ਜਾਤ-ਪਾਤ ਨੂੰ ਸਮਾਜਿਕ ਆਚਰਣ ਅਤੇ ਨੈਤਿਕਤਾ ਨਾਲ ਗਲਤ ਤਰੀਕੇ ਨਾਲ ਜੋੜਿਆ ਗਿਆ ਸੀ। ਇਸ ਵਿਚ ਨੀਵੀਂ ਜਾਤੀ ਲਈ ਨਿਯਮ ਹੋਰ ਸਨ ਅਤੇ ਉੱਚੀ ਜਾਤੀ ਲਈ ਹੋਰ। ਇਹ ਗ੍ਰੰਥ ਜਾਤੀਵਾਦ ਦਾ ਕੱਟੜਤਾ ਨਾਲ ਪ੍ਰਚਾਰ ਕਰਦਾ ਹੈ। 2011 ਦੀ ਜਨਗਣਨਾ ਵੇਲੇ ਭਾਵੇਂ ਜਾਤ ਨੂੰ ਬਹੁਤਾ ਮਹੱਤਵ ਨਹੀਂ ਦਿਤਾ ਗਿਆ, ਪਰ ਫਿਰ ਵੀ ਸਾਰੇ ਦੇਸ਼ ਵਿਚ 46 ਲੱਖ ਜਾਤਾਂ ਦੀ ਗਿਣਤੀ ਕੀਤੀ ਗਈ ਸੀ। ਹੁਣ ਤਾਂ ਇਕ ਜਾਤ ਵਿਚ ਕਿੰਨੀਆਂ ਉਪ-ਜਾਤਾਂ ਪੈਦਾ ਹੋ ਚੁੱਕੀਆਂ ਹਨ। ਜੇਕਰ ਪੰਜਾਬ ਦੀ ਗੱਲ ਹੀ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਬਹੁਤ ਸਾਰੀਆਂ ਜਾਤਾਂ ਦੀਆਂ ਉਪ-ਜਾਤਾਂ ਜਾਂ ਗੋਤ ਇਕੋ ਹਨ ਜਿਵੇਂ ਕਿ ਗਿੱਲ, ਸੰਧੂ, ਵਿਰਕ ਆਦਿ ਬਹੁਤੀਆਂ ਜਾਤਾਂ ਵਿਚ ਮਿਲਦੇ ਹਨ ਕਿਉਂਕਿ ਇਹ ਉਪ-ਜਾਤਾਂ ਇਨ੍ਹਾਂ ਦੇ ਖਾਨਦਾਨੀ ਪਿੰਡਾਂ ਨਾਲ ਸਬੰਧ ਰੱਖਦੀਆਂ ਹਨ। ਖਦਸ਼ਾ ਹੈ ਕਿ ਇਹ ਤੱਥ ਸਹੀ ਜਨਗਣਨਾ ਵਿਚ ਅੜਚਨ ਬਣੇਗਾ। ਭਾਵੇਂ ਜਨਗਣਨਾ ਦਾ ਕੰਮ/ਮੁੱਦਾ ਸੰਵਿਧਾਨ ਦੇ ਆਰਟੀਕਲ 246 ਮੁਤਾਬਕ ਕੇਂਦਰ ਸਰਕਾਰ ਨਾਲ ਸਬੰਧਤ ਹੈ, ਜੋ ਯੂਨੀਅਨ ਲਿਸਟ ਦੇ ਸੱਤਵੇਂ ਸ਼ਡਿਊਲ ਵਿਚ 69 ਨੰਬਰ 'ਤੇ ਦਰਜ ਹੈ। ਪਰ ਕਈ ਸੂਬਿਆਂ ਨੇ ਜਾਤਾਂ ਦਾ ਰਾਜਨੀਤਕ ਲਾਭ ਲੈਣ ਲਈ ਆਪਣੇ ਤੌਰ 'ਤੇ ਹੀ ਜਾਤਾਂ 'ਤੇ ਆਧਾਰਤ ਜਨਗਣਨਾ ਕਰਵਾਈ ਜਿਹੜੀ ਕਿ ਸਹੀ ਨਹੀਂ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਰਾਜਨੀਤਕ ਪਾਰਟੀਆਂ ਜਾਤ ਆਧਾਰਤ ਮਰਦਮਸ਼ੁਮਾਰੀ ਤੋਂ ਕੀ ਲਾਭ ਲੈਣਾ ਚਾਹੁੰਦੀਆਂ ਹਨ? ਸਾਡਾ ਸੰਵਿਧਾਨ ਦੇਸ਼ ਦੇ ਹਰ ਨਾਗਰਿਕ ਨੂੰ ਇਕੋ ਅੱਖ ਨਾਲ ਵੇਖਦਾ ਹੈ। ਕਿਸੇ ਜਾਤ ਬਰਾਦਰੀ ਨੂੰ ਉਚਾ ਜਾਂ ਨੀਵਾਂ ਨਹੀਂ ਸਮਝਦਾ। ਸੰਵਿਧਾਨ ਨੇ ਬਰਾਬਰਤਾ ਦੇ ਨਾਲ-ਨਾਲ ਆਰਥਕ ਤੌਰ 'ਤੇ ਪਛੜੀਆਂ ਸ਼ਰੇਣੀਆਂ ਨੂੰ ਬਰਾਬਰ ਪੱਧਰ 'ਤੇ ਲਿਆਉਣ ਲਈ ਦਸ ਸਾਲ ਲਈ ਰਾਖਵਾਂਕਰਨ ਦਿਤਾ ਸੀ। ਪਰ ਰਾਜਨੀਤਕ ਪਾਰਟੀਆਂ ਨੇ ਹੁਣ ਤਕ ਇਸ ਨੂੰ ਵੀ ਆਪਣੀ ਕੁਰਸੀ ਦੇ ਹਿੱਤਾਂ ਲਈ ਵਰਤਿਆ ਹੈ। ਪਿਛਲੀਆਂ ਪਾਰਲੀਮੈਂਟ ਦੀਆਂ ਚੋਣਾਂ ਵੇਲੇ ਕਾਂਗਰਸ ਦੇ ਮੁੱਖ ਆਗੂ ਰਾਹੁਲ ਗਾਂਧੀ ਨੇ ਇਹ ਮੰਗ ਉਠਾਈ ਕਿ ਜਨਗਣਨਾ ਜਾਤ ਦੇ ਆਧਾਰ 'ਤੇ ਕਰਵਾਈ ਜਾਵੇ। ਇਸ ਮੱਦ ਨੂੰ ਚੋਣਾਂ ਦਾ ਮੁੱਖ ਮੁੱਦਾ ਬਣਾ ਕੇ ਆਪਣੀਆਂ ਚੋਣ ਰੈਲੀਆਂ ਵਿਚ ਖ਼ੂਬ ਪ੍ਰਚਾਰ ਕੀਤਾ। ਕਾਂਗਰਸ ਪਾਰਟੀ ਨੇ ਸ਼ੁਰੂ ਤੋਂ ਹੀ ਇਸ ਪੱਤੇ ਨੂੰ ਖ਼ੂਬ ਵਰਤਿਆ ਅਤੇ ਦਲਿਤ ਵੋਟ ਬੈਂਕ ਦੇ ਸਿਰ 'ਤੇ ਬਹੁਤੀਆਂ ਚੋਣਾਂ ਜਿੱਤਦੀ ਰਹੀ। ਉਨ੍ਹਾਂ ਨੇ ਤਾਂ ਇੱਥੋਂ ਤਕ ਵੀ ਕੀਤਾ ਜਦੋਂ ਪਿੰਡਾਂ ਵਿਚ ਦਲਿਤ ਲੋਕ ਅਤੇ ਅਖੌਤੀ ਜਨਰਲ ਵਰਗ ਇਕ ਦੂਸਰੇ ਦੇ ਨੇੜੇ ਰਿਹਾਇਸ਼ ਕਰਨ ਲੱਗੇ ਤਾਂ ਕਾਂਗਰਸ ਨੂੰ ਵੋਟ ਬੈਂਕ ਨੂੰ ਖੋਰਾ ਲੱਗਣ ਦਾ ਖਦਸ਼ਾ ਹੋਇਆ ਤਾਂ ਦਲਿਤਾਂ ਨੂੰ ਪਿੰਡਾਂ ਤੋਂ ਬਾਹਰ ਪੰਜ-ਪੰਜ ਮਰਲੇ ਦੇ ਪਲਾਟ ਦੇ ਕੇ ਉਨ੍ਹਾਂ ਦੀਆਂ ਫਿਰ ਵੱਖਰੀਆਂ ਕਲੋਨੀਆਂ ਵਸਾਉਣ ਦਾ ਯਤਨ ਕੀਤਾ ਗਿਆ ਤਾਂ ਕਿ ਇਸ ਲਾਲਚ ਵਿਚ ਉਨ੍ਹਾਂ ਨੂੰ ਆਪਣੇ ਕੰਟਰੋਲ ਵਿਚ ਰੱਖਿਆ ਜਾ ਸਕੇ। ਹੁਣ ਕੇਂਦਰ ਵਿਚ ਰਾਜ ਕਰ ਰਹੀ ਪਾਰਟੀ ਭਾਵੇਂ ਇਸ ਨਾਲ ਸਹਿਮਤ ਨਹੀਂ ਸੀ ਕਿ ਜਾਤ ਦੇ ਆਧਾਰ 'ਤੇ ਜਨਗਣਨਾ ਕਰਵਾਈ ਜਾਵੇ, ਸਗੋਂ ਇਸ ਦਾ ਵਿਰੋਧ ਕਰਦੀ ਸੀ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਭਾਰਤੀ ਜਨਤਾ ਪਾਰਟੀ ਨੇ ਵਿਰੋਧੀ ਪਾਰਟੀਆਂ ਤੋਂ ਡਰ ਕੇ ਜਾਤ ਆਧਾਰਤ ਜਨਗਣਨਾ ਕਰਵਾਉਣ ਲਈ ਤਿਆਰੀ ਕੀਤੀ ਹੈ ਤੇ ਨਾ ਹੀ ਇਸ ਕਰਕੇ ਇਹ ਗੱਲ ਮੰਨੀ ਜਾ ਸਕਦੀ ਹੈ ਕਿ ਉਹ ਦਲਿਤ ਵਰਗ ਜਾਂ ਪੱਛੜੀਆਂ ਸ਼੍ਰੇਣੀਆਂ ਦੇ ਬਹੁਤੇ ਸ਼ੁਭਚਿੰਤਕ ਹਨ। ਇਸ ਮੋੜ ਵਿਚ ਵੀ ਚੌਥੀ ਵਾਰੀ ਕੇਂਦਰ ਵਿਚ ਵਜ਼ਾਰਤ ਬਣਾਉਣ ਦੀ ਖਾਹਿਸ਼ ਛੁਪੀ ਹੋਈ ਹੈ। ਖਦਸ਼ਾ ਇਹ ਪੈਦਾ ਹੋ ਗਿਆ ਸੀ, ਕਿ ਜੇਕਰ ਜਾਤ-ਬਰਾਦਰੀ ਦਾ ਪੱਤਾ ਕਾਂਗਰਸ ਦੇ ਹੱਥ ਵਿਚ ਹੀ ਰਹਿ ਜਾਂਦਾ ਤਾਂ ਭਾਜਪਾ ਦੀ ਵੋਟ ਬੈਂਕ ਨੂੰ ਅਗਲੀਆਂ ਚੋਣਾਂ ਵਿਚ ਬਹੁਤ ਖੋਰਾ ਲੱਗ ਸਕਦਾ ਸੀ। ਇਸ ਲਈ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ ਹਾਲਤ ਪੈਦਾ ਹੋ ਗਈ ਸੀ। ਇਸ ਦੇ ਨਾਲ ਹੀ ਕਾਂਗਰਸ ਦੀ ਪਛੜੇ ਭਾਈਚਾਰੇ ਵਿਚ ਵੋਟ ਬੈਂਕ ਜ਼ਿਆਦਾ ਪੱਕੀ ਹੋ ਸਕਦੀ ਸੀ। ਇਨ੍ਹਾਂ ਦੋ ਪਾਰਟੀਆਂ ਦੀ ਹੀ ਗੱਲ ਨਹੀਂ, ਸਾਰੀਆਂ ਪਾਰਟੀਆਂ ਉਮੀਦਵਾਰ ਚੁਣਨ ਵੇਲੇ ਜਾਂ ਚੋਣ ਵੇਲੇ ਟਿਕਟ ਦੇਣ ਵੇਲੇ ਉਸ ਇਲਾਕੇ ਦੀ ਜਾਤ-ਵੋਟ ਬੈਂਕ ਨੂੰ ਵੇਖ ਕੇ ਫੈਸਲਾ ਕਰਦੀਆਂ ਹਨ। ਸਰਵੇ ਕਰਵਾਏ ਜਾਂਦੇ ਹਨ ਕਿ ਕਿਹੜੀ ਜਾਤ ਦਾ ਉਮੀਦਵਾਰ ਜਿੱਤ ਸਕਦਾ ਹੈ। ਨਵੀਂ ਪਾਰਟੀ 'ਆਪ' ਵੀ ਇਸ ਵਿਵਾਦ ਤੋਂ ਮੁਕਤ ਨਹੀਂ ਹੈ।

ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਉਣ ਦੀ ਸੋਚ ਨਾਲ ਰਾਜਨੀਤਕ ਪਾਰਟੀਆਂ ਕੀ ਫਾਇਦਾ ਲੈ ਸਕਦੀਆਂ ਹਨ? ਲੋਕਾਂ ਨੂੰ ਜਾਤ ਦੇ ਆਧਾਰ 'ਤੇ ਇਕੱਠਾ ਕਰਕੇ ਉਨ੍ਹਾਂ ਦੀ ਇਕ ਪਛਾਣ ਵਰਤ ਕੇ, ਉਨ੍ਹਾਂ ਨੂੰ ਕੁੱਝ ਵੱਧ-ਘੱਟ ਸਹੂਲਤਾਂ ਦੇ ਕੇ ਵੋਟਾਂ ਬਟੋਰੀਆਂ ਜਾ ਸਕਦੀਆਂ ਹਨ। ਵੱਖਰੀਆਂ ਜਾਤਾਂ ਨੂੰ ਵੱਖਰੀ ਪੱਧਰ ਦਾ ਰਾਖਵਾਂਕਰਨ ਦੇ ਕੇ ਜਾਂ ਇਸ ਦਾ ਪ੍ਰਚਾਰ ਕਰਕੇ ਪਾੜਿਆ ਜਾ ਸਕਦਾ ਹੈ। ਸਮਾਜਿਕ ਏਕਤਾ ਨੂੰ ਵੀ ਭੰਗ ਕਰਕੇ ਪਾੜੇ ਵਧਾਏ ਜਾ ਸਕਦੇ ਹਨ। ਰਾਜਨੀਤਕ ਪਾਰਟੀਆਂ ਜਾਤ, ਧਰਮ ਦੇ ਵੱਖਰੇਵੇਂ ਖੜ੍ਹੇ ਕਰ ਕੇ ਆਪਣੇ ਹਿੱਤਾਂ ਲਈ ਵਰਤ ਸਕਦੀਆਂ ਹਨ। ਭਾਵੇਂ ਮੱਧਕਾਲੀ ਭਾਰਤ ਵਿਚ ਗੁਰੂਆਂ, ਭਗਤਾਂ ਤੇ ਧਾਰਮਿਕ ਆਗੂਆਂ ਨੇ ਜਾਤ-ਪਾਤ ਦਾ ਖੰਡਨ ਕਰਦੇ ਹੋਏ-ਮਾਨਸ ਦੀ ਇਕੋ ਜਾਤ ਦਾ ਪ੍ਰਚਾਰ ਕੀਤਾ। ਪਰ ਰਾਜਨੀਤਕ ਲੋਕਾਂ ਨੇ ਹਰ ਧਰਮ ਨੂੰ ਜਾਤਾਂ ਵਿਚ ਵੰਡ ਕੇ ਵੱਖਰੇ-ਵੱਖਰੇ ਮਿਸ਼ਨ ਖੜ੍ਹੇ ਕਰ ਦਿੱਤੇ। ਸਾਡੇ ਅਜੋਕੇ ਸੰਵਿਧਾਨ ਵਿਚ ਵੀ ਹਰ ਪ੍ਰਾਣੀ ਨੂੰ ਬਰਾਬਰ ਦਾ ਦਰਜਾ ਦਿਤਾ ਗਿਆ ਹੈ ਪਰ ਫਿਰ ਵੀ ਮਰਦਮਸ਼ੁਮਾਰੀ ਜਾਤ ਦੇ ਆਧਾਰ 'ਤੇ ਕਰਵਾਉਣ ਦੇ ਯਤਨ ਹੋ ਰਹੇ ਹਨ ਅਤੇ ਜਾਤ ਰੁਜ਼ਗਾਰ, ਸਿੱਖਿਆ ਅਤੇ ਰਾਜਨੀਤੀ ਵਿਚ ਭਾਰੂ ਹੈ। ਜੇ ਰਾਜਨੀਤਕ ਪਾਰਟੀਆਂ ਹਾਸ਼ੀਆ ਗ੍ਰਸਤ ਲੋਕਾਂ ਦੀ ਭਲਾਈ ਕਰਨਾ ਚਾਹੁੰਦੀਆਂ ਹਨ ਤਾਂ ਆਧਾਰ ਆਰਥਕ ਪੱਧਰ ਨੂੰ ਕਿਉਂ ਨਹੀਂ ਬਣਾਉਂਦੀਆਂ? ਜਿਸ ਵਿਚ ਸਾਰੀਆਂ ਜਾਤਾਂ ਤੇ ਸਾਰੇ ਧਰਮਾਂ ਦੇ ਲੋਕਾਂ ਦੀ ਭਲਾਈ ਹੋਵੇਗੀ। ਪਰ ਮਸਲਾ ਤਾਂ ਕੁਰਸੀ ਦਾ ਹੈ ਨਾ ਕਿ ਜਨਤਾ ਦੀ ਭਲਾਈ ਦਾ। ਜਾਤ ਆਧਾਰਤ ਜਨਗਣਨਾ ਤੋਂ ਲੋਕ ਭਲਾਈ ਦੀ ਕੋਈ ਆਸ ਨਹੀਂ ਰੱਖੀ ਜਾ ਸਕਦੀ, ਸਗੋਂ ਜਾਤਾਂ ਧਰਮਾਂ ਵਿਚ ਪਾੜੇ ਵਧਣਗੇ ਅਤੇ ਰਾਜਨੀਤਕ ਪਾਰਟੀਆਂ ਦੇ ਦੋਵੇਂ ਹੱਥਾਂ ਵਿਚ ਲੱਡੂ ਹੋਣਗੇ। ਇਨ੍ਹਾਂ ਕੁੱਝ ਕਾਰਨਾਂ ਕਰਕੇ ਸਾਡੇ ਦੇਸ਼ ਵਿਚ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਕਦੇ ਸਾਡਾ ਰਾਜਨੀਤਕ ਢਾਂਚਾ ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਬਰਾਬਰ ਦੇ ਸਮਾਜ ਦੀ ਸਿਰਜਣਾ ਕਰੇਗਾ।

## ਦੁਨੀਆ ਦਾ 'ਸਭ ਤੋਂ ਵੱਡਾ ਲੋਕਤੰਤਰ'

# ਹਿਰਾਸਤ ਵਿਚ ਤਸੀਹਿਆਂ ਦਾ ਅਮੁੱਕ ਸਿਲਸਿਲਾ

*ਆਲਮੀ ਪੱਧਰ 'ਤੇ ਗ਼ੈਰਕਾਨੂੰਨੀ ਹਿਰਾਸਤ ਅਤੇ ਹਿਰਾਸਤ ਵਿਚ ਤਸੀਹਿਆਂ ਦੇ ਵਰਤਾਰੇ ਦੀ ਨਜ਼ਰਸਾਨੀ ਕਰਨ ਵਾਲੀਆਂ ਸੰਸਥਾਵਾਂ ਵੱਲੋਂ ਜਾਰੀ ਕੀਤੀਆਂ ਰਿਪੋਰਟਾਂ ਵਿਚ ਭਾਰਤ ਨੂੰ ਇਨ੍ਹਾਂ ਪੱਖਾਂ ਤੋਂ 'ਉੱਚ ਜੋਖ਼ਮ' ਵਾਲੀ ਸ਼੍ਰੇਣੀ ਵਾਲਾ ਦੇਸ਼ ਕਰਾਰ ਦਿੱਤੇ ਜਾਣ ਦੇ ਬਾਵਜੂਦ ਭਾਰਤ ਸਰਕਾਰ ਟੱਸ ਤੋਂ ਮੱਸ ਨਹੀਂ ਹੁੰਦੀ ਜਾਪਦੀ। 21ਵੀਂ ਸਦੀ ਵਿਚ ਮਾਨਵਤਾ ਵਿਰੋਧੀ ਅਜਿਹੇ ਜੁਰਮ ਕਿਸੇ ਵੀ ਸਰਕਾਰ ਦੀ ਸੁਹਿਰਦਤਾ ਉੱਪਰ ਵੱਡੇ ਸਵਾਲ ਖੜ੍ਹੇ ਕਰਦੇ ਹਨ। ਕੁਝ ਤਾਜ਼ਾ ਮਿਸਾਲਾਂ ਦੇ ਹਵਾਲੇ ਨਾਲ ਇਸ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। – ਸੰਪਾਦਕ॥*



**ਬੂਟਾ ਸਿੰਘ ਮਹਿਮੂਦਪੁਰ**

ਭਾਰਤ ਦੀ ਸੁਪਰੀਮ ਕੋਰਟ ਵੱਲੋਂ ਹਿਰਾਸਤ ਵਿਚ ਤਸੀਹੇ ਦੇਣ ਅਤੇ ਮੌਤਾਂ ਨੂੰ 'ਵਰਦੀਧਾਰੀ ਵਿਅਕਤੀਆਂ ਦੁਆਰਾ ਕੀਤੇ ਗਏ ਸਭ ਤੋਂ ਘਿਨਾਉਣੇ ਜੁਰਮ' ਕਹੇ ਜਾਣ ਦੇ ਲੱਗਭੱਗ 15 ਸਾਲ ਬਾਅਦ ਵੀ ਹਿਰਾਸਤ 'ਚ ਲਏ ਵਿਅਕਤੀਆਂ ਨੂੰ ਬੇਖ਼ੌਫ਼ ਹੋ ਕੇ ਤਸੀਹੇ ਦੇਣਾ ਅੱਜ ਵੀ ਭਿਆਨਕ ਹਕੀਕਤ ਬਣੀ ਹੋਈ ਹੈ। ਕਿਸੇ ਨੂੰ ਗ੍ਰਿਫ਼ਤਾਰ ਕਰਨ ਅਤੇ ਹਿਰਾਸਤ 'ਚ ਰੱਖਣ ਸੰਬੰਧੀ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਨੂੰ ਟਿੱਚ ਸਮਝਦੇ ਹੋਏ ਵਰਦੀ ਦੀ ਤਾਕਤ ਦੇ ਗ਼ਰੂਰ ਅਤੇ ਸੱਤਾ ਦੇ ਥਾਪੜੇ ਨਾਲ ਨਸ਼ਿਆਏ ਪੁਲਿਸ ਅਧਿਕਾਰੀ ਹਿੰਸਾ ਦੀ ਬੇਦਰੇਗ ਵਰਤੋਂ ਕਰਨਾ ਆਪਣਾ ਅਧਿਕਾਰ ਸਮਝਦੇ ਹਨ। ਇਹ ਸਿਰਫ਼ ਪੁਲਿਸ ਥਾਣਿਆਂ ਵਿਚ ਹੀ ਨਹੀਂ, ਸਗੋਂ ਬਾਹਰ ਸਮਾਜ ਵਿਚ ਵੀ ਖੁੱਲ੍ਹੇਆਮ ਵਾਪਰ ਰਿਹਾ ਹੈ। ਪਿਛਲੇ ਦਿਨੀਂ ਮਦਰਾਸ ਹਾਈ ਕੋਰਟ (ਮਦੁਰਾਏ ਬੈਂਚ) ਦੇ ਜਸਟਿਸ ਐੱਸ.ਐੱਮ. ਸੁਬਰਾਮਣੀਅਮ ਨੇ ਇਸ ਵਰਤਾਰੇ ਉੱਪਰ ਟਿੱਪਣੀ ਕਰਦੇ ਹੋਏ ਕਿਹਾ, 'ਇਹ ਲੱਗਭੱਗ ਪੁਲਿਸ ਦੁਆਰਾ ਸੰਗਠਿਤ ਜੁਰਮ ਦੀ ਤਰ੍ਹਾਂ ਹੈ...ਬਹੁਤ ਹੀ ਸਖ਼ਤ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਇਹ ਰਾਜ ਦੁਆਰਾ ਆਪਣੇ ਹੀ ਨਾਗਰਿਕ ਦਾ ਕਤਲ ਹੈ।' ਜਸਟਿਸ ਸੁਬਰਾਮਣੀਅਮ ਅਜੀਤ ਕੁਮਾਰ ਨਾਂ ਦੇ ਇਕ ਵਿਅਕਤੀ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਬਾਰੇ ਟਿੱਪਣੀ ਕਰ ਰਹੇ ਸਨ।

ਜੂਨ ਦੇ ਆਖ਼ਰੀ ਹਫ਼ਤੇ ਤਾਮਿਲਨਾਡੂ ਦੇ ਸ਼ਿਵਗੰਗਾ ਜ਼ਿਲ੍ਹੇ ਵਿਚ ਅਜੀਤ ਕੁਮਾਰ ਨਾਂ ਦਾ ਨੌਜਵਾਨ ਹਿਰਾਸਤੀ ਤਸੀਹੇ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਕੋਰੋਨਾ ਮਹਾਮਾਰੀ ਦੌਰਾਨ ਵੀ ਤਾਮਿਲਨਾਡੂ ਪੁਲਿਸ ਵੱਲੋਂ ਪਿਹਿਰਾਸਤ ਦੌਰਾਨ ਇਨ੍ਹਾਂ ਕਾਰਕੁਨਾਂ ਨੂੰ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ। ਉਨ੍ਹਾਂ ਨੂੰ ਨੰਗੇ ਕਰਕੇ ਬੇਤਹਾਸ਼ਾ ਕੁੱਟਮਾਰ ਕੀਤੀ ਗਈ, ਬਿਜਲੀ ਦੇ ਝਟਕੇ ਦਿੱਤੇ ਗਏ ਅਤੇ ਉਨ੍ਹਾਂ ਦੇ ਸਿਰ ਟਾਇਲਟ ਵਿਚ ਧੱਕ ਕੇ ਬੁਰੀ ਤਰ੍ਹਾਂ ਜ਼ਲੀਲ ਕੀਤਾ ਗਿਆ। ਲੜਕੀ ਨੂੰ ਧਮਕੀਆਂ ਦਿੱਤੀਆਂ ਗਈਆਂ ਕਿ ਜੇ ਉਸ ਨੇ ਆਪਣੀਆਂ ਸਰਗਰਮੀਆਂ ਬੰਦ ਨਾ ਕੀਤੀਆਂ ਤਾਂ ਉਨ੍ਹਾਂ ਦੇ ਗੁਪਤ ਅੰਗਾਂ 'ਚ ਰਾਡਾਂ ਧੱਕ ਦਿੱਤੀਆਂ ਜਾਣਗੀਆਂ ਯਾਨੀ ਉਨ੍ਹਾਂ ਨਾਲ ਬਲਾਤਕਾਰ ਕੀਤੇ ਜਾਣਗੇ। ਇਹ ਉਸ ਭਾਰਤੀ ਰਾਜ ਦਾ ਹੋਣਹਾਰ ਲੜਕੇ-ਲੜਕੀਆਂ ਨਾਲ ਵਿਹਾਰ ਕਰਨ ਦਾ ਨਮੂਨਾ ਹੈ, ਜਿਸਦੀ ਹਕੂਮਤ ਦਾਅਵਾ ਕਰਦੀ ਹੈ ਕਿ ਜਮਹੂਰੀਅਤ ਤਾਂ ਉਨ੍ਹਾਂ ਦੇ ਡੀ.ਐੱਨ.ਏ. ਵਿਚ ਹੈ। ਇਹ ਭਾਰਤੀ ਸੰਵਿਧਾਨ ਅਤੇ ਅੰਤਰਰਾਸ਼ਟਰੀ ਕਨਵੈਨਸ਼ਨਾਂ ਵਿਚ ਗਾਰੰਟੀ ਦਿੱਤੇ ਨਾਗਰਿਕ ਹੱਕਾਂ ਦੀ ਸਿੱਧੀ ਉਲੰਘਣਾ ਹੈ।

ਹਾਲੇ ਤੱਕ ਉਨ੍ਹਾਂ ਨੂੰ ਇਸ ਤਰ੍ਹਾਂ ਹਿਰਾਸਤ ਵਿਚ ਲਏ ਜਾਣ ਦਾ ਕੋਈ ਸਰਕਾਰੀ ਪੱਖ ਤਾਂ ਸਾਹਮਣੇ ਨਹੀਂ ਆਇਆ। ਪਰ ਇਹ ਸਪਸ਼ਟ ਹੈ ਕਿ ਹਕੂਮਤ ਉਨ੍ਹਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ। ਉਹ ਲੰਮੇ ਸਮੇਂ ਤੋਂ ਸਟੇਟ ਦੇ ਨਿਸ਼ਾਨੇ 'ਤੇ ਸਨ। ਕਿਉਂਕਿ ਉਹ ਸਰਕਾਰ ਦੀਆਂ ਨੀਤੀਆਂ ਵਿਰੁੱਧ ਆਵਾਜ਼ ਉਠਾ ਰਹੇ ਸਨ। ਉਹ ਆਦਿਵਾਸੀ ਇਲਾਕਿਆਂ ਵਿਚ ਚੱਲ ਰਹੇ ਕਤਲੇਆਮ ਵਿਰੁੱਧ ਨਾਗਰਿਕਾਂ ਨੂੰ ਸੁਚੇਤ ਕਰਨ ਲਈ ਜਨਤਕ ਰਾਇ ਉਸਾਰਨ ਲਈ ਜਨਤਕ ਇਕੱਠ ਆਯੋਜਤ ਕਰ ਰਹੇ ਸਨ। ਉਨ੍ਹਾਂ ਉੱਪਰ ਕੀਤੇ ਇਸ ਦਹਿਸ਼ਤ ਪਾਊ ਤਸ਼ੱਦਦ ਦਾ ਸਪਸ਼ਟ ਮਨੋਰਥ ਜੁਝਾਰੂ ਵਿਦਿਆਰਥੀਆਂ-ਨੌਜਵਾਨਾਂ ਦੇ ਸਵੈਮਾਣ ਨੂੰ ਕੁਚਲਣਾ ਅਤੇ ਉਨ੍ਹਾਂ ਦੀ ਜ਼ੁਬਾਨਬੰਦੀ ਕਰਨਾ ਹੈ। ਉਨ੍ਹਾਂ ਦੇ ਪਰਿਵਾਰਾਂ ਨੂੰ ਤੰਗ ਕੀਤਾ ਗਿਆ ਅਤੇ ਦਿੱਲੀ ਤੋਂ ਬਾਹਰਲੇ ਵਿਦਿਆਰਥੀਆਂ ਤੋਂ ਇਹ ਲਿਖਤੀ ਲਿਆ ਗਿਆ ਕਿ ਉਹ ਮੁੜ ਦਿੱਲੀ ਵਿਚ ਪੈਰ ਨਹੀਂ ਪਾਉਣਗੇ! ਪੜ੍ਹਾਈ ਪੂਰੀ ਕਰ ਚੁੱਕੀ ਲੜਕੀ ਬਾਦਲ ਨੇ ਦੱਸਿਆ, 'ਮੈਨੂੰ ਮੇਰੇ ਪਿਤਾ ਜੀ ਤੋਂ ਖਾਲੀ ਕਾਗ਼ਜ਼ 'ਤੇ ਜਬਰੀ ਦਸਤਖ਼ਤ ਕਰਵਾਏ ਜਾਣ ਤੋਂ ਬਾਅਦ ਹੀ ਛੱਡਿਆ ਗਿਆ, ਜਿਸ 'ਚ ਲਿਖਵਾਇਆ ਗਿਆ ਕਿ ਮੈਂ ਕਦੇ ਵੀ ਦਿੱਲੀ ਵਿਚ ਪੈਰ ਨਹੀਂ ਰੱਖਾਂਗੀ, ਕਿਸੇ ਰਾਜਨੀਤਕ ਸਰਗਰਮੀ ਵਿਚ ਹਿੱਸਾ ਨਹੀਂ ਲਵਾਂਗੀ, ਅਤੇ ਦਿੱਲੀ ਵਿਚ ਕਿਸੇ ਨਾਲ ਗੱਲ ਵੀ ਨਹੀਂ ਕਰਾਂਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਮੈਂ ਕਦੇ ਵਾਪਸ ਆਈ ਤਾਂ ਮੇਰੇ ਪਿਤਾ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਨੇ ਇਹ ਵੀ ਆਦੇਸ਼ ਦਿੱਤਾ ਕਿ ਮੈਂ ਆਪਣੇ ਮਾਪਿਆਂ ਦੇ ਨਾਲ ਹੀ ਰਹਾਂਗੀ, ਇਸ ਕਰਕੇ ਹੁਣ ਮੈਂ ਪੜ੍ਹਾਈ ਲਈ ਹੋਰ ਰਾਜਾਂ ਵਿਚ ਵੀ ਨਹੀਂ ਜਾ ਸਕਦੀ।' ਐਡਵੋਕੇਟ ਏਹਤਿਮਾਮ ਮੁਸਲਮਾਨ ਹੋਣ ਕਾਰਨ ਉਸ ਨੂੰ ਪੁਲਿਸ ਅਧਿਕਾਰੀਆਂ ਦੀ ਜ਼ੁਬਾਨ ਤੋਂ ਮੁਸਲਮਾਨਾਂ ਵਿਰੋਧੀ ਗਾਲ੍ਹਾਂ ਦਾ ਸੰਤਾਪ ਵੀ ਝੱਲਣਾ ਪਿਆ। ਇਹ ਸੱਤਾ ਦੀਆਂ ਨੀਤੀਆਂ ਉੱਪਰ ਸਵਾਲ ਉਠਾਉਣ ਦਾ ਮੁੱਲ ਹੈ ਜੋ ਇਨ੍ਹਾਂ ਹੋਣਹਾਰ ਨੌਜਵਾਨਾਂ ਨੂੰ ਚੁਕਾਉਣਾ ਪਿਆ ਹੈ।

ਉਨ੍ਹਾਂ ਦੀ ਰਿਹਾਈ ਹੁੰਦੇ ਸਾਰ ਹੀ ਇਕ ਹੋਰ ਮਾਮਲਾ ਸਾਹਮਣੇ ਆਇਆ ਕਿ ਜ਼ਾਕਿਰ ਹੁਸੈਨ ਕਾਲਜ, ਦਿੱਲੀ ਯੂਨੀਵਰਸਿਟੀ ਦਾ ਫ਼ਿਲਾਸਫ਼ੀ ਵਿਭਾਗ ਦਾ ਵਿਦਿਆਰਥੀ ਰੁਦਰ ਵੀ 19 ਜੁਲਾਈ 2025 ਦੀ ਸਵੇਰ ਤੋਂ ਲਾਪਤਾ ਹੈ। ਰੁਦਰ 'ਨਜ਼ਰੀਆ' ਨਾਂ ਦੇ ਇਨਕਲਾਬੀ ਮੈਗਜ਼ੀਨ ਨਾਲ ਜੁੜਿਆ ਹੋਇਆ ਸੀ। ਉਹ ਕੋਲਕਾਤਾ ਦੇ ਹਾਵੜਾ ਰੇਲਵੇ ਸਟੇਸ਼ਨ ਤੋਂ ਟਰੇਨ ਲੈ ਕੇ ਦਿੱਲੀ ਆਇਆ ਸੀ। ਉਹ ਸਵੇਰ ਵੇਲੇ ਲੱਗਭੱਗ 7:40 ਵਜੇ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਉੱਤਰਿਆ। ਉੱਥੋਂ ਉਸਨੇ ਆਪਣੇ ਇਕ ਮਿੱਤਰ ਨੂੰ ਫ਼ੋਨ ਕਰਕੇ ਆਪਣੇ ਆਉਣ ਦੀ ਸੂਚਨਾ ਦਿੱਤੀ। ਰੇਲਵੇ ਸਟੇਸ਼ਨ ਤੋਂ ਆਪਣੀ ਰਿਹਾਇਸ਼ ਲਈ ਰਵਾਨਾ ਹੋਣ ਤੋਂ ਬਾਅਦ ਉਹ ਲਾਪਤਾ ਹੋ ਗਿਆ। ਪਰਿਵਾਰ ਨਾਲ ਉਸਦਾ ਆਖ਼ਰੀ ਸੰਪਰਕ ਸਵੇਰੇ 7 ਵਜੇ ਇਕ ਮੈਸੇਜ ਰਾਹੀਂ ਹੋਇਆ ਸੀ, ਉਸ ਤੋਂ ਬਾਅਦ ਉਸ ਦਾ ਫੋਨ ਬੰਦ ਹੋ ਗਿਆ । ਉਹ ਕਿੱਥੇ ਹੈ, ਕਿਸ ਹਾਲਤ ਵਿਚ ਹੈ, ਦੋ ਦਿਨ ਤੱਕ ਇਸਦੀ ਕੋਈ ਜਾਣਕਾਰੀ ਨਾ ਮਿਲੀ। ਇਹ ਘਟਨਾ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਹੋਰ ਕਾਰਕੁਨਾਂ ਨੂੰ ਗੈਰਕਾਨੂੰਨੀ ਹਿਰਾਸਤ ਵਿਚ ਲਏ ਜਾਣ ਦੇ ਪਿਛੋਕੜ ਵਿਚ ਵਾਪਰੀ ਹੋਣ ਕਾਰਨ ਬਾਅਦ ਵਿਚ ਇਹ ਖਦਸ਼ਾ ਸੱਚ ਸਾਬਤ ਹੋਇਆ ਕਿ ਉਸ ਨੂੰ ਵੀ ਬਿਨਾਂ ਕਿਸੇ ਕਾਨੂੰਨੀ ਕਾਰਵਾਈ ਦੇ ਚੁੱਕ ਲਿਆ ਗਿਆ ਹੋਵੇਗਾ। ਉਸ ਨੂੰ 21 ਜੁਲਾਈ ਨੂੰ ਛੱਡਿਆ ਗਿਆ। ਉਸ ਨੂੰ ਹਿਰਾਸਤ ਵਿਚ ਲਏ ਜਾਣ ਦੀ ਜਾਣਕਾਰੀ ਉਸਦੇ ਪਰਿਵਾਰ ਨੂੰ ਨਹੀਂ ਦਿੱਤੀ ਗਈ। ਇਸ ਦੌਰਾਨ 'ਨਜ਼ਰੀਆ' ਮੈਗਜ਼ੀਨ ਦੀ ਪ੍ਰਕਾਸ਼ਕ ਲੜਕੀ ਵਲਿਕਾ ਵਰਸ਼ੀ ਦੇ ਲਾਪਤਾ ਹੋਣ ਦੀ ਖ਼ਬਰ ਵੀ ਆਈ। ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੈ ਕਿ ਉਸ ਦੀ ਕੀ ਸਥਿਤੀ ਹੈ। ਇਹ ਕਾਰਕੁਨ, ਜਿਨ੍ਹਾਂ ਵਿਚ ਬਹੁਤ ਹੀ ਜ਼ਹੀਨ ਅਤੇ ਸੰਵੇਦਨਸ਼ੀਲ ਵਿਦਿਆਰਥਣਾਂ ਵੀ ਹਨ, ਭਗਤ ਸਿੰਘ ਛਾਤਰ ਏਕਤਾ ਮੰਚ, ਫੋਰਮ ਅਗੇਂਸਟ ਕਾਰਪੋਰੇਟਾਈਜੇਸ਼ਨ ਐਂਡ ਮਿਲੀਟਰਾਈਜੇਸ਼ਨ ਅਤੇ 'ਨਜ਼ਰੀਆ' ਮੈਗਜ਼ੀਨ ਨਾਲ ਕੰਮ ਕਰ ਰਹੇ ਹਨ। ਇਨ੍ਹਾਂ ਕਾਰਕੁਨਾਂ ਨੂੰ 'ਸ਼ਹਿਰੀ ਨਕਸਲੀ' ਦਾ ਕੋਈ ਝੂਠਾ ਕੇਸ ਬਣਾ ਕੇ ਉਸ ਵਿਚ ਉਲਝਾਏ ਜਾਣ ਦਾ ਖ਼ਦਸ਼ਾ ਬਣਿਆ ਹੋਇਆ ਹੈ।

ਜਿਵੇਂ ਦਿੱਲੀ ਆਧਾਰਤ ਨੌਜਵਾਨ-ਵਿਦਿਆਰਥੀ ਅਤੇ ਹੋਰ ਜਮਹੂਰੀ ਜਥੇਬੰਦੀਆਂ ਦੇ ਸਾਂਝੇ ਮੰਚ ਕੈਂਪੇਨ ਅਗੇਂਸਟ ਸਟੇਟ ਰਿਪਰੈਸ਼ਨ ਨੇ ਕਿਹਾ ਹੈ, ਇਹ ਦਰਅਸਲ ਭਾਜਪਾ ਦੇ 'ਸੂਰਜਕੁੰਡ ਮੰਥਨ' ਵਿਚ ਤੈਅ ਕੀਤੀ ਫਾਸ਼ੀਵਾਦੀ ਯੁੱਧਨੀਤੀ ਦਾ ਹਿੱਸਾ ਹੈ ਜਿਸ ਵਿਚ ਐਲਾਨ ਕੀਤਾ ਗਿਆ ਕਿ 'ਕਲਮਧਾਰੀ ਨਕਸਲੀਆਂ' ਨਾਲ ਵੀ ਜੰਗਲਾਂ ਵਿਚਲੇ 'ਬੰਦੂਕਧਾਰੀ ਨਕਸਲੀਆਂ' ਵਾਂਗ ਹੀ ਨਜਿੱਠਿਆ ਜਾਵੇਗਾ। ਸੱਤਾ ਵਿਚ ਆਉਣ ਤੋਂ ਬਾਅਦ ਆਰ.ਐੱਸ.ਐੱਸ.-ਭਾਜਪਾ ਨੇ ਭਾਰਤ ਅੱਗੇ 'ਨਵੀਂ ਖੋਜ' ਪੇਸ਼ ਕੀਤੀ ਕਿ ਮੁਲਕ ਵਿਚ ਜਿਹੜੇ ਵੀ ਲੇਖਕ, ਕਵੀ, ਪੱਤਰਕਾਰ, ਵਕੀਲ, ਅਕਾਦਮਿਕ, ਹੱਕਾਂ ਦੇ ਕਾਰਕੁਨ, ਵਿਦਿਆਰਥੀ ਯਾਨੀ ਨਾਗਰਿਕਾਂ ਦੇ ਸੰਵਿਧਾਨਕ ਤੇ ਜਮਹੂਰੀ ਹੱਕਾਂ ਬਾਰੇ ਜਾਗਰੂਕ ਹਿੱਸੇ ਹਕੂਮਤ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਉੱਪਰ ਸਵਾਲ ਉਠਾਉਂਦੇ ਹਨ, ਖ਼ਾਸ ਕਰਕੇ ਜੋ ਜੰਗਲਾਂ-ਪਹਾੜਾਂ ਵਿਚਲੇ ਕੁਦਰਤੀ ਵਸੀਲਿਆਂ ਉੱਪਰ ਵੱਡੇ ਕਾਰਪੋਰੇਟ ਘਰਾਣਿਆਂ ਦਾ ਜਬਰੀ ਕਬਜ਼ਾ ਕਰਾਉਣ ਲਈ ਆਦਿਵਾਸੀ ਇਲਾਕਿਆਂ ਵਿਚ ਕੀਤੇ ਜਾ ਰਹੇ ਕਤਲੇਆਮ ਜਾਂ ਘੱਟਗਿਣਤੀਆਂ ਉੱਪਰ ਫਿਰਕੂ ਹਮਲਿਆਂ ਦਾ ਵਿਰੋਧ ਕਰਦੇ ਹਨ, ਉਹ ਸਾਰੇ 'ਸ਼ਹਿਰੀ ਨਕਸਲੀ' ਹਨ। 2018 'ਚ ਭੀਮਾ-ਕੋਰੇਗਾਉਂ ਸਾਜ਼ਿਸ਼ ਕੇਸ ਘੜ ਕੇ ਇਨ੍ਹਾਂ ਸ਼ਹਿਰੀ ਨਕਸਲੀਆਂ ਨੂੰ ਬਦਨਾਮ ਕਾਨੂੰਨ, ਯੂ.ਏ.ਪੀ.ਏ. ਲਗਾ ਕੇ ਜੇਲ੍ਹਾਂ ਵਿਚ ਡੱਕਣ ਦਾ ਸਿਲਸਿਲਾ ਸ਼ੁਰੂ ਹੋਇਆ ਜਿਸ ਦੇ ਤਹਿਤ ਗ੍ਰਿਫ਼ਤਾਰ ਕੀਤੇ ਬਹੁਤ ਸਾਰੇ ਉੱਘੇ ਕਾਰਕੁਨ ਅਤੇ ਉਮਰ ਖ਼ਾਲਿਦ, ਗੁਲਫ਼ਿਸ਼ਾਂ ਫਾਤਿਮਾ ਵਰਗੇ ਹੋਣਹਾਰ ਲੜਕੇ ਲੜਕੀਆਂ ਕਈ ਕਈ ਸਾਲ ਤੋਂ ਬਿਨਾਂ ਜ਼ਮਾਨਤ, ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਬੰਦ ਹਨ। ਕੁਝ ਜ਼ਮਾਨਤ ਦੇਣ ਤੋਂ ਬਾਅਦ ਜੇਲ੍ਹ ਤੋਂ ਬਾਹਰ ਪੁਲਿਸ ਦੀ ਨਿਗਰਾਨੀ ਹੇਠ ਨਜ਼ਰਬੰਦ ਹਨ।

ਭਗਵਾ ਹੁਕਮਰਾਨ ਅਕਸਰ ਹੀ ਇਹ ਦਲੀਲ ਦਿੰਦੇ ਦੇਖੇ ਜਾ ਸਕਦੇ ਹਨ ਕਿ ਮਾਓਵਾਦੀ ਸੰਵਿਧਾਨ ਨੂੰ ਨਹੀਂ ਮੰਨਦੇ, ਇਸ ਲਈ ਉਨ੍ਹਾਂ ਨੂੰ ਘੇਰ-ਘੇਰ ਕੇ ਮੁਕਾਬਲਿਆਂ 'ਚ ਮਾਰ ਦਿੱਤਾ ਜਾਵੇਗਾ। ਪਰ ਕੀ ਭਾਰਤੀ ਹੁਕਮਰਾਨ ਸੰਵਿਧਾਨ ਨੂੰ ਮੰਨਦੇ ਹਨ? ਭਾਰਤੀ ਸੰਵਿਧਾਨ ਦੇ ਆਰਟੀਕਲ 21 ਤਹਿਤ ਨਾਗਰਿਕ ਦੀ ਜ਼ਿੰਦਗੀ ਅਤੇ ਮਾਣ-ਸਨਮਾਨ ਦੀ ਗਾਰੰਟੀ ਦਿੱਤੀ ਗਈ ਹੈ। ਡੀ.ਕੇ. ਬਸੂ ਬਨਾਮ ਪੱਛਮੀ ਬੰਗਾਲ ਰਾਜ (1997) ਕੇਸ ਬਾਰੇ ਆਪਣੇ ਫ਼ੈਸਲੇ ਵਿਚ ਸੁਪਰੀਮ ਕੋਰਟ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਵਾਲੇ ਨਾਗਰਿਕ ਦੇ ਕਾਨੂੰਨੀ ਹੱਕਾਂ ਬਾਰੇ ਸਪਸ਼ਟ ਦਿਸ਼ਾ-ਨਿਰਦੇਸ਼ ਤੈਅ ਕੀਤੇ ਗਏ। ਪਰ ਹਕੂਮਤ ਦੇ ਇਸ਼ਾਰੇ 'ਤੇ ਪੁਲਿਸ ਉਪਰੋਕਤ ਸੰਵਿਧਾਨਕ ਹੱਕ ਅਤੇ ਦਿਸ਼ਾ-ਨਿਰਦੇਸ਼ਾਂ ਦੀਆਂ ਬੇਖ਼ੌਫ਼ ਹੋ ਕੇ ਧੱਜੀਆਂ ਉਡਾਉਂਦੀ ਹੈ। ਕਿਉਂਕਿ ਜੇਕਰ ਇਹ ਅਧਿਕਾਰ ਦੇ ਦਿੱਤੇ ਜਾਣਗੇ ਤਾਂ ਹਕੂਮਤ ਅਤੇ ਪੁਲਿਸ ਦਾ ਗ਼ੈਰਕਾਨੂੰਨੀ ਹਿਰਾਸਤ ਵਿਚ ਲੈਣ ਦਾ ਮਨੋਰਥ ਹੀ ਪੂਰਾ ਨਹੀਂ ਹੋਵੇਗਾ। ਇਸੇ ਕਰਕੇ ਗ਼ੈਰਕਾਨੂੰਨੀ ਹਿਰਾਸਤ, ਹਿਰਾਸਤ ਵਿਚ ਤਸੀਹਿਆਂ ਅਤੇ ਹਿਰਾਸਤੀ ਕਤਲਾਂ ਦੀਆਂ ਘਟਨਾਵਾਂ ਕੋਈ ਇੱਕਾ-ਦੁੱਕਾ ਆਪਮੁਹਾਰੀਆਂ ਘਟਨਾਵਾਂ ਨਹੀਂ ਹਨ। ਇਹ ਯੋਜਨਾਬੱਧ ਨੀਤੀ ਦਾ ਹਿੱਸਾ ਹਨ ਜਿਸਦਾ ਮਕਸਦ ਸਵਾਲ ਕਰਨ ਵਾਲਿਆਂ ਦਾ ਮਨੋਬਲ ਤੋੜਨਾ, ਉਨ੍ਹਾਂ ਉੱਪਰ ਹਕੂਮਤੀ ਦਹਿਸ਼ਤਵਾਦ ਦੀ ਛਾਪ ਛੱਡਣਾ, ਉਨ੍ਹਾਂ ਨੂੰ ਮਿਸਾਲ ਬਣਾ ਕੇ ਬਾਕੀਆਂ ਨੂੰ ਖ਼ੌਫ਼ਜ਼ਦਾ ਕਰਨਾ ਤੇ ਚੁੱਪ ਕਰਾਉਣਾ ਹੈ। ਵਿਦਿਆਰਥੀ ਕਾਰਕੁਨਾਂ ਨਾਲ ਹਿਰਾਸਤ ਵਿਚ ਕੀਤੇ ਗਏ ਸਲੂਕ ਤੋਂ ਇਸ ਨੂੰ ਸਾਫ਼ ਸਮਝਿਆ ਜਾ ਸਕਦਾ ਹੈ। ਮੁਲਕ ਦੇ ਨਿਆਂਪਸੰਦ ਲੋਕਾਂ ਸਾਹਮਣੇ ਸਵਾਲ ਇਹ ਹੈ ਕਿ ਸੱਤਾ ਦੀਆਂ ਮਨਮਾਨੀਆਂ ਅਤੇ ਪੁਲਿਸ ਦੇ ਇਸ ਜਾਬਰ ਵਿਹਾਰ ਨੂੰ ਠੱਲ ਪਾਉਣ ਲਈ ਵਿਸ਼ਾਲ ਲੋਕ-ਚੇਤਨਾ ਕਿਵੇਂ ਬਣੇ? ਇਸ ਵਰਤਾਰੇ ਵਿਰੁੱਧ ਜ਼ਬਰਦਸਤ ਲੋਕ ਆਵਾਜ਼ ਉੱਠੇ ਜੋ ਸਟੇਟ ਨੂੰ ਉਨ੍ਹਾਂ ਹੱਕਾਂ ਅਤੇ ਕਾਨੂੰਨੀ ਗਾਰੰਟੀਆਂ ਦੀ ਪਾਬੰਦ ਬਣਾਵੇ ਜੋ ਸੰਵਿਧਾਨ ਅਤੇ ਅੰਤਰਰਾਸ਼ਟਰੀ ਕਨਵੈਨਸ਼ਨਾਂ ਵਿਚ ਦਰਜ ਹਨ।

# ਤਿੰਨ ਸਾਲ ਤੋਂ ਜੇਲ੍ਹ ਵਿਚ ਬੰਦ ਪੱਤਰਕਾਰ ਰੂਪੇਸ਼ ਕੁਮਾਰ ਸਿੰਘ

*ਝਾਰਖੰਡ ਤੋਂ ਲੋਕਪੱਖੀ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਸੱਚੀ ਪੱਤਰਕਾਰੀ ਦੀ ਮਿਸਾਲ ਹਨ ਅਤੇ ਇਸੇ ਦਾ ਖ਼ਮਿਆਜ਼ਾ ਉਨ੍ਹਾਂ ਨੂੰ ਭੁਗਤਣਾ ਪਿਆ ਹੈ। ਉਨ੍ਹਾਂ ਦੀ ਜੀਵਨ-ਸਾਥਣ ਇਪਸਾ ਸਤਾਖਸ਼ੀ ਵੱਲੋਂ ਉਸਦੀ ਜੇਲ੍ਹਬੰਦੀ ਦੇ ਤਿੰਨ ਸਾਲ ਪੂਰੇ ਹੋਣ 'ਤੇ ਲਿਖੇ ਭਾਵਪੂਰਤ ਸ਼ਬਦ ਹਕੂਮਤੀ ਦਹਿਸ਼ਤਵਾਦ ਵਿਰੁੱਧ ਅਤੇ ਪ੍ਰੈੱਸ ਦੀ ਆਜ਼ਾਦੀ ਲਈ ਖੜ੍ਹਨ ਵਾਲਿਆਂ ਨੂੰ ਪ੍ਰੇਰਣਾ ਦਿੰਦੇ ਹਨ। – ਸੰਪਾਦਕ॥*

**ਇਪਸਾ ਸਤਾਖਸ਼ੀ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

17 ਜੁਲਾਈ 2025 ਨੂੰ ਲੋਕਪੱਖੀ, ਨਿਰਭੈ, ਬਹਾਦਰ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਦੀ ਜੇਲ੍ਹ ਜ਼ਿੰਦਗੀ ਦੇ ਤਿੰਨ ਸਾਲ ਪੂਰੇ ਹੋ ਗਏ ਹਨ। 17 ਜੁਲਾਈ 2022 ਨੂੰ, ਰੂਪੇਸ਼ ਕੁਮਾਰ ਸਿੰਘ ਨੂੰ ਝਾਰਖੰਡ ਦੇ ਸਰਾਇਕੇਲਾ-ਖਰਸਾਂਵਾ ਦੇ ਇਕ 9 ਮਹੀਨੇ ਪੁਰਾਣੇ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਜਿਸਦੀ ਐੱਫ.ਆਈ.ਆਰ. ਵਿਚ ਰੂਪੇਸ਼ ਦਾ ਨਾਮ ਨਹੀਂ ਹੈ। ਗ੍ਰਿਫ਼ਤਾਰੀ ਤਾਂ ਇਕ ਕੇਸ ਵਿਚ ਕੀਤੀ ਗਈ ਸੀ, ਪਰ ਇਸਦੇ ਬਾਅਦ ਲਗਾਤਾਰ 3 ਹੋਰ ਕੇਸ ਉਨ੍ਹਾਂ ਉੱਪਰ ਪਾ ਦਿੱਤੇ ਗਏ। ਰੂਪੇਸ਼ ਕੁਮਾਰ ਸਿੰਘ 'ਤੇ ਹੁਣ ਕੁਲ 5 ਕੇਸ ਹਨ, ਜਿਨ੍ਹਾਂ ਵਿਚੋਂ 3 ਕੇਸਾਂ ਵਿਚ ਉਨ੍ਹਾਂ ਦਾ ਨਾਮ ਐੱਫ.ਆਈ.ਆਰ. ਵਿਚ ਨਹੀਂ ਹੈ। ਇਨ੍ਹਾਂ 5 ਕੇਸਾਂ ਵਿਚੋਂ 2 ਬਿਹਾਰ ਦੇ ਅਤੇ 3 ਝਾਰਖੰਡ ਦੇ।

ਇਨ੍ਹਾਂ 5 ਕੇਸਾਂ ਵਿਚੋਂ ਇਕ ਕੇਸ 4 ਜੂਨ 2019 ਦਾ ਹੈ, ਜਦੋਂ ਬਦਨੀਅਤ ਨਾਲ ਉਨ੍ਹਾਂ ਦਾ ਪ੍ਰਸ਼ਾਸਨਿਕ ਅਪਹਰਣ ਕੀਤਾ ਗਿਆ ਸੀ। ਰੂਪੇਸ਼ ਦੇ ਲਾਪਤਾ ਹੋਣ 'ਤੇ ਸੰਬੰਧਤ ਥਾਣੇ ਵਿਚ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ ਗਈ ਅਤੇ ਸੋਸ਼ਲ ਮੀਡੀਆ 'ਤੇ ਕੇਸ ਨੂੰ ਉਜਾਗਰ ਕੀਤੇ ਜਾਣ 'ਤੇ ਜਲਦਬਾਜ਼ੀ ਵਿਚ ਉਨ੍ਹਾਂ ਦੇ ਨਾਲ ਦੋ ਹੋਰ ਵਿਅਕਤੀਆਂ (ਇਕ ਰੂਪੇਸ਼ ਦੇ ਰਿਸ਼ਤੇਦਾਰ ਅਤੇ ਦੂਜਾ ਉਨ੍ਹਾਂ ਦੇ ਡਰਾਈਵਰ) ਦੇ ਨਾਮ 6 ਜੂਨ ਨੂੰ ਐੱਫ.ਆਈ.ਆਰ. ਵਿਚ ਦਰਜ ਕਰਕੇ ਕੇਸ ਬਣਾਇਆ ਗਿਆ ਸੀ। ਪਰ 180 ਦਿਨਾਂ ਦੀ ਤੈਅ ਸੀਮਾ ਵਿਚ ਚਾਰਜਸ਼ੀਟ ਦਾਖ਼ਲ ਨਾ ਹੋਣ ਦਾ ਫ਼ਾਇਦਾ ਮਿਲਣ ਕਰਕੇ ਉਨ੍ਹਾਂ ਨੂੰ 'ਡਿਫੌਲਟ ਬੇਲ' 'ਤੇ ਰਿਹਾ ਕਰ ਦਿੱਤਾ ਗਿਆ ਸੀ।

ਫਿਰ 17 ਜੁਲਾਈ 2022 ਨੂੰ ਉਨ੍ਹਾਂ ਨੂੰ ਝਾਰਖੰਡ ਦੇ ਰਾਮਗੜ੍ਹ ਸਥਿਤ ਘਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਹੌਲੀ-ਹੌਲੀ ਤਿੰਨ ਹੋਰ ਕੇਸ ਪਾ ਦਿੱਤੇ ਗਏ। ਕਾਰਨ ਦੱਸਿਆ ਗਿਆ- ਮਾਓਵਾਦੀ ਸੰਬੰਧ। ਇਨ੍ਹਾਂ ਵਿਚੋਂ ਦੋ ਕੇਸਾਂ ਵਿਚ ਜ਼ਮਾਨਤ ਮਿਲ ਗਈ ਹੈ, ਅਤੇ ਇਕ ਕੇਸ 27 ਜਨਵਰੀ 2025 ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ। ਬਾਕੀ ਬਚੇ ਇਕ ਕੇਸ ਵਿਚ, ਜਿਸਨੂੰ ਐੱਨ.ਆਈ.ਏ. ਨੇ ਆਪਣੇ ਕਬਜ਼ੇ ਵਿਚ ਲੈ ਲਿਆ ਹੈ, ਸਾਡੀ ਤਰਫ਼ੋਂ ਜ਼ਮਾਨਤ ਲਈ ਅਰਜ਼ੀ ਨਹੀਂ ਲਗਾਈ ਗਈ ਹੈ।




ਰੂਪੇਸ਼ ਅਜਿਹੇ ਇਨਸਾਨ ਹਨ ਜੋ ਆਪਣੇ

*(ਬਾਕੀ ਅਗਲੇ ਸਫੇ 'ਤੇ)*

# ਪੱਛਮੀ ਅਫ਼ਰੀਕਾ ਦਾ ਕ੍ਰਾਂਤੀਕਾਰੀ ਨੌਜਵਾਨ - ਕੈਪਟਨ ਇਬਰਾਹੀਮ ਤਰਾਓਰੇ

ਬੁਰਕੀਨਾ ਫ਼ਾਸੋ, ਜੋ ਪੱਛਮੀ ਅਫ਼ਰੀਕਾ ਦਾ ਖਣਿਜ ਸੰਪੰਨ ਦੇਸ਼ ਹੈ, ਲੰਬੇ ਸਮੇਂ ਤੱਕ ਵਿਦੇਸ਼ੀ ਸ਼ਕਤੀਆਂ ਦੀ ਲੁੱਟ ਦਾ ਅੱਡਾ ਬਣਿਆ ਰਿਹਾ। 19ਵੀਂ ਸਦੀ ਦੇ ਅਖ਼ੀਰ ਵਿਚ, ਫ਼ਰਾਂਸ ਨੇ ਇਸ ਖੇਤਰ ਨੂੰ ਆਪਣੀਆਂ ਨਵੀਆਂ ਬਸਤੀਆਂ ਵਿਚ ਸ਼ਾਮਲ ਕਰ ਲਿਆ। ਸੋਨੇ ਦੀਆਂ ਖਾਣਾਂ ਅਤੇ ਉਪਜਾਊ ਜ਼ਮੀਨਾਂ ਨੂੰ ਮੂਲ ਮਾਲਕਾਂ ਤੋਂ ਖੋਹ ਕੇ, ਫ਼ਰਾਂਸੀਸੀ ਸ਼ਾਸਕਾਂ ਨੇ ਇੱਥੇ ਆਪਣਾ ਰਾਜ ਕਾਇਮ ਕੀਤਾ। ਇਸ



**ਮਦਨਦੀਪ ਸਿੰਘ**
**ਫੋਨ: 85918-59124**

ਦੇਸ਼ ਦੀ ਸੱਭਿਆਚਾਰਕ ਪਛਾਣ, ਭਾਸ਼ਾ ਅਤੇ ਆਤਮ-ਸਨਮਾਨ ਨੂੰ ਬੁਰੀ ਤਰ੍ਹਾਂ ਕੁਚਲਿਆ ਗਿਆ।

ਫ਼ਰਾਂਸੀਸੀ ਸੱਤਾ ਹੇਠਾਂ, ਬੁਰਕੀਨਾ ਦੇ ਵਾਸੀਆਂ ਨੂੰ ਇੱਕ ਸਦੀ ਤੋਂ ਵੱਧ ਸਮਾਂ ਗ਼ੁਲਾਮੀ ਝੱਲਣੀ ਪਈ। ਉਨ੍ਹਾਂ ਦੀ ਸੰਪੱਤੀ ਲੁੱਟ ਕੇ ਫ਼ਰਾਂਸ ਭੇਜੀ ਜਾਂਦੀ ਰਹੀ। ਇਸ ਜ਼ਮੀਨ ਦੇ ਮਾਲਕਾਂ ਨੂੰ ਮੰਦਹਾਲੀ ਅਤੇ ਅਣਪਛਾਣੀ ਜ਼ਿੰਦਗੀ ਵੱਲ ਧੱਕ ਦਿੱਤਾ ਗਿਆ। ਇਹ ਲੰਬਾ ਸਮਾਂ ਬੁਰਕੀਨਾ ਵਾਸੀਆਂ ਲਈ ਆਜ਼ਾਦੀ ਦੀ ਅੱਗ ਨੂੰ ਬਾਲਣ ਦਾ ਇਮਤਿਹਾਨ ਸੀ। ਪਰੰਤੂ, 20ਵੀਂ ਸਦੀ ਦੇ ਮੱਧ ਵਿਚ, ਜਦੋਂ ਆਜ਼ਾਦੀ ਦੀ ਲਹਿਰ ਨੇ ਪੂਰੇ ਅਫ਼ਰੀਕਾ ਵਿਚ ਜ਼ੋਰ ਫੜਿਆ, ਤਾਂ ਬੁਰਕੀਨਾ ਫ਼ਾਸੋ ਦੇ ਲੋਕਾਂ ਨੇ ਵੀ ਆਪਣੀ ਆਜ਼ਾਦੀ ਲਈ ਸੰਘਰਸ਼ ਤੇਜ਼ ਕਰ ਦਿੱਤਾ।

ਕੁਰਬਾਨੀਆਂ ਅਤੇ ਲੰਬੀ ਲੜਾਈ ਦੇ ਬਾਅਦ, 1960 ਵਿਚ ਬੁਰਕੀਨਾ ਫ਼ਾਸੋ ਨੇ ਫ਼ਰਾਂਸ ਤੋਂ ਆਜ਼ਾਦੀ ਦਾ ਝੰਡਾ ਲਹਿਰਾਇਆ। ਪਰੰਤੂ, ਇਹ ਇਤਿਹਾਸ ਸਿਰਫ਼ ਬੁਰਕੀਨਾ ਫ਼ਾਸੋ ਦੀ ਆਜ਼ਾਦੀ ਦੀ ਕਹਾਣੀ ਨਹੀਂ, ਸਗੋਂ ਉਨ੍ਹਾਂ ਸਾਰਿਆਂ ਲਈ ਸਬਕ ਹੈ ਜੋ ਖ਼ੁਦਮੁਖਤਿਆਰੀ ਲਈ ਸੰਘਰਸ਼ ਕਰ ਰਹੇ ਹਨ।

ਫ਼ਰਾਂਸ ਨੇ ਬੁਰਕੀਨਾ ਫ਼ਾਸੋ ਨੂੰ ਲਗਭਗ ਇੱਕ ਸਦੀ ਤੱਕ ਆਪਣੀ ਬਸਤੀ ਬਣਾਈ ਰੱਖਿਆ। 1960 ਵਿਚ ਆਜ਼ਾਦੀ ਮਿਲਣ ਤੋਂ ਬਾਅਦ ਵੀ, ਫ਼ਰਾਂਸੀਸੀ ਫ਼ੌਜ ਦਾ ਬੁਰਕੀਨਾ ਦੀ ਰਾਜਨੀਤਕ ਅਤੇ ਆਰਥਿਕ ਵਿਵਸਥਾ ਉੱਤੇ ਪ੍ਰਭਾਵ ਬਰਕਰਾਰ ਰਿਹਾ। ਇਹ ਪ੍ਰਭਾਵ ਦੇਸ਼ ਦੀ ਆਤਮ-ਨਿਰਭਰਤਾ ਵਿਚ ਵੱਡੀ ਰੁਕਾਵਟ ਬਣਿਆ ਰਿਹਾ।

ਪਰੰਤੂ, 2022 ਵਿਚ, ਜਦੋਂ ਨੌਜਵਾਨ ਕੈਪਟਨ ਇਬਰਾਹੀਮ ਤਰਾਓਰੇ ਨੇ ਸੱਤਾ ਸੰਭਾਲੀ, ਉਹ ਇੱਕ ਉਭਰਦਾ ਨੇਤਾ ਸੀ ਜਿਸਨੇ ਪੱਛਮੀ ਦਖ਼ਲ-ਅੰਦਾਜ਼ੀ ਅਤੇ ਉਪਨਿਵੇਸ਼ਵਾਦੀ ਸੋਚ ਤੋਂ ਮੁਕਤੀ ਦਾ ਸੁਪਨਾ ਦੇਖਿਆ ਸੀ। ਤਰਾਓਰੇ ਨੇ ਫ਼ਰਾਂਸੀਸੀ ਫ਼ੌਜੀ ਅੱਡੇ ਬੰਦ ਕਰ ਕੇ ਉਨ੍ਹਾਂ ਨੂੰ ਦੇਸ਼ ਵਿਚੋਂ ਕੱਢ ਦਿੱਤਾ। ਇਹ ਸਿਰਫ਼ ਇੱਕ ਰਣਨੀਤਕ ਕਦਮ ਨਹੀਂ ਸੀ, ਸਗੋਂ ਮਾਨਸਿਕ ਗ਼ੁਲਾਮੀ ਤੋਂ ਆਜ਼ਾਦੀ ਦਾ ਐਲਾਨ ਸੀ। ਫ਼ਰਾਂਸੀਸੀ ਭਾਸ਼ਾ, ਨੀਤੀਆਂ ਅਤੇ ਨਿਆਂ ਪ੍ਰਣਾਲੀ ਦੀ ਥਾਂ ਉਨ੍ਹਾਂ ਨੇ ਸਥਾਨਕ ਸੱਭਿਆਚਾਰ, ਰਵਾਇਤਾਂ ਅਤੇ ਭਾਸ਼ਾਵਾਂ ਨੂੰ ਮੁੜ ਸਥਾਪਿਤ ਕਰਨਾ ਸ਼ੁਰੂ ਕੀਤਾ।

ਇਨ੍ਹਾਂ ਤਬਦੀਲੀਆਂ ਨਾਲ ਸਿਰਫ਼ ਰਾਜਨੀਤਕ ਸੰਰਚਨਾ ਹੀ ਨਹੀਂ, ਸਗੋਂ ਆਰਥਿਕ ਨੀਤੀਆਂ ਵਿਚ ਵੀ ਵੱਡੇ ਬਦਲਾਅ ਆਏ। ਤਰਾਓਰੇ ਨੇ ਸੋਨੇ ਸਮੇਤ, ਖਣਿਜਾਂ ਦੀ ਸਾਂਭ ਸੰਭਾਲ ਲਈ ਕੌਮੀ ਮਾਈਨਿੰਗ ਕੰਪਨੀ ਸਥਾਪਿਤ ਕਰ ਕੇ ਸੋਨੇ ਦੇ ਖਜ਼ਾਨੇ ਨੂੰ ਵਿਦੇਸ਼ੀ ਕੰਪਨੀਆਂ ਤੋਂ ਬਚਾਇਆ ਅਤੇ ਦੇਸ਼ ਦੇ ਹਿੱਤ ਵਿਚ ਵਰਤੋਂ ਸ਼ੁਰੂ ਕੀਤੀ। ਆਈ.ਐਮ.ਐਫ. ਅਤੇ ਵਿਸ਼ਵ ਬੈਂਕ ਵਰਗੇ ਪੱਛਮੀ ਕਰਜ਼ਾ ਸੰਸਥਾਵਾਂ ਦੀ ਥਾਂ, ਦੇਸ਼ ਦੀ ਆਰਥਿਕ ਯੋਜਨਾ ਸਥਾਨਕ ਤੌਰ 'ਤੇ ਤਿਆਰ ਕੀਤੀ ਗਈ। ਉਨ੍ਹਾਂ ਨੇ ਮੰਤਰੀਆਂ ਦੀਆਂ ਤਨਖਾਹਾਂ ਘਟਾ ਕੇ ਆਮ ਲੋਕਾਂ ਅਤੇ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਵਧਾਈਆਂ। ਇਸ ਤਰ੍ਹਾਂ, ਇਸ ਨੌਜਵਾਨ ਰਾਸ਼ਟਰਪਤੀ ਨੇ ਦੇਸ਼ ਦੀ ਸੱਤਾ ਵਿਚ ਆਮ ਲੋਕਾਂ ਦੀ ਮਹੱਤਤਾ ਨੂੰ ਸਥਾਪਿਤ ਕੀਤਾ।

ਇਨ੍ਹਾਂ ਸਾਰੇ ਬਦਲਾਵਾਂ ਨੇ ਬੁਰਕੀਨਾ ਫ਼ਾਸੋ ਦੀ ਸੱਭਿਆਚਾਰਕ ਪਛਾਣ ਨੂੰ ਨਵਾਂ ਜੀਵਨ ਦਿੱਤਾ। ਅਦਾਲਤਾਂ ਵਿਚ ਪੱਛਮੀ ਵਰਦੀ ਦੀ ਥਾਂ ਜੱਜਾਂ ਲਈ ਰਵਾਇਤੀ ਲਿਬਾਸ ਲਾਗੂ ਕੀਤਾ ਗਿਆ, ਅਤੇ ਸਕੂਲਾਂ ਵਿਚ ਅਫ਼ਰੀਕੀ ਇਤਿਹਾਸ ਅਤੇ ਭਾਸ਼ਾਵਾਂ ਨੂੰ ਮੁੜ ਪੜ੍ਹਾਇਆ ਜਾਣ ਲੱਗਾ। ਇਹ ਤਬਦੀਲੀਆਂ ਇੱਕ ਆਤਮ-ਗੌਰਵ ਵਾਲੇ ਰਾਸ਼ਟਰ ਦੀ ਨਵੀਂ ਤਸਵੀਰ ਪੇਸ਼ ਕਰਦੀਆਂ ਹਨ।

ਇਸ ਦੇਸ਼ ਲਈ ਮਹੱਤਵਪੂਰਨ ਸਿਲਸਿਲਾ ਇਹ ਸ਼ੁਰੂ ਹੋਇਆ ਕਿ ਜੀ.ਡੀ.ਪੀ. ਵਧਣ ਲੱਗੀ, ਬਾਹਰੀ ਨਿਵੇਸ਼ਕ ਇੱਥੇ ਪੂੰਜੀ ਲਾਉਣ ਲਈ ਰੁਚਿਤ ਹੋਏ, ਅਤੇ ਸਭ ਤੋਂ ਵੱਡੀ ਗੱਲ, ਲੋਕਾਂ ਵਿਚ ਆਪਣੀ ਪਛਾਣ ਲਈ ਮਾਣ ਜਾਗਿਆ। ਇਬਰਾਹੀਮ ਤਰਾਓਰੇ ਨੂੰ ਬਹੁਤ ਸਾਰੇ ਅਫ਼ਰੀਕੀ ਨੌਜਵਾਨ 'ਅਫ਼ਰੀਕਾ ਦਾ ਚੇ ਗੁਵੇਰਾ' ਕਹਿ ਕੇ ਸਲਾਮ ਕਰਦੇ ਹਨ। ਹਾਲਾਂਕਿ ਉਨ੍ਹਾਂ ਦੀ ਸਰਕਾਰ ਨੂੰ ਅਜੇ ਵੀ ਦਹਿਸ਼ਤਗਰਦੀ ਅਤੇ ਅੰਦਰੂਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰੰਤੂ ਇੱਕ ਗੱਲ ਪੱਕੀ ਹੈ: ਤਰਾਓਰੇ ਨੇ ਬੁਰਕੀਨਾ ਫ਼ਾਸੋ ਨੂੰ ਗ਼ੁਲਾਮੀ ਤੋਂ ਕੱਢ ਕੇ ਇੱਕ ਸੁਤੰਤਰ, ਆਤਮ-ਨਿਰਭਰ ਰਾਸ਼ਟਰ ਵਜੋਂ ਨਵੀਂ ਪਛਾਣ ਦਿੱਤੀ ਹੈ।

ਦੂਜੇ ਪਾਸੇ, ਪਿਛਲੇ ਕੁਝ ਸਾਲਾਂ ਵਿਚ ਵਿਸ਼ਵ ਰਾਜਨੀਤੀ ਵਿਚ ਗੰਭੀਰ ਹਲਚਲ ਦੇਖੀ ਗਈ ਹੈ। ਅਮਰੀਕਾ ਦਾ ਯੂਰਪੀਅਨ ਯੂਨੀਅਨ ਨਾਲੋਂ ਰਿਸ਼ਤਾ ਕਮਜ਼ੋਰ ਹੋਇਆ, ਜਦੋਂ ਕਿ ਰੂਸ ਨਾਲ ਨੇੜਤਾ ਵਧੀ। ਯੂਕਰੇਨ ਦੇ ਖਣਿਜ ਸਰੋਤਾਂ ਲਈ ਰੂਸ ਨਾਲ ਟਕਰਾਅ, ਚੀਨ ਦੀ ਤਾਕਤ ਦਾ ਵਿਸਥਾਰ, ਭਾਰਤ-ਪਾਕਿਸਤਾਨ ਵਿਚ ਯੁੱਧ ਦੀ ਸੰਭਾਵਨਾ, ਅਤੇ ਇਜ਼ਰਾਈਲ ਦੁਆਰਾ ਅਰਬ ਦੇਸ਼ਾਂ ਦੀ ਘੇਰਾਬੰਦੀ—ਇਹ ਸਾਰੇ ਕਾਰਕ ਬੁਰਕੀਨਾ ਫ਼ਾਸੋ ਦੀਆਂ ਸੋਨੇ ਦੀਆਂ ਖਾਨਾਂ ਲਈ ਸਾਮਰਾਜੀ ਲਾਲਸਾ ਵਧਾ ਰਹੇ ਹਨ। ਇਸ ਲਈ, ਕੈਪਟਨ ਇਬਰਾਹੀਮ ਤਰਾਓਰੇ ਨੂੰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਮਰੀਕਾ ਨੇ ਬੁਰਕੀਨਾ ਫ਼ਾਸੋ ਵਿਚ ਦਖ਼ਲ-ਅੰਦਾਜ਼ੀ ਸ਼ੁਰੂ ਕਰ ਦਿੱਤੀ ਹੈ, ਪਰੰਤੂ ਰੂਸ ਅਤੇ ਚੀਨ ਨੇ ਇਸ ਦੇਸ਼ ਨੂੰ ਆਪਣੇ ਸੁਰੱਖਿਆ ਕਵਚ ਵਿਚ ਲੈ ਲਿਆ ਹੈ। ਇਸ ਨਵੇਂ ਵਿਸ਼ਵਕ੍ਰਮ ਵਿਚ, ਰੂਸ ਦੀ ਭੂਮਿਕਾ ਨੇ ਬੁਰਕੀਨਾ ਦੇ ਵਾਸੀਆਂ ਦਾ ਦਿਲ ਜਿੱਤ ਲਿਆ ਹੈ, ਕਿਉਂਕਿ ਉਸਨੇ ਇਸ ਦੇਸ਼ ਦੀ ਉਸ ਸਮੇਂ ਮਦਦ ਕੀਤੀ ਜਦੋਂ ਇਸਨੂੰ ਸਹਿਯੋਗ ਦੀ ਸਭ ਤੋਂ ਵੱਧ ਲੋੜ ਸੀ।



ਕੈਪਟਨ ਇਬਰਾਹੀਮ ਤਰਾਓਰੇ ਇੱਕ ਚੌਕਸ ਨੌਜਵਾਨ ਫ਼ੌਜੀ ਆਗੂ ਹੈ, ਅਤੇ ਉਹ ਇਸ ਆਜ਼ਾਦ ਦੇਸ਼ ਨੂੰ ਕਿਸੇ ਦਾ ਗ਼ੁਲਾਮ ਨਹੀਂ ਬਣਨ ਦੇਵੇਗਾ। ਉਹ ਸਿਰਫ਼ ਇੱਕ ਸਿਪਾਹੀ ਨਹੀਂ, ਸਗੋਂ ਇੱਕ ਕ੍ਰਾਂਤੀਕਾਰੀ ਹੈ, ਜੋ ਪੱਛਮੀ ਦਖ਼ਲਅੰਦਾਜ਼ੀ ਨੂੰ ਜ਼ੋਰਦਾਰ ਢੰਗ ਨਾਲ ਚੁਣੌਤੀ ਦੇ ਰਿਹਾ ਹੈ। ਲੰਬੇ ਸਮੇਂ ਤੱਕ ਵਿਦੇਸ਼ੀ ਸ਼ਾਸਨ ਦੀਆਂ ਨੀਤੀਆਂ ਨੇ ਇਸ ਦੇਸ਼ ਦੇ ਲੋਕਾਂ ਨੂੰ ਜੋ ਜ਼ਖ਼ਮ ਦਿੱਤੇ, ਤਰਾਓਰੇ ਉਨ੍ਹਾਂ ਨੂੰ ਭਰ ਰਿਹਾ ਹੈ। ਉਸਨੇ ਇਸ ਦੇਸ਼ ਦੀ ਨਵੀਂ ਕਹਾਣੀ ਲਿਖੀ ਹੈ—ਇੱਕ ਬਗ਼ਾਵਤ, ਉਮੀਦ ਅਤੇ ਆਜ਼ਾਦੀ ਦੀ ਕਹਾਣੀ।

ਇਬਰਾਹੀਮ ਤਰਾਓਰੇ, ਸਿਰਫ਼ 34 ਸਾਲ ਦੀ ਉਮਰ ਵਿਚ, ਦੁਨੀਆ ਦਾ ਸਭ ਤੋਂ ਨੌਜਵਾਨ ਰਾਸ਼ਟਰਪਤੀ ਬਣਿਆ। ਕੁਝ ਲੋਕਾਂ ਲਈ ਉਹ ਰੂਸ ਦਾ ਪੁਤਲਾ ਹੈ, ਪਰ ਬਹੁਤਿਆਂ ਲਈ ਉਹ ਅਫ਼ਰੀਕਾ ਦੀ ਆਜ਼ਾਦੀ ਦੀ ਨਵੀਂ ਆਵਾਜ਼ ਹੈ। ਉਹ ਬੁਰਕੀਨਾ ਫ਼ਾਸੋ ਦੇ ਇੱਕ ਛੋਟੇ ਜਿਹੇ ਪਿੰਡ ਬੋਂਦੋਕੁਈ ਵਿਚ ਪੈਦਾ ਹੋਇਆ ਸੀ, ਜਿੱਥੇ ਜ਼ਿੰਦਗੀ ਆਸਾਨ ਨਹੀਂ ਸੀ। ਆਪਣੇ ਸ਼ਬਦਾਂ ਅਤੇ ਸ਼ਕਤੀਸ਼ਾਲੀ ਨਜ਼ਰੀਏ ਨਾਲ, ਉਹ ਪੱਛਮੀ ਸ਼ਕਤੀਆਂ ਅਤੇ ਅਮਰੀਕਾ ਨੂੰ ਹਿਲਾ ਰਿਹਾ ਹੈ।

ਤਰਾਓਰੇ ਦੀ ਜ਼ਿੰਦਗੀ ਦੀ ਸ਼ੁਰੂਆਤ ਇੱਕ ਗ਼ਰੀਬ ਪਰਿਵਾਰ ਵਿਚ ਹੋਈ। ਬਚਪਨ ਵਿਚ ਹੀ ਉਸਨੇ ਉਹ ਸੰਘਰਸ਼ ਦੇਖੇ ਜੋ ਪੱਛਮੀ ਮੀਡੀਆ ਵਿਚ ਨਹੀਂ ਦਿਖਾਏ ਜਾਂਦੇ। ਇੱਕ ਅਨਪੜ੍ਹ ਸਮਾਜ ਵਿਚ, ਜਿੱਥੇ ਰੋਟੀ ਅਤੇ ਇੱਜ਼ਤ ਦੋਵੇਂ ਮਿਹਨਤ ਨਾਲ ਮਿਲਦੀਆਂ ਹਨ, ਉਸਨੇ ਆਪਣੇ ਅੰਦਰ ਇੱਕ ਬੀਜ ਬੋਇਆ ਜਿਸਨੇ ਇੱਕ ਤਾਕਤਵਰ ਨੇਤਾ ਨੂੰ ਜਨਮ ਦਿੱਤਾ। ਉਹ ਪੜ੍ਹਿਆ ਅਤੇ ਫ਼ੌਜ ਵਿਚ ਸ਼ਾਮਲ ਹੋਇਆ। ਇਹ ਫੈਸਲਾ ਸਿਰਫ਼ ਹਥਿਆਰ ਚੁੱਕਣ ਲਈ ਨਹੀਂ, ਸਗੋਂ ਦੇਸ਼ ਨੂੰ ਨਿਆਂ ਦਿਵਾਉਣ ਲਈ ਸੀ। ਜਦੋਂ ਦੇਸ਼ ਵਿਚ ਜਿਹਾਦੀ ਹਿੰਸਾ ਵਧੀ, ਤਰਾਓਰੇ ਨੇ ਸਭ ਤੋਂ ਖ਼ਤਰਨਾਕ ਖੇਤਰਾਂ ਵਿਚ ਫ਼ੌਜ ਦੀ ਅਗਵਾਈ ਕੀਤੀ। ਉਸਨੇ ਹਮਲੇ, ਦੋਸਤਾਂ ਦੀ ਮੌਤ, ਅਤੇ ਲੋਕਾਂ ਦੇ ਡਰ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ। ਇੱਕ ਦਿਨ ਵਿਚ ਕਈ ਕਿਲੋਮੀਟਰ ਦੀ ਗਸ਼ਤ ਕਰਦਿਆਂ, ਉਸਨੇ ਆਪਣੇ ਸਿਪਾਹੀਆਂ ਦਾ ਭਰੋਸਾ ਜਿੱਤਿਆ। ਇਹ ਭਰੋਸਾ ਹੀ ਉਸ ਦੀ ਸਫਲਤਾ ਦੀ ਨੀਂਹ ਬਣਿਆ।

ਕਿਤਾਬਾਂ, ਅਖ਼ਬਾਰਾਂ, ਅਤੇ ਸੋਸ਼ਲ ਮੀਡੀਆ ਵਿਚ ਇਸ ਗੱਲ ਦੀ ਗਵਾਹੀ ਹੈ ਕਿ ਅੱਜ ਹਰ ਸ਼ਹਿਰ ਵਿਚ ਤਰਾਓਰੇ ਦੀਆਂ ਤਸਵੀਰਾਂ ਅਤੇ ਨਾਅਰੇ ਗੂੰਜਦੇ ਹਨ। ਉਸਨੇ ਲੋਕਾਂ ਦੀ ਨਿਰਾਸ਼ਾ ਨੂੰ ਉਮੀਦ ਵਿਚ ਬਦਲ ਦਿੱਤਾ। ਨੌਜਵਾਨ ਉਸਨੂੰ ਆਜ਼ਾਦੀ ਦਾ ਨਵਾਂ ਪ੍ਰਤੀਕ ਮੰਨਦੇ ਹਨ। ਜਦੋਂ ਪੱਛਮ-ਸਮਰਥਿਤ ਸਰਕਾਰਾਂ ਨੇ ਲੋਕਾਂ ਨੂੰ ਨਜ਼ਰ-ਅੰਦਾਜ਼ ਕੀਤਾ, ਤਰਾਓਰੇ ਨੇ ਨੌਜਵਾਨਾਂ ਦੀਆਂ ਫ਼ੌਜਾਂ ਬਣਾਈਆਂ ਅਤੇ ਪਿੰਡ ਪੱਧਰ 'ਤੇ ਸੁਰੱਖਿਆ ਸੰਗਠਨ ਖੜ੍ਹੇ ਕੀਤੇ।

ਜਨਵਰੀ 2022 ਵਿਚ, ਫ਼ੌਜ ਨੇ ਰਾਸ਼ਟਰਪਤੀ ਕਾਬੋਰੇ ਨੂੰ ਹਟਾ ਦਿੱਤਾ। ਪਰ ਨਵੇਂ ਫ਼ੌਜੀ ਨੇਤਾ ਹੈਨਰੀ ਦਾਮੀਬਾ ਵੀ ਹਿੰਸਾ ਰੋਕਣ ਵਿਚ ਅਸਫਲ ਰਹੇ। 30 ਸਤੰਬਰ 2022 ਨੂੰ, ਤਰਾਓਰੇ ਨੇ ਫ਼ਰਾਂਸ-ਸਮਰਥਿਤ ਸਰਕਾਰ ਨੂੰ ਹਟਾਉਂਦੇ ਹੋਏ ਐਲਾਨ ਕੀਤਾ: "ਹੁਣ ਤੋਂ ਇੱਕ ਨਵਾਂ ਯੁੱਗ ਸ਼ੁਰੂ ਹੁੰਦਾ ਹੈ।" ਛੇ ਮਹੀਨਿਆਂ ਵਿਚ ਹੀ ਉਸ ਨੇ ਫ਼ਰਾਂਸੀਸੀ ਫ਼ੌਜਾਂ ਨੂੰ ਦੇਸ਼ ਤੋਂ ਕੱਢ ਦਿੱਤਾ। ਫ਼ਰਾਂਸੀਸੀ ਮੀਡੀਆ ਚੈਨਲ ਬੰਦ ਕਰ ਦਿੱਤੇ ਗਏ, ਅਤੇ ਰੂਸ ਨਾਲ ਸਬੰਧ ਮਜ਼ਬੂਤ ਹੋਏ।

ਤਰਾਓਰੇ ਨੂੰ ਪਤਾ ਹੈ ਕਿ ਇਹ ਲੜਾਈ ਸਿਰਫ਼ ਹਥਿਆਰਾਂ ਦੀ ਨਹੀਂ, ਸਗੋਂ ਚੇਤਨਾ ਦੀ ਹੈ। ਉਹ ਨੌਜਵਾਨਾਂ ਨੂੰ ਸੰਬੋਧਨ ਕਰਦਾ ਹੈ: "ਇਹ ਸਾਡਾ ਸਮਾਂ ਹੈ। ਅਸੀਂ ਕਿਸੇ ਦੀ ਠੇਕੇਦਾਰੀ ਨਹੀਂ ਹੋਣ ਦੇਵਾਂਗੇ।" ਇਹੀ ਕਾਰਨ ਹੈ ਕਿ ਉਸਦੀ ਲੀਡਰਸ਼ਿਪ ਨੈਤਿਕ ਪ੍ਰੇਰਨਾ ਦੀ ਮਿਸਾਲ ਬਣ ਗਈ ਹੈ।

ਮਾਲੀ, ਨੀਜਰ, ਅਤੇ ਬੁਰਕੀਨਾ ਫ਼ਾਸੋ—ਇਹ ਤਿੰਨੇ ਦੇਸ਼ ਰੂਸ ਵੱਲ ਝੁਕ ਰਹੇ ਹਨ। ਪਰ ਇਹ ਖੇਤਰ ਅਜੇ ਵੀ ਹਿੰਸਾ ਅਤੇ ਆਰਥਿਕ ਸੰਘਰਸ਼ਾਂ ਨਾਲ ਜੂਝ ਰਿਹਾ ਹੈ। ਕਈ ਲੋਕ ਤਰਾਓਰੇ ਵਿਚ ਗੱਦਾਫ਼ੀ ਨੂੰ ਵੇਖਦੇ ਹਨ, ਪਰ ਉਹ ਇੱਕ ਅਜਿਹੀ ਲਕੀਰ 'ਤੇ ਚੱਲ ਰਿਹਾ ਹੈ ਜਿੱਥੇ ਸੰਭਾਵਨਾਵਾਂ ਅਤੇ ਖ਼ਤਰੇ ਦੋਵੇਂ ਮੌਜੂਦ ਹਨ। ਪਰੰਤੂ, ਅੱਜ ਪੱਛਮੀ ਅਫ਼ਰੀਕਾ ਦੇ ਲੱਖਾਂ ਨੌਜਵਾਨ ਉਸਨੂੰ ਆਪਣਾ ਨਾਇਕ ਮੰਨਦੇ ਹਨ। ਉਹ ਇੱਕ ਅਜਿਹਾ ਨੇਤਾ ਹੈ ਜੋ ਨਾ ਸਿਰਫ਼ ਹਥਿਆਰਾਂ ਨਾਲ, ਸਗੋਂ ਆਪਣੇ ਵਿਚਾਰਾਂ, ਸੰਘਰਸ਼, ਅਤੇ ਸੱਚ ਦੀ ਤਾਕਤ ਨਾਲ ਅਫ਼ਰੀਕਾ ਲਈ ਇੱਕ ਨਵਾਂ ਰਸਤਾ ਬਣਾ ਰਿਹਾ ਹੈ।

ਕੈਪਟਨ ਇਬਰਾਹੀਮ ਦੀ ਕਹਾਣੀ ਪੜ੍ਹ ਕੇ ਇਹ ਗੱਲ ਸਹਿਜੇ ਹੀ ਸਮਝ ਆ ਸਕਦੀ ਹੈ ਕਿ ਇਹ ਫ਼ੌਜੀ ਨੌਜਵਾਨ ਸਿਰਫ਼ ਰਾਜਨਤੀ ਦਾ ਅੱਖਰ ਨਹੀਂ, ਸਗੋਂ ਪੂਰੇ ਅਫ਼ਰੀਕਾ ਵਿਚ ਇਕ ਨਵੀਂ ਲਹਿਰ ਦਾ ਪ੍ਰਤੀਕ ਬਣ ਚੁੱਕਾ ਹੈ। ਉਸ ਦੀ ਆਵਾਜ਼ ਵਿਚ ਉਹ ਗੂੰਜ ਹੈ ਜੋ ਸਦੀਵੀਂ ਦਬਾਈ ਗਈ ਕੌਮਾਂ ਦੀ ਚੀਖ ਬਣ ਚੁੱਕੀ ਹੈ। ਇਬਰਾਹੀਮ ਤਰਾਓਰੇ ਦੀ ਅਗਵਾਈ ਹੇਠ ਬੁਰਕੀਨਾ ਫਾਸੋ ਸਿਰਫ਼ ਇਕ ਰਾਸ਼ਟਰ ਨਹੀਂ, ਸਗੋਂ ਇਕ ਸੰਕੇਤ ਬਣ ਗਿਆ ਹੈ ਕਿ ਕਾਲੇ ਮਹਾਦੀਪ ਦੇ ਲੋਕ ਹੁਣ ਆਪਣੀ ਲੁੱਟੀ ਹੋਈ ਪਛਾਣ, ਇਤਿਹਾਸ, ਅਤੇ ਭਵਿੱਖ ਦੀ ਮਲਕੀਅਤ ਖ਼ੁਦ ਬਣਨਾ ਚਾਹੁੰਦੇ ਹਨ।

ਉਸ ਨੇ ਸਿੱਧ ਕਰ ਦਿੱਤਾ ਕਿ ਉਮਰ, ਤਜ਼ਰਬਾ ਜਾਂ ਪੱਛਮੀ ਡਿਗਰੀਆਂ ਨਹੀਂ, ਸਗੋਂ ਦ੍ਰਿੜ੍ਹ ਨਿਸ਼ਚਾ, ਆਤਮ-ਗਿਆਨ ਅਤੇ ਲੋਕਾਂ ਲਈ ਨਿਸ਼ਕਪਟ ਭਾਵਨਾ ਹੀ ਸਭ ਤੋਂ ਵੱਡਾ ਹਥਿਆਰ ਹੁੰਦੀ ਹੈ। ਇਬਰਾਹੀਮ ਤਰਾਓਰੇ ਦੀ ਕਹਾਣੀ ਅਜਿਹੀ ਕਹਾਣੀ ਹੈ ਜੋ ਲੱਖਾਂ ਅਫ਼ਰੀਕੀ ਨੌਜਵਾਨਾਂ ਲਈ ਨਕਸ਼ਾ-ਏ-ਰਾਹ ਬਣੀ ਹੈ। ਉਹ ਸਿਖਾ ਰਿਹਾ ਹੈ ਕਿ ਆਜ਼ਾਦੀ ਸਿਰਫ਼ ਰਾਜਨੀਤਕ ਨਹੀਂ, ਭਾਸ਼ਾਈ, ਆਰਥਕ, ਅਤੇ ਸੱਭਿਆਚਾਰਕ ਵੀ ਹੋਣੀ ਚਾਹੀਦੀ ਹੈ।

ਸਾਹਮਣੇ ਦੁਨੀਆ ਭਾਵੇਂ ਬਹੁਤ ਵੱਡੀ ਹੈ, ਪਰ ਇਮਾਨਦਾਰੀ, ਨਿਰਭਰਤਾ, ਅਤੇ ਦਿਲੋਂ ਉਗੀ ਅਗਵਾਈ ਦੇ ਸਾਹਮਣੇ ਕੋਈ ਵੀ ਸਾਮਰਾਜੀ ਮੱਕੜਜਾਲ ਕਾਇਮ ਨਹੀਂ ਰਹਿ ਸਕਦਾ। ਕੈਪਟਨ ਇਬਰਾਹੀਮ ਤਰਾਓਰੇ ਦੀ ਅਗਵਾਈ ਹੇਠ ਨਵਾਂ ਬੁਰਕੀਨਾ ਫਾਸੋ ਇੱਕ ਐਸਾ ਰਾਸ਼ਟਰ ਬਣ ਰਿਹਾ ਹੈ ਜੋ ਸਿਰਫ਼ ਆਪਣੀਆਂ ਖਾਣਾਂ ਹੀ ਨਹੀਂ, ਆਪਣੇ ਭਵਿੱਖ ਦੇ ਫੈਸਲੇ ਵੀ ਖ਼ੁਦ ਕਰੇਗਾ। ਇਹ ਕਹਾਣੀ ਅਜੇ ਮੁਕੰਮਲ ਨਹੀਂ ਹੋਈ। ਇਹ ਅਜੇ ਵੀ ਲਿਖੀ ਜਾ ਰਹੀ ਹੈ। ਹਰ ਰੋਜ਼, ਹਰ ਘੰਟੇ, ਹਰ ਕਦਮ 'ਤੇ। ਅਤੇ ਸੰਭਵ ਹੈ ਕਿ ਇਬਰਾਹੀਮ ਤਰਾਓਰੇ ਇੱਕ ਨਵੇਂ ਅਫ਼ਰੀਕਾ ਦੀ ਆਉਣ ਵਾਲੀ ਇਤਿਹਾਸਕ ਲਹਿਰ ਦੀ ਪਹਿਲੀ ਤਰੰਗ ਹੋਵੇ।

## ਪੱਤਰਕਾਰ ਰੂਪੇਸ਼ ਕੁਮਾਰ ਸਿੰਘ

***(ਪਿਛਲੇ ਸਫੇ ਦਾ ਬਾਕੀ)***

ਘਰ-ਪਰਿਵਾਰ, ਇੱਥੋਂ ਤੱਕ ਕਿ ਆਪਣੇ ਛੋਟੇ ਬੱਚੇ ਦੀ ਪਰਵਾਹ ਕੀਤੇ ਬਿਨਾਂ ਸਮਾਜਕ ਮੁੱਦਿਆਂ 'ਤੇ ਖੁੱਲ੍ਹ ਕੇ ਲਿਖਦੇ ਰਹੇ, ਬੋਲਦੇ ਰਹੇ, ਸੱਚ ਦੇ ਨਾਲ ਖੜ੍ਹੇ ਰਹੇ। ਇਸ ਲਈ ਸੰਘਰਸ਼ ਕਰ ਰਹੇ ਲੋਕਾਂ ਦੇ ਨਾਲ ਖੜ੍ਹੇ ਰਹੇ ਹਨ। ਇੱਥੋਂ ਤੱਕ ਕਿ ਜੇਲ੍ਹ ਵਿਚ ਵੀ ਬੇਨਿਯਮੀਆਂ ਅਤੇ ਅਨਿਆਂ ਦੇ ਖਿਲਾਫ਼ ਆਵਾਜ਼ ਉਠਾਉਂਦੇ ਰਹੇ ਹਨ। ਇਹੀ ਕਾਰਨ ਹੈ ਕਿ ਉਹ ਜੇਲ੍ਹ ਪ੍ਰਸ਼ਾਸਨ ਦੇ ਝੂਠੇ, ਬੇਬੁਨਿਆਦ ਦੋਸ਼ਾਂ ਨਾਲ ਜੇਲ੍ਹਾਂ ਦਾ ਤਬਾਦਲਾ ਝੱਲ ਰਹੇ ਹਨ।

ਉਨ੍ਹਾਂ ਨੂੰ ਝਾਰਖੰਡ-ਬਿਹਾਰ ਦੀਆਂ ਕੁਲ ਚਾਰ ਜੇਲ੍ਹਾਂ ਵਿਚ ਭੇਜਿਆ ਜਾ ਚੁੱਕਾ ਹੈ, ਜਿਨ੍ਹਾਂ ਵਿਚ ਝਾਰਖੰਡ ਦੀਆਂ ਦੋ ਅਤੇ ਬਿਹਾਰ ਦੀਆਂ ਦੋ ਜੇਲ੍ਹਾਂ ਸ਼ਾਮਲ ਹਨ। ਰੂਪੇਸ਼ ਹੁਣ ਭਾਗਲਪੁਰ ਦੀ ਸ਼ਹੀਦ ਜੁੱਬਾ ਸਾਹਨੀ ਕੇਂਦਰੀ ਜੇਲ੍ਹ ਵਿਚ ਪਿਛਲੇ 22/23 ਜਨਵਰੀ 2024 ਤੋਂ ਬੰਦ ਹਨ। ਉਨ੍ਹਾਂ ਦੇ ਹਰ ਜੇਲ੍ਹ ਤਬਾਦਲੇ ਦਾ ਕਾਰਨ ਜੇਲ੍ਹ ਅੰਦਰ ਹੋ ਰਹੀਆਂ ਬੇਨਿਯਮੀਆਂ 'ਤੇ ਸਵਾਲ ਉਠਾਉਣਾ ਰਿਹਾ ਹੈ। ਪਰ ਹਰ ਵਾਰ ਪ੍ਰਸ਼ਾਸਨ ਵੱਲੋਂ ਕੋਈ ਨਾ ਕੋਈ ਬਹਾਨਾ ਬਣਾ ਕੇ ਉਨ੍ਹਾਂ ਦੀ ਜੇਲ੍ਹ ਬਦਲ ਦਿੱਤੀ ਗਈ ਹੈ।

### ਜੇਲ੍ਹ ਜੀਵਨ ਅਤੇ ਪੜ੍ਹਾਈ

ਭਾਗਲਪੁਰ ਜੇਲ੍ਹ ਵਿਚ ਬੰਦ ਰੂਪੇਸ਼ ਕੁਮਾਰ ਸਿੰਘ ਨੇ ਇਨ੍ਹਾਂ 3 ਸਾਲਾਂ ਦੇ ਜੇਲ੍ਹ ਜੀਵਨ ਵਿਚ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਤੋਂ 2 ਕੋਰਸ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਤਿਹਾਸ ਵਿਚ ਮਾਸਟਰ ਡਿਗਰੀ ਪੂਰੀ ਕਰ ਲਈ ਹੈ ਅਤੇ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਦੀ ਪੜ੍ਹਾਈ ਵੀ ਪੂਰੀ ਕਰਨ ਦੀ ਕੋਸ਼ਿਸ਼ ਜਾਰੀ ਹੈ। ਇਸ ਕੋਰਸ ਦੇ ਪ੍ਰੈਕਟੀਕਲ ਅਸਾਈਨਮੈਂਟ ਲਈ ਉਨ੍ਹਾਂ ਨੂੰ ਕੈਮਰਾ, ਮੋਬਾਇਲ ਜਾਂ ਕੰਪਿਊਟਰ ਵਰਗੇ ਸਾਧਨਾਂ ਦੀ ਲੋੜ ਹੈ, ਜਿਸ ਲਈ ਜੇਲ੍ਹ ਪ੍ਰਸ਼ਾਸਨ ਤੋਂ ਅਜੇ ਤੱਕ ਇਜਾਜ਼ਤ ਨਹੀਂ ਮਿਲੀ ਹੈ। ਬਾਕੀ ਸਾਰੇ ਇਮਤਿਹਾਨ ਰੂਪੇਸ਼ ਪਾਸ ਕਰ ਚੁੱਕੇ ਹਨ। ਜੁਲਾਈ ਸੈਸ਼ਨ ਲਈ ਰੂਪੇਸ਼ ਨੇ ਹਿੰਦੀ ਸਾਹਿਤ ਵਿਚ ਮਾਸਟਰ ਡਿਗਰੀ ਕਰਨ ਦੀ ਇੱਛਾ ਜਤਾਈ ਸੀ, ਪਰ ਸਾਧਨਾਂ ਦੀ ਕਮੀ ਕਾਰਨ ਮੈਂ ਇਸ ਨੂੰ ਟਾਲ ਦਿੱਤਾ ਹੈ।

ਰੂਪੇਸ਼ ਯੂ.ਜੀ.ਸੀ.-ਨੈੱਟ ਦੀ ਤਿਆਰੀ ਵਿਚ ਉਤਸ਼ਾਹਤ ਹਨ। ਇਸ ਵਾਰ ਫਾਰਮ ਭਰਨਾ ਹੈ। ਉਨ੍ਹਾਂ ਨੂੰ ਇਤਿਹਾਸ (ਮੁੱਖ ਵਿਸ਼ਾ) ਤੋਂ ਪੇਪਰ ਦੇਣਾ ਹੈ। ਪੇਪਰ ਦੋ ਦੀ ਤਿਆਰੀ ਲਈ ਇਤਿਹਾਸ ਦੀ ਕਿਤਾਬ ਦੇ ਦਿੱਤੀ ਗਈ ਹੈ, ਪਰ ਪੇਪਰ ਇਕ ਦੀ ਕਿਤਾਬ ਅਜੇ ਬਾਕੀ ਹੈ। ਰੂਪੇਸ਼ ਨੇ ਇਨ੍ਹਾਂ ਤਿੰਨ ਸਾਲਾਂ ਵਿਚ ਕੁਲ 104 ਕਿਤਾਬਾਂ ਪੜ੍ਹ ਲਈਆਂ ਹਨ। ਹੁਣ ਉਹ ਦੋ ਕਿਤਾਬਾਂ ਪੜ੍ਹ ਰਹੇ ਹਨ: ਦੁਰਯੋਧਨ ਅਭੀ ਮਰਾ ਨਹੀਂ ਹੈ - ਐਚ.ਐਨ. ਰਾਮ, ਬਿਹਾਰੀ ਪਰੰਪਰਾਵਾਂ ਔਰ ਵਿਗਿਆਨਕ ਖੋਜ।

ਵੈਸੇ, ਰੂਪੇਸ਼ ਨੇ 2012 ਵਿਚ ਭਾਗਲਪੁਰ ਯੂਨੀਵਰਸਿਟੀ ਤੋਂ 'ਗਾਂਧੀ ਦੇ ਵਿਚਾਰ' ਵਿਚ ਪੋਸਟ ਗ੍ਰੈਜੂਏਸ਼ਨ ਕੀਤੀ ਸੀ। ਜੇਲ੍ਹ ਵਿਚ ਇਤਿਹਾਸ ਵਿਚ ਮਾਸਟਰ ਡਿਗਰੀ ਪੂਰੀ ਕਰਨ ਦੇ ਨਾਲ ਉਨ੍ਹਾਂ ਦੀਆਂ ਦੋ ਮਾਸਟਰ ਡਿਗਰੀਆਂ ਹੋ ਗਈਆਂ ਹਨ।

### ਗ੍ਰਿਫ਼ਤਾਰੀ ਦਾ ਕਾਰਨ

ਸਪੱਸ਼ਟ ਹੈ ਕਿ ਰੂਪੇਸ਼ ਦੀ ਗ੍ਰਿਫ਼ਤਾਰੀ ਉਨ੍ਹਾਂ ਦੀ ਲੇਖਣੀ ਕਾਰਨ ਹੋਈ ਹੈ, ਜੋ ਭ੍ਰਿਸ਼ਟ ਸਿਸਟਮ ਦਾ ਪੋਲ ਖੋਲ੍ਹਦੀ ਹੈ ਅਤੇ ਸੱਚੀਆਂ ਖਬਰਾਂ ਪਹੁੰਚਾਉਂਦੀ ਹੈ। ਭਾਵੇਂ ਇਸ ਲਈ ਉਨ੍ਹਾਂ 'ਤੇ ਮਾਓਵਾਦੀ ਸੰਬੰਧਾਂ ਦਾ ਲੇਬਲ ਚਿਪਕਾਇਆ ਜਾ ਰਿਹਾ ਹੈ, ਪਰ ਰੂਪੇਸ਼ ਦੀ ਲੇਖਣੀ ਝਾਰਖੰਡ ਦੀ ਆਦਿਵਾਸੀ ਜਨਤਾ ਦੇ ਮੁੱਦਿਆਂ ਨਾਲ ਜੁੜੀ ਹੈ। ਇਸ ਲਈ ਉਨ੍ਹਾਂ 'ਤੇ ਮਾਓਵਾਦ ਦਾ ਠੱਪਾ ਲਗਾਉਣਾ ਸਭ ਤੋਂ ਸੌਖਾ ਹੈ।

ਇਹ ਕਿਸੇ ਪੱਤਰਕਾਰ ਦੀ ਗ੍ਰਿਫ਼ਤਾਰੀ ਨਹੀਂ, ਸਗੋਂ ਪ੍ਰੈੱਸ ਦੀ ਆਜ਼ਾਦੀ ਨੂੰ ਕੈਦ ਕਰਨ ਦੀ ਸਾਜ਼ਿਸ਼ ਹੈ, ਤਾਂ ਜੋ ਝਾਰਖੰਡ ਦੀ ਆਦਿਵਾਸੀ, ਮੂਲਵਾਸੀ ਅਤੇ ਪੀੜਤ ਜਨਤਾ ਦੇ ਸਵਾਲ ਦਬਾ ਦਿੱਤੇ ਜਾਣ ਅਤੇ ਕਾਰਪੋਰੇਟ ਜਗਤ ਨੂੰ ਜਨਤਾ ਦੀ ਜ਼ਮੀਨ ਲੁੱਟਣ ਦੀ ਖੁੱਲ੍ਹੀ ਛੋਟ ਮਿਲ ਸਕੇ।

ਅੱਜ ਪੂਰੇ ਮੁਲਕ ਵਿਚ ਅਸੀਂ ਦੇਖ ਰਹੇ ਹਾਂ ਕਿ ਜੋ ਵੀ ਸੱਤਾ ਦੀਆਂ ਗ਼ਲਤ ਨੀਤੀਆਂ ਦਾ ਵਿਰੋਧ ਕਰ ਰਿਹਾ ਹੈ ਜਾਂ ਗਰੀਬ ਜਨਤਾ ਦੇ ਨਾਲ ਖੜ੍ਹਾ ਹੈ, ਉਸਨੂੰ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹ ਵਿਚ ਬੰਦ ਕੀਤਾ ਜਾ ਰਿਹਾ ਹੈ। ਜਨਤਕ ਮੁੱਦਿਆਂ, ਅੰਦੋਲਨਾਂ, ਲੇਖਾਂ ਅਤੇ ਭਾਸ਼ਣਾਂ ਨੂੰ ਜੁਰਮ ਦੀ ਸ਼੍ਰੇਣੀ ਵਿਚ ਰੱਖਿਆ ਜਾ ਰਿਹਾ ਹੈ। ਯੂ.ਏ.ਪੀ.ਏ. ਦੇ ਦਾਇਰੇ ਵਿਚ ਲੇਖਕ, ਪੱਤਰਕਾਰ ਅਤੇ ਕਾਰਕੁਨ ਸਾਰੇ ਫਸਾਏ ਜਾ ਰਹੇ ਹਨ। ਪਰ ਕੀ ਇਹ ਭ੍ਰਿਸ਼ਟ ਪ੍ਰਬੰਧ ਸੱਚਮੁੱਚ ਸਾਡੇ ਮੁਲਕ ਨੂੰ ਤਰੱਕੀ ਦੇ ਰਸਤੇ 'ਤੇ ਲੈ ਜਾਵੇਗਾ?

90% ਜਨਤਾ ਦੀ ਜ਼ਿੰਦਗੀ, ਉਨ੍ਹਾਂ ਦੇ ਹੱਕਾਂ ਲਈ ਬੋਲਣ ਵਾਲਿਆਂ ਦੀ ਜ਼ਿੰਦਗੀ ਕੋਈ ਮਜ਼ਾਕ ਨਹੀਂ ਹੈ। ਜੇਕਰ ਸੱਤਾ ਅਤੇ ਪ੍ਰਸ਼ਾਸਨ ਸਾਰੇ ਸਿਸਟਮਾਂ ਨੂੰ ਦਰਕਿਨਾਰ ਕਰਕੇ ਜ਼ਿੰਦਗੀਆਂ ਨਾਲ ਖੇਡ ਰਹੇ ਹਨ, ਤਾਂ ਅਸੀਂ ਇਸ ਮਜ਼ਾਕ ਦੇ ਖਿਲਾਫ਼ ਲੜਨ ਲਈ ਤਿਆਰ ਹਾਂ। ਨਾ ਹੀ ਇਕ ਚੰਗੇਰੇ ਸਮਾਜ ਦੀ ਕਲਪਨਾ ਕੋਈ ਜੁਰਮ ਹੈ, ਅਤੇ ਨਾ ਹੀ ਆਲੋਚਨਾਤਮਕ ਰਚਨਾਵਾਂ ਜਾਂ ਸੁਤੰਤਰ ਲੇਖਣੀ ਕੋਈ ਗੁਨਾਹ ਹੈ।

### ਰਿਹਾਈ ਦੀ ਆਵਾਜ਼

ਮੈਂ ਉਨ੍ਹਾਂ ਸਾਰੇ ਸਾਥੀਆਂ ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਰੂਪੇਸ਼ ਦੀ ਰਿਹਾਈ ਲਈ ਹਰ ਮੰਚ ਤੋਂ ਆਵਾਜ਼ ਉਠਾਈ ਹੈ। ਗ੍ਰਿਫ਼ਤਾਰੀ ਤੋਂ ਬਾਅਦ ਖੇਤਰੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਿਅਕਤੀਗਤ ਤੌਰ 'ਤੇ ਜਾਂ ਸੰਸਥਾਵਾਂ ਵੱਲੋਂ ਰੂਪੇਸ਼ ਦੀ ਰਿਹਾਈ ਲਈ ਆਵਾਜ਼ ਉਠਾਈ ਜਾਂਦੀ ਰਹੀ ਹੈ।

ਝਾਰਖੰਡ ਵਿਧਾਨ ਸਭਾ ਤੋਂ ਲੈ ਕੇ ਸੰਯੁਕਤ ਰਾਸ਼ਟਰ ਤੱਕ ਨੇ ਰੂਪੇਸ਼ ਦੀ ਰਿਹਾਈ ਲਈ ਬੋਲਿਆ ਹੈ। 11 ਅਪ੍ਰੈਲ 2025 ਨੂੰ ਜੇਲ੍ਹ ਵਿਚ ਰੂਪੇਸ਼ ਦੇ 1000 ਦਿਨ ਪੂਰੇ ਹੋਣ 'ਤੇ ਮੁਲਕ ਦੇ ਕਈ ਪੱਤਰਕਾਰਾਂ, ਸਮਾਜਿਕ ਕਾਰਕੁਨਾਂ, ਵਕੀਲਾਂ, ਵਿਦਿਆਰਥੀਆਂ ਅਤੇ ਹੋਰ ਪ੍ਰਗਤੀਸ਼ੀਲ ਲੋਕਾਂ ਨੇ ਭਾਰਤ ਦੇ ਚੀਫ਼ ਜਸਟਿਸ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਰੂਪੇਸ਼ ਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਚਿੱਠੀ ਵਿਚ ਕਿਹਾ ਗਿਆ:

'ਰੂਪੇਸ਼ ਦੇ ਕੰਮ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਨਾਲ-ਨਾਲ ਕਾਰਪੋਰੇਟ ਵੱਲੋਂ ਜੀਵਨ ਅਤੇ ਵਾਤਾਵਰਣ ਦੇ ਵਿਨਾਸ਼ ਨੂੰ ਉਜਾਗਰ ਕੀਤਾ ਹੈ। ਲੋਕਾਂ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਸੱਚਾਈ ਨੂੰ ਸਾਹਮਣੇ ਲਿਆਉਣ ਦੀ ਉਨ੍ਹਾਂ ਦੀ ਵਚਨਬੱਧਤਾ ਕਾਰਨ ਹੀ ਉਨ੍ਹਾਂ ਨੂੰ ਰਾਜ ਵੱਲੋਂ ਨਿਸ਼ਾਨਾ ਬਣਾਇਆ ਗਿਆ ਹੈ।'

ਵੈਸੇ ਤਾਂ ਅਸੀਂ ਸਾਰੇ ਨਿਆਂਪਸੰਦ, ਅਮਨਪਸੰਦ ਲੋਕ ਇੱਕ-ਦੂਜੇ ਦੇ ਨਾਲ ਖੜ੍ਹੇ ਹਾਂ। ਪਰ ਇੱਥੇ ਸਾਨੂੰ ਰੂਪੇਸ਼ ਵਰਗੇ ਲੋਕਾਂ ਦੇ ਨਾਲ ਹੋਰ ਵੀ ਮਜ਼ਬੂਤੀ ਨਾਲ ਖੜ੍ਹੇ ਹੋਣ ਦੀ ਲੋੜ ਹੈ, ਅਤੇ ਅਸੀਂ ਖੜ੍ਹੇ ਰਹਾਂਗੇ। ਕਿਉਂਕਿ ਅਸੀਂ ਵੇਖ ਰਹੇ ਹਾਂ ਕਿ ਮਨੁੱਖੀ ਅਧਿਕਾਰਾਂ ਦੀ ਲੜਾਈ, ਨਿਆਂ ਦੀ ਲੜਾਈ ਲੜ ਰਹੇ ਲੋਕਾਂ ਲਈ ਸਮਾਂ ਹੋਰ ਵੀ ਮੁਸ਼ਕਲ ਹੁੰਦਾ ਜਾ ਰਿਹਾ ਹੈ। ਅਜਿਹੇ ਹਾਲਾਤ ਵਿਚ ਅਸੀਂ ਸਾਰੇ ਇਕ-ਦੂਜੇ ਦੀ ਤਾਕਤ ਹਾਂ, ਇਕ-ਦੂਜੇ ਦਾ ਭਰੋਸਾ ਹਾਂ। ਅਸੀਂ ਇਹ ਹਰ ਕਦਮ ਬਣਾਈ ਰੱਖਾਂਗੇ।

# ਖ਼ਾਲਿਸਤਾਨ ਦੀ ਸਾਜ਼ਿਸ਼ ਜਾਂ ਖ਼ਾਲਿਸਤਾਨ ਵਿਰੁੱਧ ਸਾਜ਼ਿਸ਼?

## ਸਿੱਖਾਂ ਨੂੰ ਨੇਸਤੋ-ਨਾਬੂਦ ਕਰਨ ਲਈ ਵਰਤਿਆ ਜਾ ਰਿਹਾ ਬ੍ਰਹਮ-ਅਸਤਰ!




ਸਿਰਦਾਰ ਕਪੂਰ ਸਿੰਘ



ਸੰਤ ਜਰਨੈਲ ਸਿੰਘ ਭਿੰਡਰਾਂਵਾਲਾ



ਨਰਾਇਣ ਸਿੰਘ ਚੌੜਾ



ਗੁਰਤੇਜ ਸਿੰਘ

ਜੀ.ਬੀ.ਐਸ. ਸਿੱਧੂ ਨੇ ਇੱਕ ਕਿਤਾਬ ਲਿਖੀ ਕਿ ਸਥਾਪਤੀ ਨੇ ਖ਼ਾਲਿਸਤਾਨ ਦਾ ਸੰਕਲਪ ਉਭਾਰਿਆ ਅਤੇ ਓਸ ਨੂੰ ਆਮ ਪ੍ਰਚੱਲਿਤ ਕੀਤਾ। ਮਕਸਦ ਸੀ ਕਿ ਆਪਣੇ ਸਿਆਸੀ ਟੀਚੇ ਸਰ ਕਰਨ ਲਈ ਏਸ ਨੂੰ ਵਰਤਿਆ ਜਾਵੇ। ਸਿੱਧੂ ਖ਼ਾਲਿਸਤਾਨ ਦੀਆਂ ਜੜ੍ਹਾਂ ਤੱਕ ਨਹੀਂ ਗਿਆ, ਨਾ ਓਸ ਦੀ ਕਿਤਾਬ ਦੀ ਇਹ ਲੋੜ ਸੀ। ਜਿਹੜੇ ਜੜ੍ਹਾਂ ਤੱਕ ਜਾਂਦੇ ਹਨ ਉਹ ਸਪਰੂ ਕਮੇਟੀ ਰਪਟ, ਹਿੰਦੂ ਮਹਾਂਸਭਾ ਆਗੂਆਂ ਦੇ ਬਿਆਨ, ਵੱਲਭ ਭਾਈ ਪਟੇਲ ਦੇ ਸੰਵਿਧਾਨ ਘੜਨੀ ਸਭਾ ਦੇ ਬਿਆਨਾਂ ਨੂੰ ਘੋਖਦੇ ਹਨ। ਉਹ ਜਾਣਦੇ ਹਨ ਕਿ ਇਹ ਵਿਚਾਰ ਸਿੱਖਾਂ ਨੂੰ ਬਦਨਾਮ ਕਰ ਕੇ ਫਾਹੇ ਲਾਉਣ ਲਈ ਹਿੰਦ ਦੇ ਬੇਈਮਾਨ ਆਗੂਆਂ ਨੇ ਉਭਾਰ ਕੇ, 'ਗ਼ੈਰਾਂ' ਲਈ ਡੁੱਲ੍ਹ-ਡੁੱਲ੍ਹ ਪੈਂਦੀ ਨਫ਼ਰਤ ਵਿਚ ਸੋਕ ਕੇ ਪਰੋਸਿਆ ਸੀ। ਸਿੱਖਾਂ ਨੇ ਪੰਜਾਬੀ ਬੋਲੀ ਦੇ ਆਧਾਰ ਉੱਤੇ ਸੂਬੇ ਦਾ ਪੁਨਰ-ਗਠਨ, ਕਾਂਗਰਸ ਦੀ 1920 ਤੋਂ ਚੱਲੀ ਆਉਂਦੀ ਨੀਤੀ ਅਨੁਸਾਰ ਮੰਗਿਆ ਤਾਂ ਕਾਂਗਰਸ ਦੇ ਜੈਪੁਰ ਸੈਸ਼ਨ ਵਿਚ ਨਹਿਰੂ, ਪਟੇਲ, ਪੱਟਾਭੀ ਸੀਤਾਰਮੱਈਆ ਦੀ ਕਮੇਟੀ ਦਾ ਜੁਆਬ ਸੀ: 'ਚਾਹੇ ਕਿੰਨਾ ਵੀ ਤਰਕਸੰਗਤ ਅਤੇ ਨਿਆਂਪੂਰਣ ਹੋਵੇ, ਉੱਤਰੀ ਭਾਰਤ ਵਿਚ ਸੂਬਿਆਂ ਦਾ ਪੁਨਰਗਠਨ ਨਹੀਂ ਕੀਤਾ ਜਾਵੇਗਾ।' ਏਸ ਵਿਚਾਰ ਨੂੰ ਹਿੰਦੀ ਨਫ਼ਰਤ ਵਿਚ ਗੁੰਨ੍ਹ ਕੇ ਬੁੱਕਲ ਮੀਡੀਆ ਵੱਲੋਂ ਪ੍ਰਚਾਰਿਆ ਗਿਆ।

ਨਹਿਰੂ ਨੂੰ ਸ: ਜਗਦੀਪ ਸਿੰਘ, ਸ: ਆਤਮਾ ਸਿੰਘ, ਸਰਦਾਰ ਗੁਰਸੇਵਕ ਵਰਗੇ ਯੋਧਿਆਂ ਨੇ ਫ਼ਤਹਿਗੜ੍ਹ ਸਾਹਿਬ ਗੁਰਦਵਾਰੇ ਦੇ ਮੰਚ ਤੋਂ ਬੋਲਣ ਤੋਂ ਰੋਕਿਆ ਤਾਂ ਓਹਨੇ ਬਿਆਨ ਦਿੱਤਾ: 'ਮੈਂ ਪੰਜਾਬੀ ਸੂਬਾ ਬਣਾ ਕੇ ਹਿੰਦੋਸਤਾਨ ਦੀ ਦੁਬਾਰਾ ਵੰਡ ਨਹੀਂ ਹੋਣ ਦਿਆਂਗਾ।' ਓਸ ਦਾ ਇਹ ਬਿਆਨ ਅਗਲੇ ਦਿਨ ਰਾਜਪੁਰਾ ਮੁਕਾਮ ਦੇ ਹਵਾਲੇ ਨਾਲ ਛਪਿਆ। ਏਹੋ ਰਵੱਈਆ ਪੰਜਾਬੀ ਸੂਬੇ ਦੀ ਮੰਗ ਬਾਰੇ ਪਟੇਲ ਦਾ ਸੀ। ਬਾਅਦ ਵਿਚ ਇਹ ਦੋਵੇਂ ਅਤੇ ਹੋਰ ਕਾਂਗਰਸੀ ਆਗੂ ਆਖਦੇ ਰਹੇ: 'ਪੰਜਾਬੀ ਸੂਬਾ ਸਾਡੀਆਂ ਲਾਸ਼ਾਂ ਉੱਤੇ ਬਣੇਗਾ।' ਅਖ਼ੀਰ ਏਵੇਂ ਹੋਇਆ। ਪਰ ਏਸ ਵਕਫ਼ੇ ਵਿਚ ਉਨ੍ਹਾਂ ਨੇ ਆਪ ਰਚੇ ਲਫ਼ਜ਼ ਖ਼ਾਲਿਸਤਾਨ ਵਿਰੁੱਧ ਏਨੀਂ ਨਫ਼ਰਤ (ਜੋ ਨਵੀਂ ਹਿੰਦੀ ਸੱਭਿਅਤਾ ਦਾ ਪ੍ਰਮੁੱਖ ਗੁਣ, ਅਲਾਮਤ ਹੈ) ਭਰ ਦਿੱਤੀ ਕਿ ਸਦੀ ਬਾਅਦ ਵੀ ਘਟਣ ਦੀ ਬਜਾਏ ਹੋਰ ਤਲਖ਼ ਹੋਈ ਜਾ ਰਹੀ ਹੈ।

ਅੱਜ ਇਹ ਸਿੱਖਾਂ ਨੂੰ ਜ਼ਲੀਲ, ਨੇਸਤੋ-ਨਾਬੂਦ ਕਰਨ ਲਈ ਬ੍ਰਹਮ-ਅਸਤਰ ਦੇ ਤੌਰ ਉੱਤੇ ਵਰਤੀ ਜਾ ਰਹੀ ਹੈ। ਏਸ ਪੱਖੋਂ ਵੇਖਿਆਂ ਸਿੱਧੂ ਨੇ ਏਸ ਅਮਲ ਦੀ ਇੱਕ ਖ਼ਾਸ ਸਮੇਂ ਪੈੜ ਫੜੀ ਹੈ। ਏਸ ਵਿਚ ਕੋਈ ਨੁਕਸ ਨਜ਼ਰ ਨਹੀਂ ਆਉਂਦਾ। ਪਰ ਨਰਾਇਣ ਸਿੰਘ ਨੂੰ ਸਿੱਧੂ ਦੀ ਇਹ ਅਦਾ ਪਸੰਦ ਨਾ ਆਈ ਅਤੇ ਓਸ ਨੇ ਏਸ ਦੇ ਤਕਰੀਬਨ ਹਰ ਅੱਖਰ ਦੇ ਪ੍ਰਤੀਕਰਮ ਵਿਚ ਸਿੱਧੂ ਨਾਲੋਂ ਵੀ ਵੱਡੀ ਕਿਤਾਬ ਲਿਖ ਦਿੱਤੀ ਜਿਸ ਵਿਚ ਸਿੱਧੂ ਨੂੰ, ਤਕਰੀਬਨ ਹਰ ਸਤਰ ਵਿਚ, ਪਾਣੀ ਪੀ-ਪੀ ਕੇ ਕੋਸਿਆ ਗਿਆ ਹੈ। ਇਨਕਾਰ ਨਹੀਂ ਕਿ ਨਰਾਇਣ ਸਿੰਘ ਇੱਕ ਸੁਹਿਰਦ ਗੁਰਸਿੱਖ ਹੈ। ਪਰ ਆਖ਼ਰ ਵਿਚ ਓਸ ਦਾ ਕਰਤਬ ਪਰਛਾਵੇਂ ਨਾਲ ਘੋਲ ਹੋ ਨਿੱਬੜਦਾ ਹੈ। ਵਿਸਥਾਰ ਬਹੁਤ ਹੈ, ਕਾਫ਼ੀ ਤੱਥ ਹਨ ਪਰ ਉਹ ਬਿਆਨ ਵੀ ਹਨ, ਜਿਨ੍ਹਾਂ ਦੇ ਗ਼ਲਤ ਹੋਣ ਦੀ ਮੇਰੇ ਕੋਲ ਪੁਖ਼ਤਾ ਜਾਣਕਾਰੀ ਹੈ। ਵੇਰਵਾ ਕਦੇ ਫੇਰ ਪਰ ਕੁਝ ਦਾ ਲੋਕ-ਨਜ਼ਰਾਂ ਵਿਚ ਤੁਰੰਤ ਲਿਆਂਦਾ ਜਾਣਾ ਜ਼ਰੂਰੀ ਹੈ।

ਸਿੱਧੂ ਦੀ 'ਸੇਵਾ', ਜੇ ਕਰਨੀ ਹੀ ਸੀ ਤਾਂ ਸਭ ਤੋਂ ਪਹਿਲਾਂ ਦੱਸਿਆ ਜਾਂਦਾ ਕਿ ਖ਼ਾਲਿਸਤਾਨ ਦਾ ਸੰਕਲਪ ਕੀ ਹੈ ਅਤੇ ਏਸ ਲਫ਼ਜ਼ ਦੀ ਉਤਪਤੀ ਕਿਵੇਂ ਅਤੇ ਕਦੋਂ ਹੋਈ। ਏਸ ਤੱਤ ਦੀ ਕਿਤਾਬ ਵਿਚ ਉੱਕਾ ਅਣਹੋਂਦ ਹੈ। ਇੱਕ ਕੋਸ਼ਿਸ਼ ਖ਼ਾਲਸਾ ਰਾਜ ਦੇ ਸੰਕਲਪ ਨਾਲ ਰਲਗੱਡ ਕਰ ਕੇ ਵਿਆਖਿਆ ਕਰਨ ਦੀ ਕੀਤੀ ਗਈ ਹੈ ਪਰ ਇਹ ਸੰਕਲਪ ਦੂਜੇ ਤੋਂ ਕੋਹਾਂ ਦੂਰ ਹੈ।

ਦਰਅਸਲ ਖ਼ਾਲਿਸਤਾਨ ਦੀਆਂ ਵੀ ਓਨੀਆਂ ਕਿਸਮਾਂ ਹਨ ਜਿੰਨੇਂ ਧੜੇ ਏਸ ਨੂੰ ਸਿੱਖ ਸੰਕਲਪ ਵਜੋਂ ਉਭਾਰਨ ਵਿਚ ਲੱਗੇ ਹੋਏ ਹਨ। ਇਨ੍ਹਾਂ ਸਾਰੇ ਧੜਿਆਂ ਦਾ ਆਪਸ ਵਿਚ ਤਾਲਮੇਲ ਨਹੀਂ, ਕਈਆਂ ਦਾ ਸੌਂਕਣਾਂ ਵਾਲਾ ਵੈਰ ਹੈ ਪਰ ਆਪੋ-ਆਪਣੇ ਲਾਭ ਲਈ, ਬਿਨਾ ਕੌਮ ਦਾ ਭਲਾ-ਬੁਰਾ ਵਿਚਾਰੇ, ਹੁੱਬ ਕੇ ਪ੍ਰਚਾਰਨ ਵਿਚ ਲੱਗੇ ਹੋਏ ਹਨ। ਮਸਤ, ਮਗਨ, ਆਸੇ-ਪਾਸੇ ਤੋਂ ਮੁਕੰਮਲ ਬੇਖ਼ਬਰ, ਬੇਪ੍ਰਵਾਹ, ਕੋਹਲੂ ਦੇ ਬਲਦਾਂ ਵਾਂਗ ਜੁਟੇ ਹੋਏ ਹਨ ਅਤੇ ਏਸ ਅਮਲ ਰਾਹੀਂ ਕਈ ਲੱਖ ਕੌਮ ਦੇ ਹੀਰਿਆਂ ਵਰਗੇ ਸੁਹਿਰਦ ਨੌਜਵਾਨਾਂ ਨੂੰ ਬੇਕਿਰਕ ਹੋ ਕੇ ਹਿੰਦ ਦੇ ਰਚੇ ਚੱਕਰਵਿਊਹ, 'ਬਲੈਕ ਹੋਲ' ਵਿੱਚ ਧੱਕ ਚੁੱਕੇ ਹਨ।

ਅਜਿਹੀਆਂ ਹਾਲਤਾਂ ਵਿਚ ਪੰਜਾਬ ਦੇ ਲੋਕ ਇਹ ਜਾਣਨ ਦੇ ਹੱਕਦਾਰ ਹਨ ਕਿ 'ਖ਼ਾਲਿਸਤਾਨ' ਕਿਸ ਇਕਾਈ ਜਾਂ ਬਲ਼ਾ ਨੂੰ ਆਖਿਆ ਜਾ ਰਿਹਾ ਹੈ। ਇਹ ਖ਼ਾਲਿਸਤਾਨੀਆਂ ਦਾ ਬਹੁਤ ਲੁਕਾ ਕੇ ਰੱਖਿਆ ਰਾਜ਼ ਹੈ। ਇਹ ਕਦੇ ਈਸਬਗੋਲ ਨੂੰ ਫਰੋਲਦੇ ਨਹੀਂ। ਮੈਂ ਮੁੱਦਤਾਂ ਤੋਂ ਇੱਕ 'ਏ-4 ਸਫ਼ੇ' ਦੀ ਵਿਆਖਿਆ ਇਨ੍ਹਾਂ ਕੋਲੋਂ ਮੰਗ ਰਿਹਾ ਹਾਂ ਪਰ ਇਨ੍ਹਾਂ ਦੀ ਕਿਰਪਾ-ਦ੍ਰਿਸ਼ਟੀ ਕਦੇ ਨਹੀਂ ਹੋਈ। ਅਸਲੀਅਤ ਇਹ ਹੈ ਕਿ ਇਹ ਸਾਰੇ ਵੀ ਲਫ਼ਜ਼ ਅਤੇ ਨਾਅਰੇ ਤੋਂ ਅਗਾਂਹ ਖ਼ਾਲਿਸਤਾਨ ਬਾਰੇ ਕੁਝ ਨਹੀਂ ਜਾਣਦੇ। ਸਾਨੂੰ ਆਪੇ ਹੀ ਓਹੜ-ਪੋਹੜ ਕਰ ਕੇ ਸਮਝਣ ਦੀ ਕੋਸ਼ਿਸ਼ ਕਰਨੀ ਪਵੇਗੀ।

ਇੱਕ ਕਿਸਮ ਤਾਂ ਉਹ ਹੈ ਜਿਸ ਵਾਸਤੇ ਹਿੰਦ ਤੋਂ ਬਾਹਰ ਬਹੁਤ ਸ਼ੋਰ ਸੁਣੀਂਦਾ ਹੈ। ਇਹ ਘੱਟੋ-ਘੱਟ ਸੁੱਚੇ ਕਿਰਤੀ ਲੋਕਾਂ ਦਾ ਸੰਕਲਪ ਹੈ ਜਿਸ ਨਾਲ ਉਹ ਸ਼ੁਧ ਮਨ ਨਾਲ ਜੁੜੇ ਹਨ। ਸੰਕਲਪ ਬਾਰੇ ਉਨ੍ਹਾਂ ਨੂੰ ਨਹੀਂ ਪੁੱਛ ਸਕਦੇ ਕਿਉਂਕਿ ਅਜਿਹੀਆਂ ਬਣਤਰਾਂ ਘਰ ਵਿਚ ਹੀ ਬਣਦੀਆਂ ਹਨ। ਰੋਜ਼ੀ-ਰੋਟੀ ਕਮਾਉਣ ਗਿਆਂ ਨੂੰ ਨਾ ਜਾਣਨ ਦਾ ਕੋਈ ਮਿਹਣਾ ਨਹੀਂ ਆਉਂਦਾ।

ਸਿਮਰਨਜੀਤ ਸਿੰਘ ਦੇ ਖ਼ਾਲਿਸਤਾਨ ਦੀ ਵਿਆਖਿਆ ਓਸ ਨੇ ਕਦੇ ਨਹੀਂ ਕੀਤੀ। ਬੜੀ ਬੇਪਰਵਾਹੀ ਨਾਲ 'ਏ-4 ਬਰਾਬਰ ਥੀਸਸ' ਦੀ ਮੰਗ ਵੀ ਕਦੇ ਨਹੀਂ ਗੌਲੀ। ਏਸ ਦੀ ਜੋ ਵਿਆਖਿਆ ਏਸ ਦਲ ਦੇ ਜ਼ਿਲ੍ਹਾ ਜਥੇਦਾਰ ਅਰਾਈਆਂ ਵਾਲੇ ਨੇ ਕੀਤੀ ਹੈ, ਉਹ ਸਿਰਫ਼ ਧੋਖਾਧੜੀ ਅਤੇ ਧਨ ਇਕੱਤਰ ਕਰਨ ਉਦਾਲੇ ਘੁੰਮਦੀ ਹੈ। ਅੰਤ ਏਸ ਸਕੀਮ ਦੀ ਤਾਣ ਪੰਜਾਬ ਨੂੰ ਬੇ-ਆਬਾਦ ਅਤੇ ਪੰਥ ਨੂੰ ਆਗੂਹੀਣ ਕਰਨ ਉੱਤੇ ਜਾ ਟੁੱਟਦੀ ਹੈ। ਦਲ ਖ਼ਾਲਸਾ ਦੀ ਮਨਸ਼ਾ ਆਕਾਸ਼ ਗੁੰਜਾਊ ਨਾਅਰਿਆਂ ਅਤੇ ਸਾਲ ਵਿਚ ਇੱਕ-ਦੋ ਦਿਨ 'ਅੰਮ੍ਰਿਤਸਰ ਬੰਦ' ਕਰਨ ਦੇ ਅਮਲ ਵਿਚੋਂ ਹੀ ਸਮਝਣ ਲਈ ਅਸੀਂ ਮਜਬੂਰ ਹਾਂ।

ਇੱਕ ਵੱਡੇ 'ਕੱਟੜ' ਖ਼ਾਲਿਸਤਾਨੀ ਲਈ ਖ਼ਾਲਿਸਤਾਨ ਦੀ ਵਿਆਖਿਆ ਹੋ ਚੁੱਕੇ ਵੱਡੇ ਆਗੂਆਂ ਨੂੰ ਮਿਹਣੇ ਦੇਣ ਨਾਲ ਹੀ ਮੁਕੰਮਲ ਹੋ ਜਾਂਦੀ ਹੈ। ਜੇ ਸਿੱਖ ਯਾਲਟਾ ਸੰਧੀ ਦੇ ਹਵਾਲੇ ਨਾਲ ਆਪਣਾ ਰਾਜ ਸਥਾਪਤ ਕਰ ਵੀ ਲੈਂਦੇ ਤਾਂ ਲੋਕਤੰਤਰ ਦੀ ਸੁਨਾਮੀ ਸਾਹਮਣੇ ਕਿਵੇਂ ਕਾਇਮ ਰੱਖ ਸਕਦੇ? ਹਿੰਦੋਸਤਾਨ ਦੇ ਬਾਕੀ 500 ਤੋਂ ਵੱਧ 'ਆਜ਼ਾਦ ਮੁਲਕਾਂ' ਦਾ ਹਾਲ ਸਾਡੇ ਸਾਹਮਣੇ ਹੈ। ਇਨ੍ਹਾਂ ਵਿਚ ਕੁੱਲ ਮਿਲਾ ਕੇ ਰਕਬੇ ਪੱਖੋਂ ਹੈਦਰਾਬਾਦ, ਜੂਨਾਗੜ੍ਹ, ਜੰਮੂ-ਕਸ਼ਮੀਰ ਤਾਂ ਤਕਰੀਬਨ ਅੱਧੇ ਹਿੰਦੋਸਤਾਨ ਦੇ ਬਰਾਬਰ ਸਨ। ਪੂਰਬ-ਉੱਤਰੀ ਰਾਜਾਂ ਦਾ ਕੀ ਬਣਿਆ, ਜਿਨ੍ਹਾਂ ਨੂੰ ਅੰਗ੍ਰੇਜ਼ ਨੇ ਹਿੰਦੋਸਤਾਨ ਤੋਂ ਇੱਕ ਦਿਨ ਪਹਿਲਾਂ ਆਜ਼ਾਦ ਕੀਤਾ ਸੀ? ਸਿੱਕਮ ਤਾਂ ਕੱਲ੍ਹ ਤੱਕ ਆਜ਼ਾਦ ਸੀ! ਏਸੇ ਧਿਰ ਨੇ ਇੱਕ ਨਵਾਂ ਸੁਝਾਅ ਦਿੱਤਾ ਹੈ ਕਿ 1984 ਦੇ ਦਰਬਾਰ ਸਾਹਿਬ ਉੱਤੇ ਗ਼ੈਰ-ਕਾਨੂੰਨੀ ਹਮਲੇ ਲਈ ਹਿੰਦੋਸਤਾਨ ਉੱਤੇ ਮੁਕੱਦਮਾ ਚੱਲ ਸਕਦਾ ਹੈ; ਫ਼ਲਾਨੇ ਡਾਇਰੈਕਟੋਰੇਟ ਦੀ ਮਰਜ਼ੀ ਤੋਂ ਬਿਨਾ ਹਮਲਾ ਹੋਇਆ ਸੀ। ਹਰ ਸਰਕਾਰੀ ਨੌਕਰ ਜਾਣਦਾ ਹੈ ਕਿ ਅਜਿਹੇ ਫ਼ੈਸਲੇ ਸੰਬੰਧੀ ਕੀਤੇ ਕੰਮ ਤੋਂ ਬਾਅਦ ਪ੍ਰਵਾਨਗੀ ਲੈ ਕੇ ਮਿਸਲ ਦਾ ਢਿੱਡ ਪੂਰਾ ਕਰ ਦਿੱਤਾ ਜਾਂਦਾ ਹੈ। ਚੁਟਕਲੇ-ਨੁਮਾ ਵਿਉਂਤਾਂ ਰਾਹੀਂ ਖ਼ਾਲਿਸਤਾਨ ਹਾਸਲ ਕਰਨ ਦੀਆਂ ਸਕੀਮਾਂ ਦਿਨਾਂ ਵਿਚ ਪੈਸੇ ਡਬਲ ਕਰਨ ਵਾਲੇ ਭਰਮਾਊ ਛਲੇਡਿਆਂ ਨਾਲ ਜਾ ਜੁੜਦੀਆਂ ਹਨ।

ਅੱਜਕੱਲ੍ਹ ਜੀਓ-ਪੁਲਿਟੀਕਲ ਵਿਧੀ ਦੀ ਵੀ ਬੜੀ ਚਰਚਾ ਹੈ ਜਿਸ ਰਾਹੀਂ ਖ਼ਾਲਿਸਤਾਨ ਦਾ ਪੱਕਿਆ ਅੰਬ ਆ ਕੇ ਸੁਤੇ ਸਿੱਧ ਹੀ ਖ਼ਾਲਸੇ ਦੀ ਝੋਲੀ ਵਿਚ ਡਿੱਗਣ ਵਾਲਾ ਦੱਸੀਦਾ ਹੈ। ਏਨਾ ਸ਼ੁਕਰ ਹੈ ਕਿ ਏਸ ਦੀ ਪੂਰਤੀ ਲਈ ਨਾ ਸਿਰ ਦੇਣ ਦੀ ਲੋੜ ਹੈ, ਨਾ ਠੱਗਾਂ ਨੂੰ ਧਨ ਲੁਟਾਉਣ ਦੀ।

ਖ਼ਾਲਿਸਤਾਨ ਤਾਂ ਮਹਿਜ਼ ਨਾਅਰਾ ਹੈ। ਏਸ ਨਾਲੋਂ, ਅੱਜ ਦੇ ਮਾਹੌਲ ਵਿੱਚ, ਢੁਕਵਾਂ ਸੰਕਲਪ ਸਿੱਖ ਹੋਮਲੈਂਡ ਦਾ ਹੈ ਜਿਸ ਨੂੰ ਆਪਣੇ ਸਿਰੇ ਦੇ ਦਾਨਸ਼ਵਰ ਸਿਰਦਾਰ ਕਪੂਰ ਸਿੰਘ ਨੇ ਉਗਾਸਿਆ ਹੈ ਅਤੇ ਜਿਸ ਦਾ ਪਹਿਲਾ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਹੋ ਗੁਜ਼ਰਿਆ ਹੈ। ਗਜਿੰਦਰ ਸਿੰਘ ਅਤੇ ਓਸ ਦੇ ਸਾਥੀ ਨੌਜਵਾਨਾਂ ਨੇ ਏਸ ਨਿਸ਼ਾਨੇ ਦੀ ਪ੍ਰਾਪਤੀ ਲਈ 'ਦਲ ਖ਼ਾਲਸਾ', ਸਿਰਦਾਰ ਦੀ ਸਰਪਰਸਤੀ ਹੇਠ, ਬਣਾਇਆ ਸੀ। ਜੇ ਓਸੇ ਰਾਹ ਤੁਰਦੇ ਰਹਿੰਦੇ ਤਾਂ ਸ਼ਾਇਦ ਪ੍ਰਾਪਤੀ ਦੇ ਨੇੜੇ-ਤੇੜੇ ਹੁੰਦੇ। ਪੜ੍ਹਾਈ ਕਰਦੇ ਸਮੇਂ ਮੈਂ ਇੱਕ ਛੋਟਾ ਕਿਤਾਬਚਾ ਵੀ ਏਸ ਸੰਕਲਪ ਦੀ ਵਿਆਖਿਆ ਕਰਨ ਲਈ ਲਿਖਿਆ ਸੀ, ਜਿਸ ਬਾਰੇ ਟਿੱਪਣੀ ਸਟੇਟਸਮੈਨ ਅਖ਼ਬਾਰ ਨੇ ਵੀ ਕੀਤੀ ਸੀ। 'ਸਿੱਖ ਹੋਮਲੈਂਡ' ਦੇ ਸੰਕਲਪ ਦੀ ਸਿਰਦਾਰ ਨੇ ਖ਼ੂਬ ਤਸ਼ਰੀਹ ਕੀਤੀ ਹੋਈ ਹੈ ਜਿਸ ਨੂੰ ਦੁਬਾਰੇ ਛਪਿਆਂ ਵੀ ਪੰਜ ਕੁ ਸਾਲ ਹੋ ਚੁੱਕੇ ਹਨ। ਪਹਿਲੀ ਵਾਰ ਸਿਰਦਾਰ ਨੇ ਖ਼ੁਦ ਮੇਰੇ ਕੋਲੋਂ ਮੁੱਖ ਬੰਦ ਲਿਖਵਾ ਕੇ ਛਪਵਾਇਆ ਸੀ। ਇਹ ਸਿੱਖ ਪੰਥ ਦਾ ਰਾਜਸੀ ਨਿਸ਼ਾਨਾ ਅੱਜ ਦੇ ਸਮੇਂ ਅਨੁਸਾਰ ਢੁਕਵਾਂ ਹੈ ਅਤੇ ਕਿਸੇ ਪੱਖੋਂ ਵੀ ਨੁਕਸਾਨਦੇਹ ਨਹੀਂ। ਇਸ ਦੀ ਮੁਕੰਮਲ ਤਸ਼ਰੀਹ, ਸਿਰਦਾਰ ਦੀ ਕੀਤੀ, ਸਾਡੇ ਕੋਲ ਹੈ। ਅੱਕੀਂ-ਪਲਾਹੀਂ ਹੱਥ ਮਾਰਨੇ, ਜਵਾਨੀ ਦਾ ਘਾਣ ਜਾਂ ਪਲਾਇਣ ਦੀ ਮਜਬੂਰੀ ਏਸ ਦੀ ਲੋੜ ਨਹੀਂ। ਇਹ ਸਿਰਫ਼ ਸਿਮਰਨਜੀਤ ਸਿੰਘ ਦਾ ਸ਼ੌਕ ਹੈ। ਇਹ ਆਗੂ ਇੱਕ ਵਾਰੀ 'ਕੱਟੇ-ਵੱਛੇ ਲੈ ਕੇ ਪਾਕਿਸਤਾਨ ਪਲਾਇਣ ਦਾ ਨਾਅਰਾ ਦੇ ਵੀ ਚੁੱਕਾ ਹੈ, ਜਿਸ ਨੂੰ ਸੁਣ ਕੇ ਮੇਰੇ ਸਮੇਤ ਕਈਆਂ, ਜਿਨ੍ਹਾਂ ਕੋਲ ਕੱਟੇ-ਵੱਛੇ ਨਹੀਂ ਸਨ, ਨੇ ਇੱਕ-ਇੱਕ ਕੱਟਾ ਅਤੇ ਇੱਕ-ਇੱਕ ਵੱਛਾ ਖ਼ਰੀਦ ਵੀ ਲਏ ਸਨ ਤਾਂ ਕਿ ਮੰਗ ਵਧਣ ਉੱਤੇ ਦੁੱਗਣੀ-ਚੌਗੁਣੀ ਕੀਮਤ ਨਾ ਦੇਣੀ ਪਵੇ। ਨੀਲੇ ਰੰਗ ਦੇ ਨਾਈਲੋਨ ਦੇ ਵਧੀਆ ਰੱਸੇ ਵੀ ਖ਼ਰੀਦ ਲਏ ਸਨ। ਬਾਅਦ ਵਿਚ ਪਤਾ ਲੱਗਾ ਕਿ ਇਹ ਕੇਵਲ ਸਿਆਸੀ ਜੁਮਲਾ ਸੀ।

ਜਿਸ ਦੋਹੇ ਦੇ ਆਧਾਰ ਉੱਤੇ ਪ੍ਰਚਾਰ ਕਰ ਕੇ ਲੋਕਾਂ ਨੂੰ ਆਗੂਆਂ ਵੱਲੋਂ ਗੁੰਮਰਾਹ ਕੀਤਾ ਜਾਂਦਾ ਹੈ (ਚੂੰ ਕਾਰ ਅਜ਼ ਹਮਾ ਹੀਲਤੇ...) ਉਹ ਤਾਂ ਸ਼ੈਖ਼ ਸਾਅਦੀ ਸਿਰਾਤੀ ਦਾ ਹੈ ਜੋ 1291 ਵਿਚ ਪੂਰਾ ਹੋ ਗਿਆ ਸੀ। ਨਰਾਇਣ ਸਿੰਘ ਨੇ ਵੀ ਏਸ ਸ਼ੇਅਰ ਦਾ ਆਸਰਾ ਤੱਕਿਆ ਹੈ। ਕਈ ਹੋਰ ਅਜਿਹੇ ਸ਼ਬਦਾਂ ਦਾ ਗੁਰੂ ਨਾਲ ਕੋਈ ਸੰਬੰਧ ਨਹੀਂ, ਜਿਨ੍ਹਾਂ ਦੀ ਵਰਤੋਂ ਆਮ ਤੌਰ ਉੱਤੇ, ਸਿੱਖਾਂ ਨੂੰ ਗੁੰਮਰਾਹ ਕਰ ਕੇ ਔਝੜੇ ਪਾਉਣ ਲਈ, ਖ਼ਾਲਿਸਤਾਨ ਦੇ ਹੱਕ ਵਿਚ ਕੀਤੀ ਜਾਂਦੀ ਹੈ।

ਸਿੱਖ ਪੰਥ ਦਾ ਆਖ਼ਰੀ ਸਿਆਸੀ ਨਿਸ਼ਾਨਾ 'ਖ਼ਾਲਸਾ ਰਾਜ' ਹੈ, ਜੋ ਨਿਰੋਲ ਗੁਰੂ ਗ੍ਰੰਥ ਦੇ ਉਪਦੇਸ਼ਾਂ ਦੀ ਟੇਕ ਲੈ ਕੇ ਉਸਾਰਿਆ ਜਾਵੇਗਾ। ਇਹ ਇੱਕ ਸਰਬ ਕਲਿਆਣਕਾਰੀ ਰਾਜ ਦਾ ਸੰਕਲਪ ਹੈ ਜਿਸ ਦੀਆਂ ਦੋ ਝਲਕਾਂ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਰਣਜੀਤ ਸਿੰਘ ਵੇਲੇ ਪਾ ਚੁੱਕੇ ਹਾਂ। ਇਹ ਉੱਕਾ ਵਿਤਕਰੇ-ਰਹਿਤ ਅਤੇ ਸਾਰੇ ਧਰਮਾਂ ਦੇ ਰਾਸ ਆਉਣ ਵਾਲਾ ਹੋਵੇਗਾ ਅਤੇ ਹਰ ਸ਼ਹਿਰੀ ਦੀ ਪੱਤ ਰੱਖਣ ਦਾ ਜਾਮਨ ਹੋਵੇਗਾ। ਬਾਬੇ ਬੰਦੇ ਦੀ ਮੁਹਰ ਅਨੁਸਾਰ ਏਸ ਦਾ ਧਰਮ 'ਦੇਗ਼ ਤੇਗ਼ ਫ਼ਤਹਿ' ਹੋਵੇਗਾ, ਜਿਸ ਦਾ ਅਰਥ ਹੈ ਦੇਗ਼ ਅਤੁੱਟ ਵਰਤੇਗੀ ਅਰਥਾਤ ਹਰ ਇੱਕ ਨੂੰ ਸਨਮਾਨ ਨਾਲ ਨਿਰਬਾਹ ਦੇ ਸਾਧਨ ਮੁਹੱਈਆ ਕੀਤੇ ਜਾਣਗੇ ਅਤੇ ਨਾਨਕ-ਗੋਬਿੰਦ ਸਿੰਘ ਦਾ ਫ਼ਲਸਫ਼ਾ ਤੇਗ਼ ਬਣ ਹਰ ਸ਼ਹਿਰੀ ਦੇ ਮਾਣ-ਸਤਿਕਾਰ ਦੀ ਰੱਖਿਆ ਕਰੇਗਾ। ਏਸ ਧਰਤੀ ਦਾ ਵਾਹਦ ਮਾਲਕ ਸੱਚਾ ਸਦੀਵੀ ਪਾਤਸ਼ਾਹ ਅਕਾਲ ਪੁਰਖ ਹੈ ਅਤੇ ਖ਼ਾਲਸਾ ਰਾਜ ਵਿਚ ਉਸ ਦੇ ਬੱਚਿਆਂ ਦੀ ਕਦਰ ਸ਼ਹਿਨਸ਼ਾਹ ਦੇ ਧੀਆਂ-ਪੁੱਤਰਾਂ ਵਾਂਙੂ ਹੋਵੇਗੀ। ਅੰਮ੍ਰਿਤਧਾਰੀ ਖ਼ਾਲਸੇ ਨੂੰ ਏਸ ਵਿਵਸਥਾ ਨੂੰ ਲਾਗੂ ਕਰਨ ਦਾ ਜ਼ਿੰਮੇਵਾਰ ਬਣਾਇਆ ਜਾਵੇਗਾ। ਕਿਸੇ ਨਾਲ ਅਨਿਆਂ ਨਹੀਂ ਹੋ ਸਕੇਗਾ ਅਤੇ ਸਾਰੀ ਰਾਜ-ਵਿਵਸਥਾ ਏਸ ਨੀਂਹ ਉੱਤੇ ਖੜ੍ਹੀ ਕੀਤੀ ਜਾਵੇਗੀ। ਪੌਲਿਟੀ ਦੀਆਂ ਅਨੇਕ ਪ੍ਰੰਪਰਾਵਾਂ ਤੋਂ ਇਹ ਪ੍ਰਣਾਲੀ ਉੱਤਮ ਹੋਵੇਗੀ; ਸਭ ਦੁਨੀਆ ਏਸ ਨੂੰ ਸਤਿਕਾਰ ਨਾਲ ਗਲ਼ ਲਾਵੇਗੀ। ਇਉਂ ਧਰਤੀ ਉੱਤੇ ਸਵਰਗ ਉੱਤਰੇਗਾ; ਸੰਸਾਰ ਸੁਖੀ ਵੱਸੇਗਾ।

ਏਸ ਨੂੰ ਲਾਗੂ ਕਰਨ ਲਈ ਗੁਰੂ ਦੇ ਖ਼ਾਲਸੇ ਨੂੰ ਰਤਾ ਕੁ ਪੈਰ ਧਰਨ ਲਈ ਸਿੱਖ ਹੋਮਲੈਂਡ ਦੀ ਧਰਤੀ ਦੀ ਲੋੜ ਹੈ। ਫੇਰ 'ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ' ਦੇ ਗੁਰੂ ਕੇ ਬਚਨ ਸਿੱਧ ਹੋਣਗੇ। ਏਸ ਪ੍ਰਤੀ ਮੁਕੰਮਲ ਉਪਦੇਸ਼ ਗੁਰੂ ਗ੍ਰੰਥ ਦੇ ਪਾਕ ਪੰਨਿਆਂ ਉੱਤੇ ਨਾਨਕ ਦੇ ਹੀਰੇ-ਮੋਤੀਆਂ ਵਿਚ ਜੜਨਯੋਗ ਲਫ਼ਜ਼ਾਂ ਵਿਚ ਲਿਖਿਆ ਹੋਇਆ ਹੈ, ਜਿਵੇਂ ਕੁਰਾਨ ਸ਼ਰੀਫ਼ ਦੀ ਲਿਖਤ ਲੋਹੇ ਮਹਿਫ਼ੂਜ਼ ਉੱਤੇ ਲਿਖੀ ਦੱਸੀਦੀ ਹੈ। ਵਿਸ਼ਵ-ਕਲਿਆਣ ਦਾ ਹੋਰ ਕੋਈ ਦੂਜਾ ਰਾਹ ਨਹੀਂ। ਗੁਰੂ ਗ੍ਰੰਥ ਸੰਸਾਰ ਦਾ ਬੋਹਿਥ ਹੈ। ਸੰਸਾਰ ਦੇ ਲੋਕ ਜਹਾਜ਼ ਦੇ ਪੰਛੀਆਂ ਵਾਂਗ ਭਾਵੇਂ ਸੈਂਕੜੇ ਮੀਲਾਂ ਖਾਰੇ ਸਾਗਰ ਉੱਤੇ ਭੌਂ ਲੈਣ, ਆਖ਼ਰ ਪਨਾਹ ਇਨ੍ਹਾਂ ਨੂੰ ਗੁਰੂ ਗ੍ਰੰਥ ਦੀ ਸ਼ਰਣ ਆਇਆਂ ਹੀ ਮਿਲੇਗੀ, ਜਦੋਂ ਉਹ ਅਰਦਾਸ ਕਰਨਗੇ 'ਸਤਿਗੁਰ ਆਇਓ ਸਰਣਿ ਤੁਹਾਰੀ॥ ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥੧॥ਰਹਾਉ॥ ਅਵਰ ਨ ਸੂਝੈ ਦੂਜੀ ਠਾਹਰ ਹਾਰ ਪਰਿਓ ਤਉ ਦੁਆਰੀ॥'

### ਹੋਰ ਪਹਿਲੂ

ਏਸ ਕਿਤਾਬ ਵਿਚ ਕਈ ਹੋਰ ਵੀ ਖਾਮੀਆਂ ਹਨ:

1. ਬੱਬਰਾਂ ਬਾਰੇ ਬੇਬੁਨਿਆਦ ਖੁਸ਼ਫ਼ਹਿਮੀਆਂ ਹਨ। ਸੰਤ ਲੌਂਗੋਵਾਲ ਦੀ ਅਰਦਲ 'ਚ ਬੈਠੇ ਬੱਬਰਾਂ ਕੋਲ 12 ਬੋਰ ਬੰਦੂਕਾਂ ਨਹੀਂ, ਰਫ਼ਲਾਂ ਸਨ। ਇਹ ਮੈਂ ਖ਼ੁਦ ਵੇਖਿਆ ਹੈ, ਲਿਖਿਆ ਹੈ। ਮੈਂ ਬਚਪਨ ਤੋਂ ਰਫ਼ਲਾਂ, ਬੰਦੂਕਾਂ ਵੇਖਦਾ ਆ ਰਿਹਾਂ ਤੇ ਫ਼ਰਕ ਜਾਣਦਾ ਹਾਂ। ਸੰਤ ਜਰਨੈਲ ਸਿੰਘ ਨੂੰ ਅਕਾਲ ਤਖ਼ਤ ਉੱਤੇ ਭੇਜਣ ਵਿਚ ਇਨ੍ਹਾਂ ਬੱਬਰਾਂ ਦਾ ਹੱਥ ਸੀ। ਸੰਤਾਂ ਦਾ ਛਪਿਆ ਬਿਆਨ ਵੀ ਹੈ ਕਿ 'ਮੈਨੂੰ ਸਰਾਂ ਵਿਚੋਂ ਕੱਢਣ ਲਈ ਪੰਜ ਆਏ ਸਨ। ਓਸ ਵੇਲੇ ਮੇਰੇ ਮਦਦਗਾਰ ਘੱਟੋ-ਘੱਟ 150 ਸਨ। ਮੈਂ ਭਰਾ-ਮਾਰੂ ਜੰਗ ਸੰਕਟ ਵੇਲੇ ਨਹੀਂ ਸੀ ਚਾਹੁੰਦਾ, ਏਸ ਲਈ ਤਖ਼ਤ 'ਤੇ ਆ ਗਿਆ।' 13 ਅਪ੍ਰੈਲ 1984 ਵਾਲਾ ਸੰਤਾਂ ਦੇ ਬਰਖ਼ਿਲਾਫ਼ ਲਿਖਿਆ ਨਫ਼ਰਤ ਭਰਿਆ ਇਸ਼ਤਿਹਾਰ ਵੀ ਮੇਰੇ ਕੋਲ ਹੈ; ਜਾਤੀ ਜਾਣਕਾਰੀ ਵੀ ਹੈ।

2. ਬੀਬੀ ਅਮਰਜੀਤ ਕੌਰ ਦੀ ਹਾਜ਼ਰੀ ਵਿਚ ਸੰਤ ਲੌਂਗੋਵਾਲ ਨੇ ਮੈਨੂੰ ਫ਼ਰਵਰੀ 84 ਵਿਚ ਆਖਿਆ ਸੀ ਕਿ ਸਾਰੀਆਂ ਵਾਰਦਾਤਾਂ 'ਸਾਡੇ ਬੰਦੇ (ਬੱਬਰ) ਕਰ ਰਹੇ ਹਨ। ਸੰਤ ਸਿਰਫ਼ ਕ੍ਰੈਡਿਟ ਲੈ ਰਹੇ ਹਨ।' ਲੌਂਗੋਵਾਲ ਦਾ ਅਜਿਹਾ ਬਿਆਨ ਉਨ੍ਹੀਂ ਦਿਨੀਂ 'ਸੰਤ ਸਿਪਾਹੀ' ਰਸਾਲੇ ਵਿੱਚ ਬੀਬੀ ਰਾਜਿੰਦਰ ਕੌਰ ਨੇ ਵੀ ਛਾਪਿਆ ਸੀ।

3. 'ਹਥਿਆਰਾਂ ਦੇ ਦਰਬਾਰ ਪ੍ਰਸਰ ਵਿਚ ਜਾਣ ਵਾਲੀ ਕੀਤੀ ਤਸ਼ਰੀਹ ਕਿਸੇ ਹੱਦ ਤੱਕ ਹੀ ਠੀਕ ਹੈ। ਇੱਕ ਟਰੱਕ ਹਥਿਆਰਾਂ ਦਾ ਜਾਣ ਬਾਰੇ ਅਖ਼ਬਾਰ ਵਿਚ ਮੈਂ ਖੁਦ ਪੜ੍ਹਿਆ ਹੈ। ਜਨਰਲ ਭੁੱਲਰ ਦੀ ਕਹਾਣੀ ਸੱਚ ਜਾਪਦੀ ਹੈ।

4. ਤਲਵਿੰਦਰ ਸਿੰਘ ਬੱਬਰ ਨੂੰ ਰੌਅ ਦੇ ਨਵੇਂ ਬਣੇ ਡਾਇਰੈਕਟਰ ਕਾਉ ਨੇ ਏਸ ਬਿਨਾ ਉੱਤੇ ਛੁਡਵਾਇਆ ਸੀ ਕਿ ਦਹੇੜੂ ਵਾਲੇ ਮੁਕਾਬਲੇ ਤੋਂ ਪਹਿਲਾਂ ਇਹ, ਪਾਸਪੋਰਟ ਅਨੁਸਾਰ, ਨੇਪਾਲ ਰਾਹੀਂ ਜਰਮਨੀ ਪਹੁੰਚ ਚੁੱਕਿਆ ਸੀ। ਏਥੋਂ ਏਸ ਨੂੰ ਜਿੰਦਾ ਸ਼ਹੀਦ ਪ੍ਰਚਾਰਦਿਆਂ ਸਿੱਧਾ ਮੈਡੀਸਨ ਸਕੁਏਅਰ ਗਾਰਡਨ ਵਿਚ ਪ੍ਰਗਟ ਕਰਵਾਇਆ ਗਿਆ ਸੀ, ਜਿੱਥੇ ਸਰਕਾਰ-ਹਿੰਦ ਵਿਰੋਧੀ ਜਲਸਾ ਚੱਲ ਰਿਹਾ ਸੀ। ਜਨਰਲ ਭੁੱਲਰ ਨੂੰ ਵੀ ਏਥੇ ਤਲਵਾਰਾਂ ਦੀ ਛਾਂਵੇਂ ਦਾਖ਼ਲ ਕਰਵਾਇਆ ਗਿਆ ਸੀ। ਕਿਸੇ ਵੇਲੇ ਮੈਂ ਏਸ ਜਲਸੇ ਦੀ ਕਾਰਵਾਈ ਉਲੱਥਾ ਕਰ ਕੇ ਇੱਕ ਪੜਤਾਲੀਆ ਕਮਿਸ਼ਨ ਨੂੰ ਭੇਜੀ ਸੀ।

5. ਵਿਸ਼ਵਾਨਾਥ ਤਿਵਾੜੀ ਕਤਲ ਬਾਰੇ ਵੀ ਏਸ ਕਿਤਾਬ ਦੇ ਤੱਥ ਸਹੀ ਨਹੀਂ। ਵਾਰਦਾਤ ਤੋਂ ਪਹਿਲਾਂ ਕਤਲ ਕਰਨ ਵਾਲਿਆਂ ਵੱਲੋਂ ਸੈਕਟਰ 15 ਵਿਚ ਕਿਸੇ ਦੇ ਘਰ ਮੀਟਿੰਗਾਂ ਕਰਨ ਬਾਰੇ ਮੇਰੇ ਕੋਲ ਠੋਸ ਜਾਣਕਾਰੀ ਹੈ। ਰੂਪਨ ਦਿਉਲ ਬਜਾਜ ਰਾਹੀਂ ਉਨ੍ਹਾਂ ਦੀ ਸਹੇਲੀ ਅੰਮ੍ਰਿਤ ਤਿਵਾੜੀ ਦਾ, ਕਤਲ ਲਈ ਜ਼ਿੰਮੇਵਾਰ ਲੋਕਾਂ ਸੰਬੰਧੀ ਬਿਆਨ ਜੋ ਪ੍ਰਣਬ ਮੁਕਰਜੀ ਦੀ ਹਾਜ਼ਰੀ ਵਿਚ ਤਿਵਾੜੀ ਦੇ ਸਸਕਾਰ ਸਮੇਂ ਦਿਤਾ ਗਿਆ ਸੀ, ਵੀ ਮੇਰੇ ਕੋਲ ਓਸੇ ਦਿਨ ਰੂਪਨ ਨੇ ਪਹੁੰਚਾ ਦਿੱਤਾ ਸੀ। ਏਸ ਤੋਂ ਵੱਧ ਵੀ ਮੈਂ ਜਾਣਦਾ ਹਾਂ। ਸਭ ਏਸ ਪੁਸਤਕ ਦੇ ਬਿਰਤਾਂਤ ਨਾਲ ਮੇਲ ਨਹੀ ਖਾਂਦਾ।

ਹੋਰ ਵੀ ਕਈ ਕੁਝ ਹੈ ਜੋ ਸਭ ਅੱਛਾ ਨਹੀਂ। ਪਰ ਅੱਜ ਏਨਾ ਹੀ।

## ਸਾਂਝਾਂ ਜ਼ਿੰਦਗੀ ਦੀਆਂ

*ਮੈਂ ਤੇ ਮੇਰੇ ਦੋਸਤ ਅਮੋਲਕ ਸਿੰਘ ਨੇ ਆਪੋ-ਆਪਣੇ ਕਿੱਤਿਆਂ ਦੀ ਸ਼ੁਰੂਆਤ ਲਗਭਗ ਇਕੱਠਿਆਂ ਕੀਤੀ। ਸਾਡਾ ਵਾਹ ਵਾਸਤਾ 1981 ਦੇ ਆਸ-ਪਾਸ ਪਿਆ। ਮੈਂ ਜਨਗਣਨਾ ਮਹਿਕਮੇ ਵਿਚ ਨੌਕਰੀ ਕਰਦਾ ਸੀ, ਤੇ ਉਨ੍ਹਾਂ ਨੇ ਪੱਤਰਕਾਰੀ ਦਾ ਕੋਰਸ ਕੀਤਾ ਸੀ। ਡੱਬਵਾਲੀ ਤਹਿਸੀਲ ਵਿਚ ਜਨਗਣਨਾ ਦਾ ਕੰਮ ਨਿਪਟਾ ਕੇ, ਆਪਣੇ ਪਿੰਡ 'ਚੋਂ ਹੁੰਦਾ ਹੋਇਆ, ਨਦਾਮਪੁਰ ਦੇ ਬੱਸ ਅੱਡੇ 'ਤੇ, ਚੰਡੀਗੜ੍ਹ ਜਾਣ ਵਾਸਤੇ, ਬੱਸ ਦੀ ਉਡੀਕ ਕਰ ਰਿਹਾ ਸੀ। ਸਿਰਸੇ ਤੋਂ ਆ ਰਹੀ ਬੱਸ ਦਾ ਉੱਥੇ ਸਟੌਪ ਨਹੀਂ ਸੀ, ਪਰ ਮੇਰੇ ਹੱਥ ਦੇਣ 'ਤੇ ਬੱਸ ਰੁਕੀ। ਮੇਰੇ ਕੋਲ 50 ਕਿਲੋ ਕਣਕ ਦਾ ਥੈਲਾ ਅਤੇ ਕੱਪੜਿਆਂ ਵਾਲਾ ਵੱਡਾ ਬੈਗ ਸੀ। ਖਿੜਕੀ ਖੁੱਲ੍ਹੀ ਤਾਂ ਮੈਂ ਫਟਾਫਟ ਕਣਕ ਦਾ ਥੈਲਾ ਅੰਦਰ ਵਗਾਹ ਮਾਰਿਆ। ਬਸ ਸਟੌਪ ਤੋਂ ਥੋੜ੍ਹੀ ਦੂਰੀ 'ਤੇ ਜਾ ਕੇ ਰੁਕੀ, ਮੈਂ ਵਾਪਸੀ 'ਤੇ ਆਪਣਾ ਬੈਗ ਚੁੱਕਣ ਗਿਆ ਤਾਂ ਬੱਸ ਚੱਲ ਪਈ, ਅਮੋਲਕ ਸਿੰਘ ਨੇ ਡਰਾਈਵਰ ਨੂੰ ਆਵਾਜ਼ ਦੇ ਕੇ ਬੱਸ ਰੁਕਵਾਈ। ਬੱਸ ਵਿਚ ਇਹ ਸਾਡੀ ਪਹਿਲੀ ਮੁਲਾਕਾਤ ਸੀ। ਉਸ ਨੂੰ ਟ੍ਰਿਬਿਊਨ ਵਿਚ ਨਵੀਂ-ਨਵੀ ਨੌਕਰੀ ਮਿਲੀ ਸੀ ਕੁਆਟਰ ਅਜੇ ਨਹੀਂ ਮਿਲਿਆ ਸੀ। ਉਸਨੇ ਕਮਰੇ ਵਗੈਰਾ ਬਾਰੇ ਪੁੱਛਿਆ ਤਾਂ ਮੈਂ ਦੱਸਿਆ ਕਿ ਸਾਡੇ ਵਾਲੇ ਮਕਾਨ ਵਿਚ ਕਮਰਾ ਰਸੋਈ ਖਾਲੀ ਹੈ। ਉਸ ਦਾ ਨਵਾਂ-ਨਵਾਂ ਵਿਆਹ ਹੋਇਆ ਸੀ, ਉਸ ਨੇ ਝੱਟ, ਸਾਡੇ ਨਾਲ ਹੀ ਕਮਰਾ ਕਿਰਾਏ 'ਤੇ ਲੈ ਲਿਆ। ਤਿੰਨ ਮਹੀਨੇ ਬਾਅਦ ਟ੍ਰਿਬਿਊਨ ਕਲੋਨੀ ਵਿਚ ਕੁਆਟਰ ਮਿਲ ਗਿਆ। ਉਸ ਤੋਂ ਬਾਅਦ ਵੀ ਸਾਡਾ ਰਾਬਤਾ ਬਰਕਰਾਰ ਰਿਹਾ। 1991 ਦੀ ਜਨਗਣਨਾ ਤੋਂ ਬਾਅਦ ਉਹ ਯੂ.ਐਸ.ਏ. ਚਲੇ ਗਏ, ਉਥੋਂ ਆਪਣਾ 'ਪੰਜਾਬ ਟਾਈਮਜ਼' ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। 2021 ਦੇ ਲਗਭਗ, ਉਹ ਪਰਮਾਤਮਾ ਦੇ ਹੁਕਮ ਅਨੁਸਾਰ ਇਸ ਦੁਨੀਆਂ ਤੋਂ ਚਲੇ ਗਏ, ਬਹੁਤ ਹੀ ਦੁੱਖ ਹੋਇਆ। ਪਰਮਾਤਮਾ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ ਅਤੇ 'ਅਦਾਰਾ ਪੰਜਾਬ ਟਾਈਮਜ਼' ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ। ਪਰਮ ਪਿਆਰੇ ਮਿੱਤਰ ਨੂੰ ਸ਼ਰਧਾਂਜਲੀ।*

*-ਅਮਰਜੀਤ ਸਿੰਘ ਤੂਰ*

# ਸਿੱਖ ਸੰਘਰਸ਼ ਦੀ ਕਹਾਣੀ, ਦਸਤਾਵੇਜ਼ਾਂ ਦੀ ਜ਼ੁਬਾਨੀ

ਤੁਹਾਡੇ ਵਿਚੋਂ ਕਿੰਨਿਆਂ ਕੁ ਨੂੰ ਇਹ ਪਤਾ ਹੈ ਕਿ ਸਿੱਖ ਮਿਸਲਾਂ ਦਾ ਸੰਕਲਪ 1850ਵਿਆਂ ਦੌਰਾਨ ਸ੍ਰੀ ਅਕਾਲ ਤਖ਼ਤ 'ਤੇ ਰੱਖੀਆਂ ਜਾਂਦੀਆਂ ਉਨ੍ਹਾਂ ਫਾਈਲਾਂ ਤੋਂ ਸ਼ੁਰੂ ਹੋਇਆ, ਜਿਨ੍ਹਾਂ ਵਿਚ ਸਿੱਖ ਸਰਦਾਰ ਆਪੋ-ਆਪਣੇ ਵੱਲੋਂ ਜਿੱਤੇ ਇਲਾਕਿਆਂ ਦੀ ਜਾਣਕਾਰੀ ਦਰਜ ਕਰਦੇ ਸਨ; ਜਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਹਦੂਦ ਦੇ ਅੰਦਰ ਬੁੱਤਾਂ ਜਾਂ ਮੂਰਤੀਆਂ ਦੇ ਅਸਥਾਪਨ ਦੀ ਪ੍ਰਥਾ (ਕੁਪ੍ਰਥਾ) ਮਹਾਰਾਜਾ ਰਣਜੀਤ ਸਿੰਘ ਦੇ ਰਾਜ-



**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**


ਕਾਲ ਦੌਰਾਨ ਸ਼ੁਰੂ ਹੋਈ; ਜਾਂ 1872 ਵਿਚ 63 ਨਾਮਧਾਰੀਆਂ (ਕੂਕਿਆਂ) ਨੂੰ ਗੋਲਿਆਂ ਨਾਲ ਉਡਾਉਣ ਵਾਸਤੇ ਤੋਪਾਂ ਪਟਿਆਲਾ ਰਿਆਸਤ ਦੇ ਮਹਾਰਾਜਾ ਮਹਿੰਦਰ ਸਿੰਘ ਵੱਲੋਂ ਮੁਹੱਈਆ ਕਰਵਾਈਆਂ ਗਈਆਂ; ਜਾਂ ਬ੍ਰਿਟਿਸ਼ ਹਕੂਮਤ ਨੇ ਹਿੰਦੂਆਂ ਜਾਂ ਮੁਸਲਮਾਨਾਂ ਦੇ ਧਾਰਮਿਕ ਪ੍ਰਬੰਧਾਂ ਵਿਚ ਦਖ਼ਲ ਦੇਣ ਤੋਂ ਹਮੇਸ਼ਾਂ ਪਰਹੇਜ਼ ਕੀਤਾ, ਪਰ ਸਿੱਖਾਂ ਦੇ ਗੁਰਅਸਥਾਨਾਂ ਨੂੰ ਆਪਣੇ ਕੰਟਰੋਲ ਹੇਠਾਂ ਰੱਖਣਾ ਕਿਉਂ ਚੁਣਿਆ; ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1947 ਤੋਂ ਪਹਿਲਾਂ ਵੱਖਰੇ ਸਿੱਖ ਮੁਲਕ ਦੀ ਸਥਾਪਨਾ ਦੀ ਵਕਾਲਤ ਕਿਉਂ ਕੀਤੀ?

ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਅਤੇ ਹੋਰ ਢੇਰ ਸਾਰੀ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ ਜਗਤਾਰ ਸਿੰਘ ਦੀ ਗਰੰਥਨੁਮਾ ਕਿਤਾਬ 'ਸਿੱਖ ਸਟ੍ਰਗਲ ਡੌਕੂਮੈਂਟਸ 1920-2022' (ਆਕਾਰ ਬੁੱਕਸ; 680 ਪੰਨੇ; 2495 ਰੁਪਏ)। ਧਾਰਮਿਕ ਉਲਾਰ ਤੋਂ ਮੁਕਤ, ਠੋਸ ਜਾਣਕਾਰੀਆਂ ਨਾਲ ਭਰਪੂਰ, ਅਕਾਦਮਿਕ ਪੱਖੋਂ ਖੋਜਪੂਰਨ ਅਤੇ ਮੌਜੂਦਾ ਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਸਿੱਖ ਇਤਿਹਾਸ ਤੇ ਸਿੱਖ ਸਿਧਾਂਤ ਦੇ ਅਧਿਐਨ ਵਾਸਤੇ ਬਿਹਤਰੀਨ ਹਵਾਲਾ ਪੁਸਤਕ ਹੈ ਜਗਤਾਰ ਸਿੰਘ ਦਾ ਇਹ ਉਪਰਾਲਾ। ਉਹ ਸਾਡੇ ਖ਼ਿੱਤੇ ਵਿਚ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਨਾਮਵਰ ਪੱਤਰਕਾਰ ਵਜੋਂ ਜਾਣੇ ਜਾਂਦੇ ਰਹੇ ਹਨ। ਪਰ ਪਿਛਲੇ ਪੰਜ-ਛੇ ਵਰ੍ਹਿਆਂ ਤੋਂ ਉਨ੍ਹਾਂ ਨੇ ਸਰਗਰਮ ਪੱਤਰਕਾਰੀ ਦੀ ਥਾਂ ਇਤਿਹਾਸਕਾਰੀ ਦਾ ਪੱਲਾ ਫੜ ਕੇ ਅੰਗਰੇਜ਼ੀ ਵਿਚ ਜਿਹੜੀਆਂ ਤਿੰਨ ਜ਼ਿਕਰਯੋਗ ਪੁਸਤਕਾਂ 'ਖ਼ਾਲਿਸਤਾਨ ਸਟ੍ਰਗਲ: ਏ ਨੌਨ-ਮੂਵਮੈਂਟ', 'ਕਾਲੇ ਪਾਣੀ' ਤੇ (ਹੁਣ) 'ਸਿੱਖ ਸਟ੍ਰਗਲ ਡੌਕੂਮੈਂਟਸ' ਪਾਠਕਾਂ ਦੀ ਨਜ਼ਰ ਕੀਤੀਆਂ ਹਨ, ਉਹ ਸਾਡੇ ਖ਼ਿੱਤੇ ਦੀ ਤਵਾਰੀਖ਼ ਨੂੰ ਸਦੀਵਤਾ ਪ੍ਰਦਾਨ ਕਰਨ ਵਾਲਾ ਕਾਰਜ ਹੈ।

ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੈ, 'ਸਿੱਖ ਸਟ੍ਰਗਲ ਡੌਕੂਮੈਂਟਸ' ਬੁਨਿਆਦੀ ਤੌਰ 'ਤੇ ਇਤਿਹਾਸਕ ਦਸਤਾਵੇਜ਼ਾਂ ਦਾ ਸੰਗ੍ਰਹਿ ਹੈ। 560 ਪੰਨਿਆਂ ਦੇ ਆਸ-ਪਾਸ ਹਨ ਇਹ ਦਸਤਾਵੇਜ਼। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਸੰਬਰ 1921 ਵਿਚ ਪ੍ਰਿੰਸ ਆਫ ਵੇਲਜ਼ (ਬ੍ਰਿਟਿਸ਼ ਯੁਵਰਾਜ) ਦੀ ਹਿੰਦ ਫੇਰੀ ਦੇ ਬਾਈਕਾਟ ਦੇ ਮਤੇ ਤੋਂ ਸ਼ੁਰੂ ਹੁੰਦੇ ਹਨ ਇਹ ਦਸਤਾਵੇਜ਼ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਮੁੱਖ ਸਿਆਸੀ ਪਾਰਟੀਆਂ- ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਚੋਣ ਮਨੋਰਥ ਪੱਤਰਾਂ ਤਕ ਪਹੁੰਚਦੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਦਸਤਾਵੇਜ਼ ਅਕਾਲੀ ਮੋਰਚਿਆਂ, ਦੇਸ਼ ਦੀ ਵੰਡ ਤੋਂ ਪਹਿਲਾਂ ਅਤੇ ਬਾਅਦ ਵਿਚ ਸਿੱਖ ਭਾਈਚਾਰੇ ਦੀਆਂ ਚਾਹਨਾਵਾਂ ਤੇ ਉਮਾਹਾਂ, ਪੰਜਾਬ ਦੇ ਕਾਲੇ ਦਿਨਾਂ ਦੀਆਂ ਘਟਨਾਵਾਂ ਤੇ ਉਨ੍ਹਾਂ ਨਾਲ ਜੁੜੇ ਕਿਰਦਾਰਾਂ ਦੇ ਬਿਆਨਾਤ ਅਤੇ ਕਾਲੇ ਦਿਨਾਂ ਤੋਂ ਬਾਅਦ ਦੀ ਸਿਆਸਤ ਦਾ ਪ੍ਰਮਾਣਿਕ ਬਿਰਤਾਂਤ ਹਨ। ਇਨ੍ਹਾਂ ਨੂੰ ਤਰਤੀਬ ਵੀ ਇਸ ਢੰਗ ਨਾਲ ਦਿੱਤੀ ਗਈ ਹੈ ਕਿ ਖੋਜਾਰਥੀ ਤਾਂ ਕੀ, ਸਾਧਾਰਨ ਪਾਠਕ ਨੂੰ ਵੀ ਹਰ ਦਸਤਾਵੇਜ਼ ਨਾਲ ਜੁੜੀ ਘਟਨਾ-ਲੜੀ ਦੀ ਤਹਿ ਤਕ ਪੁੱਜਣ ਵਿਚ ਦਿੱਕਤ ਨਾ ਆਵੇ। ਇਹ ਸਚਮੁੱਚ ਹੀ ਸ਼ਲਾਘਾਯੋਗ ਉੱਦਮ ਹੈ।

ਦਸਤਾਵੇਜ਼ਾਂ ਵਾਲੀ ਜੜ੍ਹਤ ਤੋਂ ਪਹਿਲਾਂ ਇਨ੍ਹਾਂ ਦਾ ਮਹੱਤਵ ਸਮਝਾਉਣ-ਦਰਸਾਉਣ ਵਾਲੇ ਪੰਜ ਅਧਿਆਇ, ਦਸਤਾਵੇਜ਼ਾਂ ਜਿੰਨੇ ਹੀ ਮਹੱਤਵਪੂਰਨ ਹਨ। ਇਹ ਸਿੱਖ ਭਾਈਚਾਰੇ ਦੇ ਹੁਣ ਤਕ ਦੇ ਇਤਿਹਾਸ ਨੂੰ 'ਕੁੱਜੇ ਵਿਚ ਸਮੁੰਦਰ ਬੰਦ ਕਰਨ' ਵਰਗੀ ਸ਼ੈਲੀ ਤੇ ਸਾਰਥਿਕਤਾ ਨਾਲ ਪੇਸ਼ ਕਰਦੇ ਹਨ। ਉਂਜ, 100 ਪੰਨਿਆਂ ਵਿਚ ਫੈਲੇ ਇਹ ਅਧਿਆਇ, ਅਮੂਮਨ, ਤੱਥ ਬਿਆਨ ਕਰਦੇ ਹਨ, ਨਤੀਜੇ ਤੱਕ ਪੁੱਜਣਾ ਪਾਠਕ 'ਤੇ ਛੱਡ ਦਿੰਦੇ ਹਨ। ਇਹ ਅਧਿਆਏ ਹਨ: 1. ਪੰਜਾਬ: ਸਿੱਖਾਂ ਦੀ ਸਰਜ਼ਮੀਂ; 2. ਬਸਤੀਵਾਦੀ ਨਿਜ਼ਾਮ ਨਾਲ ਮੇਲ-ਜੋਲਵਾਦੀ ਰਿਸ਼ਤਾ; 3. 1947 ਤੱਕ ਸਿੱਖ ਅਲਹਿਦਗੀਪਸੰਦੀ ਦੇ ਰੰਗ; 4. 1947-1966 ਦੌਰਾਨ ਸ਼ਨਾਖ਼ਤੀ ਦਾਅਵੇਦਾਰੀ; ਅਤੇ 5. ਖ਼ੁਦਮੁਖ਼ਤਾਰੀ ਤੋਂ ਖਾਲਿਸਤਾਨ। ਇਨ੍ਹਾਂ ਪੰਜਾਂ ਚੈਪਟਰਾਂ ਅੰਦਰ ਦਰਜ ਕੁਝ ਅਹਿਮ ਤੱਥ ਇਸ ਤਰ੍ਹਾਂ ਹਨ:

- ਆਜ਼ਾਦੀ ਤੋਂ ਬਾਅਦ ਵਾਲੇ ਭਾਰਤ ਵਿਚ ਸਿੱਖ ਸੰਘਰਸ਼ 1949 ਵਿਚ ਸ਼ੁਰੂ ਹੋਇਆ। ਇਸ ਪੇਚੀਦਾ ਸੰਘਰਸ਼ ਦੀ ਬੁਨਿਆਦ ਸੀ ਖ਼ੁਦਮੁਖ਼ਤਾਰ ਪੰਜਾਬ (ਸਿੱਖ ਹੋਮਲੈਂਡ) ਦੀ ਮੰਗ ਜਿੱਥੇ ਸਿੱਖ ਆਜ਼ਾਦੀ ਨਾਲ ਵਿਚਰ ਸਕਣ। 1980ਵਿਆਂ ਵਿਚ ਜਿਹੜੀ ਇੰਤਹਾਪਸੰਦ ਲਹਿਰ ਪੰਜਾਬ ਵਿਚ ਉੱਭਰੀ, ਉਹ 1949 ਵਿਚ ਆਰੰਭ ਹੋਏ ਖ਼ੁਦਮੁਖ਼ਤਾਰੀ ਦੇ ਸੰਕਲਪ ਦਾ ਹੀ ਇੱਕ ਰੂਪ ਸੀ।
- ਬਾਕੀ ਮੁਲਕ ਬਾਅਦ ਵਿਚ ਗ਼ੁਲਾਮ ਹੋਇਆ; ਪੰਜਾਬ ਉੱਪਰ ਵਿਦੇਸ਼ੀ ਹਮਲਾਵਰਾਂ ਦਾ ਕਬਜ਼ਾ 1021 ਈਸਵੀ ਵਿਚ ਹੋਇਆ। ਖ਼ੈਬਰ ਦੱਰੇ ਰਾਹੀਂ ਆਏ ਹਮਲਾਵਰ ਸਿੱਖ ਸਾਮਰਾਜ (1799-1849) ਦੀ ਸਥਾਪਨਾ ਤੱਕ ਪੰਜਾਬ ਨੂੰ ਕੁੱਟਦੇ ਤੇ ਲੁੱਟਦੇ ਰਹੇ।
- ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਿਤ ਸਿੱਖ ਧਰਮ ਨੇ ਪੰਜਾਬ ਨੂੰ ਨਵੀਂ ਸ਼ਨਾਖ਼ਤ ਪ੍ਰਦਾਨ ਕੀਤੀ। ਇਹ ਧਰਮ (1526 ਵਿਚ) ਉਜ਼ਬੇਕ ਜਰਨੈਲ ਬਾਬੁਰ ਵੱਲੋਂ ਉੱਤਰ ਭਾਰਤ ਵਿਚ ਮੁਗ਼ਲ ਸਾਮਰਾਜ ਦੀ ਸਥਾਪਨਾ ਅਤੇ ਇਸ ਸਾਮਰਾਜ ਦੇ ਉਭਾਰ-ਵਿਸਥਾਰ ਦੇ ਨਾਲੋ-ਨਾਲ ਵਧਦਾ ਫੈਲਦਾ ਗਿਆ।
- ਗੁਰੂ ਨਾਨਕ ਦਾ ਫਲਸਫ਼ਾ ਇਨਕਲਾਬੀ ਸੀ। ਇਹ ਲੋਕਾਂ ਨੂੰ ਜਾਤ-ਪਾਤ ਦੀਆਂ ਬੰਦਿਸ਼ਾਂ ਤੇ ਸੌੜੀਆਂ ਧਾਰਮਿਕ ਵਲਗਣਾਂ ਦਾ ਤਿਆਗ ਕਰਨ ਅਤੇ ਇਨਸਾਨੀਅਤ ਤੇ ਬਰਾਬਰੀ ਦਾ ਪੱਲਾ ਫੜਨ ਦਾ ਸੱਦਾ ਦਿੰਦਾ ਸੀ। ਇਨਸਾਨੀਅਤ ਦਾ ਸੁਨੇਹਾ ਦੇਣ ਦੇ ਬਾਵਜੂਦ ਗੁਰੂ ਨਾਨਕ ਦੀ ਸੁਰ ਸੰਘਰਸ਼ਮਈ ਸੀ। ਉਨ੍ਹਾਂ ਨੇ ਸਮੇਂ ਦੇ ਹਾਕਮਾਂ ਖ਼ਿਲਾਫ਼ ਵੀ ਸਖ਼ਤ ਭਾਸ਼ਾ ਵਰਤੀ ਅਤੇ ਧਰਮ-ਗੁਰੂਆਂ ਤੇ ਉਨ੍ਹਾਂ ਦੀਆਂ ਕੁਰੀਤੀਆਂ ਖ਼ਿਲਾਫ਼ ਵੀ ਆਵਾਜ਼ ਬੁਲੰਦ ਕੀਤੀ। ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨੇ ਬਦਲਵੇਂ ਹਕੂਮਤੀ ਹਾਲਾਤ ਮੁਤਾਬਿਕ ਸਿੱਖ ਧਰਮ ਨੂੰ ਸੰਤ-ਸਿਪਾਹੀ ਦੇ ਸੰਕਲਪ ਰਾਹੀਂ ਜੁਝਾਰੂ ਬਾਣਾ ਪ੍ਰਦਾਨ ਕੀਤਾ। ਇਸ ਪਰਿਵਰਤਨ ਪਿੱਛੇ ਪੰਜਵੇਂ ਤੇ ਨੌਵੇਂ ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਦੀ ਵੀ ਅਹਿਮ ਭੂਮਿਕਾ ਰਹੀ।
- ਦਸਵੇਂ ਗੁਰੂ ਵੱਲੋਂ ਲਿਆਂਦੇ ਪਰਿਵਰਤਨ ਦਾ ਸਿਖਰ 1799 ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਿੱਖ ਸਾਮਰਾਜ ਦੀ ਸਥਾਪਨਾ ਸੀ। ਉਂਜ, ਇਸ ਸਾਮਰਾਜ ਦੀ ਬੁਨਿਆਦ ਬਾਬਾ ਬੰਦਾ ਸਿੰਘ ਬਹਾਦਰ ਨੇ ਮਈ 1710 ਵਿਚ ਸੂਬਾ ਸਰਹਿੰਦ ਉੱਪਰ ਜਿੱਤ ਰਾਹੀਂ ਰੱਖ ਦਿੱਤੀ ਸੀ।
- ਸਿੱਖ ਸਾਮਰਾਜ ਸਿਰਫ਼ ਪੰਜਾਬ ਭਾਵ ਪੰਜ ਦਰਿਆਵਾਂ ਦੀ ਧਰਤ ਤੱਕ ਮਹਿਦੂਦ ਨਹੀਂ ਸੀ। ਉੱਤਰ ਤੇ ਉੱਤਰ-ਪੱਛਮ ਵਿਚ ਦੱਰਾ-ਖ਼ੈਬਰ ਤੋਂ ਅਫ਼ਗ਼ਾਨਿਸਤਾਨ ਦੀ ਸੁਲੇਮਾਨ ਪਰਬਤਮਾਲਾ, ਦੱਖਣੀ ਹਿੰਦੂਕੁਸ਼ ਪਰਬਤਮਾਲਾ, ਚਿਤਰਾਲ, ਸਵਾਤ ਤੇ ਹਜ਼ਾਰਾ ਵਾਦੀਆਂ ਅਤੇ ਉੱਤਰ-ਪੂਰਬ ਵਿਚ ਪੂਰੀ ਕਸ਼ਮੀਰ ਵਾਦੀ ਤੇ ਲੱਦਾਖ਼ ਖ਼ਿੱਤੇ ਇਸ ਸਾਮਰਾਜ ਦਾ ਹਿੱਸਾ ਸਨ। (ਚਿਤਰਾਲ, ਸਵਾਤ, ਗਿਲਗਿਤ ਤੇ ਬਾਲਟਿਸਤਾਨ ਅਜਕੱਲ੍ਹ ਪਾਕਿਸਤਾਨ ਦੇ ਸਭ ਤੋਂ ਰਮਣੀਕ ਖ਼ਿੱਤੇ ਮੰਨੇ ਜਾਂਦੇ ਹਨ। ਦੁਨੀਆ ਦੀ ਦਸ ਸਭ ਤੋਂ ਉੱਚੀਆਂ ਪਰਬਤੀ ਚੋਟੀਆਂ ਵਿਚੋਂ ਪੰਜ ਇਸੇ ਇਲਾਕੇ ਵਿਚ ਸਥਿਤ ਹਨ।) ਦੱਖਣ-ਪੱਛਮ ਵਿਚ ਸਤਲੁਜ ਦਰਿਆ ਇਸ ਸਾਮਰਾਜ ਦੀ ਹੱਦ ਸੀ (ਮੌਜੂਦਾ ਹਿਮਾਚਲ ਪ੍ਰਦੇਸ਼ ਦਾ ਅੱਧਾ ਹਿੱਸਾ ਖ਼ਾਲਸਾ ਸਾਮਰਾਜ ਦੇ ਅਧਿਕਾਰ ਹੇਠ ਸੀ।)
- ਸਿੱਖਾਂ ਦਾ ਸਮੇਂ ਦੀ ਹਕੂਮਤ ਨਾਲ ਟਕਰਾਅ ਗੁਰੂ ਨਾਨਕ ਦੇਵ ਜੀ ਦੇ ਜ਼ਮਾਨੇ ਵਿਚ ਸ਼ੁਰੂ ਹੋ ਗਿਆ ਸੀ ਜਦੋਂ ਧਾੜਵੀ ਦੇ ਰੂਪ ਵਿਚ ਆਏ ਬਾਬਰ ਨੇ 1520 ਵਿਚ ਸੈਦਪੁਰ (ਹੁਣ ਏਮਨਾਬਾਦ) ਵਿਚ ਬਾਬਾ ਨਾਨਕ ਨੂੰ ਕੁਝ ਸਮੇਂ ਲਈ ਨਜ਼ਰਬੰਦ ਕਰ ਦਿੱਤਾ ਸੀ। (ਜ਼ਿਕਰਯੋਗ ਹੈ ਕਿ ਬਾਬਰ ਨੇ 1526 ਵਿਚ ਦਿੱਲੀ ਫ਼ਤਹਿ ਕਰਨ ਤੋਂ ਪਹਿਲਾਂ ਹਿੰਦੋਸਤਾਨ ਉੱਤੇ ਚਾਰ ਧਾਵੇ ਲੁੱਟਾਂ-ਖੋਹਾਂ ਕਰਨ ਅਤੇ ਹਕੂਮਤ-ਏ-ਦਿੱਲੀ ਦੀ ਤਾਕਤ ਦਾ ਜਾਇਜ਼ਾ ਲੈਣ ਵਾਸਤੇ ਕੀਤੇ ਸਨ। ਇਹ ਚਾਰ ਧਾਵੇ ਮੁੱਖ ਤੌਰ 'ਤੇ ਪੰਜਾਬ ਤਕ ਹੀ ਸੀਮਤ ਰਹੇ ਸਨ।) ਬਾਦਸ਼ਾਹ ਅਕਬਰ




*ਜਗਤਾਰ ਸਿੰਘ ਦੀ ਕਿਤਾਬ 'ਸਿੱਖ ਸਟ੍ਰਗਲ ਡੌਕੂਮੈਂਟਸ 1920-2022' ਦਾ ਸਰਵਰਕ।*

ਦੇ ਰਾਜ-ਕਾਲ ਤੋਂ ਪਹਿਲਾਂ ਅਤੇ ਇਸ ਰਾਜ-ਕਾਲ ਦੌਰਾਨ ਸਿੱਖ ਮੱਤ, ਹਕੂਮਤੀ ਦਖ਼ਲ ਤੋਂ ਬਚਿਆ ਰਿਹਾ। ਪਰ ਪੰਜਵੇਂ ਗੁਰੂ ਦੀ ਸ਼ਹਾਦਤ ਮਗਰੋਂ ਛੇਵੇਂ ਨਾਨਕ, ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖੀ ਨੂੰ ਸਮੇਂ ਦੇ ਹਾਲਾਤ ਮੁਤਾਬਿਕ ਢਾਲਦਿਆਂ ਮੀਰੀ-ਪੀਰੀ ਦਾ ਸੰਕਲਪ ਅਪਣਾਇਆ। ਉਨ੍ਹਾਂ ਨੇ ਸਿੱਖੀ ਦੇ ਰੂਹਾਨੀ ਕੇਂਦਰ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਉਸਾਰ ਕੇ ਸਿੱਖ ਮੱਤ ਨੂੰ ਨਵੀਂ ਦਿਸ਼ਾ ਤੇ ਗਤੀਸ਼ੀਲਤਾ ਬਖ਼ਸ਼ੀ। ਖ਼ਾਲਸਾ, ਮੀਰੀ-ਪੀਰੀ ਦੇ ਇਸੇ ਸੰਕਲਪ ਦਾ ਵਿਸਥਾਰਤ ਰੂਪ ਸੀ।

- ਇਸੇ ਸੰਕਲਪ ਕਾਰਨ 'ਬਾਬਰ ਦੇ ਘਰਾਣੇ' ਅਤੇ 'ਨਾਨਕ ਦੇ ਘਰਾਣੇ' ਦਰਮਿਆਨ ਰਿਸ਼ਤੇ ਦਾ ਨਵਾਂ ਪੜਾਅ ਸ਼ੁਰੂ ਹੋਇਆ। ਇਸ ਰਿਸ਼ਤੇ ਵਿਚ ਸਦਭਾਵ ਦੀ ਥਾਂ ਟਕਰਾਅ ਜ਼ਿਆਦਾ ਪ੍ਰਮੁੱਖ ਰਿਹਾ। ਅਕਾਲ ਤਖ਼ਤ ਸਿੱਖ ਪ੍ਰਭੂਸੱਤਾ ਦਾ ਪ੍ਰਤੀਕ ਸੀ। ਇਹ ਸਮੇਂ ਦੀ ਹਕੂਮਤ ਦੀਆਂ ਅੱਖਾਂ ਵਿਚ ਰੜਕਣਾ ਹੀ ਸੀ।
- ਗੁਰੂ ਹਰਗੋਬਿੰਦ ਸਾਹਿਬ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਹੁਕਮਾਂ ਤਹਿਤ 6 ਵਰ੍ਹਿਆਂ ਤਕ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰਹੇ। ਆਪਣੀ ਰਿਹਾਈ ਤੋਂ ਬਾਅਦ ਉਨ੍ਹਾਂ ਨੇ ਕੀਰਤਪੁਰ ਸਾਹਿਬ ਵਸਾਉਣਾ ਅਤੇ ਉੱਥੇ ਖ਼ੁਦ ਜਾ ਵਸਣਾ ਜਾਇਜ਼ ਸਮਝਿਆ। ਸਿੱਖੀ ਦੇ ਧੁਰੇ ਨੂੰ ਅੰਮ੍ਰਿਤਸਰ ਤੋਂ ਕੀਰਤਪੁਰ ਲਿਜਾਣਾ ਸਿੱਖ ਧਰਮ ਨੂੰ ਨਵੀਆਂ ਲੀਹਾਂ 'ਤੇ ਜਥੇਬੰਦ ਕਰਨ ਦਾ ਨੀਤੀਗਤ ਫ਼ੈਸਲਾ ਸੀ। ਇਸ ਫ਼ੈਸਲੇ ਦੇ ਬਾਵਜੂਦ ਅਕਾਲ ਤਖ਼ਤ ਦੇ ਸੰਸਥਾਗਤ ਮਹੱਤਵ ਵਿਚ ਕਮੀ ਨਹੀਂ ਆਈ। ਮਸਲੇ ਵਿਚਾਰਨ ਤੇ ਉਨ੍ਹਾਂ ਦਾ ਵਿਚਾਰਧਾਰਕ ਤੋੜ ਲੱਭਣ ਦੀ ਜਮਹੂਰੀ ਪ੍ਰਥਾ, ਜੋ ਅਕਾਲ ਤਖ਼ਤ 'ਤੇ ਉਪਜੀ, ਉਹ ਅੱਗੇ ਵੀ ਬਰਕਰਾਰ ਰਹੀ। ਸਰਬਤ ਖ਼ਾਲਸਾ ਤੇ ਗੁਰਮਤਾ ਇਸੇ ਪਰੰਪਰਾ ਦੀ ਉਪਜ ਸਨ।
- ਨੌਵੇਂ ਨਾਨਕ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖ ਸੰਕਲਪ ਦੀ ਨੁਹਾਰ ਬਦਲੀ। ਇਹ ਜਾਬਰਾਂ ਨਾਲ ਲੋਹਾ ਲੈਣ ਵਾਲਾ ਧਰਮ ਬਣ ਗਿਆ। ਧਰਮਯੁੱਧ ਦਾ ਸਿਧਾਂਤ ਦਸਵੇਂ ਗੁਰੂ ਦੀ ਦੇਣ ਸੀ। ਇਹ ਸਿਧਾਂਤ ਸਿੱਖ ਧਰਮ ਦੇ ਵਿਕਾਸ-ਵਿਗਾਸ ਦਾ ਹਿੱਸਾ ਬਣ ਗਿਆ।
- ਕੀਰਤਪੁਰ ਤੋਂ ਆਨੰਦਪੁਰ ਸਾਹਿਬ ਸਿੱਖ ਸਰਗਰਮੀਆਂ ਦਾ ਕੇਂਦਰ ਬਣਨ ਦੇ ਬਾਵਜੂਦ ਦਰਬਾਰ ਸਾਹਿਬ, ਅੰਮ੍ਰਿਤਸਰ ਵੱਲ ਵੀ ਕਲਗੀਧਰ ਦਾ ਧਿਆਨ ਰਿਹਾ। ਉਨ੍ਹਾਂ ਨੇ ਇਸ ਅਸਥਾਨ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਭਾਈ ਮਨੀ ਸਿੰਘ ਨੂੰ ਸੌਂਪੀ। ਉਹ 1699 ਤੋਂ 1734 ਵਿਚ (ਆਪਣੀ ਸ਼ਹਾਦਤ ਤਕ) ਇਸ ਦੇ ਪ੍ਰਬੰਧਕ ਰਹੇ। ਉਸ ਜ਼ਮਾਨੇ 'ਚ ਸਿੱਖਾਂ ਦੇ ਸਿਰਾਂ ਦਾ ਮੁੱਲ ਪੈਣ ਤੋਂ ਉਪਜੇ ਹਾਲਾਤ ਕਾਰਨ ਦਰਬਾਰ ਸਾਹਿਬ ਦੇ ਪ੍ਰਬੰਧ ਦੀ ਵਾਗਡੋਰ ਉਦਾਸੀ ਪੰਥ ਦੇ ਹੱਥਾਂ ਵਿਚ ਪਹੁੰਚ ਗਈ। ਫਿਰ ਵੀ ਨਿਹੰਗ ਸਿੰਘਾਂ ਦਾ ਇੱਕ ਜਥਾ ਅਕਾਲ ਤਖ਼ਤ 'ਤੇ ਦਰਬਾਰ ਸਾਹਿਬ ਦੀ ਸੁਰੱਖਿਆ ਲਈ ਸਿੱਧੇ-ਅਸਿੱਧੇ ਰੂਪ ਵਿਚ ਡਟਿਆ ਰਿਹਾ।
- ਸਿੱਖ ਸਿਧਾਂਤ ਦੇ ਧੁਰੇ ਵਜੋਂ ਅਕਾਲ ਤਖ਼ਤ ਦੀ ਮਾਨਤਾ ਅਕਾਲੀ ਫੂਲਾ ਸਿੰਘ ਵੱਲੋਂ ਇਸ ਦੀ ਸਾਂਭ-ਸੰਭਾਲ ਆਰੰਭੇ ਜਾਣ ਨਾਲ ਬਹਾਲ ਹੋਈ। ਉਨ੍ਹਾਂ ਨੇ ਉਦਾਸੀਆਂ ਵੱਲੋਂ ਚਲਾਈਆਂ ਜਾ ਰਹੀਆਂ ਕੁਰੀਤੀਆਂ ਦਾ ਅੰਤ ਕੀਤਾ। ਮਹਾਰਾਜਾ ਰਣਜੀਤ ਸਿੰਘ ਨੂੰ ਵੀ ਪੰਥਕ ਮਰਿਆਦਾ ਦੀ ਉਲੰਘਣਾ ਦੇ ਦੋਸ਼ ਵਿਚ ਕੋਰੜੇ ਮਾਰੇ ਜਾਣ ਦੀ ਤਨਖ਼ਾਹ ਉਨ੍ਹਾਂ ਨੇ ਹੀ ਲਾਈ। ਪਰ 1823 ਵਿਚ ਨੌਸ਼ਹਿਰੇ ਦੀ ਜੰਗ ਵਿਚ ਉਨ੍ਹਾਂ ਦੀ ਸ਼ਹਾਦਤ ਮਗਰੋਂ ਦਰਬਾਰ ਸਾਹਿਬ ਦੀ ਮਰਿਆਦਾ ਵਿਚ ਉਦਾਸੀ ਤੇ ਬ੍ਰਾਹਮਣੀ ਰਹੁ-ਰੀਤਾਂ ਦੀ ਵਾਪਸੀ ਹੋ ਗਈ।
- ਜਿਹੜੇ ਹੋਰ ਪੰਥਕ ਆਗੂ ਅਕਾਲ ਤਖ਼ਤ ਦੇ ਜਥੇਦਾਰ (ਜਾਂ ਪ੍ਰਬੰਧਕ) ਰਹੇ, ਉਨ੍ਹਾਂ ਵਿਚ ਬਾਬਾ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ ਤੇ ਬੁੱਢਾ ਦਲ ਦੇ ਜਥੇਦਾਰ ਬਾਬਾ ਹਨੂੰਮਾਨ ਸਿੰਘ ਸ਼ਾਮਿਲ ਹਨ।
- ਬੰਦਾ ਬਹਾਦਰ ਤੋਂ ਬਾਅਦ ਦੇ ਦਿਨਾਂ ਦੌਰਾਨ ਅਕਾਲ ਤਖ਼ਤ, ਸਰਬਤ ਖ਼ਾਲਸਾ ਤੇ ਗੁਰਮਤਾ ਪਰੰਪਰਾਵਾਂ ਦਾ ਧੁਰਾ ਬਣਿਆ ਰਿਹਾ। ਪੰਥ ਨਾਲ ਜੁੜੇ ਫ਼ੈਸਲੇ ਇਨ੍ਹਾਂ ਜਮਹੂਰੀ ਪਰੰਪਰਾਵਾਂ ਮੁਤਾਬਿਕ ਹੀ ਲਏ ਜਾਂਦੇ ਰਹੇ। 1733 ਵਿਚ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਵੱਲੋਂ ਕੀਤੀ ਗਈ ਜੰਗਬੰਦੀ ਦੀ ਪੇਸ਼ਕਸ਼ ਦੇ ਪ੍ਰਸੰਗ ਵਿਚ ਵਿਸਾਖੀ ਮੌਕੇ ਅਕਾਲ ਤਖ਼ਤ 'ਤੇ ਸਰਬਤ ਖ਼ਾਲਸਾ ਬੁਲਾਇਆ ਗਿਆ। ਜ਼ਕਰੀਆ ਖ਼ਾਨ ਨੇ ਸਿੰਘਾਂ ਨੂੰ ਸੂਬੇ ਵਿਚ ਅਮਨ-ਚੈਨ ਬਣਾਈ ਰੱਖਣ ਬਦਲੇ ਤਿੰਨ ਪਰਗਨਿਆਂ- ਦੀਪਾਲਪੁਰ, ਕੰਗਣਵਾਲ ਤੇ ਝਬਾਲ ਦੀ ਜਗੀਰ ਦੇਣ ਦਾ ਵਾਅਦਾ ਕੀਤਾ। ਇਸ ਜਗੀਰ ਦਾ ਸਾਲਾਨਾ ਮਾਲੀਆ ਇੱਕ ਲੱਖ ਰੁਪਏ ਸੀ। ਇਸ ਪੇਸ਼ਕਸ਼ ਨੂੰ ਗੁਰਮਤਾ ਪਾ ਕੇ ਸਵੀਕਾਰ ਕੀਤਾ ਗਿਆ ਅਤੇ ਇਸੇ ਰਾਹੀਂ ਭਾਈ ਕਪੂਰ ਸਿੰਘ ਨੂੰ 'ਨਵਾਬ' ਦੀ ਉਪਾਧੀ ਮਿਲੀ। 1745, 1748,1762, 1765, 1766, 1798 ਤੇ 1805 ਵਿਚ ਅਕਾਲ ਤਖ਼ਤ 'ਤੇ ਸਰਬਤ ਖ਼ਾਲਸਾ ਸਮਾਗਮ ਹੋਣ ਦਾ ਰਿਕਾਰਡ ਮੌਜੂਦ ਹੈ।
- 1740ਵਿਆਂ ਵਿਚ ਮੁਗ਼ਲ ਹਕੂਮਤ ਕਮਜ਼ੋਰ ਪੈਂਦਿਆਂ ਸਿੱਖਾਂ ਨੇ ਇਲਾਕਿਆਂ ਉੱਤੇ ਕਬਜ਼ੇ ਸ਼ੁਰੂ ਕਰ ਦਿੱਤੇ। ਇਹ ਕਬਜ਼ੇ ਆਪਸੀ ਝਗੜਿਆਂ ਵਿਚ ਵੀ ਬਦਲਣ ਲੱਗੇ। ਇਨ੍ਹਾਂ ਨੂੰ ਰੋਕਣ ਲਈ ਅਕਾਲ ਤਖ਼ਤ 'ਤੇ ਫਾਈਲਾਂ (ਮਿਸਲਾਂ) ਰੱਖੀਆਂ ਜਾਣ ਲੱਗੀਆਂ। ਹਰ ਜਥੇ ਦੇ ਕਬਜ਼ੇ ਵਾਲੇ ਇਲਾਕੇ ਦਾ ਰਿਕਾਰਡ ਉਸ ਦੀ ਮਿਸਲ ਵਿਚ ਹੁੰਦਾ ਸੀ। ਜਥਿਆਂ ਦੇ ਆਗੂਆਂ ਦੇ ਆਪਸੀ ਝਗੜੇ ਦੀ ਸੂਰਤ ਵਿਚ ਫ਼ੈਸਲਾ ਅਕਾਲ ਤਖ਼ਤ 'ਤੇ ਸੰਭਾਲੀ ਮਿਸਲ ਮੁਤਾਬਿਕ ਲਿਆ ਜਾਂਦਾ ਸੀ। ਇਸ ਤਰ੍ਹਾਂ ਮਿਸਲ ਨਾਲ ਜੁੜੇ ਸਰਦਾਰ ਨੂੰ ਮਿਸਲਦਾਰ ਕਿਹਾ ਜਾਣ ਲੱਗਾ। ਮਿਸਲਦਾਰੀ, ਅਕਾਲ ਤਖ਼ਤ ਦੀ ਅਗਵਾਈ ਹੇਠ ਵਿਕਸਤ ਹੋਈ ਕਨਫੈਡਰਲ ਪ੍ਰਣਾਲੀ ਦੀ ਸ਼ਾਨਦਾਰ ਮਿਸਾਲ ਸੀ।
- ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵੇਲੇ ਉਪਰੋਕਤ ਕਨਫੈਡਰਲ ਪ੍ਰਣਾਲੀ ਗਾਇਬ ਹੋ ਗਈ। ਕਈ ਤਵਾਰੀਖਸਾਜ਼ ਸਿੱਖ ਜਮਹੂਰੀਅਤ ਦੇ ਅਜਿਹੇ ਖ਼ਾਤਮੇ ਨੂੰ ਪੰਥ ਦਾ ਬਹੁਤ ਵੱਡਾ ਨੁਕਸਾਨ ਮੰਨਦੇ ਹਨ। ਇਸ ਸਬੰਧੀ ਕਈਆਂ ਨੇ ਤਾਂ ਬਹੁਤ ਤੁਸ਼ ਭਾਸ਼ਾ ਵੀ ਵਰਤੀ ਹੈ। ਇਹ ਰਾਇ ਪ੍ਰਗਟਾਈ ਗਈ ਕਿ ਪੰਥ-ਪ੍ਰਧਾਨੀ ਦੇ ਜਜ਼ਬੇ ਜਾਂ ਪੰਥਕ ਹਿੱਤਾਂ ਨੂੰ ਮੁਗ਼ਲ ਬਾਦਸ਼ਾਹ ਫਰੁਖ਼ਸੀਅਰ ਤੋਂ ਬਾਅਦ ਸਭ ਤੋਂ ਵੱਧ ਢਾਹ ਮਹਾਰਾਜਾ ਰਣਜੀਤ ਸਿੰਘ ਨੇ ਲਾਈ।
- ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ ਹੀ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਵਿਚ ਬੁੱਤ ਤੇ ਮੂਰਤੀਆਂ ਲਾਉਣ ਦਾ ਰਿਵਾਜ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਗੁਰੂ ਹਰਗੋਬਿੰਦ ਸਾਹਿਬ ਦਾ ਬੁੱਤ ਲਾਇਆ ਗਿਆ। ਇਹ ਚੰਬਾ ਰਿਆਸਤ ਦੇ ਰਾਜੇ ਨੇ ਮਹਾਰਾਜੇ ਨੂੰ ਭੇਟ ਕੀਤਾ ਸੀ। ਫਿਰ, ਗੁਰੂ ਨਾਨਕ ਸਾਹਿਬ ਦੀ ਇੱਕ ਛੋਟੀ ਜਿਹੀ ਮੂਰਤੀ, ਹਰਿਮੰਦਰ ਸਾਹਿਬ ਅੰਦਰ ਸਥਾਪਿਤ ਕੀਤੀ ਗਈ। ਮਹਾਰਾਜੇ ਵੇਲੇ ਹੀ ਉਦਾਸੀ ਸਾਧੂ-ਸੰਤਾਂ ਦੀ ਸ੍ਰੀ ਦਰਬਾਰ ਸਾਹਿਬ ਸਮੇਤ ਵੱਖ ਵੱਖ ਗੁਰਅਸਥਾਨਾਂ ਅੰਦਰ ਵਾਪਸੀ ਹੋਈ।
- 1880ਵਿਆਂ ਵਿਚ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦਵਾਰ ਨੇੜੇ ਦਸਾਂ ਗੁਰੂਆਂ ਦੀਆਂ ਮੂਰਤੀਆਂ ਦੇ ਅਸਥਾਪਨ ਦਾ ਵਿਚਾਰ ਬਣਾਇਆ। ਇਸ ਦਾ ਸਿੱਖ ਭਾਈਚਾਰੇ ਵੱਲੋਂ ਤਿੱਖਾ ਵਿਰੋਧ ਹੋਣ ਕਾਰਨ ਇਸ ਨੂੰ ਤਿਆਗ ਦਿੱਤਾ ਗਿਆ। ਉਂਜ, ਦਰਬਾਰ ਸਾਹਿਬ ਦੀ ਹਦੂਦ ਵਿਚੋਂ ਮੂਰਤੀਆਂ ਮਈ 1905 ਵਿਚ ਹਟਾਈਆਂ ਗਈਆਂ।
- 1849 ਵਿਚ ਪੰਜਾਬ ਦੇ ਬ੍ਰਿਟਿਸ਼ ਸਾਮਰਾਜ ਵਿਚ ਰਲੇਵੇਂ ਮਗਰੋਂ ਵੀ ਸਿੱਖ ਸੰਘਰਸ਼ ਦੀ ਅੱਗ ਧੁਖ਼ਦੀ ਰਹੀ। ਬਾਕੀ ਸਾਰੇ ਸਿੱਖ ਸਰਦਾਰਾਂ ਨੇ ਆਪੋ-ਆਪਣੇ ਹਥਿਆਰ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨਾਲ ਸਬੰਧਿਤ ਹਾਕਮਾਂ ਦੇ ਸਪੁਰਦ ਕਰ ਦਿੱਤੇ, ਪਰ ਭਾਈ ਮਹਾਰਾਜ ਸਿੰਘ ਤੇ ਕਰਨਲ ਰਛਪਾਲ ਸਿੰਘ ਨੇ ਅਜਿਹਾ ਨਹੀਂ ਕੀਤਾ। ਭਾਈ ਮਹਾਰਾਜ ਸਿੰਘ ਨੂੰ 29 ਦਸੰਬਰ 1849 ਨੂੰ ਆਦਮਪੁਰ (ਜਲੰਧਰ) ਤੋਂ ਗ੍ਰਿਫ਼ਤਾਰ ਕਰ ਕੇ ਸਿੰਗਾਪੁਰ ਜਲਾਵਤਨ ਕੀਤਾ ਗਿਆ ਅਤੇ ਉੱਥੋਂ ਦੀ ਜੇਲ੍ਹ 'ਚ 1856 ਵਿਚ ਉਨ੍ਹਾਂ ਦੇ ਅਕਾਲ ਚਲਾਣੇ ਤਕ ਨਜ਼ਰਬੰਦ ਰੱਖਿਆ। ਉਹ ਭਾਰਤੀ ਉਪ-ਮਹਾਂਦੀਪ ਤੋਂ ਜਲਾਵਤਨ ਕੀਤੇ ਪਹਿਲੇ ਆਜ਼ਾਦੀ ਘੁਲਾਟੀਏ ਸਨ।
- ਕੂਕਾ ਲਹਿਰ ਪੰਜਾਬ ਵਿਚ ਬ੍ਰਿਟਿਸ਼ ਹਾਕਮਾਂ ਖ਼ਿਲਾਫ਼ ਪਹਿਲੀ ਜਥੇਬੰਦਕ ਬਗ਼ਾਵਤੀ ਲਹਿਰ ਸੀ। 1872 ਵਿਚ 66 ਕੂਕਿਆਂ ਨੂੰ ਮਾਲੇਰਕੋਟਲਾ ਵਿਖੇ ਤੋਪਾਂ ਨਾਲ ਉਡਾਇਆ ਗਿਆ। ਇਹ ਤੋਪਾਂ ਪਟਿਆਲਾ ਦੇ ਮਹਾਰਾਜਾ ਮਹਿੰਦਰ ਸਿੰਘ ਨੇ ਮੁਹੱਈਆ ਕਰਵਾਈਆਂ। ਉਨ੍ਹਾਂ ਨੇ ਅਜਿਹਾ ਕਰਨ ਤੋਂ ਇਲਾਵਾ ਉਪਰੋਕਤ ਵਹਿਸ਼ਤੀ ਕਾਰਵਾਈ ਲਈ ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਨੂੰ ਪ੍ਰਸ਼ੰਸਾ ਪੱਤਰ ਵੀ ਲਿਖਿਆ।
- ਕੂਕੇ ਜਾਂ ਨਾਮਧਾਰੀ ਪਹਿਲੇ ਅਜਿਹੇ ਸਿਆਸੀ ਕੈਦੀ ਸਨ ਜਿਨ੍ਹਾਂ ਨੂੰ ਨਜ਼ਰਬੰਦੀ ਲਈ ਕਾਲੇ ਪਾਣੀ (ਅੰਡੇਮਾਨ-ਨਿਕੋਬਾਰ ਦੀਪ ਸਮੂਹ) ਭੇਜਿਆ ਗਿਆ।
- ਬ੍ਰਿਟਿਸ਼ ਹਾਕਮਾਂ ਨੇ ਖ਼ਾਲਸਾ ਰਾਜ ਹੜੱਪਣ ਤੋਂ ਬਾਅਦ ਮੁਸਲਿਮ ਤੇ ਹਿੰਦੂ ਧਰਮਾਂ ਦੇ ਮਾਮਲਿਆਂ ਵਿਚ ਕੋਈ ਦਖ਼ਲ ਨਹੀਂ ਦਿੱਤਾ, ਪਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਨੂੰ ਕੰਟਰੋਲ ਵਿਚ ਰੱਖਣ ਦਾ ਸਿਲਸਿਲਾ 1850 ਤੋਂ ਸ਼ੁਰੂ ਹੋ ਗਿਆ। ਗੁਰਅਸਥਾਨਾਂ ਨੂੰ ਉਦਾਸੀ ਮਹੰਤਾਂ ਦੇ ਕਬਜ਼ੇ ਵਿਚੋਂ ਛੁਡਾਉਣ ਦੇ ਯਤਨਾਂ ਦਾ ਸਰਕਾਰੀ ਤੌਰ 'ਤੇ ਵਿਰੋਧ ਇਸ ਬਿਨਾਅ 'ਤੇ ਕੀਤਾ ਜਾਂਦਾ ਰਿਹਾ ਕਿ ਇਸ ਨਾਲ ਹਿੰਦੂਆਂ ਤੇ ਸਿੱਖਾਂ ਵਿਚ ਦੁਫ਼ੇੜ ਪਵੇਗੀ।
- ਇਸਾਈ ਮਿਸ਼ਨਰੀਆਂ ਨੇ ਆਪਣੇ ਮੱਤ ਦਾ ਪ੍ਰਚਾਰ ਰਿਆਸਤੀ ਪੰਜਾਬ ਵਿਚ ਤਾਂ 1820ਵਿਆਂ ਤੋਂ ਸ਼ੁਰੂ ਕਰ ਦਿੱਤਾ ਸੀ। 1850ਵਿਆਂ ਤੋਂ ਬਾਅਦ ਇਸ ਨੂੰ ਸਾਬਕਾ ਖ਼ਾਲਸਾ ਰਾਜ ਵਾਲੇ ਇਲਾਕਿਆਂ ਤੱਕ ਵੀ ਪਹੁੰਚਾ ਦਿੱਤਾ ਗਿਆ। 1870ਵਿਆਂ 'ਚ ਇੱਕ ਪਾਸੇ ਤਾਂ ਆਰੀਆ ਸਮਾਜ ਪੰਜਾਬ ਦੇ ਹਿੰਦੂ ਭਾਈਚਾਰੇ ਤੋਂ ਇਲਾਵਾ ਸਿੱਖ ਭਾਈਚਾਰੇ ਵਿਚ ਵੀ ਪੈਰ ਪਸਾਰਨ ਲੱਗਾ, ਦੂਜੇ ਪਾਸੇ ਇਸਾਈ ਮਿਸ਼ਨਰੀ ਵੀ ਸਿੱਖੀ ਸਫ਼ਾਂ ਨੂੰ ਖ਼ੋਰਾ ਲਾਉਣ ਲੱਗੇ। 1873 ਵਿਚ ਚਾਰ ਸਿੱਖ ਵਿਦਿਆਥੀਆਂ ਵੱਲੋਂ ਇਸਾਈ ਬਣਨਾ ਸਿੱਖ ਭਾਈਚਾਰੇ ਵਿਚ ਨਵੇਂ ਰੋਹ ਦਾ ਬਾਇਸ ਬਣਿਆ।
- ਇਸ ਰੋਹ ਅਤੇ ਸਿੱਖ ਮਰਿਆਦਾ ਦੇ ਪ੍ਰਚਾਰ-ਪਸਾਰ ਦੇ ਜਜ਼ਬੇ ਸਦਕਾ ਸਿੰਘ ਸਭਾ ਲਹਿਰ ਵਜੂਦ ਵਿਚ ਆਈ। ਅੰਮ੍ਰਿਤਸਰ ਵਿਚ ਸਥਾਪਿਤ ਹੋਈ ਪਹਿਲੀ ਸਿੰਘ ਸਭਾ ਦੇ ਪ੍ਰਧਾਨ ਠਾਕੁਰ ਸਿੰਘ ਸੰਧਾਵਾਲੀਆ ਤੇ ਸਕੱਤਰ ਗਿਆਨੀ ਗਿਆਨ ਸਿੰਘ ਸਨ। ਇਹ ਲਹਿਰ ਸਿੱਖ ਸਮਾਜ ਤੇ ਸਿੱਖ ਚਿੰਤਨ ਵਿਚੋਂ ਕੁਰੀਤੀਆਂ ਦੂਰ ਕਰਨ ਵਿਚ ਸਹਾਈ ਹੋਈ।
- ਇਸ ਲਹਿਰ ਦੇ ਮੋਢੀਆਂ ਵਿਚੋਂ ਭਾਵੇਂ ਬਹੁਗਿਣਤੀ ਸਰਕਾਰ-ਪੱਖੀਆਂ ਦੀ ਸੀ, ਪਰ ਇਸ ਨੇ ਸਿੱਖ ਸੰਘਰਸ਼ ਦੀ ਨਵੀਂ ਬੁਨਿਆਦ ਰੱਖਣ ਦਾ ਰਾਹ ਜ਼ਰੂਰ ਪੱਧਰਾ ਕੀਤਾ। ਇਹੋ ਕੁਝ ਚੀਫ ਖ਼ਾਲਸਾ ਦੀਵਾਨ ਦੀ 1902 ਵਿਚ ਸਥਾਪਨਾ ਬਾਰੇ ਕਿਹਾ ਜਾ ਸਕਦਾ ਹੈ। ਇਸ ਸੰਸਥਾ ਦੀਆਂ ਵਿਦਿਅਕ ਕਾਨਫੰਰਸਾਂ ਨੇ ਸਿੱਖ ਸਮਾਜ ਵਿਚ ਸਕੂਲਾਂ-ਕਾਲਜਾਂ ਦੀ ਸਥਾਪਨਾ ਦੀ ਬਿਰਤੀ ਪੈਦਾ ਕੀਤੀ। ਸਿੰਘ ਸਭਾ ਲਹਿਰ ਦੇ ਯਤਨਾਂ ਸਦਕਾ ਹੀ ਅਕਤੂਬਰ 1909 ਵਿਚ ਇੰਪੀਰੀਅਲ ਲੈਜਿਸਲੇਟਿਵ ਕਾਊਂਸਲ ਨੇ ਆਨੰਦ ਮੈਰਿਜ ਐਕਟ ਪਾਸ ਕੀਤਾ। ਇਹ ਪਹਿਲੀ ਵਾਰ ਸੀ ਜਦੋਂ

*(ਬਾਕੀ ਅਗਲੇ ਸਫੇ 'ਤੇ)*

# ਗੁਰੂ ਪਰਿਵਾਰਾਂ ਦੀਆਂ ਬੀਬੀਆਂ - 5

## ਮਾਤਾ ਮਹਾਂਦੇਵੀ

ਮਾਤਾ ਮਹਾਂ ਦੇਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤੀਜੀ ਪਤਨੀ ਸਨ। ਆਪ ਦਾ ਜਨਮ ਭਾਈ ਦਇਆ ਰਾਮ ਮਰਵਾਹਾ ਤੇ ਮਾਤਾ ਭਾਗਾਂ ਜੋ ਪਿੰਡ ਮੰਡਿਆਲੀ ਦੇ ਨਿਵਾਸੀ ਸਨ, ਦੇ ਘਰ ਹੋਇਆ ਸੀ। ਆਪ ਦਾ ਵਿਆਹ ਗੁਰੂ ਗੋਬਿੰਦ ਸਾਹਿਬ ਜੀ ਨਾਲ 10 ਜੁਲਾਈ 1620 (11 ਸਾਵਣ 1677 ਬਿਕਰਮੀ) ਦੇ ਦਿਨ ਹੋਇਆ। ਇਨ੍ਹਾਂ ਦੀ ਕੁੱਖੋਂ ਸੂਰਜਮਲ (5 ਅੱਸੂ 1680 ਬਿਕਰਮੀ, ਯਾਨਿ 5 ਸਤੰਬਰ 1623 ਨੂੰ) ਪੈਦਾ ਹੋਇਆ ਸੀ। ਇਹ 1645 ਵਿਚ ਕੀਰਤਪੁਰ ਸਾਹਿਬ ਵਿਖੇ ਅਕਾਲ ਚਲਾਣਾ ਕਰ ਗਏ। ਆਪ




ਡਾ. ਹਰਜਿੰਦਰ ਸਿੰਘ ਦਿਲਗੀਰ
ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'

ਦੇ ਪਿਤਾ ਮਰਵਾਹਾ ਬਰਾਦਰੀ ਵਿਚੋਂ ਸਨ ਇਸ ਕਰ ਕੇ ਆਪ ਨੂੰ 'ਮਰਵਾਹੀ' ਨਾਂ ਨਾਲ ਵੀ ਬੁਲਾਇਆ ਜਾਂਦਾ ਸੀ।

## ਮਾਤਾ ਕੌਲਾਂ

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇਕ ਮੁਸਲਮਾਨ ਬੀਬੀ ਨੇ ਗੁਰੂ ਦਰਬਾਰ ਵਿਚ ਪਨਾਹ ਲਈ ਹੋਈ ਸੀ। ਇਕ ਰਿਵਾਇਤ ਮੁਤਾਬਿਕ ਇਹ ਕਿਸੇ ਹਿੰਦੂ ਪਿਤਾ ਦੀ ਬੱਚੀ ਸੀ ਜਿਸ ਨੂੰ ਮੁਜ਼ੰਗ (ਲਾਹੌਰ ਦੇ ਨਾਲ ਦਾ ਇਲਾਕਾ ਜੋ ਹੁਣ ਲਾਹੌਰ ਦਾ ਇਕ ਹਿੱਸਾ ਹੀ ਹੈ) ਇਕ ਕਾਜ਼ੀ ਨੇ ਖਰੀਦ ਕੇ ਪਾਲ ਕੇ ਵੱਡਾ ਕੀਤਾ ਸੀ। ਉਸ ਨੇ ਇਸ ਨੂੰ ਧੀ ਵਜੋਂ ਪਾਲਿਆ ਸੀ ਜਾਂ ਗ਼ੁਲਾਮ ਵਜੋਂ ਰੱਖਿਆ ਸੀ ਤਾਂ ਜੋ ਵੱਡੀ ਹੋਣ 'ਤੇ ਵੇਸਵਾ ਬਣਾਇਆ ਜਾਵੇ, ਇਸ ਦਾ



ਪਤਾ ਨਹੀਂ ਲਗਦਾ। ਇਕ ਹੋਰ ਚਰਚਾ ਮੁਤਾਬਿਕ ਜਦ ਗੁਰੂ ਹਰਿਗੋਬਿੰਦ ਸਾਹਿਬ 1620-21 ਵਿਚ ਲਾਹੌਰ ਗਏ ਸਨ ਤਾਂ ਇਸ ਬੀਬੀ ਨੇ ਉਨ੍ਹਾਂ ਦੀ ਕਥਾ ਸੁਣੀ ਸੀ ਜਿਸ ਨਾਲ ਉਸ ਦੇ ਮਨ ਵਿਚ ਸਿੱਖੀ ਅਪਣਾਉਣ ਦੀ ਖ਼ਾਹਿਸ਼ ਪੈਦਾ ਹੋ ਗਈ ਪਰ ਉਸ ਦੇ ਮਾਪਿਆਂ ਨੇ ਉਸ ਨੂੰ ਕਿੱਥੇ ਇਜਾਜ਼ਤ ਦੇਣੀ ਸੀ ਇਸ ਕਰ ਕੇ ਉਹ ਸਾਂਈਂ ਮੀਆਂ ਮੀਰ ਕੋਲ ਗਈ ਤੇ ਉਹ ਇਸ ਨੂੰ ਗੁਰੂ ਹਰਗੋਬਿੰਦ ਸਾਹਿਬ ਦੇ ਹਵਾਲੇ ਕਰ ਕੇ ਆਏ ਸਨ। ਇਸ ਰਿਵਾਇਤ ਮੁਤਾਬਿਕ ਬੀਬੀ ਕੌਲਾਂ 13 ਜੇਠ 1678 ਬਿਕਰਮੀ (10 ਮਈ 1621) ਦੇ ਦਿਨ ਗੁਰੂ ਸਾਹਿਬ ਕੋਲ ਆਈ ਸੀ।

ਗੁਰਬਿਲਾਸ ਪਾਤਸਾਹੀ ਛੇਵੀਂ ਦੇ ਲੇਖਕ ਅਤੇ ਕਵੀ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿਚ ਮਾਤਾ ਕੌਲਾਂ ਦੇ ਸਬੰਧ ਵਿਚ ਗੁਰੂ ਸਾਹਿਬ ਦੀ ਬਹੁਤ ਬੇਅਦਬੀ ਕੀਤੀ ਹੈ; ਇਨ੍ਹਾਂ ਨੇ ਇੱਥੋਂ ਤਕ ਲਿਖਿਆ ਕਿ ਮਾਤਾ ਗੰਗਾ ਨੇ ਆਪਣੇ ਪੁੱਤਰ ਗੁਰੂ ਹਰਿਗੋਬਿੰਦ ਨੂੰ ਝਿੜਕਿਆ ਕਿ ਉਹ ਮੁਸਲਮਾਨੀ ਦਾ ਡੋਲਾ ਕੱਢ ਲਿਆਇਆ ਹੈ।

ਇਹ ਸਾਰਾ ਪ੍ਰਚਾਰ ਗ਼ਲਤ ਹੈ। ਕੌਲਾਂ ਨਾ ਤਾਂ ਮੁਸਲਮਾਨ ਸੀ ਤੇ ਨਾ ਹੀ ਉਸ ਨੇ ਗੁਰੂ ਜੀ ਤੋਂ ਹਿਫ਼ਾਜ਼ਤ ਮੰਗੀ ਸੀ। ਉਹ ਤਾਂ ਗੁਰੂ ਜੀ ਦੀ ਚੌਥੀ ਪਤਨੀ ਸੀ। ਭੱਟ ਵਹੀਆਂ ਮੁਤਾਬਿਕ ਬੀਬੀ ਕੌਲਾਂ ਦਾ ਅਸਲ ਨਾਂ ਕਮਲਾ ਦੇਈ ਸੀ। ਇਹ ਪੱਟੀ ਨਗਰ ਦੇ ਭਾਈ ਕਿਸ਼ਨ ਚੰਦ ਕੁਮਰਾਉ ਦੀ ਪੁਤਰੀ ਸੀ। ਇਸ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਨ 1625 ਵਿਚ ਹੋਇਆ ਸੀ। ਇਸ ਦਾ ਨਿਵਾਸ ਕਰਤਾਰਪੁਰ (ਜਲੰਧਰ) ਵਿਚ ਸੀ। ਜੁਲਾਈ 1628 ਵਿਚ ਬੀਬੀ ਕੌਲਾਂ ਦੀ ਮੌਤ ਹੋ ਗਈ ਸੀ। ਉਦੋਂ ਉਸ ਦੀ ਉਮਰ 25-26 ਸਾਲ ਸੀ। ਮਾਤਾ ਕੌਲਾਂ ਦੀ ਸਮਾਧ ਕਰਤਾਰਪੁਰ ਵਿਚ ਬਣੀ ਹੋਈ ਹੈ।

ਕੁਝ ਲੋਕਾਂ ਨੇ ਦਰਬਾਰ ਸਾਹਿਬ ਦੇ ਨੇੜੇ ਮੌਜੂਦਾ ਕੌਲਸਰ ਨੂੰ ਮਾਤਾ ਕੌਲਾਂ ਨਾਲ ਜੋੜਿਆ ਹੈ, ਜੋ ਗ਼ਲਤ ਹੈ।

## ਬੀਬੀ ਵੀਰੋ

ਬੀਬੀ ਵੀਰੋ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਦੀ ਬੇਟੀ ਸਨ। ਆਪ ਦਾ ਜਨਮ 11 ਸਾਵਣ 1683 ਬਿਕਰਮੀ, ਯਾਨਿ 11 ਜੁਲਾਈ 1626, ਦੇ ਦਿਨ ਹੋਇਆ ਸੀ। ਆਪ ਦਾ ਵਿਆਹ 16 ਅਪਰੈਲ 1634 ਦੇ ਦਿਨ, ਮੱਲ੍ਹਾ ਪਿੰਡ (ਜਗਰਾਓਂ ਨੇੜੇ) ਦੇ ਭਾਈ ਸਾਧੂ ਰਾਮ ਪੁੱਤਰ ਭਾਈ ਧਰਮਾ ਖੋਸਲਾ ਨਾਲ, ਝਬਾਲ ਵਿਚ ਹੋਇਆ ਸੀ (ਬੀਬੀ ਵੀਰੋ ਦੇ ਵਿਆਹ ਤੋਂ ਇਕ ਦਿਨ ਪਹਿਲਾਂ ਮੁਗ਼ਲ ਫ਼ੌਜ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਭਾਈ ਬਾਬਕ ਰਬਾਬੀ, ਸਿੰਘਾ ਪੁਰੋਹਤ ਅਤੇ ਕੁਝ ਸਿੱਖਾਂ ਨੇ ਬੀਬੀ ਵੀਰੋ ਅਤੇ ਪਰਵਾਰ ਨੂੰ ਮਹਿਫ਼ੂਜ਼ ਝਬਾਲ ਪਹੁੰਚਾ ਦਿਤਾ ਤੇ ਬਾਕੀਆਂ ਨੇ ਜੰਗ ਕਰ ਕੇ ਮੁਗ਼ਲ ਫ਼ੌਜੀਆਂ ਨੂੰ ਭਜਾਇਆ। ਇਸ ਕਰ ਕੇ ਇਹ ਵਿਆਹ ਝਬਾਲ ਵਿਚ ਕੀਤਾ ਗਿਆ। ਬੀਬੀ ਵੀਰੋ ਦੇ ਘਰ ਪੰਜ ਪੁੱਤਰ ਹੋਏ: ਸੰਗੋ ਸ਼ਾਹ, ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ ਅਤੇ ਮਾਹਰੀ ਚੰਦ।

ਗੁਰੂ ਤੇਗ਼ ਬਹਾਦਰ ਸਾਹਿਬ ਦਾ ਆਪਣੀ ਭੈਣ ਨਾਲ ਬਹੁਤ ਪਿਆਰ ਸੀ ਇਸ ਕਰ ਕੇ ਉਹ ਜਦ ਵੀ ਦਿੱਲੀ ਤੋਂ ਪੰਜਾਬ ਆਉਂਦੇ ਸਨ ਤਾਂ ਜਰਨੈਲੀ ਸੜਕ ਦੀ ਬਜਾਇ ਮੱਲ੍ਹਾ ਪਿੰਡ ਤੋਂ ਹੋ ਕੇ ਆਉਂਦੇ ਸਨ। ਮਾਰਚ 1664 ਵਿਚ ਗੁਰੂ ਜੀ ਦੇ ਮਲ੍ਹਾ ਜਾਣ ਦਾ ਜ਼ਿਕਰ ਭੱਟ ਵਹੀਆਂ ਵਿਚ ਵੀ ਮਿਲਦਾ ਹੈ। ਬੀਬੀ ਵੀਰੋ ਦੇ ਪਤੀ ਭਾਈ ਸਾਧੂ ਦਾ ਵੀ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਬਹੁਤ ਪਿਆਰ ਸੀ। ਜੂਨ 1656 ਵਿਚ ਜਦ ਗੁਰੂ ਜੀ ਅਸਾਮ, ਬਿਹਾਰ, ਬੰਗਾਲ ਦੇ ਪ੍ਰਚਾਰ ਦੌਰੇ 'ਤੇ ਗਏ ਤਾਂ ਆਪ ਵੀ ਗੁਰੂ ਜੀ ਦੇ ਨਾਲ ਸਨ। ਇਸ ਸਬੰਧੀ ਇਕ ਇੰਦਰਾਜ ਭੱਟ ਵਹੀ ਤਲਾਉਂਡਾ, ਪਰਗਣਾ ਜੀਂਦ ਵਿਚ ਇੰਵ ਮਿਲਦਾ ਹੈ:

"ਗੁਰੂ ਤੇਗ਼ ਬਹਾਦਰ ਜੀ, ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕਾ, ਪੋਤਾ ਗੁਰੂ ਅਰਜਨ ਕਾ, ਸੋਢੀ ਖਤਰੀ, ਬਾਸੀ ਕੀਰਤਪੁਰ, ਪਰਗਣਾ ਕਹਿਲੂਰ, ਸੰਮਤ ਸਤਰਾਂ ਸੈ ਤੇਰਾਂ, ਅਸਾੜ੍ਹ ਪ੍ਰਵਿਸ਼ਟੇ ਗਿਆਰਾਂ, ਤੀਰਥ ਯਾਤਰਾ ਜਾਨੇ ਕੀ ਤਿਆਰੀ ਕੀ। ਗੈਲੋਂ ਮਾਤਾ ਨਾਨਕੀ ਜੀ ਆਈ, ਇਸਤਰੀ ਗੁਰੂ ਹਰਿਗੋਬਿੰਦ ਜੀ ਕੀ, ਮਾਤਾ ਨੇਤੀ ਜੀ ਆਈ ਇਸਤਰੀ ਗੁਰੂ ਗੁਰਦਿਤਾ ਜੀ ਕੀ, ਮਾਤਾ ਹਰੀ ਜੀ ਆਈ ਇਸਤਰੀ ਗੁਰੂ ਸੂਰਜ ਮੱਲ ਜੀ ਕੀ, ਬਾਵਾ ਬਾਲੂ ਹਸਨਾ ਤੇ ਬਾਵਾ ਅਲਮਸਤ ਜੀ ਆਏ, ਚੇਲੇ ਗੁਰੂ ਗੁਰਦਿਤਾ ਜੀ ਕੇ, ਮਾਤਾ ਗੁਜਰੀ ਜੀ ਆਈ ਇਸਤਰੀ ਗੁਰੂ ਤੇਗ਼ ਬਹਾਦਰ ਜੀ ਕੀ, ਕ੍ਰਿਪਾਲ ਚੰਦ ਆਇਆ ਬੇਟਾ ਬਾਬਾ ਲਾਲ ਚੰਦ ਸੁਭਿੱਖੀ ਕਾ, ਦੀਵਾਨ ਦਰਗਹ ਮੱਲ ਆਇਆ ਬੇਟਾ ਦਵਾਰਕਾ ਦਾਸ ਛਿਬਰ ਬ੍ਰਾਹਮਣ ਕਾ, ਸਾਧੂ ਰਾਮ ਆਇਆ ਬੇਟਾ ਧਰਮ ਚੰਦ ਖੋਸਲੇ ਕਾ, ਦੁਰਗਾ ਦਾਸ ਆਇਆ ਬੇਟਾ ਮੂਲ ਚੰਦ ਜਲਾਹਨੇ ਪੁਆਰ ਕਾ, ਦਿਆਲ ਦਾਸ ਆਇਆ ਬੇਟਾ ਮਾਈ ਦਾਸ ਪੁਆਰ ਬਲਉਂਤ ਕਾ, ਚਉਪਤਿ ਰਾਇ ਆਇਆ ਬੇਟਾ ਪੈਰਾ ਰਾਮ ਛਿਬਰ ਕਾ। ਹੋਰ ਸਿਖ ਫ਼ਕੀਰ ਆਏ।"

(ਨੋਟ 'ਭੱਟ ਵਹੀਆਂ' ਵਿਚ ਗੁਰੂ ਸਾਹਿਬਾਨ ਦੇ ਪਰਵਾਰ ਦੇ ਹਰ ਮੈਂਬਰ ਨਾਲ 'ਗੁਰੂ' ਲਿਖਦੇ ਸਨ)।

ਆਪ ਦੇ ਦੋ ਬੇਟੇ, ਸੰਗੋ ਮੱਲ ਅਤੇ ਜੀਤ ਮੱਲ, ਭੰਗਾਣੀ ਦੀ ਜੰਗ ਵਿਚ 18 ਸਤੰਬਰ 1688 ਦੇ ਦਿਨ ਸ਼ਹੀਦ ਹੋਏ ਸਨ। ਇਸ ਸਬੰਧੀ ਭੱਟ ਵਹੀ ਮੁਲਤਾਨੀ ਸਿੰਧੀ ਵਿਚ ਇਸ ਦਾ ਜ਼ਿਕਰ ਇੰਵ ਮਿਲਦਾ ਹੈ:

"ਊਦੀਆ ਬੇਟਾ ਖੇਮੇ ਚੰਦਨੀਏ ਕਾ, ਰਮਾਨਾਂ, ਗੁਰੂ ਕੀ ਬੂਆ ਕੇ ਬੇਟੇ ਸੰਗੋ ਸ਼ਾਹ, ਜੀਤ ਮੱਲ ਬੇਟੇ ਸਾਧੂ ਕੇ ਪੋਤੇ ਧਰਮੇ ਖੋਸਲੇ ਖਤਰੀ ਕੇ ਗੈਲ ਰਨ ਭੂਮੀ ਮੇਂ ਆਏ। ਸਾਲ ਸਤਰਾਂ ਸੈ ਪੈਂਤਾਲੀਸ ਅਸੁਜ ਪ੍ਰਵਿਸ਼ਟੇ ਅਠਾਰਾਂ, ਭੰਗਾਣੀ ਕੇ ਮਲ੍ਹਾਨ ਜਮਨਾ ਗਿਰੀ ਕੇ ਮਧਿਆਨ, ਰਾਜ ਨਾਹਨ, ਏਕ ਘਰੀ ਦਿਹੁੰ ਖਲੇ ਜੂਝੰਤੇ ਸੂਰਿਓਂ ਗੈਲ ਸਾਮ੍ਹੇਂ ਮਾਥੇ ਜੂਝ ਕਰ ਮਰਾ, ਗੈਲੋਂ ਹਠੀ ਚੰਦ ਬੇਟਾ ਮਾਈ ਦਾਸ ਕਾ....ਜਲ੍ਹਾਨਾ ਬਲਉਂਤ ਮਾਰਾ ਗਿਆ।"

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਰਮਾਨਿਓਂ ਕਾ)

## ਮਾਤਾ ਅਨੰਤੀ (ਮਾਤਾ ਬਸੀ)

ਮਾਤਾ ਅਨੰਤੀ ਜੀ ਭਾਈ ਦਯਾ ਰਾਮ ਸਿਲ ਤੇ ਮਾਤਾ ਸੁਖਦੇਈ ਦੀ ਬੇਟੀ ਸਨ। ਇਨ੍ਹਾਂ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਡੇ ਸਪੁੱਤਰ ਬਾਬਾ ਗੁਰਦਿਤਾ ਜੀ ਨਾਲ 17 ਅਪਰੈਲ 1624 ਦੇ ਦਿਨ ਹੋਇਆ ਸੀ। ਆਪ ਨੇ ਦੋ ਬੇਟਿਆਂ ਗੁਰੂ ਹਰਿਰਾਏ ਸਾਹਿਬ ਜੀ ਤੇ ਬਾਬਾ ਧੀਰਮਲ ਨੂੰ ਜਨਮ ਦਿਤਾ। ਆਪ ਨੂੰ ਮਾਤਾ ਨੱਤੀ, ਮਾਤਾ ਬੱਸੀ ਤੇ ਮਾਤਾ ਨਿਹਾਲ ਕੌਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਬਹੁਤਾ ਸਮਾਂ ਕੀਰਤਪੁਰ ਹੀ ਰਹੇ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਗਏ। ਉਸ ਵੇਲੇ ਵੀ ਮਾਤਾ ਬਸੀ ਨਾਲ ਗਏ ਸਨ। ਫਿਰ ਮਾਤਾ ਬਸੀ ਬਾਬੇ ਬਕਾਲੇ ਆ ਗਏ। ਇਨ੍ਹਾਂ ਦਾ ਅੰਤਮ ਸਮਾਂ ਕੀਰਤਪੁਰ ਆਇਆ।

ਭੱਟ ਵਹੀਆਂ ਵਿਚ ਆਪ ਦਾ ਜ਼ਿਕਰ ਵਧੇਰੇ ਕਰ ਕੇ ਮਾਤਾ ਬਸੀ ਦੇ ਨਾਂ ਨਾਲ ਆਇਆ ਹੈ। ਮਾਤਾ ਬਸੀ ਦਾ ਗੁਰੂ ਪਰਵਾਰ ਵਿਚ ਬਹੁਤ ਮਾਣ ਸੀ। ਘਰ ਦੀ ਹਰ ਕਾਰਵਾਈ 'ਤੇ ਉਨ੍ਹਾਂ ਦੀ ਮੁਹਰ ਹੋਇਆ ਕਰਦੀ ਸੀ। ਜਦ ਗੁਰੂ ਹਰਿ ਰਾਇ ਜੀ ਦੇ ਘਰ ਬੇਟੀ ਦਾ ਜਨਮ (1649 ਵਿਚ) ਹੋਇਆ ਤਾਂ ਉਸ ਦਾ ਨਾਂ ਦਾਦੀ ਬਸੀ ਦੇ ਕਹਿਣ 'ਤੇ ਰੂਪ ਕੁਇਰ ਰੱਖਿਆ ਗਿਆ ਸੀ (ਗੁਰੂ ਕੀਆਂ ਸਾਖੀਆਂ, ਸਾਖੀ 5)। ਗੁਰੂ ਹਰਿ ਰਾਇ ਜੀ ਦੇ ਵਿਆਹ (ਗੁਰੂ ਕੀਆਂ ਸਾਖੀਆਂ, ਸਾਖੀ 4) ਅਤੇ ਮਗਰੋਂ ਬੀਬੀ ਰੂਪ ਕੁਇਰ ਦੇ ਵਿਆਹ (1662) ਦੀ ਸਾਰੀ ਕਾਰਵਾਈ ਉਨ੍ਹਾਂ ਦੀ ਦੇਖ-ਰੇਖ ਹੇਠ ਹੀ ਹੋਈ ਸੀ (ਗੁਰੂ ਕੀਆਂ ਸਾਖੀਆਂ, ਸਾਖੀਆਂ 4 ਤੇ 15)। ਆਪ ਨੂੰ ਆਪਣੇ ਪੋਤੇ ਗੁਰੂ ਹਰਿ ਰਾਇ ਨੂੰ ਖਿਡਾਉਣ ਦਾ ਮਾਣ ਹਾਸਿਲ ਹੋਇਆ ਸੀ।

ਮਾਤਾ ਬਸੀ ਨੂੰ ਗੁਰਬਾਣੀ ਦੀ ਬਹੁਤ ਸੂਝ ਸੀ। ਧੀਰ ਮੱਲ ਅਤੇ ਗੁਰੂ ਹਰਿ ਰਾਇ ਸਾਹਿਬ ਨੂੰ ਉਸ ਨੇ ਹੀ ਗ੍ਰੰਥ ਦੀ ਪੜ੍ਹਾਈ ਕਰਵਾਈ ਸੀ (ਗੁਰੂ ਕੀਆਂ ਸਾਖੀਆਂ, ਸਾਖੀਆਂ 4 ਤੇ 5, ਸਫ਼ੇ 42-44)।

ਮਾਰਚ 1664 ਵਿਚ ਜਦ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਗਏ ਤਾਂ ਮਾਤਾ ਬਸੀ ਵੀ ਉਨ੍ਹਾਂ ਦੇ ਨਾਲ ਗਏ ਸਨ। 11 ਅਗਸਤ 1664 ਦੇ ਦਿਨ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਰਸਮੀ ਤੌਰ 'ਤੇ ਗੁਰਗੱਦੀ ਸੰਭਾਲੀ ਤਾਂ ਵੀ ਆਪ ਬਕਾਲਾ ਵਿਚ ਹਾਜ਼ਿਰ ਸਨ (ਗੁਰੂ ਕੀਆਂ ਸਾਖੀਆਂ, ਸਾਖੀਆਂ 16 ਤੇ 19)। ਆਪ ਦੀ ਮੌਤ ਕੱਤਕ ਵਦੀ 4 ਸੰਮਤ 1721 ਬਿਕਰਮੀ (18 ਅਕਤੂਬਰ 1664) ਨੂੰ ਕੀਰਤਪੁਰ ਵਿਚ ਹੋਈ ਸੀ।

---

*(ਪਿਛਲੇ ਸਫੇ ਦਾ ਬਾਕੀ)*

ਇੱਕ ਸਿੱਖੀ ਪ੍ਰਥਾ ਨੂੰ ਕਾਨੂੰਨ ਵਜੋਂ ਮਾਨਤਾ ਮਿਲੀ। ਸਿੱਖ ਮੱਤ ਨੂੰ ਸਰਕਾਰੀ ਤੌਰ 'ਤੇ ਅਲਹਿਦਾ ਧਰਮ ਮੰਨਣ ਵਾਲਾ ਇਹ ਪਹਿਲਾ ਕਦਮ ਸੀ।

◆ ਸਿੰਘ ਸਭਾ ਲਹਿਰ ਨੂੰ ਹੁਲਾਰੇ ਤੇ ਹੁੰਗਾਰੇ ਦੀ ਤਸਦੀਕ ਇਸ ਤੱਥ ਤੋਂ ਹੁੰਦੀ ਹੈ ਕਿ ਫ਼ੌਜ ਵਿਚ ਵੀ ਸਿੰਘ ਸਭਾਵਾਂ ਕਾਇਮ ਹੋਣ ਲੱਗੀਆਂ। 1898 ਵਿਚ ਇੱਕ ਸਿੱਖ ਫ਼ੌਜੀ ਯੂਨਿਟ (ਕੰਪਨੀ ਨੰਬਰ 14) ਨੇ ਆਪਣੇ ਕਮਾਂਡਿੰਗ ਅਫਸਰ ਦੀ ਪ੍ਰਵਾਨਗੀ ਨਾਲ ਪਹਿਲੀ ਸਿੰਘ ਸਭਾ ਕਾਇਮ ਕੀਤੀ।

◆ 15 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਇਸ ਸਥਾਪਨਾ ਦੇ ਨਾਲ ਹੀ ਸਿੱਖ ਭਾਈਚਾਰੇ ਤੇ ਬ੍ਰਿਟਿਸ਼ ਹਕੂਮਤ ਦਰਮਿਆਨ ਟਕਰਾਅ ਦਾ ਯੁੱਗ ਸ਼ੁਰੂ ਹੋਇਆ। ਸ਼੍ਰੋਮਣੀ ਕਮੇਟੀ ਵਿਚੋਂ ਹੀ ਸ਼੍ਰੋਮਣੀ ਅਕਾਲੀ ਦਲ ਉਪਜਿਆ ਅਤੇ ਗੁਰਦੁਆਰਾ ਸੁਧਾਰ ਲਹਿਰ ਪੂਰੇ ਸ਼ਿੱਦਤੀ ਤੇ ਸਿਰੜੀ ਸਰੂਪ ਵਿਚ ਪ੍ਰਚੰਡ ਹੋਈ। 1925 ਵਿਚ ਸਿੱਖ ਗੁਰਦੁਆਰਾ ਐਕਟ ਰਾਹੀਂ ਸ਼੍ਰੋਮਣੀ ਕਮੇਟੀ ਨੂੰ ਵਿਧਾਨਕ ਰੁਤਬਾ ਮਿਲ ਗਿਆ। ਇਸ ਨੇ ਸਿੱਖ ਸੰਘਰਸ਼ ਦੇ ਅਗਲੇ ਅਵਤਾਰਾਂ ਦੀ ਲੜੀ ਦਾ ਮੁੱਢ ਬੰਨ੍ਹਿਆ। ਇਹ ਲੜੀ ਜਿਵੇਂ ਕਿ ਕਿਤਾਬ ਅੰਦਰਲੇ ਦਸਤਾਵੇਜ਼ਾਂ ਤੋਂ ਸਪੱਸ਼ਟ ਹੈ, ਹੁਣ ਵੀ ਜਾਰੀ ਹੈ।

◆ ਬ੍ਰਿਟਿਸ਼ ਸਰਕਾਰ ਵੱਲੋਂ 1925 ਤੋਂ ਬਾਅਦ ਕੁਝ ਸੁਲ੍ਹਾਵਾਦੀ ਰੁਖ਼ ਅਪਣਾਏ ਜਾਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦਾ ਰੁਖ਼ ਟਕਰਾਅ ਵਾਲਾ ਰਿਹਾ। ਕਾਂਗਰਸ ਨਾਲ ਵੀ ਇਸ ਦੇ ਰਿਸ਼ਤੇ ਵਿਚ ਕਦੇ ਨਰਮੀ, ਕਦੇ ਗਰਮੀ ਵਾਲਾ ਸਿਲਸਿਲਾ ਚਲਦਾ ਰਿਹਾ।

◆ 1945 ਵਿਚ ਬ੍ਰਿਟਿਸ਼ ਵਾਇਸਰਾਇ, ਲਾਰਡ ਵੇਵਲ ਵੱਲੋਂ ਬੁਲਾਈ ਸ਼ਿਮਲਾ ਕਾਨਫਰੰਸ ਵਿਚ ਸਿੱਖਾਂ ਦੀ ਨੁਮਾਇੰਦਗੀ ਮਾਸਟਰ ਤਾਰਾ ਸਿੰਘ ਨੇ ਕੀਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਸਿੱਖ ਸਿਰਫ਼ ਮੁਲਕ ਦੀ ਆਜ਼ਾਦੀ ਦੇ ਮੁੱਦੇ 'ਤੇ ਕਾਂਗਰਸ ਦੀ ਹਮਾਇਤ ਕਰਦੇ ਹਨ। ਇਸੇ ਤਰ੍ਹਾਂ ਉਹ ਜਿਨਾਹ (ਮੁਸਲਿਮ ਲੀਗ) ਦੀ ਪਾਕਿਸਤਾਨ ਦੀ ਮੰਗ ਨਾਲ ਵੀ ਸਹਿਮਤ ਹਨ ਬਸ਼ਰਤੇ ਉਹ (ਜਿਨਾਹ) ਵੱਖਰੇ ਸਿੱਖ ਰਾਜ ਦੀ ਸਥਾਪਨਾ ਪ੍ਰਤੀ ਸਹਿਮਤੀ ਜਤਾਉਣ।

◆ ਫਰਵਰੀ 1946 ਦੀਆਂ ਪ੍ਰਾਂਤਕ ਅਸੈਂਬਲੀ ਚੋਣਾਂ ਵਿਚ ਕੋਈ ਵੀ ਪਾਰਟੀ ਬਹੁਮਤ ਹਾਸਲ ਨਾ ਕਰ ਸਕੀ। ਇਹ ਚੋਣਾਂ ਧਰਮਾਂ ਦੀ ਵਸੋਂ ਦੀ ਅਨੁਪਾਤਕ ਪ੍ਰਤੀਨਿਧਤਾ ਮੁਤਾਬਿਕ ਹੋਈਆਂ। ਕਾਂਗਰਸ ਨੂੰ 51 ਹਿੰਦੂ ਸੀਟਾਂ ਵਿਚੋਂ 40, ਮੁਸਲਿਮ ਲੀਗ ਨੂੰ 85 ਵਿਚੋਂ 73 ਅਤੇ ਅਕਾਲੀ ਦਲ ਨੂੰ 34 ਸਿੱਖ ਸੀਟਾਂ ਵਿੱਚੋਂ 22 ਮਿਲੀਆਂ। ਇਨ੍ਹਾਂ ਚੋਣਾਂ ਕਾਰਨ ਨੁਕਸਾਨ ਇਹ ਹੋਇਆ ਕਿ ਪੰਜਾਬੀ, ਪੰਜਾਬੀ ਨਾ ਰਹਿ ਕੇ ਹਿੰਦੂ, ਮੁਸਲਿਮ ਤੇ ਸਿੱਖ ਦੇ ਠੱਪਿਆਂ ਦੇ ਗ਼ੁਲਾਮ ਹੋ ਗਏ। ਸਰਕਾਰ ਯੂਨੀਅਨਿਸਟ ਪਾਰਟੀ ਦੀ ਅਗਵਾਈ ਹੇਠ ਕਾਂਗਰਸ ਤੇ ਅਕਾਲੀ ਦਲ ਦੀ ਮਦਦ ਨਾਲ ਬਣੀ। ਉਸ ਪਾਰਟੀ ਨੂੰ ਸਾਰੇ ਫ਼ਿਰਕਿਆਂ ਦੀਆਂ 20.61 ਫ਼ੀਸਦੀ ਵੋਟਾਂ ਮਿਲੀਆਂ ਸਨ। ਇਸ ਤੋਂ ਪੰਜਾਬ ਦੇ ਮੁਸਲਿਮ ਭਾਈਚਾਰੇ ਵਿਚ ਕੜਵਾਹਟ ਵਧੀ। ਇਹੋ ਕੜਵਾਹਟ '47 ਦੇ ਫਸਾਦਾਂ ਦੀ ਇੱਕ ਮੁੱਖ ਵਜ੍ਹਾ ਬਣੀ।

◆ ਮੁਲਕ ਦੀ ਆਜ਼ਾਦੀ ਦੀ ਸੂਰਤ ਵਿਚ ਸਿੱਖ ਭਾਈਚਾਰੇ ਦੇ ਹਿੱਤ ਰੁਲ ਜਾਣ ਦੀ ਚਿੰਤਾ ਪ੍ਰਗਟਾਉਣ ਅਤੇ ਸਿੱਖ ਸ਼ਨਾਖ਼ਤ ਦੀ ਹਿਫ਼ਾਜ਼ਤ ਉੱਤੇ ਜ਼ੋਰ ਦੇਣ ਵਾਲੇ ਦੋ ਮਤੇ ਸ਼੍ਰੋਮਣੀ ਕਮੇਟੀ ਨੇ ਫਰਵਰੀ 1943 ਅਤੇ ਮਾਰਚ 1946 ਵਿਚ ਪਾਸ ਕੀਤੇ। 1946 ਵਾਲਾ ਮਤਾ ਵੱਧ ਸਪੱਸ਼ਟ-ਬਿਆਨੀ ਵਾਲਾ ਸੀ। ਇਸ ਨੇ 'ਸਿੱਖਾਂ ਨੂੰ ਵੱਖਰੀ ਕੌਮ' ਐਲਾਨਿਆ। ਇਸ ਮਤੇ ਤੋਂ ਚੰਦ ਦਿਨ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੀ ਲਾਹੌਰ ਕਾਨਫਰੰਸ ਵਿਚ ਸਿੱਖ ਰਾਜ ਦੀ ਮੰਗ ਕਰਨ ਵਾਲਾ ਮਤਾ ਪਾਸ ਕੀਤਾ। ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਨੇ ਅਪਰੈਲ 1946 ਵਿਚ ਪੰਜਾਬ ਦੇ ਗਵਰਨਰ ਬਰਟ੍ਰੈਂਡ ਗਲੈਂਸੀ ਨੂੰ ਲਿਖੇ ਪੱਤਰ ਵਿਚ ਜਮਨਾ ਤੋਂ ਚਨਾਬ ਦਰਮਿਆਨ ਵੱਖਰੇ ਰਾਜ (ਖਾਲਿਸਤਾਨ) ਦੀ ਮੰਗ ਕੀਤੀ।

◆ 1947 ਵਿਚ ਹਿੰਦ ਦੇ ਬਟਵਾਰੇ ਤੇ ਪਾਕਿਸਤਾਨ ਦੀ ਸਥਾਪਨਾ ਕਾਰਨ ਹੋਏ ਕਤਲੇਆਮ ਦੇ ਬਾਵਜੂਦ ਭਾਰਤੀ ਪੰਜਾਬ ਵਿਚ ਹਿੰਦੂ-ਸਿੱਖਾਂ ਦਰਮਿਆਨ ਵੰਡੀਆਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ। ਹਿੰਦੂ ਬਹੁਗਿਣਤੀਵਾਦ ਨੇ ਸਿੱਖ ਬਹੁਗਿਣਤੀ ਵਾਲੇ ਵੱਖਰੇ ਸੂਬੇ ਦੀ ਮੰਗ ਨੂੰ ਵੱਖਵਾਦੀ ਦੱਸ ਕੇ ਫ਼ਿਰਕਾਪ੍ਰਸਤੀ ਨੂੰ ਹਵਾ ਦੇਣੀ ਸ਼ੁਰੂ ਕਰ ਦਿੱਤੀ। ਹਿੰਦੂ ਲੀਡਰਸ਼ਿਪ ਨੇ ਹਿੰਦੀ ਨੂੰ ਪੰਜਾਬੀ ਹਿੰਦੂਆਂ ਦੀ ਜ਼ੁਬਾਨ ਲਿਖਾਏ ਜਾਣ ਦਾ ਹੋਕਾ ਵੀ ਦਿੱਤਾ। ਲਿਹਾਜ਼ਾ, ਸਿੱਖ ਧਰਮ ਦੀ ਪੈਦਾਇਸ਼ ਤੋਂ ਘੱਟੋ-ਘੱਟ 2100 ਸਾਲ ਪਹਿਲਾਂ ਪੈਦਾ ਹੋਈ ਪੰਜਾਬੀ ਜ਼ੁਬਾਨ ਉੱਪਰ ਸਿਰਫ਼ ਸਿੱਖਾਂ ਦੀ ਜ਼ੁਬਾਨ ਹੋਣ ਦਾ ਠੱਪਾ ਲੱਗਣ ਲੱਗਾ। ਇਸ ਤੋਂ ਸਿੱਖ ਬਹੁਗਿਣਤੀ ਵਾਲੇ ਵੱਖਰੇ 'ਪੰਜਾਬੀ ਸੂਬੇ' ਦੀ ਮੰਗ ਨੇ ਸਿਰ ਚੁੱਕ ਲਿਆ।

◆ ਡੇਢ ਦਹਾਕੇ ਤੋਂ ਵੱਧ ਲੰਮੇ ਸੰਘਰਸ਼ ਤੋਂ ਬਾਅਦ 1 ਨਵੰਬਰ 1966 ਨੂੰ ਪੰਜਾਬ ਦਾ ਪੁਨਰਗਠਨ ਹੋਇਆ। ਇਸ ਪੁਨਰਗਠਨ ਰਾਹੀਂ ਹਰਿਆਣਾ ਦਾ ਜਨਮ ਹੋਇਆ ਅਤੇ ਪਹਾੜੀ ਇਲਾਕੇ (ਉਦੋਂ ਕੇਂਦਰੀ ਪ੍ਰਦੇਸ਼) ਹਿਮਾਚਲ ਦਾ ਹਿੱਸਾ ਬਣਾ ਦਿੱਤੇ ਗਏ। 18 ਸਤੰਬਰ 1966 ਨੂੰ ਸੰਸਦ ਵੱਲੋਂ ਪਾਸ ਕੀਤੇ ਪੰਜਾਬ ਪੁਨਰਗਠਨ ਐਕਟ ਤੋਂ ਇਹ ਸਪੱਸ਼ਟ ਹੋ ਗਿਆ ਕਿ ਕੇਂਦਰ ਦੀ ਕਾਂਗਰਸ ਸਰਕਾਰ, ਪੰਜਾਬ ਨਾਲ ਪੱਖਪਾਤ ਤੋਂ ਪਰਹੇਜ਼ ਨਹੀਂ ਕਰ ਰਹੀ। ਰਾਜਧਾਨੀ ਚੰਡੀਗੜ੍ਹ, ਪੰਜਾਬ ਨੂੰ ਨਾ ਮਿਲਣੀ ਇਸ ਪੱਖਪਾਤ ਦੀ ਨੰਗੀ-ਚਿੱਟੀ ਮਿਸਾਲ ਸੀ। ਅਗਲੇ ਮੋਰਚਿਆਂ ਅਤੇ ਫਿਰ 1980ਵਿਆਂ ਵਾਲੇ ਵੱਖਵਾਦੀ ਸੰਘਰਸ਼ ਦਾ ਮੁੱਢ ਉਸ ਸਮੇਂ ਤੋਂ ਬੱਝ ਗਿਆ। ਅਕਾਲੀ ਦਲ ਦਾ 1973 ਵਾਲਾ ਆਨੰਦਪੁਰ ਸਾਹਿਬ ਮਤਾ ਇਸੇ ਸੰਘਰਸ਼ ਦੇ ਉਦਗਮ ਦੀ ਮਿਸਾਲ ਸੀ।

◆ 1984 ਦੇ ਸਾਕਾ ਨੀਲਾ ਤਾਰਾ ਨੇ ਖ਼ੁਦਮੁਖ਼ਤਾਰੀ ਦੀ ਥਾਂ ਖਾਲਿਸਤਾਨ ਦੀ ਮੰਗ ਨੂੰ ਬਲ ਬਖ਼ਸ਼ਿਆ। ਇਹ ਮੰਗ ਰਸਮੀ ਤੌਰ 'ਤੇ 15 ਮਾਰਚ 1981 ਨੂੰ 54ਵੀਂ ਸਰਬ ਹਿੰਦ ਸਿੱਖ ਵਿਦਿਅਕ ਕਾਨਫਰੰਸ ਵਿਚ ਅਮਰੀਕਾ ਰਹਿੰਦੇ ਧਨਾਢ ਸਿੱਖ ਗੰਗਾ ਸਿੰਘ ਢਿੱਲੋਂ ਨੇ ਪਹਿਲੀ ਵਾਰ ਰਸਮੀ ਤੌਰ 'ਤੇ ਉਠਾਈ ਸੀ। ਇਹ ਕਾਨਫਰੰਸ ਚੰਡੀਗੜ੍ਹ ਵਿਚ ਚੀਫ ਖ਼ਾਲਸਾ ਦੀਵਾਨ ਨੇ ਕਰਵਾਈ ਸੀ। ਦੀਵਾਨ ਨੇ ਬਾਅਦ ਵਿਚ ਇਸ ਸਬੰਧੀ ਮਤਾ ਵਾਪਸ ਲੈ ਲਿਆ।

◆ 1984 ਵਾਲੇ ਘਟਨਾਕ੍ਰਮ ਤੋਂ ਬਾਅਦ ਜੋ ਕੁਝ ਵਾਪਰਿਆ, ਉਸ ਤੋਂ ਮੌਜੂਦਾ ਪੀੜ੍ਹੀਆਂ ਵਾਕਿਫ਼ ਹੀ ਹਨ। ਬੜੀ ਤ੍ਰਾਸਦਿਕ ਹੈ ਇਹ ਸਾਰੀ ਘਟਨਾਵਲੀ। 1997 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਅਕਾਲੀ ਦਲ ਹੋਰਨਾਂ ਸਿਆਸੀ ਪਾਰਟੀਆਂ ਨਾਲੋਂ ਕਿਸੇ ਵੀ ਤਰ੍ਹਾਂ ਵੱਖਰਾ ਨਹੀਂ ਰਿਹਾ। ਹੁਣ ਤਾਂ ਉਹ ਸਿਆਸੀ ਤੌਰ 'ਤੇ ਵੀ ਹਾਸ਼ੀਏ 'ਤੇ ਹੈ।

ਉਪਰੋਕਤ ਸਮੁੱਚਾ ਬਿਰਤਾਂਤ ਦਰਸਾਉਂਦਾ ਹੈ ਕਿ ਕਿਤਾਬ ਕਿੰਨੀ ਮਿਹਨਤ ਜਾਂ ਜਨੂੰਨੀ ਸ਼ਿੱਦਤ ਨਾਲ ਵਜੂਦ ਵਿਚ ਆਈ ਹੈ। ਦਸਤਾਵੇਜ਼ ਕਿਸ ਰੂਪ ਵਿਚ ਹਨ, ਇਨ੍ਹਾਂ ਦੀ ਅੰਸ਼ਕ ਜਿਹੀ ਝਲਕ ਇਸ ਲੇਖ ਦੇ ਨਾਲ ਮੌਜੂਦ ਡੱਬੀਆਂ ਰਾਹੀਂ ਪਾਠਕਾਂ ਦੀ ਨਜ਼ਰ ਹੈ।

ਤਿਰੰਗੇ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਦਾ ਮਤਾ, 1930

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 30 ਅਗਸਤ 1930 ਨੂੰ ਅਕਾਲ ਤਖ਼ਤ 'ਤੇ ਹੋਈ ਤੀਜੀ ਜਨਰਲ ਬਾਡੀ ਮੀਟਿੰਗ ਵਿਚ ਅਕਾਲੀ ਦਲ ਦੇ ਸਟੈਂਡ ਦੀ ਤਾਈਦ ਕਰਦੀ ਹੈ।)

ਸ਼੍ਰੋਮਣੀ ਅਕਾਲੀ ਦਲ ਇਸ ਤੱਥ ਦਾ ਸਖ਼ਤ ਨੋਟਿਸ ਲੈਂਦਾ ਹੈ ਕਿ ਆਲ ਇੰਡੀਆ ਕਾਂਗਰਸ ਨੇ ਆਪਣੇ ਕੌਮੀ ਝੰਡੇ ਵਿਚ ਖ਼ਾਲਸੇ ਦੇ ਰੰਗ ਨੂੰ ਸ਼ਾਮਿਲ ਨਹੀਂ ਕੀਤਾ। ਖ਼ਾਲਸਾ ਪੰਥ ਇਸ ਦੇ ਖ਼ਿਲਾਫ਼ ਤਿੱਖਾ ਰੋਸ ਪ੍ਰਗਟਾਉਂਦਾ ਹੈ। ਪਰ ਕਿਉਂਕਿ ਇਸ ਸਮੇਂ ਮੁਲਕ ਦੀ ਆਜ਼ਾਦੀ ਲਈ ਜੱਦੋਜਹਿਦ ਚੱਲ ਰਹੀ ਹੈ, ਇਸ ਲਈ ਖ਼ਾਲਸਾ ਪੰਥ ਮੁਲਕ ਦੀ ਸੇਵਾ ਵਿਚ ਪਿੱਛੇ ਨਹੀਂ ਰਹਿਣਾ ਚਾਹੁੰਦਾ। ਇਸ ਕਰ ਕੇ ਇਹ ਐਲਾਨ ਕੀਤਾ ਜਾਂਦਾ ਹੈ ਕਿ ਜਿੱਥੇ ਕਿਤੇ ਵੀ ਸਿੱਖ ਹਨ, ਉਹ ਇਹ ਪ੍ਰਣ ਕਰਨ ਕਿ ਉਹ ਮੁਲਕ ਦੀ ਆਜ਼ਾਦੀ ਲਈ ਖ਼ਾਲਸੇ ਦੇ ਝੰਡੇ ਹੇਠ ਸੰਘਰਸ਼ ਕਰਨਗੇ, ਕਾਂਗਰਸ ਦੇ ਝੰਡੇ ਹੇਠ ਨਹੀਂ।

ਖ਼ਾਲਿਸਤਾਨ ਪ੍ਰਤੀ ਪਹਿਲਾ ਪ੍ਰਗਟਾਵਾ, 1940

ਵੀਰ ਸਿੰਘ ਭੱਟੀ ਲਿਖਿਤ

ਵੀਰ ਸਿੰਘ ਭੱਟੀ ਨੇ 1940 ਵਿਚ 'ਖ਼ਾਲਿਸਤਾਨ' ਸਿਰਲੇਖ ਵਾਲਾ ਇੱਕ ਪੈਂਫਲਿਟ ਲਿਖਿਆ ਜਿਸ ਮੁਤਾਬਿਕ ਇਹ ਮੁਲਕ ਪੱਛਮ ਵਿਚ ਪਾਕਿਸਤਾਨ ਤੇ ਪੂਰਬ ਵਿਚ ਹਿੰਦੋਸਤਾਨ ਅੰਦਰ ਹੋਣਾ ਚਾਹੀਦਾ ਹੈ। ਇਸ ਪ੍ਰਸਤਾਵਿਤ ਸਿੱਖ ਰਾਜ ਦੀਆਂ ਸਰਹੱਦਾਂ ਉੱਤਰ ਵਿਚ ਕਸ਼ਮੀਰ, ਉੱਤਰ-ਪੱਛਮ ਅਤੇ ਪੱਛਮ ਤੇ ਦੱਖਣ-ਪੱਛਮ ਵਿਚ ਦਰਿਆ ਚਨਾਬ ਦੇ ਨਾਲ ਨਾਲ, ਦੱਖਣ ਵਿਚ ਰਾਜਪੂਤਾਨਾ ਤੇ ਕੱਛ ਦੀ ਖਾੜੀ, ਪੂਰਬ ਵਿਚ ਜਮਨਾ ਅਤੇ ਉੱਤਰ-ਪੂਰਬ ਵਿਚ ਸ਼ਿਮਲਾ ਪਹਾੜੀਆਂ ਤੇ ਕੁੱਲੂ ਦੀਆਂ ਰਿਆਸਤਾਂ ਸਮੇਤ ਹੋਣ। ਕਿਉਂਕਿ ਇਹ ਸਿੱਖ ਰਾਜ ਹੋਵੇਗਾ, ਇਸ ਲਈ ਇਸ ਨੂੰ ਖ਼ਾਲਿਸਤਾਨ ਕਹਿਣਾ ਅਢੁਕਵਾਂ ਨਹੀਂ। ਇਸ ਵਿਚ ਮੋਟੇ ਤੌਰ 'ਤੇ ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਪੂਰਥਲਾ, ਕਲਸੀਆਂ ਆਦਿ ਸਿੱਖ ਰਿਆਸਤਾਂ, ਮਾਲੇਰਕੋਟਲਾ, ਸ਼ਿਮਲਾ ਪਹਾੜੀਆਂ ਵਾਲੀਆਂ ਰਿਆਸਤਾਂ, ਲੁਧਿਆਣਾ, ਜਲੰਧਰ, ਕੁੱਲੂ, ਅੰਬਾਲਾ, ਫਿਰੋਜ਼ਪੁਰ, ਲਾਹੌਰ, ਅੰਮ੍ਰਿਤਸਰ, ਲਾਇਲਪੁਰ, ਗੁੱਜਰਾਂਵਾਲਾ, ਸ਼ੇਖ਼ੂਪੁਰਾ, ਮੌਂਟਗੁਮਰੀ, ਹਿਸਾਰ, ਰੋਹਤਕ, ਕਰਨਾਲ, ਮੁਲਤਾਨ ਤੇ ਦਿੱਲੀ ਦੇ ਜ਼ਿਲ੍ਹੇ/ਡਿਵੀਜ਼ਨਾਂ ਸ਼ਾਮਿਲ ਹੋਣ। ਇਸ ਨੂੰ ਸਿੰਧ, ਬਹਾਵਲਪੁਰ ਤੇ ਰਾਜਪੂਤਾਨਾ ਵਿਚ ਪਤਲੇ ਜਿਹੇ ਗਲਿਆਰੇ ਪ੍ਰਦਾਨ ਕੀਤੇ ਜਾਣ ਤਾਂ ਜੋ ਸਿੱਖ ਰਾਜ ਕੱਛ ਦੀ ਖਾੜੀ ਤੱਕ ਪਹੁੰਚ ਸਕੇ। ਬੰਦਰਗਾਹ ਤੋਂ ਬਿਨਾਂ ਇਹ ਰਾਜ ਘੁੱਟਿਆ ਜਿਹਾ ਰਹੇਗਾ ਅਤੇ ਵਪਾਰ ਲਈ ਇਸ ਨੂੰ ਦੂਜਿਆਂ 'ਤੇ ਨਿਰਭਰ ਹੋਣਾ ਪਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਿੰਸ ਆਫ ਵੇਲਜ਼ (ਬ੍ਰਿਟਿਸ਼ ਯੁਵਰਾਜ) ਦੇ ਬਾਈਕਾਟ ਦਾ ਸੱਦਾ

ਦਸੰਬਰ, 1921

(ੳ) ਬ੍ਰਿਟਿਸ਼ ਸਰਕਾਰ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਕੁਚਲਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਹੋਰ ਵੀ ਵੱਧ ਨਾਇਨਸਾਫ਼ੀ ਦਰਬਾਰ ਸਾਹਿਬ ਦੀ ਚਾਬੀਆਂ ਜ਼ਬਤ ਕਰ ਕੇ ਕੀਤੀ ਹੈ। ਇਸ ਲਈ, ਸ਼੍ਰੋਮਣੀ ਕਮੇਟੀ ਇਹ ਫ਼ੈਸਲਾ ਕਰਦੀ ਹੈ ਕਿ ਪ੍ਰਿੰਸ ਆਫ ਵੇਲਜ਼ ਦੀ ਆਗਾਮੀ ਭਾਰਤ ਫੇਰੀ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ। ਜਿਸ ਦਿਨ ਉਹ ਇਸ ਧਰਤ 'ਤੇ ਪੈਰ ਧਰੇ, ਉਸ ਦਿਨ ਹੜਤਾਲ ਰੱਖੀ ਜਾਵੇ।

(ਅ) ਉਹ ਜਿਸ ਸ਼ਹਿਰ ਵਿਚ ਵੀ ਜਾਂਦਾ ਹੈ, ਉੱਥੋਂ ਦਾ ਹਰ ਸਿੱਖ ਉਸ ਦਾ ਬਾਈਕਾਟ ਕਰੇ।

(ੲ) ਉਸ ਦੇ ਮਾਣ-ਸਤਿਕਾਰ ਵਿਚ ਇੰਤਜ਼ਾਮੇ ਕਿਸੇ ਵੀ ਪ੍ਰੋਗਰਾਮ ਵਿਚ ਕੋਈ ਵੀ ਸਿੱਖ ਹਿੱਸਾ ਨਾ ਲਵੇ।

(ਸ) ਕਿਸੇ ਵੀ ਗੁਰਦੁਆਰੇ ਜਾਂ ਸਿੱਖ ਆਸ਼ਰਮ ਵਿਚ ਉਸ ਦੀ ਫੇਰੀ ਸਮੇਂ ਉਸ ਦਾ ਸਵਾਗਤ ਨਾ ਕੀਤਾ ਜਾਵੇ।

***(ਨੋਟ : ਇਹ ਪੂਰਾ ਮਤਾ ਨਹੀਂ, ਮਤੇ ਦਾ ਅਹਿਮ ਹਿੱਸਾ ਹੈ)***

# ਕੂੰਡਾ

*ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਮੇਰਾ ਪਿਤਾ, ਜਿਸ ਨੂੰ ਅਸੀਂ 'ਪਾਪਾ ਜੀ' ਕਹਿੰਦੇ ਸਾਂ, ਫ਼ੌਜ ਦਾ ਪੈਨਸ਼ਨੀਆ ਸੀ। ਫ਼ੌਜੀ ਨੌਕਰੀ ਦੌਰਾਨ ਉਸਨੇ 1961 ਵਿਚ ਗੋਆ ਦੀ ਲੜਾਈ ਵਿਚ ਭਾਗ ਲਿਆ। ਅੰਗਰੇਜ਼ 1947 ਵਿਚ ਬਾਕੀ ਸਾਰੇ ਦੇਸ਼ ਵਿਚੋਂ ਚਲੇ ਗਏ ਪ੍ਰੰਤੂ ਗੋਆ ਅਜੇ ਤੱਕ ਪੁਰਤਗੇਜ਼ੀਆਂ ਨੇ ਖ਼ਾਲੀ ਨ੍ਹੀਂ ਸੀ ਕੀਤਾ। ਗੱਲ ਕੀ ਗੋਆ ਜਿਹੇ ਰਮਣੀਕ ਸਥਾਨ ਨੂੰ ਛੱਡਣ ਲਈ ਉਨ੍ਹਾਂ ਦਾ ਮਨ ਹੀ ਨ੍ਹੀਂ ਸੀ ਕਰਦਾ। ਗੋਆ ਨੂੰ ਆਜ਼ਾਦ ਕਰਾਉਣ ਲਈ ਦੇਸ਼ ਨੂੰ ਫ਼ੌਜ ਭੇਜਣੀ ਪਈ ਸੀ। ਜਿਉਂ ਹੀ ਭਾਰਤੀ ਫ਼ੌਜ ਗੋਆ ਵਿਚ ਦਾਖ਼ਲ ਹੋਈ ਪੁਰਤਗਾਲੀ ਚੱਡਿਆਂ ਵਿਚ ਪੂਛ ਲੈ ਕੇ ਦੌੜ ਗਏ। ਮੇਰੇ ਪਿਤਾ ਜੀ ਨੇ ਗੋਆ ਵਿਚੋਂ ਵਾਪਸ ਆਉਣ ਲੱਗਿਆਂ ਇੱਕ ਪੱਥਰ ਦਾ ਕੂੰਡਾ ਲੈ ਕੇ ਆਂਦਾ, ਜਿਸ ਨੂੰ ਅਸੀਂ ਅੱਜ ਤੱਕ ਪਿਆਰ ਨਾਲ ਸਾਂਭੀ ਆ ਰਹੇ ਹਾਂ। ਗੋਆ ਵਿਚ ਉਸ ਵਕਤ ਕੁਝ ਭਾਰਤੀ ਜਵਾਨਾਂ ਨੇ ਭੱਜ



**ਗੁਰਮੀਤ ਕੜਿਆਲਵੀ**
**ਫੋਨ: 98726-40994**

ਗਏ ਪੁਰਤਗੇਜ਼ੀਆਂ ਦੇ ਘਰਾਂ ਵਿਚਲੇ ਸਾਮਾਨ 'ਤੇ ਹੱਥ ਫੇਰਿਆ ਸੀ। ਕਈਆਂ ਦੇ ਹੱਥ ਚੰਗਾ ਮਾਲ-ਅਸਬਾਬ ਲੱਗਾ। ਗੋਆ ਦੀ ਜਿੱਤ ਦੀ ਨਿਸ਼ਾਨੀ ਵਜੋਂ ਉਹ ਇਹ ਸਾਮਾਨ ਆਪਣੇ ਘਰਾਂ ਨੂੰ ਲੈ ਆਏ। ਬਾਪੂ ਦੁਆਰਾ ਲਿਆਂਦਾ ਕੂੰਡਾ ਵੀ ਜਿਵੇਂ ਬਾਪੂ ਦੀ ਬਹਾਦਰੀ ਦਾ ਪ੍ਰਤੀਕ ਹੈ। ਬਾਪੂ ਨੇ ਜਿਵੇਂ ਗੋਆ 'ਤੇ 350 ਸਾਲ ਤੋਂ ਕਾਬਜ਼ ਪੁਰਤਗਾਲੀਆਂ ਦਾ ਕੂੰਡਾ ਕਰਕੇ ਰੱਖ ਦਿੱਤਾ ਸੀ। ਸਾਢੇ ਤਿੰਨ ਸਦੀਆਂ ਪਹਿਲਾਂ ਇਨ੍ਹਾਂ ਪੁਰਤਗਾਲੀਆਂ ਨੇ ਹਿੰਦੁਸਤਾਨੀਆਂ ਦਾ ਕੂੰਡਾ ਕਰਕੇ ਦੇਸ਼ ਦੇ ਦੱਖਣੀ ਹਿੱਸੇ 'ਤੇ ਕਬਜ਼ਾ ਜਮ੍ਹਾ ਲਿਆ ਸੀ। ਉਨ੍ਹਾਂ ਦਾ ਨਿਸ਼ਾਨਾ ਸਾਰੇ ਭਾਰਤ ਨੂੰ ਕਬਜ਼ੇ ਹੇਠ ਕਰਕੇ ਇਥੋਂ ਦੀ ਬਹੁਮੁੱਲੀ ਦੌਲਤ ਨੂੰ ਲੁੱਟਣ ਦਾ ਸੀ। ਅਲਬੂਕਰਕ ਵਰਗੇ ਉਸ ਦੇ ਮਹਾਨ ਜਰਨੈਲਾਂ ਨੇ ਇਸ ਲਈ ਆਪਣਾ ਸਾਰਾ ਜ਼ੋਰ ਵੀ ਲਾਇਆ। ਇਸੇ ਸਮੇਂ ਉਨ੍ਹਾਂ ਦਾ ਵਾਹ ਧਰਮਾਂ, ਜਾਤਾਂ ਪਿੱਛੇ ਲੱਗ ਕੇ ਲੜਦੀ ਰਹਿਣ ਵਾਲੀ ਭਾਰਤੀ ਜਨਤਾ ਦੀ ਥਾਵੇਂ ਆਪਣੇ ਜਿਹੀ ਹੀ ਸ਼ਾਤਰ, ਅੰਗਰੇਜ਼ ਕੌਮ ਨਾਲ ਪੈ ਗਿਆ। ਇਨ੍ਹਾਂ ਅੰਗਰੇਜ਼ਾਂ ਨੇ ਦੱਖਣੀ ਯੁੱਧਾਂ ਵਿਚ ਪੁਰਤਗਾਲੀਆਂ ਨੂੰ ਹਰਾ ਕੇ ਉਨ੍ਹਾਂ ਦਾ ਕੂੰਡਾ ਕਰਕੇ ਰੱਖ ਦਿੱਤਾ ਤੇ ਇਉਂ ਸਾਰੇ ਭਾਰਤ 'ਤੇ ਰਾਜ ਕਰਨ ਦਾ ਉਨ੍ਹਾਂ ਦਾ ਸੁਪਨਾ ਮਿੱਟੀ ਵਿਚ ਮਿਲਾ ਦਿੱਤਾ।

'ਕੂੰਡਾ' ਸ਼ਬਦ ਦੇ ਜ਼ਿਹਨ ਵਿਚ ਆਉਂਦਿਆਂ ਹੀ ਪੱਥਰ ਜਾਂ ਪਕਾਈ ਮਿੱਟੀ ਦਾ ਬਣਾਇਆ ਅਜਿਹਾ ਬਰਤਨ ਸਾਹਮਣੇ ਆ ਜਾਂਦਾ ਹੈ ਜੋ ਕੇਵਲ ਅੱਧਾ ਕੁ ਫੁੱਟ ਉੱਚਾ ਅਤੇ ਅੱਧਾ ਕੁ ਫੁੱਟ ਘੇਰੇ ਦਾ ਹੁੰਦਾ ਹੈ। ਮੂੰਹ ਉੱਪਰੋਂ ਖੁਲ੍ਹਾ ਹੁੰਦਾ ਹੈ। ਥੱਲੇ ਵਾਲੇ ਪਾਸਿਓਂ ਤਿੰਨ ਕੁ ਇੰਚ ਰਹਿ ਜਾਂਦਾ ਹੈ। ਕੂੰਡਾ ਸਾਡੇ ਸਭਿਆਚਾਰ ਦਾ ਇੱਕ ਅਨਿਖੜਵਾਂ ਅੰਗ ਹੈ। ਰੋਜ਼ਾਨਾ ਜ਼ਿੰਦਗੀ ਵਿਚ ਕਈ ਤਰ੍ਹਾਂ ਦੇ ਕੂੰਡੇ ਵੇਖਣ ਨੂੰ ਮਿਲਦੇ ਹਨ। ਆਮ ਵਰਤੋਂ ਵਿਚ ਆਉਣ ਵਾਲੇ ਕੂੰਡੇ ਪਕਾਈ ਮਿੱਟੀ ਦੇ ਹੁੰਦੇ ਹਨ। ਘੁਮਿਆਰ ਚੀਕਣੀ ਮਿੱਟੀ ਨੂੰ ਚੰਗੀ ਤਰ੍ਹਾਂ ਗੁੰਨ੍ਹ ਕੇ ਪੇੜਾ ਜਿਹਾ ਬਣਾ ਚੱਕ 'ਤੇ ਚੜ੍ਹਾਉਂਦਾ ਹੈ। ਚੱਕ ਨੂੰ ਘੁਮਾ ਮਨਚਾਹੀ ਸ਼ਕਲ ਦੇ ਦਿੰਦਾ ਹੈ। ਉਸ ਵੱਲੋਂ ਤਿਆਰ ਕੀਤਾ ਇਹ ਕੂੰਡਾ ਆਵੇ ਵਿਚ ਪਕਾਇਆਂ ਜਾਂਦਾ ਹੈ। ਪੂਰੀ ਤਰ੍ਹਾਂ ਪੱਕ ਚੁੱਕਾ ਕੂੰਡਾ, ਉਂਗਲੀ ਦਾ ਠੋਲਾ ਮਾਰਨ 'ਤੇ ਟੱਲੀ ਵਰਗੀ ਆਵਾਜ਼ ਦਿੰਦਾ ਹੈ। ਜੇਕਰ ਕੂੰਡਾ ਅਜੇ ਕੱਚਾ ਹੋਵੇ ਤਾਂ ਇਸ ਵਿਚੋਂ ਭੱਦੀ ਜਿਹੀ ਆਵਾਜ਼ ਆਉਂਦੀ ਹੈ। ਉਂਗਲੀ ਦਾ ਠੋਲਾ ਮਾਰਿਆਂ ਕੇਵਲ ਖਿਪ-ਖਿਪ ਹੀ ਸੁਣਾਈ ਦਿੰਦੀ ਹੈ। ਦੁਕਾਨਦਾਰ ਜਦੋਂ ਗਾਹਕ ਨੂੰ ਕੂੰਡਾ ਵੇਚਦਾ ਹੈ ਤਾਂ ਗਾਹਕ ਦੀ ਤਸੱਲੀ ਲਈ ਕੂੰਡੇ ਨੂੰ ਉਂਗਲੀ ਦੇ ਠੋਲੇ ਜਾਂ ਕਿਸੇ ਪਤਲੀ ਸੋਟੀ ਨਾਲ ਟੁਣਕਾ ਕੇ ਦਿਖਾਉਂਦਾ ਹੈ। ਕਈ ਕੂੰਡੇ ਪੱਥਰ ਨੂੰ ਕੱਟ ਕੇ ਬਣਾਏ ਜਾਂਦੇ ਹਨ। ਪੱਥਰ ਨੂੰ ਘੜ-ਘੜ ਕੇ ਕੂੰਡਾ ਬਣਾਉਣਾ ਕਾਫ਼ੀ ਔਖਿਆਈ ਅਤੇ ਮਿਹਨਤ ਵਾਲਾ ਕੰਮ ਹੈ। ਇਸ ਵਿਚ ਕਲਾਤਮਿਕਤਾ ਵੀ ਹੁੰਦੀ ਹੈ। ਬਿਲਕੁਲ ਮੂਰਤੀਕਾਰੀ ਵਾਂਗ ਹੈ। ਕਈ ਕਾਰੀਗਰ ਸੀਮਿੰਟ+ਰੇਤਾ+ਬਜਰੀ ਨਾਲ ਵੀ ਕੂੰਡੇ ਤਿਆਰ ਕਰਦੇ ਹਨ। ਚੀਨੀ ਮਿੱਟੀ ਦੇ ਬਣੇ ਕੂੰਡੇ ਵੀ ਦਿਖਾਈ ਦੇ ਜਾਂਦੇ ਹਨ। ਪੁਰਾਣੇ ਹਕੀਮ ਦੇਸੀ ਦਵਾਈਆਂ ਰਗੜਨ ਲਈ ਅਕਸਰ ਇਨ੍ਹਾਂ ਚੀਨੀ ਮਿੱਟੀ ਦੇ ਛੋਟੇ ਅਕਾਰ ਦੇ ਕੂੰਡਿਆਂ ਦੀ ਵਰਤੋਂ ਹੀ ਕਰਦੇ ਹਨ।

ਮਿੱਟੀ ਦੇ ਬਣਾਏ ਜਾਂਦੇ ਬਰਤਨਾਂ ਜਿਵੇਂ ਘੜੇ, ਸੁਰਾਹੀ, ਤੌੜੀ, ਕਾੜਨੀ, ਚਟੂਰੀ, ਚਾਟੀ, ਝੱਜਰੀ, ਕੁਝੇ ਆਦਿ ਵਾਂਗ ਕੂੰਡੇ ਦਾ ਵੀ ਯੁਗ ਬੀਤਦਾ ਜਾ ਰਿਹਾ ਹੈ। ਦਾਲ-ਸਬਜ਼ੀ ਵਿਚ ਪਾਉਣ ਲਈ ਹਰੀਆਂ ਮਿਰਚਾਂ ਰਗੜਨ ਲਈ ਲੋਕ ਕੂੰਡੇ ਦੀ ਵਰਤੋਂ ਕਰਦੇ ਹਨ। ਪਿੰਡਾਂ ਵਾਲੇ ਪੁਦੀਨੇ, ਪਿਆਜ਼, ਤੇ ਟਮਾਟਰ ਨੂੰ ਘੋਟਨੇ ਦੀ ਸਹਾਇਤਾ ਨਾਲ ਕੂੰਡੇ ਵਿਚ ਬਰੀਕ-ਬਰੀਕ ਰਗੜ ਕੇ, ਸੁਆਦੀ ਚਟਨੀ ਬਣਾਉਂਦੇ ਹਨ। ਬੁੜੀਆਂ ਸਿਲੇ ਵਾਲੀ ਜਨਾਨੀ ਨੂੰ ਰਲ਼ਾ ਕੇ ਦਿੱਤੀ ਜਾਣ ਵਾਲੀ ਪੰਜੀਰੀ ਵਿਚ ਬਹੁਤ ਸਾਰੀਆਂ ਦੇਸੀ ਜੜੀਆਂ ਬੂਟੀਆਂ ਪਾਉਂਦੀਆਂ ਸਨ। ਇਨ੍ਹਾਂ ਬੂਟੀਆਂ ਨੂੰ ਪੰਜੀਰੀ ਵਿਚ ਰਲ਼ਾਉਣ ਤੋਂ ਪਹਿਲਾਂ ਕੂੰਡੇ ਵਿਚ ਚੰਗੀ ਤਰ੍ਹਾਂ ਰਗੜ ਕੇ ਪੀਸ ਲਿਆ ਜਾਂਦਾ ਸੀ। ਗਰਮੀਆਂ ਦੇ ਦਿਨਾਂ ਵਿਚ ਘੜੇ ਵਾਂਗ ਹੀ ਕੂੰਡਾ ਵੀ ਗ਼ਰੀਬਾਂ ਦਾ ਸਾਥੀ ਹੁੰਦਾ ਸੀ। ਗ਼ਰੀਬ ਲੋਕ ਹੱਟੀਓਂ ਥੋੜ੍ਹੀ ਜਿਹੀ ਖਸਖਾਸ ਲੈ ਕੂੰਡੇ ਵਿਚ ਇਸਨੂੰ ਚੰਗੀ ਤਰ੍ਹਾਂ ਘੋਟਦੇ। ਇਸ ਵਿਚ ਘੜੇ ਦਾ ਠੰਢਾ ਪਾਣੀ ਪਾ ਲੈਂਦੇ ਸਨ। ਇਉਂ ਬਣਾ ਕੇ ਪੀਤੀ ਸ਼ਰਦਾਈ ਗਰਮੀ ਨੂੰ ਨੇੜੇ ਨ੍ਹੀਂ ਲੱਗਣ ਦਿੰਦੀ। ਸਰਦੇ-ਪੁੱਜਦੇ ਲੋਕ ਇਸ ਸਰਦਾਈ ਵਿਚ ਮਗਜ਼ ਤੇ ਬਾਦਾਮ ਵੀ ਘੋਟ ਲੈਂਦੇ। ਡੇਰਿਆਂ 'ਤੇ ਬੈਠੇ ਸਾਧ, ਉਨ੍ਹਾਂ ਦੇ ਵਿਹਲੜ ਚੇਲੇ ਅਤੇ ਗੁਰੂ ਦੀਆਂ ਲਾਡਲੀਆਂ ਫੌਜ਼ਾਂ (ਨਿਹੰਗ ਸਿੰਘ) ਕੂੰਡਿਆਂ ਦੀ ਵਰਤੋਂ ਸੁੱਖ ਨਿਧਾਨ ਲਈ ਕਰਦੇ ਨੇ। ਸੁੱਖ ਨਿਧਾਨ ਛਕ ਕੇ ਉਨ੍ਹਾਂ ਦੀ ਬਿਰਤੀ ਸੱਥਵੇਂ ਅਸਮਾਨ ਜਾ ਲੱਗਦੀ।

ਕੂੰਡਾ ਰੋਜ਼ਾਨਾ ਕਾਰ-ਵਿਹਾਰ ਦਾ ਅਨਿਖੜਵਾਂ ਅੰਗ ਸੀ। ਵਸਦੇ ਘਰਾਂ ਵਿਚ ਸਵੇਰ ਤੋਂ ਹੀ ਕੂੰਡਾ-ਘੋਟਨਾ ਖੜਕਣ ਲੱਗ ਪੈਂਦਾ। ਜੇ ਕਿਸੇ ਦੇ ਘਰ ਪਰ੍ਹਾਉਣਾ-ਧਰ੍ਹਾਉਣਾ ਆਇਆ ਹੁੰਦਾ, ਕੂੰਡੇ ਵਿਚ ਰਗੜੇ ਜਾ ਰਹੇ ਮਸਾਲਿਆਂ ਦੀ ਮਹਿਕ ਆਲੇ-ਦੁਆਲੇ ਦੇ ਘਰਾਂ 'ਚ ਤੁਰੀ ਫਿਰਦੀ। ਲੋਕ ਇਸ ਮਹਿਕ ਤੋਂ ਹੀ ਅੰਦਾਜ਼ਾ ਲਗਾ ਲੈਂਦੇ ਕਿ ਆਏ ਪ੍ਰਾਹੁਣੇ ਦੀ ਸੇਵਾ ਲਈ ਕੀ ਬਣਾਇਆ ਜਾ ਰਿਹਾ ਹੈ। ਹੁਣ ਦੀ ਪਨੀਰੀ ਤਾਂ ਕੂੰਡੇ ਦਾ ਨਾਂ ਵੀ ਵਿਸਾਰਦੀ ਜਾ ਰਹੀ ਹੈ। ਹਲਦੀ, ਮਿਰਚ, ਮਸਾਲਾ ਸਭ ਪੀਸਿਆ-ਪਿਸਾਇਆ ਬਾਜ਼ਾਰੋਂ ਮਿਲ ਜਾਂਦਾ ਹੈ। ਮਿਰਚ ਮਸਾਲਾ ਬਰੀਕ ਕਰਨ ਵਾਸਤੇ ਜਾਂ ਚਟਨੀ ਤਿਆਰ ਕਰਨ ਲਈ ਮਿਕਸੀਆਂ ਅਤੇ ਗਰਾਂਈਡਰ ਆ ਗਏ ਸਨ। ਮਿਕਸੀ ਦੇ ਜੱਗ ਵਿਚ ਪੁਦੀਨਾ, ਟਮਾਟਰ ਤੇ ਪਿਆਜ਼ ਪਾ ਕੇ, ਬਟਨ ਦਬਾਇਆ ਤੇ ਚੱਲ ਮੇਰੇ ਭਾਈ ਚਟਨੀ ਤਿਆਰ। ਵੈਸੇ ਅੱਜ ਕੱਲ੍ਹ ਦੀ ਬਹੁਤੀ ਪਨੀਰੀ ਨੂੰ ਤਾਂ ਚਟਨੀ ਖਾਣ ਨਾਲ ਅਲਰਜੀ ਹੋ ਜਾਂਦੀ ਐ।

ਪੰਜਾਬੀ ਲੋਕ ਬੋਲੀਆਂ ਵਿਚ ਜਿੱਥੇ ਗਿੱਦੜਬਾਹੇ ਦੀ ਨਸਵਾਰ, ਘਾਸਪਰੇ ਦੀ ਦਾਤੀ, ਭਦੌੜ ਦੀ ਚਾਟੀ, ਹਿੰਮਤਪੁਰੇ ਦੇ ਟਕੂਏ, ਢਾਕੇ ਦੀ ਬਣੀ ਮਲਮਲ ਅਤੇ ਪਟਿਆਲੇ ਦੇ ਬਣੇ ਰੇਸ਼ਮੀ ਨਾਲਿਆਂ ਦੀ ਚਰਚਾ ਹੋਈ ਮਿਲਦੀ ਹੈ, ਉੱਥੇ ਰੌਂਤੇ ਦੇ ਬਣੇ ਕੂੰਡਿਆਂ ਦੀ ਵੀ ਪੂਰੀ ਮਸ਼ਹੂਰੀ ਹੈ। ਕੂੰਡਾ ਭਾਵੇਂ ਕਿਤੋਂ ਦਾ ਵੀ ਬਣਿਆ ਹੋਵੇ, ਦੁਕਾਨਦਾਰ ਵੇਚਣ ਲੱਗਾ ਇਹੋ ਆਖੇਗਾ, 'ਰੌਂਤੇ ਦਾ ਬਣਿਆ। ਟੁਣਕਾ ਕੇ ਵੇਖ ਲਾ, ਟੱਲੀ ਵਾਂਗੂੰ ਟੁਣਕਦਾ। ਬੇਫ਼ਿਕਰ ਹੋ ਕੇ ਲੈਜਾ, ਬਹੁਤਾ ਸੋਚੀਂ ਨ੍ਹੀਂ ਪਈਦਾ।' ਪਿੰਡਾਂ ਵਿਚ ਮਿੱਟੀ ਦੇ ਭਾਂਡੇ ਵੇਚਣ ਵਾਲੇ ਵੀ ਇਹੋ ਆਵਾਜ਼ ਲਾਉਂਦੇ, 'ਘੜਾ ਲੋ, ਚਾਟੀ ਲੋ, ਰੌਂਤੇ ਦੇ ਬਣੇ ਕੂੰਡੇ ਲੋ।' ਦਰਅਸਲ ਰੌਂਤੇ ਦੇ ਨਾਲ ਕੂੰਡੇ ਦਾ ਨਾਂ ਇਵੇਂ ਜੁੜ ਗਿਆ ਜਿਵੇਂ ਸਿਆਸਤਦਾਨਾ ਨਾਲ ਭ੍ਰਿਸ਼ਟਾਚਾਰ। ਕੂੰਡੇ ਦਾ ਨਾਂ ਲੈਂਦਿਆਂ ਹੀ ਰੌਂਤਾ ਪਿੰਡ ਚੇਤੇ ਆਂ ਜਾਂਦਾ ਹੈ ਤੇ ਭ੍ਰਿਸ਼ਟਾਚਾਰ ਦਾ ਸ਼ਬਦ ਸਾਹਮਣੇ ਆਉਂਦਿਆਂ ਹੀ ਦਿਮਾਗ 'ਚ ਭਾਰਤੀ ਸਿਆਸਤਦਾਨਾਂ ਦੀ ਤਸਵੀਰ ਉੱਘੜ ਆਉਂਦੀ ਹੈ।



ਕੂੰਡੇ ਅਤੇ ਘੋਟਨੇ ਦਾ ਆਪਸ ਵਿਚ ਪੱਕਾ ਪੀਡਾ ਰਿਸ਼ਤਾ ਹੈ। ਘੋਟਨੇ ਬਿਨਾਂ ਕੂੰਡੇ ਦੀ ਕੋਈ ਵੁਕੱਤ ਹੀ ਨ੍ਹੀਂ ਹੈ। ਕੂੰਡੇ ਵਿਚ ਕੋਈ ਵੀ ਚੀਜ਼ ਰਗੜਨ, ਪੀਸਣ ਲਈ ਘੋਟਨੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਡੇਢ-ਦੋ ਇੰਚ ਵਿਆਸ ਦਾ ਲੱਕੜੀ ਦਾ ਦੋ-ਢਾਈ ਫੁੱਟ ਲੰਮਾ ਸੋਟਾ ਜਿਹਾ ਹੁੰਦਾ ਹੈ। ਇਸ ਨੂੰ ਇੱਕ ਸਿਰੇ ਤੋਂ ਰਗੜ ਕੇ ਗੋਲ ਕਰ ਲਿਆ ਜਾਂਦਾ ਹੈ। ਇਸ ਰਗੜ-ਰਗੜ ਕੇ ਗੋਲ ਕੀਤੇ ਪਾਸੇ ਨਾਲ ਹੀ ਕੂੰਡੇ ਵਿਚ ਪਈ ਵਸਤੂ ਨੂੰ ਕੁੱਟ-ਕੁੱਟ ਕੇ ਬਰੀਕ ਕੀਤਾ ਜਾਂਦਾ ਹੈ। ਕੂੰਡੇ ਵਿਚਾਰੇ ਨੂੰ ਘੋਟਨੇ ਦੀਆਂ ਬੇਕਿਰਕ ਸੱਟਾਂ ਆਪਣੀ ਪੁੜਪੁੜੀ 'ਚ ਸਹਿਣੀਆਂ ਪੈਂਦੀਆਂ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਹੱਕ ਮੰਗਦੇ ਮੁਲਾਜ਼ਮਾਂ ਨੂੰ ਮਟਕਾ ਚੌਂਕ ਚੰਡੀਗੜ੍ਹ ਵਿਖੇ ਲੋਕਾਂ ਦੀ ਰਖਵਾਲੀ ਪੁਲਿਸ ਦੀਆਂ ਸਹਿਣੀਆਂ ਪੈਂਦੀਆਂ ਨੇ। ਘੋਟਨੇ ਦੀਆਂ ਸੱਟਾਂ ਸਹਿੰਦਿਆਂ ਕੂੰਡਾ ਉੱਕਾ ਹੀ ਨ੍ਹੀਂ ਚੀਕਦਾ ਤੇ ਨਾ ਹੀ ਰਤਾ ਮਾਸਾ ਕੁਸਕਦਾ ਹੈ। ਜਿਵੇਂ ਭਾਰਤੀ ਜਨਤਾ ਵੀ ਵਿਚਾਰੀ ਵੀ ਨ੍ਹੀਂ ਚੀਕਦੀ। ਜਿਵੇਂ ਜਿਵੇਂ ਸੱਟਾਂ ਲੱਗਦੀਆਂ ਨੇ ਕੂੰਡਾ ਭਾਰਤੀ ਜਨਤਾ ਵਾਂਗ ਸਗੋਂ ਹੋਰ ਵਧੇਰੇ ਢੀਠ ਹੋਈ ਜਾਂਦਾ ਹੈ। ਉਂਜ ਵੀ ਕੂੰਡੇ ਅਤੇ ਘੋਟਨੇ ਦੇ ਰਿਸ਼ਤੇ ਆਪਸ ਵਿਚ ਕਦੇ ਸਾਜ਼ਗਾਰ ਨ੍ਹੀਂ ਹੋ ਸਕਦੇ। ਇਹ ਤਾਂ ਭਾਰਤ-ਪਾਕਿਸਤਾਨ ਵਾਂਗ ਆਪਸ ਵਿਚ ਭਿੜਦੇ ਹੀ ਰਹਿੰਦੇ ਨੇ।

'ਕੂੰਡੇ' ਤੋਂ ਹੀ ਪੰਜਾਬੀ ਦੇ ਇੱਕ ਪ੍ਰਚਲਿਤ ਮੁਹਾਵਰੇ 'ਕੂੰਡਾ ਕਰਨਾ' ਦੀ ਯਾਦ ਆ ਜਾਂਦੀ ਹੈ। ਗੱਲ-ਗੱਲ 'ਤੇ ਅਸੀਂ ਇਹ ਮੁਹਾਵਰਾ ਵਰਤਦੇ ਹਾਂ। 'ਐਤਕੀਂ ਬਜਟ ਵਿਚ ਤਾਂ ਸਰਕਾਰ ਨੇ ਮੁਲਾਜ਼ਮਾਂ ਦਾ ਕੂੰਡਾ ਕਰਕੇ ਰੱਖ ਦਿੱਤਾ।' ਜਾਂ ਕਹਿੰਦੇ ਹਾਂ 'ਬੇਮੌਸਮੀ ਵਰਖਾ ਨੇ ਕਿਸਾਨਾਂ ਦਾ ਕੂੰਡਾ ਕਰ ਦਿੱਤਾ।' ਜਦੋਂ ਸਕੂਲ ਪੜ੍ਹਦੇ ਹੁੰਦੇ ਸਾਂ ਤਾਂ ਅਧਿਆਪਕ ਇਸ ਮੁਹਾਵਰੇ ਨੂੰ ਵਾਕ ਵਿਚ ਵਰਤਣਾ ਸਿਖਾਉਂਦੇ ਸਨ। ਹੋਰ ਵਾਕਾਂ ਵਿਚ ਵਰਤੇ ਜਾਂਦੇ ਰਾਮ ਅਤੇ ਸ਼ਾਮ ਇੱਥੇ ਵੀ ਆ ਹਾਜ਼ਰ ਹੁੰਦੇ, 'ਰਾਮ ਨੇ ਸ਼ਾਮ ਦਾ ਕੂੰਡਾ ਕਰਕੇ ਰੱਖ ਦਿੱਤਾ।' ਉਸ ਸਮੇਂ ਬਿਲਕੁਲ ਪਤਾ ਨ੍ਹੀਂ ਸੀ ਹੁੰਦਾ ਕਿ ਕੂੰਡਾ ਕਰਨਾ ਹੁੰਦਾ ਕੀ ਹੈ। ਅਸੀਂ ਵੀ ਵਾਕ ਦੀ ਡੂੰਘਾਈ ਵਿਚ ਜਾ ਕੇ ਕਦੇ ਪੁੱਛਣ ਦੀ ਖੇਚਲ ਨ੍ਹੀਂ ਸੀ ਕੀਤੀ ਕਿ ਰਾਮ ਨੇ ਸ਼ਾਮ ਦਾ ਕੂੰਡਾ ਕਿਵੇਂ ਕਰ ਦਿੱਤਾ। ਉਂਜ ਅਧਿਆਪਕ ਆਏ ਦਿਨ ਸਰਕਾਰ ਵੱਲੋਂ ਟੀ.ਏ., ਡੀ.ਏ. ਜਾਮ ਕਰਕੇ ਮੁਲਾਜ਼ਮਾਂ ਦਾ ਕੂੰਡਾ ਕਰ ਦਿੱਤੇ ਜਾਣ ਦੀਆਂ ਗੱਲਾਂ ਤਾਂ ਕਰਦੇ ਰਹਿੰਦੇ ਸਨ ਪਰ ਵਿਦਿਆਰਥੀਆਂ ਨੂੰ ਇਸ ਬਾਰੇ ਚਾਨਣਾ ਨ੍ਹੀਂ ਸੀ ਪਾਉਂਦੇ। ਵੈਸੇ ਵੀ ਕਈ ਅਧਿਆਪਕ ਅਜਿਹੇ ਸਨ ਜੋ ਖ਼ੁਦ ਆਪਣੇ ਵਿਦਿਆਰਥੀਆਂ ਦਾ ਕੂੰਡਾ ਕਰਨ ਤੋਂ ਨ੍ਹੀਂ ਸਨ ਝਿਜਕਦੇ।

ਸਾਡੇ ਦੇਸ਼ ਰੂਪੀ ਗੱਡੀ ਦੇ ਡਰਾਇਵਰਾਂ ਨੇ ਸੱਠਾਂ-ਸੱਥਰਾਂ ਸਾਲਾਂ ਵਿਚ ਦੇਸ਼ ਦਾ ਕੂੰਡਾ ਕਰਕੇ ਰੱਖ ਦਿੱਤਾ। ਨੇਤਾ ਲੋਕ ਲੱਛੇਦਾਰ ਭਾਸ਼ਣਾਂ, ਦਿਲ ਲੁਭਾਊ ਲਾਰਿਆਂ, ਝੂਠੇ ਵਾਅਦਿਆਂ ਅਤੇ ਉਕਸਾਊ ਨਾਅਰਿਆਂ ਨਾਲ ਜਨਤਾ ਜਨਾਰਧਨ ਦੇ ਵੋਟ ਹਥਿਆ ਲੈਂਦੇ ਹਨ। ਨੇਤਾ ਕਹਿੰਦਾ ਹੈ ਕਿ ਮਹਿੰਗਾਈ 'ਤੇ ਰੋਕ ਲਾਵਾਂਗੇ। ਆਟਾ, ਦਾਣਾ, ਚੌਲ, ਖੰਡ, ਲੂਣ, ਤੇਲ, ਲੀੜਾ-ਕੱਪੜਾ, ਰਸੋਈ ਗੈਸ, ਪੈਟਰੋਲ, ਡੀਜ਼ਲ ਸਸਤੇ ਕਰ ਦਿਆਂਗੇ। ਹੁਣ ਤਾਂ ਇਹ ਸਾਰਾ ਕੁਝ ਮੁਫ਼ਤ ਦੇਣ ਦੀਆਂ ਗੱਲਾਂ ਕਰਦੇ ਨੇ। ਆਖਦੇ ਨੇ ਕਿ ਰੇਲਾਂ, ਬੱਸਾਂ ਦੇ ਕਿਰਾਏ ਅੱਧ ਨਾਲੋਂ ਵੱਧ ਮੁਆਫ਼ ਕਰ ਦਿਆਂਗੇ। ਬਿਜਲੀ ਜਿਵੇਂ ਮਰਜ਼ੀ ਵਰਤੀ ਜਾਇਓ, ਕੋਈ ਪੁੱਛੇਗਾ ਤੱਕ ਨ੍ਹੀਂ। ਜਨਤਾ ਵਿਚਾਰੀ ਨੇਤਾਵਾਂ ਦੇ ਭਾਸ਼ਣਾਂ ਨਾਲ ਭੇਚਲੀ ਜਾਂਦੀ ਹੈ। ਉਹ ਕਰੇ ਵੀ ਤਾਂ ਕੀ? ਨੇਤਾ ਜੀ ਲਾਰੇ ਹੀ ਇਸ ਢੰਗ ਦੇ ਲਾਉਂਦੇ ਹਨ ਕਿ ਚੁਸਤ ਤੋਂ ਚੁਸਤ ਬੰਦਾ ਵੀ ਠੱਗਿਆ ਜਾਂਦਾ। ਫਿਰ ਵਿਚਾਰੀ ਜਨਤਾ ਕਿਸ ਬਾਗ਼ ਦੀ ਮੂਲੀ। ਇੱਕ ਨੂੰ ਦਰਿਕਨਾਰ ਕਰਕੇ ਦੂਜੇ ਨੂੰ ਹੀ ਤਾਂ ਲਿਆ ਸਕਦੀ ਹੈ, ਹਾਕਮਾਂ ਦੀ ਬਦਲੀ ਕਰਕੇ ਉਹ ਖੁਸ਼ੀ ਵਿਚ ਭੰਗੜੇ ਪਾਉਂਦੀ ਹੈ, ਬੁੱਬਲੀਆਂ ਮਾਰਦੀ ਹੈ, ਬੱਕਰੇ ਬੁਲਾਉਂਦੀ ਹੈ ਤੇ ਨਵੇਂ ਹਾਕਮਾਂ ਦੇ ਸੋਹਲੇ ਗਾਉਂਦੀ ਹੈ। ਥੋੜ੍ਹੇ ਚਿਰ ਬਾਅਦ ਨਵੇਂ ਹਾਕਮ ਆਪਣਾ ਨਵਾਂ ਬਜਟ ਪੇਸ਼ ਕਰਦੇ ਹਨ ਜਿਸ ਨੂੰ ਵੇਖ ਕੇ ਜਨਤਾ ਵਿਚਾਰੀ ਹੱਕੀ-ਬੱਕੀ ਰਹਿ ਜਾਂਦੀ ਹੈ। ਇਸ ਨਵੇਂ ਬਜਟ ਰਾਹੀਂ ਹਾਕਮ, ਪਹਿਲਾਂ ਤੋਂ ਹੀ ਚੱਕੀ ਵਿਚ ਪਿਸ ਰਹੀ ਜਨਤਾ ਦਾ ਕੂੰਡਾ ਕਰ ਦਿੰਦੇ ਹਨ। ਜਨਤਾ ਨਵੀਂ ਘੋੜੀ ਦੇ ਦੰਦ ਵੇਖਣ ਦੇ ਚਾਅ 'ਚ ਵਾਰ ਵਾਰ ਠੱਗੀ ਖਾ ਜਾਂਦੀ ਹੈ।

ਕਈ ਵਾਰ ਜਨਤਾ ਆਪਣੇ ਹੱਥ ਵਿਖਾਉਣੋਂ ਝਿਜਕਦੀ ਨ੍ਹੀਂ। ਉਹ ਰੋਂਦੀ-ਪਿਟਦੀ ਚੋਣਾਂ ਤੱਕ ਦਰ-ਗੁਜ਼ਰ ਕਰੀ ਜਾਂਦੀ ਹੈ। ਚੋਣਾਂ ਵਿਚ ਇਹੀ ਜਨਤਾ ਰਾਜ ਨੇਤਾਵਾਂ ਦਾ ਕੂੰਡਾ ਕਰ ਦਿੰਦੀ ਹੈ। ਉਂਜ ਇਹ ਗੱਲ ਵੱਖਰੀ ਕਿ ਕੂੰਡਾ ਕੀਤੇ ਇਹ ਨੇਤਾ ਰਾਜ ਸਭਾ ਰੂਪੀ ਪਿਛਲੇ ਦਰਵਾਜ਼ੇ ਰਾਹੀਂ ਸੰਸਦ ਵਿਚ ਜਾਂ ਪਹੁੰਚਦੇ ਨੇ ਅਤੇ ਇੱਕ ਵਾਰ ਫਿਰ ਦੇਸ਼ ਦੀ ਗੱਡੀ ਦੇ ਸਟੇਅਰਿੰਗ ਨੂੰ ਜਾ ਸੰਭਾਲਦੇ ਹਨ। ਉਸ ਸਮੇਂ ਨੇਤਾ ਦਾ ਕੂੰਡਾ ਕਰਨ ਵਾਲੀ ਜਨਤਾ ਬਿੱਲ-ਬਤੌਰੀ ਵਾਂਗੂੰ ਝਾਕਦੀ ਹੀ ਰਹਿ ਜਾਂਦੀ ਹੈ।

ਆਦਿ ਕਾਲ ਤੋਂ ਹੀ ਰਾਜ ਗੱਦੀਆਂ ਲਈ ਘਸਮਾਣ ਹੁੰਦੇ ਆਏ ਨੇ। ਇਨ੍ਹਾਂ ਘਮਸਾਨਾਂ ਵਿਚ ਅਕਸਰ ਵਿਚਾਰੀ ਜਨਤਾ ਦਾ ਹੀ ਦਲੀਆ ਹੁੰਦਾ ਹੈ। ਸਾਨ੍ਹਾਂ ਦੇ ਭੇੜ ਵਿਚ ਵਿਚਾਰੀ ਜਨਤਾ ਦਾ ਕੂੰਡਾ ਹੋ ਜਾਂਦਾ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਨਵੇਂ ਹਾਕਮ ਪੁਰਾਣਿਆਂ ਨਾਲ ਆਪਣੀ ਕਿੜ ਖੱਡਣ ਲਈ ਜਨਤਾ 'ਤੇ ਗੋਡਾ ਫੇਰ ਦਿੰਦੇ ਹਨ। ਜਨਤਾ ਵਿਚਾਰੀ 'ਹਾਏ ਬੂ' ਕਰਨ ਤੋਂ ਬਿਨ੍ਹਾਂ ਹੋਰ ਕੁਝ ਨ੍ਹੀਂ ਕਰ ਸਕਦੀ। ਹੋਰ ਕਰੇ ਵੀ ਕੀ?

ਪਿਛਲੇ ਸਮੇਂ ਵਿਚ ਪੰਜਾਬ ਦੇ ਵੱਡੇ ਘਰਾਂ ਦੇ ਕਾਕਿਆਂ ਨੇ ਆਪਣੇ ਵੱਡੇ-ਵਡੇਰਿਆਂ ਵੱਲੋਂ ਇਕੱਠੀ ਕੀਤੀ ਮਾਇਆ ਦੀ ਸ਼ਕਤੀ ਨਾਲ 'ਸ਼ੁਗਲ' ਵਜੋਂ ਨੌਕਰੀਆਂ ਹਥਿਆਈਆਂ। ਇਹ ਨੌਕਰੀਆਂ ਬਹੁਤ ਸਾਰੇ ਯੋਗ ਉਮੀਦਵਾਰਾਂ ਦਾ ਕੂੰਡਾ ਕਰਕੇ ਪ੍ਰਾਪਤ ਕੀਤੀਆਂ। ਸਮੇਂ ਨਾਲ ਪੰਜਾਬ ਵਿਚ ਰਾਜ ਅਤੇ ਤਾਜ ਬਦਲ ਗਏ। ਨਵੇਂ ਹਾਕਮ ਨੇ ਇੱਕੋ ਝਟਕੇ ਨਾਲ ਨੌਕਰੀਆਂ ਖ਼ਰੀਦਣ ਵਾਲਿਆਂ ਦਾ ਕੂੰਡਾ ਕਰਕੇ ਰੱਖ ਦਿੱਤਾ। ਰਾਤ-ਦਿਨ ਕਰੋੜਾਂ-ਅਰਬਾਂ 'ਚ ਖੇਡਣ ਵਾਲੇ ਇਨ੍ਹਾਂ ਕਾਕਿਆਂ ਨੂੰ ਕੀ ਫ਼ਰਕ? ਉਹ ਤਾਂ ਬਾਪ-ਦਾਦੇ ਦੇ ਦੋ ਨੰਬਰੀ ਕਾਰੋਬਾਰ ਵਿਚ ਜਾ ਲੱਗੇ ਪਰ ਦੂਸਰੇ ਪਾਸੇ ਇਨ੍ਹਾਂ ਦੀਆਂ 'ਭੱਦਰਕਾਰੀਆਂ' ਕਾਰਨ ਗ਼ਰੀਬ ਮਾਰ ਵੀ ਹੋ ਗਈ। ਆਪਣੀ ਲਿਆਕਤ ਅਤੇ ਮਿਹਨਤ ਦੇ ਜ਼ਰੀਏ ਨੌਕਰੀ ਵਿਚ ਆਏ ਬਹੁਤ ਸਾਰੇ ਗ਼ਰੀਬ ਨੌਜੁਆਨਾਂ ਦਾ ਕੂੰਡਾ ਹੋ ਗਿਆ। ਪੈਸੇ ਦੇ ਕੇ ਭਰਤੀ ਹੋਣ ਵਾਲੇ ਤਾਂ ਸੋਚਦੇ ਸਨ ਕਿ ਚਲੋ ਠੀਕ ਹੈ ਜਿੰਨੇ ਦਿਨ ਅਫ਼ਸਰੀ ਦੀ ਕੁਰਸੀ ਦਾ ਸੁਆਦ ਦੇਖ ਲਿਆ ਠੀਕ ਹੈ ਪਰ ਜਿਨ੍ਹਾਂ ਵਿਚਾਰੇ ਗ਼ਰੀਬ ਉਮੀਦਵਾਰਾਂ ਦਾ ਕੂੰਡਾ ਹੋ ਗਿਆ ਉਹ ਇੰਜ ਤੜਫਣ ਲੱਗੇ ਜਿਵੇਂ ਪਾਣੀ ਬਿਨਾਂ ਮਛਲੀ ਤੜਫਦੀ ਹੈ।

ਲੋਕਾਂ ਦੀਆਂ ਵੋਟਾਂ ਲੈ ਕੇ ਚੁਣੇ ਅੱਜ ਦੇ ਰਾਜੇ-ਮਹਾਰਾਜੇ ਅਕਸਰ ਹੀ ਜਨਤਾ ਨੂੰ ਉਸਦੀ ਅਸਲ ਔਕਾਤ ਦਿਖਾਉਂਦੇ ਰਹਿੰਦੇ ਹਨ। ਉਹ ਆਪਣੀ ਹਰਮਨ ਪਿਆਰੀ ਜਨਤਾ ਦਾ ਕੂੰਡਾ ਕਰਨ ਲੱਗੇ ਬਹੁਤੀਆਂ ਸੋਚਾਂ-ਵਿਚਾਰਾਂ ਵਿਚ ਨ੍ਹੀਂ ਪੈਂਦੇ।

ਗੱਲ ਹੋ ਰਹੀ ਸੀ ਬਾਪੂ ਵੱਲੋਂ ਲਿਆਂਦੇ ਕੂੰਡੇ ਦੀ। ਮਾਂ ਕਦੇ-ਕਦੇ ਮਜ਼ਾਕ ਅਤੇ ਵਿਅੰਗ ਨਾਲ ਆਖਦੀ ਹੁੰਦੀ ਸੀ, 'ਵੇਖਲੋ ਵੇ, ਜੁਆਕੋ, ਥੋਡੇ ਬਾਪੂ ਦੀ ਫ਼ੌਜ ਦੀ ਕਮਾਈ। ਲੋਕ ਉੱਥੋਂ ਸੋਨਾ ਚਾਂਦੀ ਤੇ ਹੋਰ ਚੀਜ਼ਾਂ ਲਿਆਏ। ਥੋਡਾ ਬਾਪੂ ਲਿਆਇਆ ਆਹ ਨਦੀਦ ਚੀਜ਼। ਅਖੇ ਅੰਨ੍ਹੇ ਦੀ ਰੀਝ ਗੁਲੇਲ 'ਤੇ, ਨਾ ਸਾਬਣ 'ਤੇ, ਨਾ ਤੇਲ 'ਤੇ।' ਉਦੋਂ ਮਾਂ ਦੀ ਆਖੀ ਗੱਲ ਸੱਚੀ ਲੱਗਦੀ ਸੀ। ਅਸੀਂ ਵੀ ਬਾਪੂ ਨੂੰ ਕਹਿੰਦੇ, 'ਜਦੋਂ ਬਾਕੀਆਂ ਨੇ ਵੱਡੀਆਂ-ਵੱਡੀਆਂ ਮੱਲਾਂ ਮਾਰੀਆਂ ਤੁਸੀਂ ਆਹ ਕੀ ਚੱਕ ਲਿਆਏ ਕੂੰਡਾ ਸਿੰਹ?' ਸਾਡੀ ਪੁੱਛ ਦੇ ਜਵਾਬ ਵਿਚ ਬਾਪੂ ਸਿਰਫ਼ ਮੁਸਕਰਾ ਦਿੰਦਾ ਸੀ। ਉਸਦੀ ਮੁਸਕਾਣ ਵਿਚ ਨਮੋਸ਼ੀ ਦੀ ਇੱਕ ਕਣੀ ਵੀ ਨ੍ਹੀਂ ਸੀ ਹੁੰਦੀ। ਹੁਣ ਵਰ੍ਹਿਆਂ ਬਾਅਦ ਬਾਪੂ ਦੀ ਮੁਸਕਾਣ ਦੇ ਅਸਲ ਅਰਥ ਪਤਾ ਲੱਗੇ ਨੇ। ਬਾਪੂ ਕੋਈ 'ਰਵੀ ਸਿੱਧੂ' 'ਵਿਜੇ ਮਾਲਿਆ' 'ਹਰਸ਼ਦ ਮਹਿਤਾ' 'ਸੁਰੇਸ਼ ਕਲਮਾਡੀ' 'ਨੀਰਵ ਮੋਦੀ' ਜਾਂ ਕੋਈ ਹੋਰ ਨੇਤਾ ਤਾਂ ਹੈ ਨ੍ਹੀਂ ਸੀ ਜੋ ਨੋਟਾਂ ਦੀਆਂ ਬੋਰੀਆਂ ਭਰ ਲਿਆਉਂਦਾ। ਉਹ ਤਾਂ ਵਿਚਾਰੀ ਜਨਤਾ ਸੀ ਤੇ ਜਨਤਾ ਵਾਂਗੂੰ ਉਸ ਦੇ ਅੰਦਰ ਦੇਸ਼ ਭਗਤੀ ਠਾਠਾਂ ਮਾਰਦੀ ਸੀ।

# ਬੂਟੀਆਂ ਵਾਲਾ ਸੂਟ

ਓਹਨੇ ਦਰਵਾਜ਼ੇ 'ਚ ਵੜਦਿਆਂ ਸਾਫ਼ੇ ਨਾਲ ਮੁੜਕਾ ਸਾਫ਼ ਕਰਦੇ ਹੋਏ ਪੁੱਛਿਆ, 'ਦੱਸ ਚਰਨੋ ਕੀ ਲੈਣਾ ਐਂਤਕੀਂ...ਫ਼ਸਲ ਬਲ੍ਹਾ ਸੋਹਣੀ ਹੋਈ ਆ। ਕੋਈ ਟੂਮ ਛੱਲਾ ਕਰਾਉਣਾ ਤਾਂ ਦੱਸ।' ਚਰਨੋ ਨੇ ਆਟਾ ਗੁੰਨਦੀ ਨੇ ਵਿਚੇ ਕੰਮ ਛੱਡ ਪਾਣੀ ਦਾ ਗਲਾਸ ਭਰ ਉਸਨੂੰ ਫੜਾਦਿਆਂ ਕਿਹਾ, 'ਮੈਂ ਨਿੱਕੀਆਂ ਬੂਟੀਆਂ ਵਾਲਾ ਸੂਟ ਲੈਣਾ, ਬਹੁਤ ਰੀਝ ਆ ਮੇਰੀ...ਅਗਲੇ ਸ਼ੁੱਕਰਵਾਰ ਪਿੰਡ ਵੀ ਜਾਣਾ ਤੇ ਸਵਾ ਕੇ ਨਵਾਂ ਸੂਟ ਪਾ ਕੇ ਜਾਊ...'ਉਸਨੇ ਚਰਨੋ ਦੇ ਚਿਹਰੇ 'ਤੇ ਅਜੀਬ ਖੁਸ਼ੀ ਦੇਖੀ ਤੇ ਪਾਣੀ ਦਾ ਗਲਾਸ ਇੱਕੋ ਸਾਹੇ ਖਿੱਚ ਕੇ ਕਿਹਾ, 'ਚੱਲ ਰੋਟੀ ਟੁੱਕ ਕਰ'ਲਾ ਤੇ ਚੱਲਦੇ ਆ ਫਿਰ ਸ਼ਹਿਰ...ਮੈਂ ਓਨਾ ਚਿਰ ਮੱਝਾਂ ਨਵਾ ਦੇਵਾਂ।' ਦੋਵੇਂ ਜਾਣੇ ਆਹਰ ਲੱਗ ਗਏ ਤੇ ਫਿਰ ਤਿਆਰ ਹੋ ਗਏ ਸ਼ਹਿਰ ਜਾਣ ਨੂੰ।

ਓਹਨੇ ਸਕੂਟਰ ਕੱਢਿਆ ਤੇ ਸ਼ਹਿਰ ਵੱਲ ਚੱਲ ਪਏ। ਸਾਰੇ ਰਾਹ ਚਰਨੋ ਸੂਟਾਂ ਬਾਰੇ ਸੋਚਦੀ ਗਈ ਕਿ ਕਿਹੜਾ ਰੰਗ ਬਣਾਵਾਂਗੀ। ਫਿਰ ਚਰਨੋ ਨੇ ਮੋਢਾ ਹਲੂਣ ਉਹਨੂੰ ਪੁੱਛਿਆ, 'ਕਿਹੜਾ ਰੰਗ ਲਵਾਂਗੀ ਸੂਟ ਦਾ...' ਉਹ ਕਹਿੰਦਾ, 'ਲਾਲ ਰੰਗ ਜੱਚਦਾ ਤੈਨੂੰ...' ਚਰਨੋ ਨੇ ਠਾਣ ਲਈ ਕਿ ਲਾਲ ਰੰਗ ਬਣਾਊਗੀ। ਦੁਕਾਨ 'ਤੇ ਚਰਨੋ ਨੇ ਪਹਿਲੀ ਨਜ਼ਰੇ ਹੀ ਚਿੱਟਾ ਤੇ ਲਾਲ ਬੂਟੀਆਂ ਵਾਲਾ ਸੂਟ ਲੈ ਲਿਆ।

ਸੂਟ ਲੈ ਕੇ ਘਰ ਨੂੰ ਆਉਂਦਿਆਂ ਉਨ੍ਹਾਂ ਦਾ ਐਕਸੀਡੈਂਟ ਹੋ ਗਿਆ। ਚਰਨੋ ਸਿਰ ਚ ਸੱਟ ਲੱਗਣ 'ਤੇ ਥਾਏਂ ਦਮ ਤੋੜ ਗਈ ਤੇ ਉਹਦੇ ਸੱਟਾਂ ਲੱਗੀਆਂ ਪਰ ਉਹ ਬਚ ਗਿਆ। ਚਰਨੋ ਦਾ ਸੰਸਕਾਰ ਕਰਨ ਤੋਂ ਪਹਿਲਾਂ ਉਹਨੇ ਬੂਟੀਆਂ ਵਾਲਾ ਸੂਟ ਕਫ਼ਨ ਸਵਾ ਆਵਦੀ ਸੱਸ ਦੇ ਹੱਥ ਫੜਾ ਦਿੱਤਾ। ਨਵਾ ਕੇ ਜਦ ਚਰਨੋ ਦੇ ਲੀੜੇ ਪਾਏ ਤਾਂ ਇਕੱਲੀ ਇਕੱਲੀ ਬੁੜੀ ਨੇ ਵਿਚਾਰ ਕੀਤੀ, 'ਕੁੜੇ ਸੁਹਾਗਣ ਮਰੀ ਆ, ਚਿੱਟਾ ਲੀੜਾ ਕਾਹਤੋਂ ਪਾਇਆ ਵਿਚਾਰੀ ਦੇ। ਜਾਂਦੀ ਵਾਰੀ ਤਾਂ ਕੋਈ ਸੂਹਾ ਰੰਗ ਪਾ ਦਿੰਦੇ। ਐਂਵੇ ਲੱਗਦਾ ਜਿਵੇਂ ਘਰੋਂ ਕੱਢ ਕੇ ਸਵਾਤਾ। ਮੁਟਿਆਰ ਜਹਾਨ ਸੀ, ਚਿੱਟਾ ਰੰਗ ਜੀ ਸੋਂਹਦਾ।'

ਚਰਨੋ ਦਾ ਘਰਵਾਲਾ ਹੀ ਜਾਣਦਾ ਸੀ ਬੂਟੀਆਂ ਵਾਲੇ ਓਸ ਚਿੱਟੇ ਸੂਟ ਦੀ ਰੀਝ ਨੂੰ। ਓਹਨੂੰ ਚਰਨੋ ਦਾ ਸੂਟ ਲੈਣ ਦੇ ਚਾਅ 'ਚ ਲਾਲ ਹੋਇਆ ਚਿਹਰਾ ਵਾਰ-ਵਾਰ ਰਵਾ ਰਿਹਾ ਸੀ। ਓਹਨੇ ਚਰਨੋ ਦੇ ਓਸ ਬੂਟੀਆਂ ਵਾਲੇ ਸੂਟ ਨਾਲੋਂ ਕੰਤਰ ਲਵਾ ਬਟੂਏ 'ਚ ਰੱਖ ਲਈ ਸੀ।

***-ਬਰਾੜ ਜੈਸੀ***

# ਕੁਦਰਤ ਦਾ ਕੌਤਕ ਸੀ ਬਾਬਾ ਫੌਜਾ ਸਿੰਘ

## ਮੈਰਾਥਨ ਦੇ ਮਹਾਂਰਥੀ ਦੀਆਂ ਯਾਦਾਂ-2



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਬਾਬਾ ਫੌਜਾ ਸਿੰਘ ਕੁਦਰਤ ਦਾ ਕ੍ਰਿਸ਼ਮਾ ਸੀ। ਉਹ ਮਾਤਾ ਗਿਆਨ ਕੌਰ ਦੀ ਕੁੱਖੋਂ ਤੇ ਰਹਿਮੋ ਦਾਈ ਦੇ ਹੱਥੋਂ ਜੰਮਿਆ ਤਾਂ ਉਹਦੇ ਬਚਣ ਦੀ ਆਸ ਨਹੀਂ ਸੀ। ਪਰ ਉਹ 114 ਸਾਲ 3 ਮਹੀਨੇ 14 ਦਿਨ ਜੀਵਿਆ। ਨਾ ਸਿਰਫ਼ ਜੀਵਿਆ ਬਲਕਿ ਗੁਰਾਂ ਦੀ ਦੱਸੀ ਜੀਵਨ ਜਾਚ, 'ਹਸੰਦਿਆਂ, ਖੇਲੰਦਿਆਂ, ਖਵੰਦਿਆਂ, ਪੈਨੰਦਿਆਂ' ਨਾਲ ਮੈਰਾਥਨ ਦੌੜਾਂ ਦੌੜਨ ਦਾ ਕੌਤਕ ਵੀ ਵਰਤਾਅ ਗਿਆ। ਇਹ ਵੀ ਕੋਈ ਕੌਤਕ ਹੋਵੇਗਾ ਕਿ ਬਚਪਨ ਦੇ ਪਹਿਲੇ ਪੰਜ ਸਾਲ ਉਹ ਪੰਜ ਕਦਮ ਤੁਰਨ ਜੋਗਾ ਵੀ ਨਹੀਂ ਸੀ ਹੋਇਆ! ਇਥੋਂ ਤੱਕ ਕਿ ਰਿੜ੍ਹਨ ਤੇ ਖੜ੍ਹਨ ਵੀ ਬੜੀ ਦੇਰ ਨਾਲ ਲੱਗਾ। ਛੇਵਾਂ ਸਾਲ ਲੱਗਣ 'ਤੇ ਜਦੋਂ ਉਹ ਤੁਰਨ ਜੋਗਾ ਹੋਇਆ ਤਾਂ ਘਰ ਦਿਆਂ ਨੇ ਪਿੰਡ 'ਚ ਕੜਾਹ ਵੰਡਿਆ।

ਉਹਦੀ ਮਾਂ ਖੇਤ ਰੋਟੀ ਲੈ ਕੇ ਜਾਂਦੀ ਤਾਂ ਉਹ ਵੀ ਨਾਲ ਜਾਣ ਦੀ ਜ਼ਿਦ ਕਰਦਾ। ਉਹ ਉਂਗਲ ਫੜ ਕੇ ਤੋਰਨ ਦਾ ਚਾਰਾ ਕਰਦੀ ਤਾਂ ਫੌਜੇ ਦੀਆਂ ਲੱਤਾਂ 'ਚ ਚੀਸਾਂ ਪੈਣ ਲੱਗਦੀਆਂ। ਮਾਂ ਉਹਦੀਆਂ ਲੱਤਾਂ 'ਤੇ ਪੱਟੀਆਂ ਬੰਨ੍ਹਦੀ ਰਹਿੰਦੀ। ਜਿਥੇ ਕਿਸੇ ਰੁੱਖ ਦੀ ਛਾਂ ਹੁੰਦੀ ਉਥੇ ਬਹਿ ਕੇ ਦਮ ਲੈਣ ਲੱਗਦੇ। ਪੰਦਰਾਂ ਸਾਲ ਦੀ ਉਮਰ ਤਕ ਉਹ ਲਗਾਤਾਰ ਇੱਕ ਮੀਲ ਵੀ ਨਾ ਤੁਰ ਸਕਿਆ। ਅਜਿਹੇ ਮੁੰਡੇ ਨੂੰ ਤਾਂ ਰਿਸ਼ਤਾ ਹੋਣਾ ਵੀ ਮੁਸ਼ਕਲ ਸੀ ਕਿਉਂਕਿ ਕੁੜੀਆਂ ਜੰਮਦੀਆਂ ਮਾਰ ਦਿੱਤੀਆਂ ਜਾਂਦੀਆਂ ਸਨ। ਕਿਸਾਨਾਂ ਦੇ ਮੁੰਡੇ ਲਵੀ ਉਮਰ 'ਚ ਵਿਆਹੇ ਜਾਂਦੇ ਤਾਂ ਵਿਆਹੇ ਜਾਂਦੇ ਨਹੀਂ ਛੜੇ ਰਹਿ ਜਾਂਦੇ।

ਉਹਦੇ ਪਿਤਾ ਦਾ ਨਾਂ ਮਿਹਰ ਸਿੰਘ ਸੀ। ਉਹ ਵਿਚਾਰਾ ਥੁੜ੍ਹਿਆ-ਟੁੱਟਿਆ ਕਿਸਾਨ ਸੀ ਜਿਸ ਦਾ ਵੱਡਾ ਪਰਿਵਾਰ ਸੀ। ਕਰਜ਼ੇ ਲਾਹੁੰਦਾ, ਹਲ ਵਾਹੁੰਦਾ, ਪਾਣੀ ਲਾਉਂਦਾ, ਪੱਠੇ ਢੋਂਦਾ ਤੇ ਡੰਗਰ ਪਾਲਦਾ ਉਹ ਕੀਹਦਾ-ਕੀਹਦਾ ਇਲਾਜ ਕਰਾਉਂਦਾ? ਮਿਹਰ ਸਿੰਘ ਦੀ ਮਿਹਰ ਨਾਲੋਂ ਉਹਦੇ ਪੁੱਤਰ ਫੌਜੂ ਤੋਂ ਬਾਬਾ ਫੌਜਾ ਸਿੰਘ ਬਣੇ ਮੈਰਾਥਨ ਦੇ ਮਹਾਂਰਥੀ ਉਤੇ ਕੁਦਰਤ ਦੇ ਕਾਦਰ ਦੀ ਮਿਹਰ ਵਧੇਰੇ ਰਹੀ।

ਫੌਜਾ ਹਲ ਵਾਹੁਣ ਲੱਗਾ ਤਾਂ ਉਹਦਾ ਪੱਚੀ ਸਾਲ ਦੀ ਉਮਰ ਵਿਚ ਵਿਆਹ ਹੋਇਆ। ਬਰਾਤ ਗੱਡੇ ਉਤੇ ਚੜ੍ਹ ਕੇ ਪਿੰਡ ਕਾਲਘਟਾਂ ਗਈ। ਇਕ ਬਲਦ ਉਨ੍ਹਾਂ ਦੇ ਘਰ ਦਾ ਸੀ ਦੂਜਾ ਉਹਦੇ ਮਸੇਰ ਦਾ। ਵਿਆਂਦੜ ਹੋਣ ਕਰਕੇ ਹੀ ਉਸ ਨੂੰ ਚਾਬੀ ਦੇ ਲੱਠੇ ਵਾਲੇ ਨਵੇਂ ਕੱਪੜੇ ਜੁੜੇ ਸਨ। ਉਹ ਹਲ ਵਾਹੀ ਕਰ ਕੇ ਟੱਬਰ ਪਾਲਣ ਲੱਗਾ। ਕਦੇ ਫ਼ਸਲ ਚੰਗੀ ਹੋ ਜਾਂਦੀ ਕਦੇ ਮਾੜੀ, ਕਦੇ ਮੌਸਮ ਦੀ ਕਰੋਪੀ ਨਾਲ ਮਾਰੀ ਜਾਂਦੀ। ਉਹਦੇ ਘਰ ਤਿੰਨ ਪੁੱਤਰਾਂ ਤੇ ਤਿੰਨ ਧੀਆਂ ਨੇ ਜਨਮ ਲਿਆ ਜਿਨ੍ਹਾਂ ਨੂੰ ਉਹ ਪੜ੍ਹਾ ਲਿਖਾ ਤਾਂ ਨਾ ਸਕਿਆ ਪਰ ਇੱਕ ਪੁੱਤਰ ਤੇ ਧੀ ਨੂੰ ਇੰਗਲੈਂਡ ਤੇ ਕੈਨੇਡਾ ਵਿਆਹੁਣ ਵਿਚ ਕਾਮਯਾਬ ਹੋ ਗਿਆ।

ਬਚਪਨ ਵਿਚ ਨਾ ਉਹ ਖੇਡਣ ਜੋਗਾ ਸੀ ਤੇ ਨਾ ਪੜ੍ਹਨ ਜੋਗਾ। ਗਭਰੂ ਹੋ ਕੇ ਉਹ ਫੁੱਟਬਾਲ ਨੂੰ ਕਿੱਕਾਂ ਮਾਰਨ ਲੱਗ ਪਿਆ। 1947 ਦੇ ਰੌਲਿਆਂ-ਗੌਲਿਆਂ ਵਿਚ ਫੁੱਟਬਾਲ ਦੀਆਂ ਕਿੱਕਾਂ ਵੀ ਭੁੱਲ ਗਈਆਂ। ਪੜ੍ਹਾਈ ਲਿਖਾਈ ਜਾਂ ਕਿਸੇ ਹੁਨਰ ਵੱਲੋਂ ਉਹ ਅਸਲੋਂ ਕੋਰਾ ਸੀ। ਸਿਰਫ਼ ਆਪਣੇ ਦਸਤਖ਼ਤ ਕਰਨੇ ਹੀ ਸਿੱਖਿਆ ਤੇ ਉਹ ਵੀ ਉਰਦੂ ਵਿਚ। ਇੰਗਲੈਂਡ 'ਚ ਬੁਢਾਪਾ ਪੈਨਸ਼ਨ ਲੈਣ ਵੇਲੇ ਵੀ ਉਹ ਉਰਦੂ ਵਿਚ ਹੀ ਦਸਤਖ਼ਤ ਕਰਦਾ ਸੀ। ਐਨਕ ਦੀ ਉਹਨੂੰ ਕਦੇ ਲੋੜ ਨਹੀਂ ਸੀ ਪਈ। ਦੰਦ ਜਾੜ੍ਹਾਂ ਡੰਗਸਾਰੂ ਸਨ। ਕੰਨਾਂ ਨੂੰ ਉੱਚਾ ਸੁਣਨ ਲੱਗਾ ਸੀ। ਬੁੱਲ੍ਹ ਪਤਲੇ, ਉਤਲੇ ਦੰਦ ਚੌੜੇ ਤੇ ਹੇਠਲੇ ਬਰੀਕ ਸਨ। ਦੰਦਾਂ ਵਿਚ ਵਿਰਲਾਂ ਪੈ ਗਈਆਂ ਸਨ। ਦਾੜ੍ਹੀ ਹੋਰ ਲੰਮੀ ਤੇ ਹੋਰ ਬੱਗੀ ਹੋ ਗਈ ਸੀ।

ਬਾਲਕ ਫੌਜੂ ਜੀਵਨ ਦੇ ਪਹਿਲੇ ਪੰਜ ਸਾਲ ਬੇਸ਼ਕ ਪੰਜ ਕਦਮ ਵੀ ਨਹੀਂ ਸੀ ਤੁਰ ਸਕਿਆ ਪਰ ਪਿੱਛੋਂ ਏਨਾ ਤੁਰਿਆ, ਏਨਾ ਦੌੜਿਆ ਕਿ ਉਮਰ ਦੇ 80ਵਿਆਂ ਤੋਂ ਲੈ ਕੇ 110ਵਿਆਂ ਤਾਂਈਂ ਦੌੜ-ਦੌੜ ਧਰਤੀ ਘਸਾ ਦਿੱਤੀ! ਉਹਦੀਆਂ ਲੰਮੀਆਂ ਦੌੜਾਂ ਤੇ ਨਿਰੰਤਰ ਤੋਰਾਂ ਦਾ ਕੋਈ ਅੰਤ ਨਾ ਰਿਹਾ। ਆਖ਼ਰ ਉਹਦਾ ਅੰਤ 14 ਜੁਲਾਈ 2025 ਨੂੰ ਉਹਦੇ ਘਰ ਕੋਲ ਹੀ ਸੜਕ ਹਾਦਸੇ 'ਚ ਹੋਇਆ।

1992 'ਚ ਪਤਨੀ ਗਿਆਨ ਕੌਰ ਗੁਜ਼ਰ ਗਈ। 1990 ਵਿਚ ਗਭਲਾ ਪੁੱਤਰ ਕੁਲਦੀਪ ਸਿੰਘ ਵੀ ਛੱਤ ਤੋਂ ਡਿੱਗ ਕੇ ਮੁੱਕ ਗਿਆ। ਉਨ੍ਹਾਂ ਦੇ ਵਿਜੋਗ ਵਿਚ ਉਹ ਕਮਲਾ ਹੋਇਆ ਸਿਵਿਆਂ 'ਚ ਬੈਠਾ ਰਹਿੰਦਾ। ਪਿੰਡ ਵਾਲੇ ਸੋਚਦੇ, ਹੁਣ ਇਹ ਵੀ ਨੀ ਬਚਦਾ। ਉਹਦਾ ਵੱਡਾ ਪੁੱਤਰ ਸੁਖਵਿੰਦਰ ਸਿੰਘ ਵਲਾਇਤ ਵਿਚ ਸੀ। ਉਸ ਨੇ ਬਾਪ ਨੂੰ ਮੰਗਵਾਉਣ ਲਈ ਪਾਸਪੋਰਟ ਬਣਵਾਇਆ, ਅਟੇ-ਸਟੇ ਜਨਮ ਤਾਰੀਖ 1 ਅਪ੍ਰੈਲ 1911 ਲਿਖੀ ਗਈ ਤੇ ਦਿਲ ਛੱਡੀ ਬੈਠੇ ਉਦਾਸੇ ਬਾਪ ਨੂੰ ਇੰਗਲੈਂਡ ਸੱਦ ਲਿਆ।

ਫੌਜਾ ਸਿੰਘ ਦਾ ਵਲਾਇਤ ਵਿਚ ਵੀ ਜੀਅ ਨਾ ਲੱਗਾ। ਉਹ ਮੁੜ ਪਿੰਡ ਪਰਤ ਆਇਆ। ਪਿੰਡ ਆ ਕੇ ਫਿਰ ਉਹੀ ਸ਼ੁਦਾਈਆਂ ਵਾਲਾ ਹਾਲ ਹੋਇਆ। ਦੁਬਾਰਾ ਇੰਗਲੈਂਡ ਗਿਆ ਤੇ ਫਿਰ ਪਿੰਡ ਨੂੰ ਪਰਤ ਪਿਆ। ਤਿੰਨ ਗੇੜੇ ਮਾਰ ਕੇ ਉਹ ਇੰਗਲੈਂਡ ਵਿਚ ਈ ਟਿਕ ਗਿਆ। ਇੰਗਲੈਂਡ 'ਚ ਟਿਕਾਇਆ ਬਠਿੰਡੇ ਵੱਲ ਦੇ ਇੰਗਲੈਂਡ ਪਹੁੰਚੇ ਦੌੜਾਕ ਹਰਮੰਦਰ ਸਿੰਘ ਨੇ। ਉਥੇ ਫਿਰ ਇਕ ਕੌਤਕ ਹੋਰ ਵਰਤਿਆ।



*ਲੇਖਕ ਦੀ ਬਾਬਾ ਫੌਜਾ ਸਿੰਘ ਨਾਲ ਇਕ ਪੁਰਾਣੀ ਤਸਵੀਰ।*

ਹਰਮੰਦਰ ਸਿੰਘ ਖ਼ੁਦ 10000 ਮੀਟਰ ਦੌੜ ਦਾ ਦੌੜਾਕ ਸੀ। ਮਾਸਕੋ-1980 ਦੀਆਂ ਓਲੰਪਿਕ ਖੇਡਾਂ ਲਈ ਉਸ ਨੇ ਟਰਾਇਲ ਦਿੱਤੇ ਸਨ ਪਰ ਬਰਤਾਨੀਆ ਦੀ ਟੀਮ 'ਚ ਚੁਣੇ ਜਾਣੋਂ ਰਹਿ ਗਿਆ ਸੀ। ਫਿਰ ਉਹ ਵੈਟਰਨ ਦੌੜਾਕ ਵਜੋਂ ਮੈਰਾਥਨ ਦੌੜਾਂ ਲਾਉਣ ਲੱਗ ਪਿਆ। ਉਹ ਪਾਰਕ ਵਿਚ ਦੌੜਨ ਜਾਂਦਾ ਤਾਂ ਫੌਜਾ ਸਿੰਘ ਨੂੰ ਬੈਂਚ ਉਤੇ ਸਿਰ ਸੁੱਟੀ ਬੈਠਾ ਵੇਖਦਾ। ਇਕ ਦਿਨ ਉਸ ਨੇ ਨਿਮੋਝੂਣੇ ਬੈਠੇ ਫੌਜਾ ਸਿੰਘ ਨੂੰ ਕਿਹਾ ਕਿ ਜੇ ਤੂੰ ਮੇਰੇ ਨਾਲ ਦੌੜਨ ਲੱਗ ਪਵੇਂ ਤਾਂ ਤੇਰੀ ਉਦਾਸੀ ਦੂਰ ਹੋ ਜਾਵੇਗੀ।

ਬੁਢਾਪੇ 'ਚ ਪਹੁੰਚਾ ਫੌਜਾ ਸਿੰਘ, ਹਰਮੰਦਰ ਸਿੰਘ ਦੀ ਪ੍ਰੇਰਨਾ ਨਾਲ ਹੌਲੀ-ਹੌਲੀ ਦੌੜਨ ਲੱਗ ਪਿਆ ਤੇ ਦੌੜ ਕੇ ਨੇੜੇ ਦੇ ਗੁਰਦੁਆਰਿਆਂ ਵਿਚ ਜਾਣ ਲੱਗ ਪਿਆ। ਉਹ ਇਕ ਸ਼ਹਿਰ ਤੋਂ ਦੂਜੇ ਸ਼ਹਿਰ, ਇਕ ਪਾਰਕ ਤੋਂ ਦੂਜੇ ਪਾਰਕ ਤੇ ਇਕ ਗੁਰਦੁਆਰੇ ਤੋਂ ਦੂਜੇ ਗੁਰਦੁਆਰੇ ਤਕ ਦੌੜਨ ਲੱਗੇ। ਇੰਜ ਕੋਚ ਹਰਮੰਦਰ ਸਿੰਘ ਦਾ ਫੌਜਾ ਸਿੰਘ ਨੂੰ ਮੈਰਾਥਨਾਂ ਲੁਆਉਣ ਵਿਚ ਸਭ ਤੋਂ ਵੱਧ ਯੋਗਦਾਨ ਪਿਆ।

ਫੌਜਾ ਸਿੰਘ ਨੇ ਚੁਰਾਸੀ ਕੱਟ ਕੇ ਦੌੜਨਾ ਸ਼ੁਰੂ ਕੀਤਾ ਸੀ। ਉਸ ਦੀ ਜੀਵਨ ਕਹਾਣੀ ਦੱਸਦੀ ਹੈ ਕਿ ਕਿਸੇ ਬੰਦੇ ਦੇ ਜੀਵਨ ਵਿਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਵੱਡੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁੱਝ ਫੌਜਾ ਸਿੰਘ ਨੇ ਕੀਤਾ ਉਹ ਲਾਮਿਸਾਲ ਹੈ!

ਬਾਬਾ ਵਲਾਇਤ ਤੋਂ ਬਿਆਸ ਪਿੰਡ ਆਇਆ ਹੋਇਆ ਸੀ। ਆਉਣ ਸਾਰ ਕੋਵਿਡ ਦੀਆਂ ਬੰਧਸ਼ਾਂ ਲੱਗ ਗਈਆਂ। ਤੋਰਾ ਫੇਰਾ ਤੇ ਮਿਲਣਾ ਗਿਲਣਾ ਬੰਦ ਹੋ ਗਿਆ। ਉਤੋਂ ਗਰਮੀਆਂ ਆ ਗਈਆਂ। ਮੈਨੂੰ ਸਥਾਨਕ ਪੱਤਰਕਾਰ ਦਾ ਫੋਨ ਆਇਆ ਕਿ ਬਾਬਾ ਫੌਜਾ ਸਿੰਘ ਦਾ ਹਾਲ-ਚਾਲ ਠੀਕ ਨਹੀਂ। ਤੁਰਤ ਆ ਕੇ ਮਿਲੋ। ਮੈਂ ਫੋਨ ਕੀਤਾ ਤਾਂ ਬਾਬਾ ਪੈਂਦੀ ਸੱਟੇ ਬੋਲਿਆ, "ਮੈਨੂੰ ਜਹਾਜ਼ ਚੜ੍ਹਾਓ, ਨਹੀਂ ਤਾਂ ਮੈਂ ਦਸ ਦਿਨ ਨੀ ਕੱਟਦਾ।"

ਮੈਂ 'ਫਲਾਈਂਗ ਵਿੰਗਜ਼' ਵਾਲੇ ਆਪਣੇ ਗੁਆਂਢੀ ਅਜੀਤ ਪਾਲ ਨੂੰ ਕਿਹਾ, ਕਰੋ ਕੋਈ ਇਲਾਜ, ਚੜ੍ਹਾਓ ਬਾਬੇ ਨੂੰ ਜਹਾਜ਼। ਉਹ ਕਹਿੰਦਾ, ਦਿੱਲੀਓਂ ਚੜ੍ਹਾ ਦਿੰਨੇ ਆਂ। ਪਰ ਮੋੜਵੀਂ ਟਿਕਟ ਅੰਮ੍ਰਿਤਸਰੋਂ ਚੜ੍ਹਨ ਦੀ ਸੀ। ਮੈਂ ਬਾਬੇ ਦੇ ਪੁੱਤਰ ਨੂੰ ਪੁਛਿਆ। ਦਿੱਲੀ ਤੋਂ ਚੜ੍ਹਾਉਣ ਲਈ ਨਾ ਪੁੱਤ ਮੰਨੇ ਨਾ ਪਿਓ। ਬਾਬਾ ਇਹੋ ਦੁਹਾਈ ਪਾਈ ਜਾਵੇ ਕਿ ਅੰਬਰਸਰੋਂ ਚੜ੍ਹਾਓ, ਨਹੀਂ ਤਾਂ ਮੈਂ ਚੱਲਿਆ। ਫੇਰ ਨਾ ਅਖਿਓ, ਪਹਿਲਾਂ ਨੀ ਦੱਸਿਆ।

ਫੇਰ ਕੌਤਕ ਵਰਤਿਆ। ਅਜੀਤ ਪਾਲ ਦਾ ਫੋਨ ਆਇਆ ਕਿ ਅੰਮ੍ਰਿਤਸਰੋਂ ਲੰਡਨ ਜਾਣ ਵਾਲੀ ਫਲਾਈਟ ਖੁੱਲ੍ਹ ਗਈ। ਬਾਬੇ ਦਾ ਪਹਿਲੀ ਫਲਾਈਟ ਵਿਚ ਹੀ ਜਾਣ ਦਾ ਪ੍ਰਬੰਧ ਹੋ ਗਿਆ। ਸਭ ਨੇ ਸ਼ੁਕਰ ਮਨਾਇਆ। ਹਰਵਿੰਦਰ ਸਿੰਘ ਬਾਪ ਨੂੰ ਜਹਾਜ਼ ਚੜ੍ਹਾਅ ਆਇਆ ਤੇ ਫੋਨ ਕੀਤਾ, ਜੀਅ ਬਾਪੂ ਦਾ ਓਥੇ ਵੀ ਨੀ ਲੱਗਣਾ। ਉਹੀ ਗੱਲ ਹੋਈ। ਇੰਗਲੈਂਡ 'ਚ ਕੋਵਿਡ ਦੀਆਂ ਪਾਬੰਦੀਆਂ ਪੰਜਾਬ ਤੋਂ ਵੀ ਵੱਧ ਸਨ। ਵਲਾਇਤ ਦੀ ਜੇਲ੍ਹ ਤੋਂ ਅੱਕਿਆ ਉਹ ਮੁੜ ਬਿਆਸ ਪਿੰਡ ਆ ਪੁੱਜਾ ਜਿਥੇ ਉਸ ਨੇ ਅੰਤਲੇ ਸਾਹ ਲੈਣੇ ਸਨ।

ਬਾਬਾ ਫੌਜਾ ਸਿੰਘ ਨਾਲ ਮੇਰੀਆਂ ਅਨੇਕ ਮੁਲਾਕਾਤਾਂ ਹੋਈਆਂ। ਕਦੇ ਲੰਡਨ ਲਾਗੇ ਈਰਥ ਵੂਲਿਚ, ਕਦੇ ਟੋਰਾਂਟੋ, ਬਰੈਂਪਟਨ, ਸਰੀ, ਵੈਨਕੂਵਰ ਤੇ ਕਦੇ ਪਟਿਆਲੇ। ਕਦੇ ਸਾਡੇ ਪਿੰਡ ਚਕਰ ਜਿਥੇ ਉਸ ਨੂੰ ਕਿਸ਼ਤੀ 'ਚ ਝੀਲ ਦੀ ਸੈਰ ਕਰਾਈ ਤੇ ਨੌਂ ਮਾਡਰਨ ਸੱਥਾਂ 'ਚ ਬਜ਼ੁਰਗਾਂ ਨਾਲ ਮਿਲਵਾਇਆ। ਬਿਆਸ ਪਿੰਡ ਮੁੜ ਕੇ ਉਹ ਆਪਣੇ ਯਾਰਾਂ ਬੇਲੀਆਂ ਨੂੰ 'ਚਾਨਣ ਮੁਨਾਰਾ' ਬਣੇ 'ਚਕਰ' ਦੀਆਂ ਗੱਲਾਂ ਸੁਣਾਉਂਦਾ ਰਿਹਾ।

6 ਮਾਰਚ 2025 ਨੂੰ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੀ ਅਥਲੈਟਿਕਸ ਮੀਟ ਸੀ। ਅਸੀਂ ਮੀਟ ਦਾ ਉਦਘਾਟਨ ਕਰ ਕੇ ਵਿਹਲੇ ਹੋਏ ਤਾਂ ਮੁੜਦਿਆਂ ਬਾਬਾ ਫੌਜਾ ਸਿੰਘ ਦੀਆਂ ਗੱਲਾਂ ਚੱਲ ਪਈਆਂ। ਮੈਂ ਮੀਟ ਦੇ ਉਦਘਾਟਨੀ ਭਾਸ਼ਨ 'ਚ ਬਾਬੇ ਦਾ ਜ਼ਿਕਰ ਜੁ ਕਰ ਬੈਠਾ ਸਾਂ। ਜੀਟੀ ਰੋਡ 'ਤੇ ਚੜ੍ਹਦਿਆਂ ਮੈਂ ਨਾਲ ਦਿਆਂ ਨੂੰ ਪੁੱਛਿਆ, ਬਾਬਾ ਫੌਜਾ ਸਿੰਘ ਨੂੰ ਮਿਲਣੈਂ? ਅਮਰਦੀਪ ਕਾਲਜ ਮੁਕੰਦਪੁਰ ਦੇ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ ਤੇ ਕਾਰ ਚਲਾ ਰਹੇ ਮੇਰੇ ਪੁੱਤਰ ਜਗਵਿੰਦਰ ਸਿੰਘ ਨੇ ਹਾਮੀ ਭਰ ਦਿੱਤੀ। ਮੈਂ ਹਰਵਿੰਦਰ ਸਿੰਘ ਨੂੰ ਫੋਨ ਕੀਤਾ ਤਾਂ ਉਸ ਨੇ ਕਿਹਾ, ਮੈਂ ਤਾਂ ਬਾਹਰ ਹਾਂ ਪਰ ਬਾਪੂ ਜੀ ਘਰ ਈ ਨੇ, ਆਓ ਜਾਓ, ਜੀ ਆਇਆਂ ਨੂੰ।

ਗੱਡੀ ਅਸੀਂ ਕਰਤਾਰਪੁਰੋਂ ਮੋੜਨੀ ਸੀ ਪਰ ਮੋੜੀ ਜਲੰਧਰ-ਪਠਾਨਕੋਟ ਹਾਈਵੇ ਤੋਂ। ਬਿਆਸ ਪਿੰਡ ਨੂੰ ਉਥੋਂ ਮੁੜੇ ਜਿਥੇ ਬਾਅਦ ਵਿਚ ਬਾਬਾ ਫੌਜਾ ਸਿੰਘ ਨਾਲ ਹਾਦਸਾ ਵਾਪਰਿਆ। ਅਸੀਂ ਫਿਰਨੀ ਦਾ ਚੱਕਰ ਲਾ ਕੇ ਬਾਬੇ ਦੇ ਘਰ ਪੁੱਜੇ। ਦਰ ਖੁੱਲ੍ਹਾ ਸੀ, ਸਾਹਮਣੇ ਰੁੱਖ ਦੀ ਛਾਵੇਂ ਬਾਬਾ ਮੰਜੇ 'ਤੇ ਪਿਆ ਸੀ। ਟ੍ਰੈਕਟਰ, ਟਰਾਲੀ, ਸਕੂਟਰ ਤੇ ਖੇਤੀਬਾੜੀ ਦੇ ਸੰਦਾਂ ਨਾਲ ਵਿਹੜਾ ਭਰਿਆ ਹੋਇਆ ਸੀ।

ਅਸੀਂ ਕਾਰ 'ਚੋਂ ਨਿਕਲੇ ਤਾਂ ਬਾਬੇ ਨੇ ਗੰਜੇ ਸਿਰ 'ਤੇ ਪੱਗ ਰੱਖੀ ਤੇ ਮੰਜੇ ਤੋਂ ਉਠ ਖੜ੍ਹਿਆ। ਅਸੀਂ ਬੈਠੇ ਰਹਿਣ ਲਈ ਕਿਹਾ ਪਰ ਉਹ ਖੂੰਡੀ ਲੈ ਕੇ ਚਾਹ ਪਾਣੀ ਪਿਆਉਣ ਲਈ ਸਾਨੂੰ ਬੈਠਕ ਵੱਲ ਲੈ ਤੁਰਿਆ। ਬੈਠਕ ਖੇਡ ਸਨਮਾਨਾਂ ਨਾਲ ਭਰੀ ਹੋਈ ਸੀ। ਇਕ ਅਲਮਾਰੀ ਵਿਚ ਉਹਦਾ ਦੌੜਨ ਵਾਲਾ ਸੁਰਮਈ ਬੂਟ ਪਿਆ ਸੀ ਜੋ ਖੇਡਾਂ ਦਾ ਸਮਾਨ ਬਣਾਉਣ ਵਾਲੀ ਐਡੀਡਾਸ ਕੰਪਨੀ ਨੇ ਮੁਹੰਮਦ ਅਲੀ ਤੇ ਡੇਵਿਡ ਬੈਕੁਮ ਤੋਂ ਬਾਅਦ 2004 ਵਿਚ ਫੌਜਾ ਸਿੰਘ ਨੂੰ ਆਪਣਾ ਅੰਬੈਸਡਰ ਬਣਾ ਕੇ ਭੇਟ ਕੀਤਾ ਸੀ। ਉਹਦੇ ਇਕ ਬੂਟ ਉਤੇ 'ਫੌਜਾ' ਤੇ ਦੂਜੇ ਉਤੇ 'ਸਿੰਘ' ਦੇ ਸਟਿੱਕਰ ਲੱਗੇ ਸਨ। ਬਾਬੇ ਨੂੰ ਦਿਸਦਾ ਠੀਕ ਸੀ ਪਰ ਸੁਣਦਾ ਉੱਚਾ ਸੀ। ਚਮੜੀ 'ਤੇ ਫੁਲਬਹਿਰੀ ਦੇ ਚਿੱਟੇ ਦਾਗ ਪੈਣੇ ਸ਼ੁਰੂ ਹੋ ਗਏ ਸਨ। ਗੱਲਾਂ ਕਰਦਾ ਦੂਜੀ ਗੱਲ ਭੁੱਲ ਜਾਂਦਾ ਸੀ ਤੇ ਉੱਘ ਦੀਆਂ ਪਤਾਲ ਮਾਰਨ ਲੱਗ ਪੈਂਦਾ ਸੀ। ਪਰ ਹਾਸਾ ਪਹਿਲਾਂ ਵਾਲਾ ਹੀ ਹੱਸਦਾ ਸੀ। ਉਸ ਦਾ ਵੱਡਾ ਪੁੱਤਰ ਸੁਖਵਿੰਦਰ ਸਿੰਘ ਫਰਵਰੀ 'ਚ ਮਿਲਣ ਆਇਆ ਬਾਪ ਲਈ ਵਲਾਇਤੀ ਵ੍ਹਿਸਕੀ ਛੱਡ ਗਿਆ ਸੀ। ਗੱਲੀਂ-ਬਾਤੀਂ ਪਤਾ ਲੱਗਾ ਕਿ ਪਰਿਵਾਰ ਦੇ 15 ਖੇਤ ਹਨ ਤੇ ਏਨੇ ਕੁ ਹੋਰ ਠੇਕੇ 'ਤੇ ਲੈ ਕੇ ਛੋਟਾ ਪੁੱਤਰ ਖੇਤੀ ਕਰਦਾ ਹੈ।

ਮੈਂ ਸੋਚਿਆ ਸੀ ਕਿ ਜਦੋਂ ਨਵੰਬਰ 'ਚ ਕੈਨੇਡਾ ਤੋਂ ਪੰਜਾਬ ਮੁੜਾਂਗਾ ਤਾਂ ਨਵਦੀਪ ਗਿੱਲ ਤੇ ਹੋਰ ਖੇਡ ਲੇਖਕਾਂ ਨੂੰ ਨਾਲ ਲੈ ਕੇ ਬਾਬੇ ਸੰਗ ਪਿਕਨਿਕ ਮਨਾਵਾਂਗੇ। ਨਾਲੇ 'ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ' ਨਾਂ ਦੀ ਪੁਸਤਕ ਲੋਕ-ਅਰਪਣ ਕਰਾਂਗੇ ਜੋ ਮੈਂ ਤਿਆਰ ਕਰ ਰਿਹਾਂ। ਪਰ ਕੁਦਰਤ ਨੂੰ ਕੁੱਝ ਹੋਰ ਮਨਜ਼ੂਰ ਸੀ ਜਿਸ ਨੇ 14 ਜੁਲਾਈ ਨੂੰ ਹੀ ਭਾਣਾ ਵਰਤਾਅ ਦਿੱਤਾ।

ਫੌਜਾ ਸਿੰਘ ਨੂੰ ਮੈਂ ਪਹਿਲੀ ਵਾਰ 1999 ਵਿਚ ਈਰਥ-ਵੂਲਿਚ ਦੇ ਟੂਰਨਾਮੈਂਟ 'ਚ ਵੇਖਿਆ ਸੀ। ਮੈਂ ਕੁਮੈਂਟਰੀ ਕਰ ਰਿਹਾ ਸਾਂ ਤੇ ਉਹ ਕਬੱਡੀ ਦੇ ਦਾਇਰੇ ਦੁਆਲੇ ਰੇਵੀਏ ਪਿਆ ਗੇੜੇ 'ਤੇ ਗੇੜੇ ਲਾ ਰਿਹਾ ਸੀ। ਕਾਫੀ ਦੇਰ ਬਾਅਦ ਜਦ ਰੁਕਿਆ ਤਾਂ ਮੈਂ ਉਹਦੇ ਨਾਲ ਗੱਲਾਂ ਕੀਤੀਆਂ ਪਰ ਕਾਪੀ ਵਿਚ ਨੋਟ ਨਾ ਕਰ ਸਕਿਆ। ਉਂਜ ਪਤਾ ਲੱਗ ਗਿਆ ਕਿ ਬਾਬਾ ਕਮਾਲ ਦੀ ਸ਼ੈਅ ਹੈ।

2000 ਵਿਚ ਮੈਂ ਫੌਜਾ ਸਿੰਘ ਦੀਆਂ ਤਸਵੀਰਾਂ ਅਖ਼ਬਾਰਾਂ 'ਚ ਛਪੀਆਂ ਵੇਖੀਆਂ। ਉਸ ਨੇ ਲੰਡਨ ਦੀ ਮੈਰਾਥਨ ਦੌੜ ਵਿਚ ਅੱਸੀ ਸਾਲ ਤੋਂ ਵੱਡੀ ਉਮਰ ਦੇ ਦੌੜਾਕਾਂ 'ਚ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ! ਉਸ ਮੈਰਾਥਨ ਵਿਚ 32860 ਦੌੜਾਕਾਂ ਨੇ ਭਾਗ ਲਿਆ ਸੀ ਤੇ ਉਹ ਦਸ ਹਜ਼ਾਰ ਦੌੜਾਕਾਂ ਨੂੰ ਪਿੱਛੇ ਛੱਡ ਗਿਆ ਸੀ। ਮੈਨੂੰ ਝੋਰਾ ਹੋਇਆ ਕਿ ਈਰਥ ਵਿਚ ਮੈਂ ਉਸ ਦੀ ਇੰਟਰਵਿਊ ਕਿਉਂ ਨਾ ਲੈ ਸਕਿਆ?

28 ਸਤੰਬਰ 2003 ਨੂੰ 'ਸਕੋਸ਼ੀਆ ਬੈਂਕ ਟੋਰਾਂਟੋ ਵਾਟਰਫਰੰਟ ਮੈਰਾਥਨ' ਟੋਰਾਂਟੋ ਵਿਚ ਲੱਗੀ। ਮੈਂ ਉਦੋਂ ਉਥੇ ਹੀ ਸਾਂ। ਫੌਜਾ ਸਿੰਘ ਇੰਗਲੈਂਡ ਤੋਂ ਦੌੜ ਵਿਚ ਭਾਗ ਲੈਣ ਆਇਆ। ਉਹਦੇ ਕੇਸਰੀ ਪੱਗ ਬੱਧੀ ਹੋਈ ਸੀ ਤੇ ਦੌੜਦੇ ਦੀ ਲੰਮੀ ਦਾਹੜੀ ਲਹਿਰਾਅ ਰਹੀ ਸੀ। ਦੌੜ ਮੁੱਕੀ ਤਾਂ ਉਸ ਨੇ ਆਪਣਾ ਹੀ ਰਿਕਾਰਡ ਪਹਿਲਾਂ ਨਾਲੋਂ 31 ਮਿੰਟ ਘੱਟ ਸਮੇਂ ਨਾਲ ਤੋੜ ਦਿੱਤਾ। ਮੇਮਾਂ ਇੱਕ ਦੂਜੀ ਤੋਂ ਅੱਗੇ ਹੋ ਕੇ ਫੌਜਾ ਸਿੰਘ ਨੂੰ ਜੱਫੀਆਂ ਪਾਉਂਦੀਆਂ ਵਧਾਈਆਂ ਦੇਣ ਲੱਗੀਆਂ। ਨਿਆਣੇ ਆਟੋਗਰਾਫ ਲੈਣ ਲੱਗੇ। ਬਿਆਸ ਪਿੰਡੀਆਂ ਨੇ ਫੌਜਾ ਸਿੰਘ ਨੂੰ ਮੋਢਿਆਂ 'ਤੇ ਚੁੱਕ ਲਿਆ। ਫੌਜਾ ਸਿੰਘ ਦੀ ਬੱਲੇ-ਬੱਲੇ ਹੋ ਗਈ। ਉਹਦੀ ਵਿਲੱਖਣਤਾ ਸੀ ਕਿ ਉਹ ਝੂਲਦੀ ਸਫੈਦ ਦਾੜ੍ਹੀ ਨਾਲ ਕੇਸਰੀ ਦਸਤਾਰ 'ਤੇ ਖੰਡਾ ਸਜਾ ਕੇ ਦੌੜਿਆ ਸੀ। ਉਹਦੇ ਨਿਆਰੇ ਸਰੂਪ ਨੇ ਉਹਦੀ ਮਸ਼ਹੂਰੀ ਹੋਰ ਵੀ ਵੱਧ ਕਰਾਈ!

ਸ਼ਾਮੀ ਅਸੀਂ ਲਾਂਭੇ ਬਹਿ ਕੇ ਖੁੱਲ੍ਹੀਆਂ ਗੱਲਾਂ ਕੀਤੀਆਂ। ਉਸ ਨੇ ਹੁੱਬ ਕੇ ਦੱਸਿਆ ਕਿ ਪਿੰਡ ਹਲ ਵਾਹੁੰਦਿਆਂ ਉਹਨੂੰ ਕੋਈ ਪਾਣੀ ਵੀ ਨਹੀਂ ਸੀ ਪੁੱਛਦਾ ਪਰ ਹੁਣ ਮੇਮਾਂ ਕੋਕ ਚੁੱਕੀ ਪਿਛੇ-ਪਿਛੇ ਤੁਰੀਆਂ ਫਿਰਦੀਆਂ। ਕੈਮਰਿਆਂ ਵਾਲੇ ਫੋਟੂ ਲੌਹਣੋਂ ਨੀ ਹਟਦੇ। ਪਿੰਡ ਵਾਲੇ ਮੈਨੂੰ ਫੌਜੂ ਕਹਿੰਦੇ ਸੀ, ਅਖ਼ਬਾਰਾਂ ਵਾਲੇ ਬਾਬਾ ਫੌਜਾ ਸਿੰਘ ਲਿਖੀ ਜਾਂਦੇ ਹਨ। ਉਸ ਨੇ ਕਿਹਾ, "ਇਹ ਸਭ ਕੁਜਰਤ ਦੀ ਖੇਡ ਐ।" ਕੁਦਰਤ ਨੂੰ ਉਹ ਕੁਜਰਤ ਕਹਿ ਰਿਹਾ ਸੀ!

ਗੱਲਾਂ-ਬਾਤਾਂ ਕਰਦਿਆਂ ਮੈਂ ਨੋਟ ਕੀਤਾ ਕਿ ਬਾਬਾ ਫੌਜਾ ਸਿੰਘ ਅੰਦਰ ਅਜੇ ਵੀ ਸ਼ੌਕੀ ਬੰਦਾ ਛੁਪਿਆ ਬੈਠਾ ਸੀ। ਉਹਨੇ ਸੋਨੇ ਦਾ ਕੜਾ ਪਾਇਆ ਹੋਇਆ ਸੀ ਤੇ ਸੁਨਹਿਰੀ ਘੜੀ ਬੱਧੀ ਹੋਈ ਸੀ। ਘੜੀ ਮਾੜੀ ਮੋਟੀ ਨਹੀਂ, ਰਾਡੋ ਸੀ ਜੋ ਸਾਢੇ ਤਿੰਨ ਸੌ ਪੌਂਡ ਦੀ ਲਈ ਸੀ।

ਫੌਜਾ ਸਿੰਘ ਦੇ ਜੀਵਨ ਵਿਚ ਬੜੇ ਉਤਰਾਅ-ਚੜ੍ਹਾਅ ਆਏ। ਦੁੱਖ ਵੀ ਭੋਗਿਆ ਤੇ ਸੁੱਖ ਵੀ ਮਾਣਿਆਂ। ਗੁੰਮਨਾਮ ਵੀ ਰਿਹਾ ਤੇ ਮਸ਼ਹੂਰ ਵੀ ਹੋਇਆ। ਉਸ ਨੇ ਕਿਹਾ ਕਿ ਬੰਦਾ ਠੋਹਕਰ ਖਾਧੇ ਬਿਨਾਂ ਨਹੀਂ ਸੁਧਰਦਾ। ਉਸ ਨੇ ਖ਼ੁਦ ਜੀਵਨ ਵਿਚ ਠੋਹਕਰਾਂ ਖਾਧੀਆਂ। ਉਹਦੇ ਅੰਦਰ ਛੁਪੇ ਹੋਏ ਚੰਗੇਰੇ ਭਵਿੱਖ ਨੇ ਉਹਨੂੰ ਲੰਮਾ ਸਮਾਂ ਜਿਉਂਦਾ ਰੱਖਿਆ। ਬਾਬਾ ਅਜਬ ਇਨਸਾਨ ਸੀ। ਬਜ਼ੁਰਗਾਂ ਦਾ ਰੋਲ ਮਾਡਲ ਤੇ ਬੰਦੇ ਦੇ ਬੁਲੰਦ ਜੇਰੇ ਦੀ ਜਿਊਂਦੀ ਜਾਗਦੀ ਮਿਸਾਲ। ਸਿਰੜੀ, ਮਿਹਨਤੀ ਤੇ ਮੰਜ਼ਿਲਾਂ ਮਾਰਨ ਵਾਲਾ ਮਹਾਂਰਥੀ। ਬੁੱਲ੍ਹੇ ਸ਼ਾਹ ਵਰਗੀ ਮਸਤ ਤਬੀਅਤ ਦਾ ਮਾਲਕ ਤੇ ਸ਼ਾਹ ਹੁਸੈਨ ਜਿਹਾ ਫੱਕਰ। ਸਹਿਜਤਾ, ਸੁਹਿਰਦਤਾ, ਮਸੂਮੀਅਤ ਤੇ ਭੋਲੇਪਨ ਦੀ ਮੂਰਤ। ਉਹਦੀਆਂ ਗੱਲਾਂ ਸਿੱਧੀਆਂ, ਸਾਦੀਆਂ, ਭੋਲੀਆਂ ਤੇ ਨਿਰਛਲ ਹਨ। ਹਾਸਾ-ਠੱਠਾ ਕਰਨਾ ਉਹਦਾ ਸੁਭਾਅ ਸੀ ਜਿਸ ਨਾਲ ਹੱਸਦੇ ਦੀਆਂ ਅੱਖਾਂ ਛਲਕ ਪੈਂਦੀਆਂ।

ਉਹ ਰੌਣਕੀ ਬੰਦਾ ਸੀ। ਸਿਰੇ ਦਾ ਗਾਲੜੀ। ਬੇਫਿਕਰ, ਬੇਪਰਵਾਹ, ਬੇਬਾਕ, ਦਾਨੀ ਤੇ ਦਇਆਵਾਨ। ਉਹਨੇ ਗੁੰਮਨਾਮੀ 'ਚ ਚੱਲ ਵਸਣਾ ਸੀ ਜੇ ਦੌੜਨ ਨਾ ਲੱਗਦਾ। ਦੌੜਾਂ ਲਾਉਣ ਨਾਲ ਉਹ ਮਰਨੋਂ ਬਚ ਗਿਆ। ਗ਼ਮਗ਼ੀਨੀ 'ਚੋਂ ਨਿਕਲ ਕੇ ਜਿਉਂਦਿਆਂ 'ਚ ਹੋ ਗਿਆ। ਬੁੱਢੇਵਾਰੇ ਦੌੜਾਂ 'ਚ ਪੈ ਕੇ ਉਹਨੇ ਪੂਰੇ ਵਿਸ਼ਵ ਵਿਚ ਬੱਲੇ-ਬੱਲੇ ਕਰਵਾਈ। ਉਸ ਨੂੰ 2004, 2008 ਤੇ 2012 ਦੀਆਂ ਓਲੰਪਿਕ ਖੇਡਾਂ ਦੀ ਮਿਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। ਬਾਬੇ ਨੂੰ ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ ਨੇ ਸੌ ਸਾਲ ਦਾ ਸੀਨੀਅਰ ਸਿਟੀਜ਼ਨ ਹੋ ਜਾਣ ਦੀ ਵਧਾਈ ਦਿੱਤੀ ਤੇ ਸ਼ਾਹੀ ਮਹਿਲਾਂ ਵਿਚ ਖਾਣੇ 'ਤੇ ਸੱਦਿਆ। ਮਹਾਰਾਣੀ ਨੂੰ ਮਿਲ ਕੇ ਉਹ ਹੋਰ ਜੁਆਨ ਹੋ ਗਿਆ!

ਫੌਜਾ ਸਿੰਘ ਪੁੰਨ ਦੇ ਕਾਰਜਾਂ ਲਈ ਦੌੜਦਾ ਰਿਹਾ। ਚੈਰਟੀ ਲਈ 'ਕੱਠੇ ਹੋਏ ਪੈਸਿਆਂ ਵਿਚ ਥੋੜ੍ਹੇ ਬਹੁਤੇ ਆਪਣੇ ਵੱਲੋਂ ਵੀ ਪਾਉਂਦਾ ਰਿਹਾ। 2003 ਵਿਚ ਉਹ ਨਿਊਯਾਰਕ ਦੀ ਮੈਰਾਥਨ 'ਸਿੱਖ ਪਛਾਣ' ਲਈ ਦੌੜਿਆ। ਟੋਰਾਂਟੋ ਦੀ ਵਾਟਰ ਫਰੰਟ ਹਾਫ਼ ਮੈਰਾਥਨ ਉਹ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਲਈ ਦੌੜਿਆ। ਉਸ ਬਾਰੇ ਉਸ ਦੇ ਪੇਂਡੂਆਂ ਨੇ ਦੋ ਕਵਿਤਾਵਾਂ ਜੋੜੀਆਂ: ਅਦਰਕ ਦੀ ਤਰੀ ਦਾ ਕਮਾਲ ਤੇ ਫੌਜਾ ਸਿੰਘ ਸਰਦਾਰ ਦੀ ਹੈ ਇਕ ਵੱਖਰੀ ਸ਼ਾਨ, ਇਸ ਦੇ ਕਰਤਬ ਵੇਖ ਕੇ ਦੁਨੀਆ ਹੋਏ ਹੈਰਾਨ...।

ਉਹ ਲੰਡਨ ਓਲੰਪਿਕ-2012 ਦੀ ਮਿਸ਼ਾਲ ਲੈ ਕੇ ਦੌੜਿਆ ਤਾਂ ਰਸਤੇ ਵਿਚ ਛਬੀਲਾਂ ਲੱਗ ਗਈਆਂ ਸਨ ਅਤੇ ਲੰਗਰ ਲਾਏ ਗਏ ਸਨ। ਇਓਂ ਛਬੀਲਾਂ ਤੇ ਲੰਗਰ ਪਹਿਲੀ ਵਾਰ ਓਲੰਪਿਕ ਖੇਡਾਂ ਦੇ ਅੰਗ ਬਣੇ। ਵੀਹਵੀਂ ਸਦੀ ਵਿਚ ਪੱਗਾਂ ਦਾੜ੍ਹੀਆਂ ਵਾਲੇ ਫੌਜੀਆਂ ਤੇ ਹਾਕੀ ਦੇ ਖਿਡਾਰੀਆਂ ਨੇ ਸਿੱਖ ਸਰੂਪ ਦੀ ਪਛਾਣ ਬਾਕੀ ਦੁਨੀਆ ਨੂੰ ਕਰਾਈ ਸੀ। ਇੱਕੀਵੀਂ ਸਦੀ ਦੇ ਆਰੰਭ ਵਿਚ ਪੱਗ ਦਾੜ੍ਹੀ ਦੀ ਜਿੰਨੀ ਪਛਾਣ ਬਾਬਾ ਫੌਜਾ ਸਿੰਘ ਨੇ ਕਰਾਈ ਉਨੀ ਹੋਰ ਕਿਸੇ ਨੇ ਨਹੀਂ ਕਰਾਈ। ਫੌਜਾ ਸਿੰਘ ਆਪ ਕਹਿੰਦਾ ਸੀ ਕਿ ਮੇਰੀ ਪਛਾਣ ਉਨੀ ਮੇਰੇ ਦੌੜਨ ਕਰਕੇ ਨਹੀਂ ਜਿੰਨੀ ਪੱਗ ਦਾੜ੍ਹੀ ਕਰਕੇ ਹੈ। ਇਹੋ ਕਾਰਨ ਹੈ ਕਿ ਉਹ ਕਦੇ ਨੰਗੇ ਸਿਰ ਨਹੀਂ ਸੀ ਦੌੜਿਆ ਤੇ ਕਦੇ ਦਾੜ੍ਹੀ ਨਹੀਂ ਸੀ ਬੰਨ੍ਹੀ।

ਫੌਜਾ ਸਿੰਘ ਦਾ ਕਹਿਣਾ ਸੀ ਕਿ ਉਹ ਕੁਦਰਤ ਦੇ ਰੰਗਾਂ ਵਿਚ ਰਾਜ਼ੀ ਹੈ। ਉਹ ਪ੍ਰਹੇਜ਼ਗਾਰ ਸੀ, ਸਿਰੜੀ ਸੀ, ਸਿਦਕੀ ਸੀ ਤੇ ਲੋਭ ਲਾਲਚ ਤੋਂ ਪਰੇ ਸੀ। ਕਹਿੰਦਾ ਸੀ, "ਕਮਾਉਣ ਨੂੰ ਤਾਂ ਭਾਵੇਂ ਮੈ ਮਿਲੀਅਨ ਡਾਲਰ ਕਮਾ ਲਵਾਂ ਪਰ ਕਰਨੇ ਕੀ ਆ? ਲੋੜ ਜੋਗਾ ਰੱਬ ਦਾ ਦਿੱਤਾ ਬਹੁਤ ਕੁੱਝ ਹੈ। ਤੰਦਰੁਸਤੀ ਚਾਹੀਦੀ ਐ। ਜੀਹਦੇ ਕੋਲ ਤੰਦਰੁਸਤੀ ਐ ਉਹਦੇ ਕੋਲ ਸਾਰੀਆਂ ਦੌਲਤਾਂ।"

ਕਿਥੇ ਫੌਜਾ ਸਿੰਘ ਤੇ ਕਿਥੇ ਕਰੋੜਾਂ ਰੁਪਏ 'ਕੱਠੇ ਕਰਨ ਵਾਲੇ ਨੇਤਾ ਤੇ ਵੱਡੇ ਅਫਸਰ! ਉਹ ਕਰੋੜਾਂ ਰੁਪਏ ਕੋਲ ਹੋਣ ਦੇ ਬਾਵਜੂਦ ਨਹੀਂ ਰੱਜਦੇ ਜਦ ਕਿ ਫੌਜਾ ਸਿੰਘ ਬਿਨਾਂ ਬੈਂਕ ਬੈਲੈਂਸ ਦੇ ਹੀ ਰੱਜਿਆ ਪੁੱਜਿਆ ਸੀ। ਜੇ ਉਹ ਚਾਹੁੰਦਾ ਤਾਂ ਮੈਰਾਥਨ ਦੌੜਾਂ ਦੇ ਸਿਰ 'ਤੇ ਜਿੰਨੇ ਮਰਜ਼ੀ ਕਮਾ ਲੈਂਦਾ। ਉਸ ਨੇ ਲੰਮੀ ਦੌੜ ਦਾ ਰਿਕਾਰਡ ਹੀ ਨਹੀਂ ਰੱਖਿਆ ਬੇਲੋੜੀ ਮਾਇਆ ਦੇ ਤਿਆਗ ਕਰਨ ਦਾ ਰਿਕਾਰਡ ਵੀ ਰੱਖਿਆ!

ਆਖ਼ਰੀ ਮੁਲਾਕਾਤ 'ਚ ਮੈਂ ਪੁਛਿਆ ਸੀ, "ਅੱਜ-ਕੱਲ੍ਹ ਕੀ ਮਹਿਸੂਸ ਕਰਦੇ ਓ?"

"ਰੱਬ ਦਾ ਸ਼ੁਕਰ ਐ। ਕਦੇ ਚਿੱਤ ਚੇਤੇ ਵੀ ਨਾ ਸੀ ਕਿ ਉਹ ਐਨੀਆਂ ਰਹਿਮਤਾਂ ਦੀ ਬਰਖਾ ਕਰੇਗਾ। ਜਦੋਂ ਮੈਂ ਸਦਮੇ 'ਚੋਂ ਗੁਜ਼ਰ ਰਿਹਾ ਸੀ ਤਾਂ ਉਹਨੇ ਮੇਰੇ ਅੰਦਰ ਦੌੜਨ ਦੀ ਚੁਆਤੀ ਲਾਈ ਅਤੇ ਆਪਣੀ ਬੁੱਕਲ 'ਚ ਸਮੋ ਲਿਆ। ਮੈਂ ਕਦੇ ਲਾਲਚ ਲਈ ਨੀ ਦੌੜਿਆ। ਜੋ ਪੈਸਾ ਧੇਲਾ ਦੌੜਾਂ 'ਚੋਂ ਮਿਲਿਆ, ਉਹ ਚੈਰਿਟੀ ਦੇ ਲੇਖੇ ਲਾਤਾ। ਸੋਚਦਾਂ ਖੌਰੇ ਕਿਸੇ ਓਸ ਗ਼ਰੀਬ ਦਾ ਵੀ ਭਲਾ ਕੀਤਾ ਹੋਊ ਜੀਹਦੀਆਂ ਅਸੀਸਾਂ ਨਾਲ ਮੈਂ ਦੌੜੀ ਜਾ ਰਿਹਾਂ।"

ਉਸ ਦੀ ਜੀਵਨ ਕਹਾਣੀ ਦਾ ਸਾਰ ਹੈ ਕਿ ਬੰਦੇ ਦੇ ਜੀਵਨ ਵਿਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਉਹ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁੱਝ ਬਾਬਾ ਫੌਜਾ ਸਿੰਘ ਨੇ ਕੀਤਾ ਉਹ ਆਉਂਦੀਆਂ ਪੀੜ੍ਹੀਆਂ ਲਈ ਰਾਹ-ਦਸੇਰਾ ਬਣਿਆ ਰਹੇਗਾ। ਬਾਬਾ ਫੌਜਾ ਸਿੰਘ ਨੂੰ ਜਾਂਦੀ ਵਾਰ ਦਾ ਪ੍ਰਨਾਮ ਤੇ ਸਲਾਮ!

## ਸਾਫ਼ ਸੁਥਰੀ ਗਾਇਕੀ ਦਾ ਪ੍ਰਤੀਕ

# ਬਲਧੀਰ ਮਾਹਲਾ



**ਮਾਹਲਾ ਨਿਰੰਤਰ ਸੰਘਰਸ਼ ਦਾ ਨਾਮ ਹੈ। ਸਬਰ, ਸਿਦਕ ਅਤੇ ਨਿਮਰਤਾ ਉਸ ਦੇ ਰੋਮ-ਰੋਮ 'ਚ ਹੈ। ਸੱਭਿਆਚਾਰਕ ਅਤੇ ਸਾਹਿਤਕ ਗਾਇਕੀ ਉਸ ਦਾ ਇਸ਼ਕ ਹੈ...**

ਬਲਧੀਰ ਮਾਹਲਾ ਨਿਰੰਤਰ ਸੰਘਰਸ਼ ਦਾ ਨਾਮ ਹੈ। ਸਬਰ, ਸਿਦਕ ਤੇ ਨਿਮਰਤਾ ਉਸਦੇ ਰੋਮ-ਰੋਮ ਵਿਚ ਹੈ। ਉਹ ਪੰਜਾਬੀ ਦੇ ਉੱਚ-ਕੋਟੀ ਦੇ ਵਧੀਆ ਲੋਕ ਗਾਇਕਾਂ ਵਿੱਚੋਂ ਇਕ ਹੈ। ਪੰਜਾਬੀ ਬੋਲੀ ਤੇ ਪੰਜਾਬੀ ਸ੍ਰੋਤੇ ਉਸ 'ਤੇ ਮਾਣ ਕਰਦੇ ਹਨ। ਸੱਭਿਆਚਾਰਕ ਅਤੇ ਸਾਹਿਤਕ ਗਾਇਕੀ ਉਸ ਦਾ ਇਸ਼ਕ ਹੈ, ਇਸ਼ਟ




ਹੈ। ਉਹ ਬੜੀਆਂ ਸਖ਼ਤ ਕੁਠਾਲੀਆਂ ਵਿਚ ਢਲ-ਢਲ ਕੇ ਕੁੰਦਨ ਬਣਿਆ ਹੈ। ਉਸ ਨੇ ਜਿੰਨਾ ਵੀ ਗਾਇਆ ਹੈ,ਵਧੀਆ ਅਤੇ ਨਿੱਠ ਕੇ ਗਾਇਆ ਹੈ। ਮਨੁੱਖੀ ਰਿਸ਼ਤਿਆਂ ਨੂੰ ਉਸ ਨੇ ਝਰੀਟਿਆ ਨਹੀਂ ਸਗੋਂ ਮਲ੍ਹਮ ਬਣਿਆ ਹੈ। ਪੈਸੇ ਤੇ ਸ਼ੋਹਰਤ ਲਈ ਉਹ ਨੇ ਕਦੇ ਤਾਣੇ-ਬਾਣੇ ਨਹੀਂ ਬੁਣੇ। ਸੱਚ ਕਹਿਣ ਅਤੇ ਸੱਚ ਹੀ



ਸੁਣਨ ਵਿਚ ਯਕੀਨ ਰੱਖਣ ਵਾਲਾ ਬਲਧੀਰ ਮਾਹਲਾ ਬਾਜ਼ਾਰੂ ਨਹੀਂ, ਇਕ ਸਾਂਭਣਯੋਗ ਹੀਰਾ ਹੈ।

ਭਾਵੇਂ ਉਹ ਅੱਲੜ ਉਮਰ ਤੋਂ ਹੀ ਬਾਬਾ ਫ਼ਰੀਦ ਜੀ ਦੇ ਵਰੋਸਾਏ ਸ਼ਹਿਰ ਫਰੀਦਕੋਟ, ਭਾਨ ਸਿੰਘ ਕਲੋਨੀ ਵਿਖੇ ਰਹਿ ਰਿਹਾ ਹੈ ਪਰ ਪਿੰਡ ਮਾਹਲਾ ਕਲਾਂ (ਜ਼ਿਲ੍ਹਾ ਮੋਗਾ) ਕਿਸਾਨ ਘਰ ਜਨਮਿਆ ਬਲਧੀਰ ਸਿੰਘ ਸੁਤੰਤਰਤਾ ਸੰਗਰਾਮੀ ਕਾਮਰੇਡ ਬਾਬਾ ਦੇਵਾ ਸਿੰਘ ਮਾਹਲਾ ਨੂੰ ਸਦਾ ਸਿਜਦਾ ਕਰਦਾ ਹੈ ਜਿਨ੍ਹਾਂ ਨੇ ਉਹਨੂੰ ਆਪਣੇ ਨਾਮ ਨਾਲ ਪਿੰਡ ਦਾ ਨਾਮ ਮਾਹਲਾ ਬਖ਼ਸ਼ਿਆ ਤੇ ਉਸ ਨੇ ਵੀ ਆਪਣੀ ਉਮਰਾ 'ਚ ਜ਼ਿੰਦਗੀ ਦੇ ਸੰਘਰਸ਼ ਦੇ ਬਹੁਤ ਔਖੇ ਔਖੇ ਪੇਪਰਾਂ ਨੂੰ ਪਾਸ ਕਰ ਕਰ ਕੇ ਬੜੇ ਫਖ਼ਰ ਨਾਲ ਆਪਣੇ ਪਿੰਡ ਦਾ ਨਾਮ ਰੌਸ਼ਨ ਕੀਤਾ ਹੈ।

### ਗਾਇਕ ਵਜੋਂ ਮਿਸਾਲ ਬਣਿਆ

ਉਸਦੀ ਸੋਚ, ਪਰਖ ਤੇ ਯੋਗਤਾ ਤੇ ਉਂਗਲ ਨਹੀਂ ਰੱਖੀ ਜਾ ਸਕਦੀ। ਉਹ ਨੇ ਪੰਜਾਬੀ ਦੇ ਥੰਮ੍ਹ ਅਤੇ ਸਿਰਮੌਰ ਸ਼ਾਇਰ ਡਾ. ਹਰਿਭਜਨ ਸਿੰਘ, ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ, ਲਖਵਿੰਦਰ ਜੌਹਲ, ਪ੍ਰੋ ਗੁਰਭਜਨ ਗਿੱਲ, ਪ੍ਰੋ ਅਨੂਪ ਵਿਰਕ, ਡੀ ਡੀ ਸਵਿਤੋਜ, ਪ੍ਰੋ ਰਮਨ, ਪ੍ਰੋ ਨਛੱਤਰ ਸਿੰਘ ਖੀਵਾ, ਬਾਬੂ ਰਜ਼ਬ ਅਲੀ, ਪ੍ਰੋ ਅਤੈ ਸਿੰਘ, ਪ੍ਰੋ ਬਚਨਜੀਤ, ਪ੍ਰੋ ਜਸਬੀਰ ਸਿੱਧੂ, ਧਰਮ ਕੰਮੇਆਣਾ, ਰਜਿੰਦਰ ਸ਼ੌਂਕੀ, ਸ਼ਮਸ਼ੇਰ ਸੰਧੂ, ਭਿੰਦਰ ਡੱਬਵਾਲੀ, ਜਰਨੈਲ ਘੋਲੀਆਂ ਆਦਿ ਤੇ ਹੋਰ ਪਤਾ ਨਹੀਂ ਕਿੰਨੇ ਕੁ ਨਾਮਵਰ ਤੇ ਉੱਭਰ ਰਹੇ ਲੇਖਕਾਂ ਦੀਆਂ ਰਚਨਾਵਾਂ ਗਾਉਂਦਿਆਂ ਸਾਹਿਤਕ ਗਾਇਕੀ ਵਿਚ ਆਪਣਾ ਨਿੱਗਰ ਯੋਗਦਾਨ ਪਾ ਕੇ ਲੋਹਾ ਮਨਵਾਇਆ ਹੈ ਅਤੇ ਪਰਪੱਕ ਸੱਭਿਆਚਾਰਕ ਅਤੇ ਸਾਹਿਤਕ ਗਾਇਕ ਵਜੋਂ ਮਿਸਾਲ ਹੀ ਨਹੀਂ ਸਗੋਂ ਮੀਲ ਪੱਥਰ ਬਣਿਆ ਹੈ।

### ਅਮਰ ਹੋ ਗਏ ਲਿਖੇ ਅਤੇ ਗਾਏ ਗੀਤ

ਬਲਧੀਰ ਮਾਹਲਾ ਖ਼ੁਦ ਵੀ ਲਿਖਦਾ ਹੈ। ਊਲ-ਜਲੂਲ ਲਿਖਣਾ ਜਾਂ ਗਾਉਣਾ ਉਸਦੇ ਸਿਲੇਬਸ ਦੇ

**ਗੁਰਬਾਜ ਗਿੱਲ**

ਵਿਸ਼ੇ ਨਹੀਂ ਹਨ। ਸ਼ਬਦ ਸੁਹਜ ਉਸ ਕੋਲ ਬਹੁਤ ਹੈ। ਸੁੱਚੇ ਸ਼ਬਦਾਂ ਤੇ



ਅਰਥਾਂ ਦਾ ਉਸ ਨੂੰ ਗਿਆਨ ਹੈ। ਸ਼ਬਦ ਗੁੰਦਣੇ ਤੇ ਪਰੋਣੇ ਉਹਨੂੰ ਆਉਂਦੇ ਨੇ। ਉਹਦੇ ਲਿਖੇ ਤੇ ਗਾਏ ਕਈ ਗੀਤ ਅਮਰ ਹੋ ਗਏ ਨੇ ਅਤੇ ਯੁੱਗਾਂ-ਯੁੱਗਾਂ ਲਈ ਉਸ ਨੂੰ ਵੀ ਅਮਰ ਕਰ ਗਏ ਹਨ, ਜਿਵੇਂ (ਲੋਰੀ) 'ਕੁੱਕੂ ਰਾਣਾ ਰੋਂਦਾ', ਲੋਕ ਬੋਲਾਂ ਦੇ ਆਧਾਰਿਤ ਉਸ ਦੀ ''ਘੋੜੀ ਮਾਂ ਦਿਆ ਸੁਰਜਣਾ' ਜੋ ਬਹੁਤ ਸਾਰੇ ਕਲਾਕਾਰਾਂ ਲਈ ਰੁਜ਼ਗਾਰ ਦਾ ਵਸੀਲਾ ਵੀ ਬਣੀ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਟੀਆਂ ਦੇ ਯੁਵਕ ਮੇਲਿਆਂ-ਮੁਕਾਬਲਿਆਂ ਵਿਚ ਵੀ ਲੋਕ ਗੀਤ ਵਜੋਂ ਪ੍ਰਵਾਨਿਤ ਹੋਈ। ਉਸ ਦਾ ਜਨਮ ਦਿਨ ਲਈ ਗਾਇਆ ਗੀਤ 'ਅਸੀਂ ਮੌਜਾਂ ਮਾਣੀਆਂ ਮਾਹਲੇ ਚਾਚੇ ਨਾਲ (ਹੈਪੀ ਬਰਥ ਡੇ ਟੂ ਯੂ) ਨੂੰ ਭਲਾ ਕੌਣ ਭੁਲਾ ਸਕਦਾ ਹੈ ? ਬਲਧੀਰ ਮਾਹਲਾ ਕੋਈ ਦਿਨਾਂ ਵਿਚ ਹੀ ਲੇਖਕ ਜਾਂ ਲੋਕ ਗਾਇਕ ਨਹੀਂ ਬਣਿਆ। ਇਸ ਪਿੱਛੇ ਉਸ ਦੀ ਲਗਨ, ਸਖ਼ਤ ਤੋਂ ਸਖ਼ਤ ਮਿਹਨਤ ਅਤੇ ਬਹੁਤ ਵੱਡੀ ਘਾਲਣਾ ਹੈ ਜਿਸ ਕਰ ਕੇ ਬਲਧੀਰ ਮਾਹਲਾ ਦੇ ਬੋਲ ਲੋਕ ਵਿਰਾਸਤ ਅਤੇ ਲੋਕ ਗੀਤ ਬਣ ਗਏ ਹਨ।

### ਤੂੰਬੀ ਵਜਾਉਣ ਦੀ ਮੁਹਾਰਤ

ਬਲਧੀਰ ਮਾਹਲਾ ਇਕ ਸਤਿਕਾਰਤ ਤੇ ਸਥਾਪਤ ਹਸਤਾਖ਼ਰ ਹੈ। ਉਸਦੀ (ਤੂੰਬੀ) ਕੌਰਡਲਿਸ ਸੁਰੀਲੀ ਬਾਬਤ ਗੱਲ ਕਰੇ ਬਿਨਾਂ

**ਕਲਾ ਪਰਿਕਰਮਾ**

ਸਭ ਕੁਝ ਲਿਖਿਆ ਅਧੂਰਾ ਹੈ। ਉਸ ਨੇ ਖ਼ੁਦ ਉਸਤਾਦ ਯਮਲਾ ਜੱਟ ਜੀ ਵਾਲੀ ਤੂੰਬੀ ਨੂੰ ਬੈਟਰੀ, ਬਿਜਲਈ ਛੋਹ, ਸੰਗੀਤਕ ਯੰਤਰ, ਕਲੱਚ ਗੇਅਰ ਜਿਹੇ ਤੇ ਸੁਰਾਂ ਆਦਿ ਲਾ ਕੇ ਕੋਰਡਲੈੱਸ ਬਣਾ ਕੇ ਸੁਰੀਲੀ ਨਾਮ ਰੱਖਿਆ ਹੈ। ਉਸ ਦੀ ਤੂੰਬੀ ਵਜਾਉਣ ਦੀ ਮੁਹਾਰਤ ਬਾ-ਕਮਾਲ ਹੈ। ਉਸ ਨੇ ਗੁਰਾਂ ਤੇ ਸੁਰਾਂ ਨੂੰ ਨਤਮਸਤਕ ਹੋ ਕੇ ਸਾਰੀ ਦੁਨੀਆ ਵਿਚ ਬਹੁਤ ਨਾਮਣਾ ਖੱਟਿਆ ਹੈ।

### ਮਹਿੰਗੇ ਇਲਾਜ ਦੀ ਮਾਰ

ਉਹ ਅਡੋਲ ਹੈ। ਔਕੜਾਂ ਉਹਦੇ ਰਾਹਾਂ 'ਚ ਅਜੇ ਵੀ ਰੋੜਾ ਹਨ। ਪਹਿਲਾਂ ਉਸ ਨੂੰ ਕਾਲੇ ਪੀਲੀਏ ਨੇ ਨਪੀੜਿਆ ਅਤੇ ਮੌਤੋਂ ਬਚਿਆ। ਫੇਰ 2016 ਤੋਂ ਉਸ ਦੇ ਜਵਾਨ ਪੁੱਤ ਦੇ ਗੁਰਦੇ ਫੇਲ੍ਹ ਹੋ ਜਾਣ ਕਾਰਨ ਉਸਦੀ ਸੁਪਤਨੀ ਨੇ ਆਪਣੇ ਪੁੱਤ ਨੂੰ ਗੁਰਦਾ ਦਾਨ ਦਿੱਤਾ ਪਰ ਉਹ ਵੀ ਫੇਲ੍ਹ ਹੋਣ ਕਰ ਕੇ ਲੰਮੇ ਸਮੇਂ ਤੋਂ ਹਰ ਤੀਜੇ ਦਿਨ ਡਾਇਲਸਿਸ ਹੁੰਦਾ ਹੈ। ਪੀਜੀਆਈ ਤੋਂ ਮਹਿੰਗੇ ਇਲਾਜ ਦੀ ਮਾਰ ਨੂੰ ਝੱਲ ਰਿਹਾ ਕਿਸੇ ਗੁਰਦਾ ਦਾਨੀ ਦੀ ਇੰਤਜ਼ਾਰ ਕਰ ਰਿਹਾ ਹੈ। ਇਨ੍ਹਾਂ ਦੁੱਖਾਂ ਵਿਚ ਸਾਰੇ ਸਹਿਯੋਗੀ ਦੋਸਤਾਂ ਭੈਣ-ਭਰਾਵਾਂ ਦਾ ਧੰਨਵਾਦੀ ਹੈ ਜੋ ਉਸਦੀਆਂ ਬਾਹਵਾਂ ਬਣੇ ਨੇ।




ਹੁਣ ਉਸ ਦੇ ਦੋਸਤਾਂ ਫ਼ੈਸਲਾ ਕੀਤਾ ਹੈ ਕਿ ਉਸਦੀ ਗਾਇਕੀ ਦਾ ਸੂਰਜ ਅਸਤ ਨਹੀਂ ਹੋਣ ਦਿੱਤਾ ਜਾਵੇਗਾ। ਉਹ ਮਘੇਗਾ, ਚਮਕੇਗਾ ਅਤੇ ਨੇਰ੍ਹੇ ਰਾਹਾਂ ਨੂੰ ਰੁਸ਼ਨਾਵੇਗਾ। ਉਨ੍ਹਾਂ ਉਸ ਦੇ ਯੂ ਟਿਊਬ ਚੈਨਲ ਦਾ ਨਾਮ ਬਲਧੀਰ ਮਾਹਲਾ ਅਫੀਸ਼ਿਯਲਜ਼ ਰੱਖਿਆ ਹੈ ਤਾਂ ਕਿ ਜੋ ਉਸ ਦੀ ਆਰਥਿਕਤਾ ਵਿਚ ਮਦਦਗਾਰ ਬਣੇ। ਬੜੀ ਹੀ ਜਲਦੀ ਉਸ ਦੇ ਨਵੇਂ ਅਤੇ ਨਿਵੇਕਲੇ ਗੀਤ ਵੇਖਣ ਸੁਣਨ ਨੂੰ ਮਿਲਣਗੇ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਜੁਲਾਈ 2025 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-701



*ਵਾਂਢੇ ਜਾਣ ਤੋਂ ਪਹਿਲਾਂ ਨਿੱਕੀਏ, ਆ ਜਾ ਤੈਨੂੰ ਸਜਾ ਦੇਵਾਂ,*
*ਸਿਰ 'ਤੇ ਲਾਲ ਰੁਮਾਲ ਬੰਨ੍ਹ ਕੇ, ਖੁਸ਼ੀਆਂ ਤੇ ਚਾਅ ਦੇਵਾਂ।*
*ਕੋਟੀ, ਸਲਵਾਰ ,ਗੁਲਾਬੀ ਚੱਪਲ, ਲੱਗੇਂ ਤੂੰ ਮਿਜਾਜ਼ਣ ਨੀਂ,*
*ਦੇਖ ਦੇਖ ਨਹੀਂ ਜੀਅ ਹੈ ਭਰਦਾ, ਲੱਗੇਂ ਤੂੰ ਸਾਹਿਬਣ ਨੀਂ।*

### ਕੈਪਸ਼ਨ ਮੁਕਾਬਲਾ-699



ਜਾਗ ਪਏ ਧਰਤੀ ਦੇ ਪੁੱਤਰ,
ਕੀ ਬੱਚਾ, ਬੁੱਢਾ ਕੀ ਜਵਾਨ,
ਚੁੱਕ ਲਿਆ ਹੈ ਝੰਡਾ ਸਭ ਨੇ,
ਹੋ ਕੇ ਸਰਕਾਰਾਂ ਤੋਂ ਪ੍ਰੇਸ਼ਾਨ।
ਹੱਥ ਪਾ ਕੇ ਵੈਰੀ ਨੇ ਪੱਗ ਨੂੰ,
ਜਗਾ ਦਿੱਤਾ ਸੁੱਤਾ ਕਿਸਾਨ,
ਜ਼ਮੀਨ ਸਭ ਦੀ ਮਾਂ ਹੁੰਦੀ ਹੈ,
ਸੁੱਕਾ ਜਾਏ ਨ ਹੁਣ ਸ਼ੈਤਾਨ।
***-ਸੇਵਾ ਸਿੰਘ "ਨੂਰਪੁਰੀ "***

---

ਤੱਕ ਤਸਵੀਰ ਪੁਰਾਣੀ ਯਾਦ ਆਈ,
ਜਦੋਂ ਪੰਜਾਬੀਆਂ ਬਾਜ਼ੀਆਂ ਮਾਰੀਆਂ ਸਨ।
ਬੱਚੇ, ਬੁੱਢੇ, ਜਵਾਨ ਸਭ ਹੋਏ 'ਕੱਠੇ,
ਔਰਤਾਂ ਨੇ ਵੀ ਚੁੱਕੀਆਂ ਜ਼ਿੰਮੇਵਾਰੀਆਂ ਸਨ।
ਘੇਰੀ ਦਿੱਲੀ ਸੀ ਜਾਮ ਸਰਕਾਰ ਹੋਈ,
ਮੀਲਾਂ ਤੱਕ ਟਰਾਲੀਆਂ ਲਾਰੀਆਂ ਸਨ।
ਨੱਕੀਂ ਦਮ ਕੀਤਾ
'ਛੱਪਨ-ਇੰਚੀ' ਛਾਤੀਆਂ ਦੇ,
ਚਾਲਾਂ ਚੱਲੀਆਂ ਜਿਨ੍ਹਾਂ ਕੋਝੀਆਂ ਕਾਰੀਆਂ ਸਨ।
ਗੋਡਿਆਂ-ਭਾਰ ਸੀ ਅੰਤ ਸਰਕਾਰ ਹੋਈ,
ਬੂਰ ਪਿਆ ਜਿਨ੍ਹਾਂ ਜਾਨਾਂ ਵਾਰੀਆਂ ਸਨ।
ਲੋਕਾਂ ਜਿੱਤ ਤਾਂ ਲਿਆ ਸੀ ਘੋਲ ਔਖਾ,
ਢਿੱਲ ਵਰਤੀ ਜਿਨ੍ਹਾਂ ਸਿਰ ਜ਼ਿੰਮੇਵਾਰੀਆਂ ਸਨ।
ਸ਼ਾਹ ਮੁਹੰਮਦਾ ਮੁੜ ਤੂੰ ਯਾਦ ਆਇਆ,
'ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ' ਸਨ।
ਘੋਲ ਆ ਖੜ੍ਹਿਆ ਜਿੱਥੋਂ ਚੱਲਿਆ ਸੀ,
ਅਜੇ ਕਿੰਨੀਆਂ ਕੁ ਹੋਰ ਖੁਆਰੀਆਂ ਹਨ?
***-ਗੁਰਬਖਸ਼ ਸਿੰਘ 'ਨਾਕਾਮ'***

ਮਾਂ ਧਰਤੀਏ ਤੇਰੀ ਹੋਂਦ ਨੂੰ,
ਪਏ ਖਤਰੇ ਭਾਰੀ।
ਪੁੱਤ ਤੋਂ ਮਾਂ ਨੂੰ ਖੋਹਣ ਦੀ,
ਹਾਕਮਾਂ ਕਰੀ ਤਿਆਰੀ।
ਖਲਕਤ ਰੋਹ ਵਿਚ ਆ ਗਈ,
ਹੱਥੀਂ ਝੰਡੇ ਫੜ ਕੇ।
ਮਰਨ ਮਾਰਨ ਲਈ ਤਿਆਰ ਨੇ,
ਦੁਸ਼ਮਣ ਨਾਲ ਲੜ ਕੇ।
***-ਗੁਰਦੇਵ ਸਿੰਘ ਢਪਾਲੀ***

---

ਮੁੱਛ-ਫੁੱਟ ਗੱਭਰੂ ਚੁੱਕ ਕੇ ਝੰਡੇ
ਸਰਕਾਰਾਂ ਨੂੰ ਲਲਕਾਰਨ।
ਬੇਬੇ ਬਾਪੂ ਵੀ ਪਿੱਛੇ ਤੁਰ ਪਏ
ਸਿਸਟਮ ਨੂੰ ਲਲਕਾਰਨ।
ਜ਼ਮੀਨ ਦੀ ਰਾਖੀ ਮਾਂ ਦੀ ਰਾਖੀ
ਚੱਲ ਪਏ ਜਾਨਾਂ ਵਾਰਨ।
ਕਿਹੜਾ ਖੜ੍ਹ ਜੂ ਇਨ੍ਹਾਂ ਮੂਹਰੇ
ਜਦ ਇਹ ਮਨ ਵਿਚ ਧਾਰਨ।
***- ਕੇਵਲ ਸਿੰਘ ਕਲਾਹੜ***

---

ਵੱਡੇ, ਛੋਟਿਆਂ ਨੂੰ ਅੱਗੇ ਲਾ ਕੇ
ਗੱਲ ਇਕੋ ਸਮਝਾਉਂਦੇ
ਬਿਨਾਂ ਸੰਘਰਸ਼ ਤੋਂ ਗੱਲ ਨੀ ਬਣਦੀ,
ਲੋਕੀਂ ਜਾਂਦੇ ਆਉਂਦੇ।
ਇਨਕਲਾਬ ਉਨ੍ਹਾਂ ਦੇ ਹਿੱਸੇ ਆਉਂਦਾ
ਜਿਹੜੇ ਜਾਨਾਂ ਆਪਣੀਆਂ ਲਾਉਂਦੇ।
***-ਲੋਕਨਾਥ ਸ਼ਰਮਾ***

---

ਮਨੁੱਖੀ ਹੱਕਾਂ ਲਈ
ਸ਼ੁਰੂ ਤੋਂ ਹੁੰਦੇ ਰਹੇ ਮੁਜ਼ਾਹਰੇ
ਕਾਮਰੇਡਾਂ ਗਰੀਬਾਂ ਦੀ ਬਾਂਹ ਫੜੀ
ਸਾਮਰਾਜ ਵਿਰੋਧੀ ਲਾਉਂਦੇ ਸੀ ਨਾਅਰੇ।
ਸਾਮਰਾਜੀਆਂ ਗਰੀਬ ਫੁਸਲਾ ਕੇ
ਆਪਣੇ ਹੱਕ ਵਿਚ ਕੀਤੇ
ਚੋਣਾਂ ਪਿੱਛੋਂ ਕੱਟੇ ਲੋਕਾਂ ਦੇ ਖੀਸੇ।
ਭੇਸ ਬਦਲ ਕੇ ਕਾਮਰੇਡਾਂ
'ਆਪ' ਪਾਰਟੀ ਬਣਾਈ
ਇਮਾਨਦਾਰੀ ਨਾਲ ਲੋਕਾਂ ਦੇ ਕੰਮ ਕਰਕੇ
ਸਵੈਮਵਾਦੀਆਂ ਦੀ ਗੋਣਡੀ ਲਵਾਈ।
***-ਅਮਰਜੀਤ ਸਿੰਘ ਤੂਰ***

# ਜਦੋਂ ਤੱਕ ਰਾਤ ਬਾਕੀ ਹੈ...

1158 ਸਹਾਇਕ ਪ੍ਰੋਫੈਸਰਾਂ ਤੇ ਲਾਈਬ੍ਰੇਰੀਅਨਾਂ ਦੀ ਭਰਤੀ ਸੁਪਰੀਮ ਕੋਰਟ ਨੇ ਪਿਛਲੀ ਦਿਨੀਂ ਰੱਦ ਕਰਨ ਦਾ ਫੈਸਲਾ ਸੁਣਾ ਦਿੱਤਾ ਹੈ। ਇਸ ਇੱਕ ਤਰਫਾ ਫੈਸਲੇ ਨੇ ਜਿੱਥੇ ਉਨ੍ਹਾਂ ਹਜ਼ਾਰਾਂ ਹੀ ਨੌਜਵਾਨਾਂ ਦਾ ਭਵਿੱਖ ਹਨੇਰੇ ਵਿਚ ਧੱਕ ਦਿੱਤਾ ਹੈ, ਉੱਥੇ ਸੂਬਾ ਸਰਕਾਰਾਂ ਅਤੇ ਇਨਸਾਫ ਦੀਆਂ ਅਲੰਬਰਦਾਰ ਅਖਵਾਉਂਦੀਆਂ ਅਦਾਲਤਾਂ ਦੀ ਭਰੋਸੇਯੋਗਤਾ ਉਪਰ ਵੀ ਸਵਾਲੀਆ ਚਿੰਨ੍ਹ ਲਾਉਣ ਦੇ ਨਾਲ ਨਾਲ ਪੰਜਾਬ ਦੀ ਉਚੇਰੀ ਸਿੱਖਿਆ ਦੇ ਮਰਨ ਕੰਢੇ ਪਏ ਸਰਕਾਰੀ ਤੰਤਰ ਦੇ ਟੁੱਟੇ ਲੱਕ ਉਪਰ ਵੀ ਆਖਰੀ ਮਾਰੂ ਸੱਟ ਮਾਰੀ ਹੈ।

2021 ਵਿਚ ਕਾਂਗਰਸ ਦੀ ਚੰਨੀ ਸਰਕਾਰ ਵੇਲੇ 26 ਸਾਲਾਂ ਬਾਅਦ ਪੰਜਾਬ ਤੇ ਸਰਕਾਰੀ ਕਾਲਜਾਂ ਵਿਚ ਇਹ ਪੱਕੀ ਭਰਤੀ ਨਿਕਲੀ ਸੀ।

**ਮਲਿਕਾ ਮੰਡ**

ਉਸ ਵੇਲੇ ਦੇ ਸਿੱਖਿਆ ਮੰਤਰੀ ਸਰਦਾਰ ਪ੍ਰਗਟ ਸਿੰਘ ਜੀ ਅਤੇ ਧਾਕੜ ਅਫਸਰ ਵਜੋਂ ਜਾਣੇ ਜਾਂਦੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਹੋਰਾਂ ਨੇ ਇਸ ਭਰਤੀ ਨੂੰ ਕੇਵਲ ਮੈਰਿਟ ਦੇ ਆਧਾਰ ਉਪਰ ਬੇਹੱਦ ਫੁਰਤੀ ਨਾਲ ਪੂਰਾ ਕਰਨ ਦਾ ਅਲੋਕਾਰ ਕੰਮ ਕਰ ਵਿਖਾਇਆ। ਤਕਰੀਬਨ 45 ਕੁ ਦਿਨਾਂ ਵਿਚ ਇਸ ਭਰਤੀ ਨੂੰ ਸਿਰੇ ਚਾੜਿਆ ਗਿਆ, ਜਿਸ ਵਿਚ ਨਾ ਕੋਈ ਸਿਫਾਰਿਸ਼ ਚੱਲੀ ਅਤੇ ਨਾ ਹੀ ਰਿਸ਼ਵਤ। ਕਿਸੇ ਕਿਸਮ ਦੀ ਬੇਨਿਯਮੀ ਤੋਂ ਬਚਣ ਲਈ ਇੰਟਰਵਿਊ ਤੋਂ ਬਿਨਾਂ ਸਿਰਫ ਲਿਖਤੀ ਟੈਸਟ ਅਤੇ ਯੋਗਤਾ ਨੂੰ ਹੀ ਆਧਾਰ ਬਣਾਇਆ ਗਿਆ। ਨਤੀਜਾ ਇਹ ਹੋਇਆ ਕਿ ਸੈਂਕੜੇ ਹੀ ਸਧਾਰਨ ਘਰਾਂ ਦੇ ਹੋਣਹਾਰ ਉਮੀਦਵਾਰ ਇਸ ਭਰਤੀ ਰਾਹੀਂ ਸਲੈਕਟ ਹੋਏ। ਇੱਕ ਉਮੀਦ ਜਾਗੀ ਕਿ ਪਿਛਲੇ ਢਾਈ ਦਹਾਕਿਆਂ ਤੋਂ ਰੈਗੂਲਰ ਅਧਿਆਪਕਾਂ ਨੂੰ ਉਡੀਕਦੇ ਮਰਨ ਕੰਢੇ ਪਏ ਸਰਕਾਰੀ ਕਾਲਜਾਂ ਵਿਚ ਹੁਣ ਨਵੀਂ ਰੂਹ ਫੂਕੀ ਜਾਣੀ ਤੈਅ ਸੀ।

ਪ੍ਰੰਤੂ ਇਨ੍ਹਾਂ ਕਾਲਜਾਂ ਵਿਚ ਰੈਗੂਲਰ ਭਰਤੀਆਂ ਦੇ ਖ਼ਲਾਅ ਵਜੋਂ ਪੈਦਾ ਹੋ ਚੁੱਕੇ ਗੈਸਟ ਫੈਕਲਟੀ ਅਧਿਆਪਕ ਜਿਨ੍ਹਾਂ ਨੂੰ ਆਰਜੀ ਤੌਰ 'ਤੇ ਕੰਮ ਚਲਾਉਣ ਲਈ ਭਰਤੀ ਕੀਤਾ ਗਿਆ ਸੀ ਅਤੇ ਜਿਨ੍ਹਾਂ 'ਚੋਂ ਬਹੁ-ਗਿਣਤੀ ਕਾਲਜ ਅਧਿਆਪਨ ਦੀਆਂ ਮੁੱਢਲੀਆਂ ਸ਼ਰਤਾਂ ਵੀ ਪੂਰੀਆਂ ਨਹੀਂ ਸਨ ਕਰਦੇ ਉਨ੍ਹਾਂ 'ਚੋਂ ਕਈ ਗੈਸਟ ਫੈਕਲਟੀ ਅਧਿਆਪਕਾਂ ਨੇ ਵੀ ਇਸ ਪ੍ਰਕਿਰਿਆ 'ਚ ਭਾਗ ਲਿਆ, ਜਿਨ੍ਹਾਂ 'ਚੋਂ 30 ਦੇ ਕਰੀਬ ਇਸ ਵਿਚ ਸਲੈਕਟ ਵੀ ਹੋ ਗਏ। ਪਰ ਜੋ ਬੰਦੇ ਇਹ ਪੇਪਰ ਪਾਸ ਨਾ ਕਰ ਸਕੇ ਉਨ੍ਹਾਂ ਨੇ ਇਹਦੇ ਵਿਰੁੱਧ ਕੋਰਟ ਵਿਚ ਕੇਸ ਕਰ ਦਿੱਤੇ। ਉਨ੍ਹਾਂ ਇਸ ਭਰਤੀ ਨੂੰ ਕੇਸਾਂ ਵਿਚ ਉਲਝਾ ਕੇ ਐਸਾ ਰੋਲ-ਘਚੋਲ ਪਾਇਆ ਕਿ ਪਹਿਲਾਂ ਹਾਈਕੋਰਟ ਦੇ ਸਿੰਗਲ ਬੈਂਚ ਅਤੇ ਹੁਣ ਸੁਪਰੀਮ ਕੋਰਟ ਵਿਚ ਇਸ ਭਰਤੀ ਨੂੰ ਰੱਦ ਕਰਾ ਕੇ ਹੀ ਸਾਹ ਲਿਆ। ਹਾਸੋ-ਹੀਣੀ ਗੱਲ ਇਹ ਜਾਪਦੀ ਹੈ ਕਿ ਇਸ 1158 ਸਹਾਇਕ ਪ੍ਰੋਫੈਸਰਾਂ ਤੇ ਲਾਈਬ੍ਰੇਰੀਅਨਾਂ ਦੀ ਭਰਤੀ ਖ਼ਿਲਾਫ ਅਦਾਲਤ ਵਿਚ ਬੇਨਿਯਮੀਆਂ ਅਤੇ ਊਣਤਾਈਆਂ ਦੀ ਗੱਲ ਕਰਨ ਵਾਲੇ ਗੈਸਟ ਫੈਕਲਟੀ ਅਧਿਆਪਕਾਂ ਦੀਆਂ ਆਪਣੀਆਂ ਭਰਤੀਆਂ ਬਿਨਾਂ ਕਿਸੇ ਨਿਯਮ ਕਾਨੂੰਨ ਦੇ ਕੀਤੀਆਂ ਗਈਆਂ ਸਨ।



ਹੁਣ ਸਵਾਲ ਇਹ ਉਠਦਾ ਹੈ ਕਿ ਨਾ ਤਾਂ ਸ਼ਰੇਆਮ ਰਿਸ਼ਵਤ ਦੇ ਦੋਸ਼ਾਂ ਹੇਠ ਆਈ 1996 ਦੀ ਰਵੀ ਸਿੱਧੂ ਵਾਲੀ ਭਰਤੀ ਰੱਦ ਹੋਈ ਤੇ ਨਾ ਹੀ ਨੀਟ ਦੀ ਪ੍ਰੀਖਿਆ ਜਿਸ ਵਿਚ ਸ਼ਰੇਆਮ ਧਾਂਦਲੀ ਦੇ ਦੋਸ਼ ਲੱਗੇ ਸਨ, ਪਰ ਫਿਰ 1158 ਦੀ ਸਾਫ-ਸੁਥਰੀ ਭਰਤੀ ਰੱਦ ਹੋਣ ਮਗਰ ਭਲਾ ਕੀ ਤਰਕ ਹੋਇਆ। ਪੜੀ-ਲਿਖੀ ਨੌਜਵਾਨੀ ਦੇ ਮੌਜੂਦਾ ਪ੍ਰਬੰਧ ਵਿਚ ਗੈਰ ਵਿਸ਼ਵਾਸਯੀ ਕਾਰਨ ਵਿਦੇਸ਼ਾਂ ਨੂੰ ਪ੍ਰਵਾਸ ਹੋ ਰਿਹਾ ਹੈ, ਸਸਤੀ ਸਿਹਤ ਅਤੇ ਸਿੱਖਿਆ ਮੁਹੱਈਆ ਕਰਾਉਣ ਤੋਂ ਸਰਕਾਰਾਂ ਨਿਰੰਤਰ ਮੂੰਹ ਮੋੜ ਰਹੀਆਂ ਹਨ, ਸਰਕਾਰੀ ਕਾਲਜਾਂ ਦੀਆਂ ਅਰਬਾਂ ਦੀਆਂ ਮਹਿੰਗੀਆਂ ਜ਼ਮੀਨਾਂ 'ਤੇ ਕਈਆਂ ਦੀ ਅੱਖ ਹੈ, ਇਨ੍ਹਾਂ ਸਰਕਾਰੀ ਕਾਲਜਾਂ ਨੂੰ ਅਟੋਨੋਮਸ ਕਰਨ ਦੀ ਆੜ ਹੇਠ ਇਨ੍ਹਾਂ 'ਤੋਂ ਹੱਥ ਪਿੱਛੇ ਖਿੱਚਣ ਵਾਲੀ ਸਰਕਾਰੀ ਨੀਤੀ ਚੱਲ ਰਹੀ ਹੈ, ਦੂਜੇ ਪਾਸੇ ਪੰਜਾਬ ਵਿਚ ਖੁੰਬਾਂ ਵਾਂਗ ਪ੍ਰਾਈਵੇਟ ਕਾਲਜਾਂ ਤੇ ਯੂਨੀਵਰਸਿਟੀਆਂ ਦਾ ਜਾਲ ਵਿਛਦਾ ਜਾ ਰਿਹਾ ਹੈ। ਉਸ ਪ੍ਰਸੰਗ ਵਿਚ ਸਸਤੀ ਮਿਆਰੀ ਸਿੱਖਿਆ ਤੋਂ ਗਰੀਬ ਘਰਾਂ ਦੇ ਵਿਦਿਆਰਥੀਆਂ ਨੂੰ ਵਾਂਝੇ ਕਰਨ ਵਾਲਾ ਇਹ ਫੈਸਲਾ ਸਮਝ ਵਿਚ ਆਉਂਦਾ ਹੈ।

ਇਹ ਕਿਹਾ ਗਿਆ ਕਿ ਇਹ ਭਰਤੀ ਕਾਂਗਰਸ ਸਰਕਾਰ ਨੇ ਸਿਆਸੀ ਲਾਹਾ ਲੈਣ ਲਈ ਵੋਟਾਂ ਦੇ ਨੇੜੇ ਜਾ ਕੇ ਕਾਹਲੀ 'ਚ ਪੂਰੀ ਕੀਤੀ। ਕੋਈ ਕੰਮ ਫੁਰਤੀ ਨਾਲ ਕੀਤਾ ਗਿਆ, ਇਹ ਉਹਦੀ ਖੂਬੀ ਹੋਣੀ ਚਾਹੀਦੀ ਹੈ, ਜਿਸ ਨੂੰ ਕਿ ਕਮੀ ਬਣਾ ਕੇ ਪੇਸ਼ ਕੀਤਾ ਗਿਆ। 26 ਸਾਲਾਂ ਦਾ ਸਮਾਂ, ਜਿਸ ਵਿਚ ਇੱਕ ਪੀੜੀ ਜੰਮ ਕੇ ਜਵਾਨ ਹੋ ਜਾਂਦੀ ਹੈ, ਇੰਨੇ ਸਮੇਂ ਬਾਅਦ ਇਹ ਭਰਤੀ ਸਰਕਾਰੀ ਕਾਲਜਾਂ ਵਿਚ ਆਈ, ਪਰ ਇਹ ਕਾਹਲੀ ਲੱਗੀ ਕਈਆਂ ਨੂੰ।

ਇਸ ਤਰਕ ਵਿਚ ਵੀ ਕੋਈ ਜਾਨ ਨਹੀਂ ਜਾਪਦੀ ਕਿ ਵੋਟਾਂ ਦੇ ਨੇੜੇ ਭਰਤੀ ਸਿਆਸੀ ਲਾਹਾ ਲੈਣ ਲਈ ਕੀਤੀ ਗਈ। ਸਾਰੇ ਸੂਬਿਆਂ ਦੀਆਂ ਸਰਕਾਰਾਂ ਬਹੁਤੇ ਕੰਮ ਭਰਤੀਆਂ ਕਰਨੀਆਂ, ਗਲੀਆਂ-ਨਾਲੀਆਂ ਪੱਕੀਆਂ ਕਰਨੀਆਂ, ਸੜਕਾਂ ਬਣਾਉਣੀਆਂ ਆਦਿ ਅਮਲੀ ਰੂਪ ਵਿਚ ਮਗਰਲੇ ਸਾਲ-ਡੇਢ ਸਾਲ ਵਿਚ ਹੀ ਕਰਦੀਆਂ ਨੇ।

ਦੂਜੀ ਗੱਲ ਆਉਂਦੀ ਹੈ ਯੂ.ਜੀ.ਸੀ. ਦੀਆਂ 2018 ਦੀਆਂ ਸ਼ਰਤਾਂ ਨਾ ਮੰਨਣ ਦੀ। ਇਸ ਦਾ ਤਰਕ ਇਹ ਹੈ ਕਿ ਪੰਜਾਬ ਸਰਕਾਰ ਨੇ ਯੂ.ਜੀ.ਸੀ. ਦੀਆਂ 2018 ਵਾਲੀਆਂ ਗਾਈਡਲਾਈਨਜ 2022 'ਚ ਅਪਣਾਈਆਂ, ਜਦਕਿ ਇਹ ਭਰਤੀ 2021 'ਚ ਨਿਕਲੀ ਸੀ।

ਵੈਸੇ ਵੀ ਯੂ.ਜੀ.ਸੀ. ਦੀਆਂ ਸ਼ਰਤਾਂ ਦੋ ਹਿੱਸਿਆਂ 'ਚ ਨੇ। ਇੱਕ ਮੁੱਢਲੀਆਂ ਸ਼ਰਤਾਂ ਰੈਗੂਲੇਸ਼ਨ ਜਿਨ੍ਹਾਂ ਨੂੰ ਮੰਨਣਾ ਲਾਜ਼ਮੀ ਹੈ ਅਤੇ ਦੂਜੀਆਂ ਗਾਈਡਲਾਈਨਜ ਜਿਨ੍ਹਾਂ ਬਾਰੇ ਸਰਕਾਰਾਂ ਆਪਣਿਆਂ ਅਨੁਸਾਰ ਫੈਸਲੇ ਲੈ ਸਕਦੀਆਂ ਨੇ। ਮੁਢਲੀਆਂ ਸ਼ਰਤਾਂ ਜੋ ਕਿ ਯੂ.ਜੀ.ਸੀ. ਨੈੱਟ, ਐਮ.ਏ. 'ਚੋਂ 55% ਨੰਬਰ ਜਾਂ ਪੀ.ਐਚ.ਡੀ. ਹੈ, ਇਸ ਭਰਤੀ ਵਿਚ ਮੰਨੀ ਗਈ। ਜਦ ਕਿ ਬਾਕੀ ਦੀਆਂ ਗਾਈਡਲਾਈਨਜ ਸਰਕਾਰ ਮੰਨਣ ਦੀ ਪਾਬੰਦ ਨਹੀਂ ਹੈ। ਕੀ ਅੱਗੇ ਵੀ ਪੰਜਾਬ ਸਰਕਾਰ ਯੂ.ਜੀ.ਸੀ. ਦੀਆਂ ਸਾਰੀਆਂ ਸ਼ਰਤਾਂ ਮੰਨਦੀ ਰਹੀ ਹੈ?

ਯੂ.ਜੀ.ਸੀ. ਕਿਸੇ ਸੰਸਥਾ ਵਿਚ ਰੈਗੂਲਰ ਅਤੇ ਅਡਹੋਕ ਦੀ 90:10 ਦੇ ਅਨੁਪਾਤ ਦੀ ਗੱਲ ਕਰਦੀ ਹੈ। ਪੰਜਾਬ ਦੀਆਂ ਸਰਕਾਰਾਂ 26 ਸਾਲ ਸਰਕਾਰੀ ਕਾਲਜਾਂ ਨੂੰ 10% ਪੱਕੇ ਅਤੇ 90% ਕੱਚੇ ਅਧਿਆਪਕਾਂ ਨਾਲ ਚਲਾਉਂਦੀ ਰਹੀ, ਉਦੋਂ ਯੂ.ਜੀ.ਸੀ. ਦੇ ਨਿਯਮ ਕਿੱਥੇ ਸਨ। ਯੂ.ਜੀ.ਸੀ. ਕਹਿੰਦੀ ਪ੍ਰੋਬੇਸ਼ਨ 'ਤੇ ਵੀ ਮੁਲਾਜ਼ਮ ਨੂੰ ਪੂਰੀ ਤਨਖਾਹ ਦਿਓ, ਜਦ ਕਿ ਪੰਜਾਬ ਸਰਕਾਰ ਤਿੰਨ ਸਾਲ ਤੇ ਬੇਸਿਕ ਪੇਅ ਦੀ ਸ਼ਰਤ ਨਾਲ ਸਾਰੀਆਂ ਕਲਾਸ ਵਨ ਭਰਤੀਆਂ ਕਰਦੀ ਰਹੀ ਹੈ। ਯੂ.ਜੀ.ਸੀ. ਅਨੁਸਾਰ ਪ੍ਰੋਫੈਸਰਾਂ ਦੀ ਰਿਟਾਇਰਮੈਂਟ ਦੀ ਉਮਰ 65 ਸਾਲ ਹੈ, ਜਦਕਿ ਪੰਜਾਬ ਸਰਕਾਰ 58 ਸਾਲ 'ਚ ਪ੍ਰੋਫੈਸਰਾਂ ਨੂੰ ਰਿਟਾਇਰ ਕਰਦੀ ਰਹੀ। ਯੂ.ਜੀ.ਸੀ. ਅਨੁਸਾਰ ਐਸੋਸੀਏਟ ਪ੍ਰੋਫੈਸਰ ਅਤੇ ਪ੍ਰਿੰਸੀਪਲ ਬਣਨ ਲਈ API ਸਕੋਰ ਵਿਚ 400 ਨੰਬਰਾਂ ਅਤੇ ਪੀ.ਐਚ.ਡੀ ਦੀ ਸ਼ਰਤ ਲਾਉਂਦੀ ਹੈ ਜਦ ਕਿ ਪੰਜਾਬ ਸਰਕਾਰ ਦੇ ਸਰਕਾਰੀ ਕਾਲਜਾਂ ਵਿਚ ਅੱਜ ਵੀ ਬਿਨਾਂ ਪੀਐਚ.ਡੀ. ਤੋਂ ਕਈ ਲੋਕ ਪ੍ਰਿੰਸੀਪਲਾਂ ਦੀਆਂ ਕੁਰਸੀਆਂ 'ਤੇ ਬੈਠੇ ਹਨ। ਜਾਪਦਾ ਹੈ ਕਿ ਯੂ.ਜੀ.ਸੀ. ਦੀਆਂ ਸਾਰੀਆਂ ਸ਼ਰਤਾਂ ਸਿਰਫ 1158 ਪ੍ਰੋਫੈਸਰਾਂ ਤੇ ਹੀ ਲਾਗੂ ਹੁੰਦੀਆਂ ਸਨ ਬਾਕੀ ਕਿਸੇ 'ਤੇ ਨਹੀਂ।

ਦੂਜੀ ਗੱਲ ਸੁਪਰੀਮ ਕੋਰਟ ਵੱਲੋਂ ਇਹ ਚੁੱਕੀ ਗਈ ਕਿ 1158 ਦੀ ਭਰਤੀ ਸਰਕਾਰ ਵੱਲੋਂ ਪੀ.ਪੀ.ਐਸ.ਸੀ. ਦੀ ਬਜਾਏ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਿਪਾਰਟਮੈਂਟ ਆਫ ਹਾਇਰ ਐਜੂਕੇਸ਼ਨ ਪੰਜਾਬ ਦੀ ਸਰਪਰਸਤੀ ਹੇਠ ਕਿਉਂ ਕਰਵਾਈ ਗਈ? ਇੱਥੇ ਯਾਦ ਰੱਖਣਾ ਜ਼ਰੂਰੀ ਹੈ ਕਿ ਪੰਜਾਬ ਅਜਿਹਾ ਕਰਨ ਵਾਲਾ ਪਹਿਲਾ ਸੂਬਾ ਨਹੀਂ ਹੈ। ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਅਤੇ ਕਰਨਾਟਕਾ ਵਰਗੇ ਸੂਬਿਆਂ ਆਪਣੀਆਂ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਭਰਤੀਆਂ ਪਬਲਿਕ ਸਰਵਿਸ ਕਮਿਸ਼ਨਰ ਦੀ ਬਜਾਏ ਆਪਣੇ ਬੋਰਡ ਬਣਾ ਕੇ ਕਰਾਉਂਦੇ ਰਹੇ ਹਨ। 2021 ਚ ਮੱਧ ਪ੍ਰਦੇਸ਼ 'ਚ ਹੋਈ ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਕੇਵਲ ਲਿਖਤੀ ਟੈਸਟ 'ਤੇ ਆਧਾਰਿਤ ਹੋਈ। ਅਤੇ ਇਸ ਭਰਤੀ ਦੇ ਹੱਕ ਵਿਚ ਤਾਂ ਸੁਪਰੀਮ ਕੋਰਟ ਖੁਦ ਫੈਸਲਾ ਸੁਣਾ ਚੁੱਕੀ ਹੈ।

ਪੰਜਾਬ ਸਰਕਾਰ ਕਲਾਸ ਵਨ ਅਫਸਰਾਂ ਦੀਆਂ ਭਰਤੀਆਂ ਇਸ ਤੋਂ ਪਹਿਲਾਂ ਵੀ ਪੀ.ਪੀ.ਐਸ.ਸੀ. ਦੀ ਬਜਾਏ ਹੋਰ ਧਿਰਾਂ ਤੋਂ ਕਰਾਉਂਦੀ ਰਹੀ ਹੈ। ਪੰਜਾਬ ਸਰਕਾਰ ਮੈਡੀਕਲ ਅਫਸਰ ਡਾਕਟਰਾਂ ਦੀ ਭਰਤੀ ਪੀ.ਪੀ.ਐਸ.ਸੀ.ਦੀ ਬਜਾਏ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਤੋਂ ਕਰਾ ਚੁੱਕੀ ਹੈ। ਜੱਜਾਂ ਦੀ ਭਰਤੀ ਵੀ ਪਿਛਲੇ ਸਮੇਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੀ.ਪੀ.ਐਸ.ਸੀ. ਨੂੰ ਬਾਈਪਾਸ ਕਰਕੇ ਸਿੱਧੀ ਆਪ ਕੀਤੀ ਸੀ। ਜੇ ਉਹ ਭਰਤੀਆਂ ਗੈਰ-ਕਾਨੂੰਨੀ ਨਹੀਂ, ਤਾਂ 1158 ਵਾਰੀ ਭਰਤੀ ਗੈਰ-ਕਾਨੂੰਨੀ ਕਿਵੇਂ ਹੋਈ?

ਉਪਰੋਕਤ ਸਾਰੇ ਕਾਨੂੰਨੀ ਨੁਕਤੇ ਸੁਪਰੀਮ ਕੋਰਟ ਵਿਚ ਰੱਖੇ ਜਾ ਸਕਦੇ ਸਨ। ਪਰ ਅਫਸੋਸ ਕਿ ਸਰਕਾਰੀ ਵਕੀਲ ਅਟਾਰਨੀ ਜਨਰਲ 1158 ਕੇਸ ਦੇ ਸੰਬੰਧ ਵਿਚ ਸੁਪਰੀਮ ਕੋਰਟ ਅੱਗੇ ਇੱਕ ਵਾਰ ਵੀ ਪੇਸ਼ ਨਹੀਂ ਹੋਏ ਅਤੇ ਕੋਰਟ ਨੇ 'The government has failed to defend itself' ਕਹਿ ਕੇ ਇਹ ਭਰਤੀ ਰੱਦ ਕਰਨ ਦਾ ਫੈਸਲਾ ਸੁਣਾ ਦਿੱਤਾ। ਡਬਲ ਬੈਂਚ 'ਚੋਂ ਕੇਸ ਜਿੱਤ ਕੇ ਸੁਪਰੀਮ ਕੋਰਟ 'ਚ ਹਾਰਨ ਨਾਲ ਹਾਲਾਤ 'ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ' ਵਾਲੇ ਬਣ ਗਏ ਹਨ। ਇਹ ਫੈਸਲਾ ਬਿਲਕੁਲ ਇੱਕ ਪਾਸੜ ਅਤੇ ਅਸੰਵੇਦਨਸ਼ੀਲ ਇਸ ਕਰਕੇ ਵੀ ਜਾਪਦਾ ਹੈ ਕਿਉਂਕਿ ਇਸ ਵਿਚ ਸੰਬੰਧਿਤ ਮੰਤਰੀਆਂ ਤੇ ਅਫਸਰਸ਼ਾਹੀ ਦੀ ਜ਼ਿੰਮੇਵਾਰੀ ਫਿਕਸ ਕਰਨ ਦੀ ਬਜਾਏ ਸਾਰੀ ਗਾਜ਼ ਬੇਕਸੂਰ ਉਮੀਦਵਾਰਾਂ ਉਪਰ ਹੀ ਸੁੱਟ ਦਿੱਤੀ ਗਈ, ਜਿਨ੍ਹਾਂ ਦਾ ਇਸ ਸਾਰੇ ਵਰਤਾਰੇ ਵਿਚ ਕੋਈ ਵੀ ਕਸੂਰ ਨਹੀਂ ਸੀ, ਬਲਕਿ ਉਹ ਤਾਂ ਖੁਦ ਪੀੜਿਤ ਧਿਰ ਸਨ। ਇਹ ਕੈਸਾ ਇਨਸਾਫ ਹੈ ਜਿਸ ਵਿਚ ਦੋਸ਼ੀ ਦੀ ਬਜਾਏ ਪੀੜਿਤ ਨੂੰ ਹੀ ਸਜ਼ਾ ਦਿੱਤੀ ਗਈ।

ਅਸਲ ਵਿਚ ਇਹ ਇਨ੍ਹਾਂ ਉਮੀਦਵਾਰਾਂ ਦੀ ਹਾਰ ਨਹੀਂ ਬਲਕਿ ਉਨ੍ਹਾਂ ਹਜ਼ਾਰਾਂ ਗਰੀਬ ਵਿਦਿਆਰਥੀਆਂ ਦੀ ਹਾਰ ਹੈ ਜੋ ਹੁਣ ਮਿਆਰੀ ਸਿੱਖਿਆ ਤੋਂ ਮਹਿਰੂਮ ਹੋ ਜਾਣਗੇ। ਇਹ ਉਨ੍ਹਾਂ ਸਰਕਾਰੀ ਕਾਲਜਾਂ ਦੀ ਹਾਰ ਹੈ, ਜਿਨ੍ਹਾਂ ਦੀਆਂ ਨੀਂਹਾਂ ਇਨ੍ਹਾਂ ਅਧਿਆਪਕਾਂ ਨੇ ਮਜ਼ਬੂਤ ਕਰਨੀਆਂ ਸਨ। ਇਹ 'ਇਮਾਨਦਾਰੀ ਅਤੇ ਸੱਚਾਈ ਦੀ ਸਦਾ ਹੀ ਜਿੱਤ ਹੁੰਦੀ ਹੈ' ਦੇ ਵਿਚਾਰ ਦੀ ਹਾਰ ਹੈ। ਇਹ ਨਿਆਂਪਾਲਿਕਾ ਦੀ ਮੌਲਿਕਤਾ ਅਤੇ ਸੁਤੰਤਰਤਾ ਉਪਰ ਲੋਕਾਂ ਦੇ ਅਡਿੱਗ ਭਰੋਸੇ ਦੀ ਹਾਰ ਹੈ। ਇਹ ਹਾਰ ਭਾਵੇਂ ਅੰਤਿਮ ਨਹੀਂ, ਲੜਾਈ ਅਜੇ ਜਾਰੀ ਹੈ। ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਇਹ ਲੜਾਈ ਜੋ 1158 ਸਹਾਇਕ ਪ੍ਰੋਫੈਸਰਾਂ ਦੇ ਹਿੱਸੇ ਆਈ ਹੈ ਇਹ ਇਨ੍ਹਾਂ ਦੀ ਕੇਵਲ ਆਪਣੀ ਨੌਕਰੀ ਨੂੰ ਬਚਾਉਣ ਦੀ ਲੜਾਈ ਨਹੀਂ, ਬਲਕਿ ਇਹ ਵੱਡੀ ਲੜਾਈ ਹੈ। ਇਹ ਪੰਜਾਬ ਦੇ ਸਰਕਾਰੀ ਸਿੱਖਿਆ ਪ੍ਰਬੰਧ ਨੂੰ ਬਚਾਉਣ ਦੀ ਲੜਾਈ ਹੈ, ਸਰਕਾਰੀ ਕਾਲਜਾਂ ਵਿਚ ਪੜ੍ਹਦੇ ਮਿਆਰੀ ਸਿੱਖਿਆ ਤੋਂ ਵਾਂਝੇ ਹੋਣ ਵਾਲੇ ਗਰੀਬ ਬੱਚਿਆਂ ਦੀ ਲੜਾਈ ਹੈ, ਆਉਣ ਵਾਲੀਆਂ ਨਸਲਾਂ ਦੇ ਲਈ ਰਾਹ ਖੋਲਣ ਦੀ ਲੜਾਈ ਹੈ, ਇਹ ਪੰਜਾਬ ਦੇ ਭਵਿੱਖ ਨੂੰ ਬਚਾਉਣ ਦੀ ਲੜਾਈ ਹੈ।

ਇਸ ਲੜਾਈ ਵਿਚ ਅਪਣਾ ਬਣਦਾ ਹਿੱਸਾ ਪਾਉਣਾ ਪੰਜਾਬ ਦੇ ਸਾਰੇ ਹੀ ਸੋਚਵਾਨ, ਇਨਸਾਫਪਸੰਦ ਅਤੇ ਜੁਝਾਰੂ ਲੋਕਾਂ ਦੀ ਇਤਿਹਾਸਿਕ ਜ਼ਿੰਮੇਵਾਰੀ ਬਣਦੀ ਹੈ।

** ਲੇਖਕ, ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਵਿਚ ਅਸਿਸਟੈਂਟ ਪ੍ਰੋਫੈਸਰ ਅੰਗਰੇਜ਼ੀ ਹੈ।*

# ਦੇਸ਼ ਭਗਤ, ਸਾਹਿਤਕਾਰ ਅਤੇ ਪ੍ਰਬੰਧਕ - ਅਜੀਤ ਸੈਣੀ

**ਬਰਸੀ 'ਤੇ ਵਿਸ਼ੇਸ਼**

ਅਜੀਤ ਸੈਣੀ ਇੱਕ ਪ੍ਰਤੀਬੱਧਤਾ ਦਾ ਨਾਮ ਸੀ। ਕਰਮਸ਼ੀਲਤਾ ਅਤੇ ਆਦਰਸ਼ਾਂ ਨੂੰ ਪ੍ਰਣਾਈ ਹੋਈ ਇੱਕ ਸਫ਼ਲ ਸ਼ਖ਼ਸੀਅਤ। ਦੇਸ਼ ਭਗਤੀ ਦੀ ਗੁੜ੍ਹਤੀ ਨਾਲ ਪ੍ਰਵਾਨ ਚੜ੍ਹਿਆ ਇਹ ਵਿਅਕਤੀਤਵ ਵਿਲੱਖਣ ਆਭਾ ਵਾਲਾ ਸੀ। ਚੜ੍ਹਦੀ ਉਮਰੇ ਹੀ, ਦੇਸ਼ ਨੂੰ ਆਜ਼ਾਦ ਕਰਾਉਣ ਦੀ ਟੀਸ ਆਪਣੇ ਮਨ ਵਿਚ ਵਸਾ ਕੇ, ਉਹ 'ਇੰਡੀਅਨ ਨੈਸ਼ਨਲ ਆਰਮੀ' ਵਿਚ ਸ਼ਾਮਿਲ ਹੋ ਗਿਆ ਸੀ।



**ਡਾ. ਲਖਵਿੰਦਰ ਸਿੰਘ ਜੌਹਲ**
**ਫੋਨ: 94171-9482**

ਆਈ.ਐਨ.ਏ. ਦੇ ਮਹਾ ਤਿਆਗੀ ਦੇਸ਼-ਭਗਤਾਂ ਨਾਲ ਮਿਲ ਕੇ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ ਪਾਉਣ ਦੇ ਨਾਲ ਨਾਲ ਅਜੀਤ ਸੈਣੀ ਨੇ ਸ਼ਬਦ ਸਾਧਨਾ ਨੂੰ ਵੀ ਆਪਣੀ ਕਰਮਸ਼ੀਲਤਾ ਨਾਲ ਜੋੜੀ ਰੱਖਿਆ ਸੀ। ਏਸ਼ੀਆ ਦੇ ਵੱਖ ਵੱਖ ਦੇਸ਼ਾਂ ਵਿਚ ਘੁੰਮ ਘੁੰਮਾ ਕੇ ਉਸਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲਾਂ ਵਿਚ ਰੋਜ਼ਾਨਾ 'ਅਜੀਤ' ਦੇ ਪ੍ਰਬੰਧਕੀ ਕਾਰਜਾਂ ਵਿਚ ਵੀ ਯਥਾਯੋਗ ਹਿੱਸਾ ਪਾਇਆ ਅਤੇ ਪੰਜਾਬੀ ਪੱਤਰਕਾਰੀ ਦੇ ਪਸਾਰ ਅਤੇ ਪ੍ਰਚਾਰ ਲਈ ਸੇਵਾ ਨਿਭਾਈ। ਇਨ੍ਹਾਂ ਸਾਲਾਂ ਵਿਚ ਉਸਨੇ ਪ੍ਰਬੰਧਕੀ ਰੁਝੇਵਿਆਂ ਦੇ ਨਾਲ-ਨਾਲ ਪੰਜਾਬੀ ਕਹਾਣੀ ਲਿਖਣ ਦੇ ਕਾਰਜ ਨੂੰ ਵੀ ਜਾਰੀ ਰੱਖਿਆ।

ਉਸਦਾ ਜੀਵਨ ਕਾਲ ਇਕ ਪ੍ਰੇਰਨਾਮਈ ਦਸਤਾਵੇਜ਼ ਵਰਗਾ ਹੈ। ਬਰਮਾ ਅਤੇ ਮਲਾਇਆ ਦੇ ਜੰਗਲਾਂ ਅਤੇ ਸ਼ਹਿਰਾਂ ਵਿਚ ਭਾਰਤ ਦੀ ਅਜ਼ਾਦੀ ਲਈ ਲੜਨ ਵਾਲਾ ਇਹ ਵਿਅਕਤੀ ਪਿੰਡ ਬੋਰੇਵਾਲਾ, ਟਾਂਡਾ, ਜਿਲਾ ਹੁਸ਼ਿਆਰਪੁਰ, ਪੰਜਾਬ ਵਿਚ 23 ਜੁਲਾਈ 1922 ਨੂੰ ਜਨਮਿਆ। ਅਜੀਤ ਸੈਣੀ ਜਿਸ ਨੇ ਆਪਣੇ ਹੱਥਾਂ ਨਾਲ ਖੇਤਾਂ ਵਿਚ ਹੱਲ ਵੀ ਚੱਲਾਇਆ, ਪ੍ਰਿੰਸੀਪਲ ਸੰਤ ਭਗਵੰਤ ਸਿੰਘ ਵਰਗੇ ਦਰਵੇਸ਼ ਉਚ ਕੋਟਿ ਦੇ ਅਧਿਆਪਕਾਂ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਫੌਜ ਵਿਚ ਭਰਤੀ ਹੋ ਕੇ ਜਨਰਲ ਮੋਹਨ ਸਿੰਘ ਦੀ ਅਗਵਾਈ ਵਿਚ ਆਉਣ ਉਪਰੰਤ ਉਹ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਪੀ.ਆਰ.ਓ.ਬਣਿਆ।

ਉਹ ਸੁਭਾਸ਼ ਚੰਦਰ ਬੋਸ ਤੋਂ ਏਨਾ ਪ੍ਰਭਾਵਿਤ ਸੀ ਕਿ ਜਦੋਂ ਉਸਦੇ ਕੰਨਾਂ ਵਿਚ ਨੇਤਾ ਜੀ ਦੇ ਇਹ ਬੋਲ ਗੂੰਜੇ:

'ਹਜ਼ਾਰੋਂ ਮੀਲ ਦੂਰ ਗੁਲਾਮੀ ਕੀ ਜ਼ੰਜੀਰੋਂ ਮੇ ਜਕੜੀ ਭਾਰਤ ਮਾਤਾ ਆਪ ਕੋ ਪੁਕਾਰ ਰਹੀ ਹੈ। ਆਪ ਮੁਝੇ ਖੂਨ ਦੋ ਮੈ ਆਪਕੋ ਆਜ਼ਾਦੀ ਲੇਕਰ ਦੂੰਗਾ...ਜੈ ਹਿੰਦ।' ਤਾਂ ਉਹ ਆਜ਼ਾਦੀ ਦੇ ਸੰਘਰਸ਼ ਵਿਚ ਇੱਕ ਦਮ ਕੁੱਦ ਪਿਆ।

ਨੇਤਾ ਜੀ ਦੇ ਇਨ੍ਹਾਂ ਸ਼ਬਦਾਂ ਦੀ ਤਾਕਤ ਨੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਵਿਚ ਆਜ਼ਾਦੀ ਦੀ ਅਜੇਹੀ ਚਿਣਗ ਜਗਾਈ ਕਿ ਹਜ਼ਾਰਾਂ ਭਾਰਤੀ ਸਿਰਾਂ ਤੇ ਕਫ਼ਣ ਬੰਨ੍ਹ ਤਨ-ਮਨ ਨਾਲ ਇਸ ਸੰਗਰਾਮ ਨਾਲ ਜੁੜ ਗਏ।

ਅਜੀਤ ਸੈਣੀ ਨੇ ਨੇਤਾ ਜੀ ਦਾ 'ਜੈ ਹਿੰਦ' ਦਾ ਨਾਅਰਾ 'ਆਜ਼ਾਦ ਹਿੰਦ ਰੇਡੀਓ' ਰਾਹੀਂ ਦੁਨੀਆ ਭਰ ਵਿਚ ਪ੍ਰਸਾਰਿਤ ਕੀਤਾ। ਉਹ ਇਸ ਰੇਡੀਓ ਦਾ ਬੁਲਾਰਾ ਸੀ ਅਤੇ ਆਜ਼ਾਦੀ ਦੀ ਆਵਾਜ਼ ਬਿਗੁਲ ਬਣ ਕੇ ਦਿਨ-ਰਾਤ ਗੂੰਜਦੀ ਸੀ।



ਅਜੀਤ ਸੈਣੀ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ ਸੈਂਕੜੇ ਰਾਤਾਂ ਬੰਕਰਾਂ ਵਿਚ ਰਹਿ ਕੇ, ਅਸਮਾਨ ਤੋਂ ਬੰਬਾਰਮੈਂਟ ਕਰਦੇ ਜਹਾਜ਼ਾਂ ਦੀਆਂ ਗੜਗੜਾਹਟਾਂ ਅਤੇ ਗੋਲੀਆਂ ਦੀਆਂ ਬੁਛਾੜਾਂ ਝੱਲਦਿਆਂ ਬਿਤਾਈਆਂ ਸਨ। ਉਨ੍ਹਾਂ ਆਪ ਦੱਸਿਆ ਕਿ ਇਕ ਰਾਤ ਉਨ੍ਹਾਂ ਦੀ ਲੱਤ ਉਤੇ ਸੱਪ ਵੀ ਲੜ ਗਿਆ ਸੀ, ਜਦੋਂ ਉਹ ਬੰਕਰ ਵਿਚ ਬੈਠੇ ਹੋਏ ਸਨ। ਉਪਰੋਂ ਜਰਮਨ ਫੌਜੀ ਸਟੇਨਗੰਨ ਲੈ ਕੇ ਇਨ੍ਹਾਂ ਨੂੰ ਲੱਭਣ ਨੂੰ ਬੈਠਾ ਸੀ। ਮੈਂ ਖੁਖਰੀ ਨਾਲ ਆਪਣੇ ਪੱਟ ਦਾ ਮਾਸ ਕੱਢ ਕੇ ਸੱਪ ਦਾ ਜ਼ਹਿਰ ਬਾਹਰ ਕੱਢਿਆ ਅਤੇ ਸਾਹ ਰੋਕ ਕੇ ਰਾਤ ਲੰਘਾਈ। ਉਹ 'ਇੰਡੀਅਨ ਨੈਸ਼ਨਲ ਆਰਮੀ' ਦੇ ਕਮਿਸ਼ੰਡ ਅਫ਼ਸਰ ਮਲਾਇਆ ਵਿਚ ਰਹੇ। ਸਿੰਗਾਪੁਰ ਵਿਚ ਆਜ਼ਾਦ ਹਿੰਦ ਫੌਜ ਦੇ ਸਰਕਾਰੀ ਬੁਲਾਰੇ 'ਆਜ਼ਾਦ ਹਿੰਦ' ਅਖ਼ਬਾਰ ਦੇ ਸਹਾਇਕ ਸੰਪਾਦਕ ਵੀ ਰਹੇ ਅਤੇ ਨੇਤਾ ਜੀ ਦੇ ਪੀ.ਆਰ.ਓ ਵਜੋਂ ਰੰਗੂਨ ਵਿਚ ਉਨ੍ਹਾਂ ਦੇ ਨਾਲ ਰਹੇ। ਭਾਰਤ ਮਾਤਾ ਨੂੰ ਆਜ਼ਾਦ ਕਰਵਾਉਣ ਦੀ ਲੜਾਈ ਵਿਚ ਮੋਹਰਲੀ ਕਤਾਰ ਵਿਚ ਜੂਝਦੇ ਹੋਏ ਜੀ.ਐਸ. ਢਿੱਲੋਂ ਅਤੇ ਸ਼ਾਹ ਨਵਾਜ਼ ਨਾਲ ਲਾਲ ਕਿਲਾ ਦਿੱਲੀ ਅਤੇ ਕੱਲਕਤਾ ਜੇਲ੍ਹ ਵਿਚ ਕੈਦ ਵੀ ਕੱਟੀ।

ਭਾਰਤ ਨੂੰ ਆਜ਼ਾਦੀ ਮਿਲਣ ਉਪਰੰਤ 1947 ਤੋਂ 1952 ਤੱਕ 'ਪ੍ਰਭਾਤ' ਉਰਦੂ ਜਲੰਧਰ, 'ਮਿਲਾਪ' ਉਰਦੂ 1952 ਤੋਂ 1956 ਤੱਕ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲਿਆ ਵਿਚ ਸੀ.ਆਈ.ਐਸ. ਅਧਿਕਾਰੀ ਵਜੋਂ, 1956ਤੋਂ 1979 ਤੱਕ ਨਿਊਜ਼ ਐਡੀਟਰ ਆਲ ਇੰਡੀਆ ਰੇਡੀਓ ਨਵੀਂ ਦਿੱਲੀ ਵੀ ਰਹੇ। ਫੇਰ ਉਹ ਰੋਜ਼ਾਨਾ 'ਅਜੀਤ' ਦੇ ਜਨਰਲ ਮੈਨੇਜਰ ਰਹੇ। ਦੱਖਣ ਪੂਰਬੀ ਏਸ਼ੀਆ ਦੀਆ ਸੱਮਸਿਆਵਾਂ ਲਈ ਆਪਣੀ ਕਲਮ ਨਾਲ ਵੱਖ ਵੱਖ ਥਾਵਾਂ ਤੇ ਅਖ਼ਬਾਰਾਂ ਵਿਚ ਲਗਾਤਾਰ ਲਿਖਦੇ ਰਹੇ ਅਤੇ ਇਸ ਖਿੱਤੇ ਦੇ ਲੋਕਾਂ ਦੀ ਸੇਵਾ ਕਰਦੇ ਰਹੇ।

ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ, ਮਰਾਠੀ ਤੇ ਬੰਗਲਾ ਭਾਸ਼ਾਵਾਂ ਵਿਚ ਵੀ ਉਨ੍ਹਾਂ ਦੀਆਂ ਰਚਨਾਵਾਂ ਛਪਦੀਆਂ ਰਹੀਆਂ ਹਨ। ਉਨ੍ਹਾਂ ਨੇ ਸਾਰੀ ਉਮਰ ਈਮਾਨਦਾਰੀ ਨਾਲ ਇਕ ਆਜ਼ਾਦੀ ਘੁਲਾਟੀਏ ਵਜੋਂ, ਇਕ ਸਰਕਾਰੀ ਅਫ਼ਸਰ ਵਜੋਂ, ਇਕ ਪੱਤਰਕਾਰ ਅਤੇ ਸਮਾਜ ਸੇਵਕ ਵਜੋਂ ਦੇਸ਼ ਅਤੇ ਕੌਮ ਦੀ ਸੇਵਾ ਕੀਤੀ। ਦਸ ਦਸੰਬਰ 2007 ਨੂੰ ਆਖਰੀ ਸਾਹ ਲੈਣ ਤੱਕ ਉਹ ਲਿਖਦੇ ਰਹੇ।

ਸਰਕਾਰ ਨੇ ਉਨ੍ਹਾਂ ਦੀਆ ਦੇਸ਼ ਪ੍ਰਤੀ ਅਤੇ ਕੌਮ ਨੂੰ ਦਿੱਤੀਆ ਸੇਵਾਵਾ ਨੂੰ ਸਿਜਦਾ ਕਰਨ ਲਈ ਉਨ੍ਹਾਂ ਦੇ ਨਾਮ ਉਤੇ ਜਲੰਧਰ ਵਿਚ 'ਅਜੀਤ ਸੈਣੀ ਮਾਰਗ' ਦਾ ਨਾਮਕਰਣ ਕੀਤਾ ਅਤੇ ਜਲੰਧਰ ਵਿਚ ਹੀ ਉਨ੍ਹਾਂ ਦਾ ਬੁੱਤ ਵੀ ਸਥਾਪਿਤ ਕੀਤਾ। ਡਿਪਟੀ ਕਮਿਸ਼ਨਰ ਦਫਤਰ ਜਲੰਧਰ ਵਿਚ 'ਅਜੀਤ ਸੈਣੀ ਲਾਇਬ੍ਰੇਰੀ' ਪੀ.ਏ.ਪੀ ਚੌਕ ਵਿਚ 'ਅਜੀਤ ਸੈਣੀ ਐਂਬੂਲੈਂਸ' ਸਥਾਪਿਤ ਕੀਤੀ ਗਈ। ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਸਨਮਾਨ ਹਿੱਤ ਇਕ ਸਕੂਲ ਦਾ ਨਾਮ 'ਅਜੀਤ ਸੈਣੀ ਗੌਰਮਿੰਟ ਮਾਡਲ ਸਹਿ ਸਿੱਖਿਆ ਸੀਨੀਅਰ ਸਕੈਂਡਰੀ ਸਮਾਰਟ ਸਕੂਲ ਜਲੰਧਰ' ਰੱਖਿਆ ਗਿਆ ਹੈ।

ਪੰਜਾਬੀ ਸਾਹਿਤ ਜਗਤ ਅਤੇ ਪੱਤਰਕਾਰ ਭਾਈਚਾਰਾ ਅੱਜ ਉਸ ਦੀ ਬਰਸੀ ਨੂੰ ਮਨਾਉਂਦਾ ਹੋਇਆ ਉਸਦੇ ਆਦਰਸ਼ਾਂ ਭਰੇ ਜੀਵਨ ਨੂੰ ਯਾਦ ਕਰਦਾ ਹੈ।

# ਮੋਦੀ ਦੇ ਵਿਕਸਿਤ ਭਾਰਤ 2047 ਦੇ ਟੀਚੇ ਲਈ ਸੰਕਲਪ ਤੇ ਚੁਣੌਤੀਆਂ

ਅੱਜ, ਭਾਰਤ ਦੁਨੀਆ ਦੀ ਸਭ ਤੋਂ ਵੱਡੀ ਨੌਜਵਾਨ ਆਬਾਦੀ ਵਿਚੋਂ ਇੱਕ ਹੈ ਅਤੇ ਅਕਸਰ ਕਿਹਾ ਜਾਂਦਾ ਹੈ ਕਿ ਜੇ ਕੋਈ ਦੇਸ਼ ਤਰੱਕੀ ਅਤੇ ਵਿਕਸਤ ਹੋਣਾ ਚਾਹੁੰਦਾ ਹੈ, ਤਾਂ ਇਸ ਦੇ ਨੌਜਵਾਨਾਂ ਨੂੰ ਸਸ਼ਕਤ ਬਣਾਇਆ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਗਾਤਾਰ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਜੇਕਰ ਭਾਰਤ ਨੇ 2047 ਤੱਕ ਵਿਕਾਸ ਭਾਰਤ ਬਣਨਾ ਹੈ, ਤਾਂ ਸਾਡੀ ਯੁਵਾ ਸ਼ਕਤੀ ਨੂੰ ਸਸ਼ਕਤ ਅਤੇ ਰਾਸ਼ਟਰ ਨਿਰਮਾਣ ਦੀ



**ਸੁਰਜੀਤ ਸਿੰਘ ਫਲੋਰਾ**
**ਫੋਨ: 647-829-9397**

ਪ੍ਰਕਿਰਿਆ ਵਿਚ ਸਰਗਰਮੀ ਨਾਲ ਸ਼ਾਮਲ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਊਰਜਾ, ਨਵੀਨਤਾ ਅਤੇ ਦ੍ਰਿੜਤਾ ਆਉਣ ਵਾਲੇ ਦਹਾਕਿਆਂ ਵਿਚ ਦੇਸ਼ ਦੇ ਵਿਕਾਸ ਨੂੰ ਆਕਾਰ ਦੇਵੇਗੀ।

ਸਮੇਂ ਦੇ ਚੱਲਦਿਆਂ ਭਾਰਤ ਅਗਲੇ 4 ਸਾਲਾਂ ਵਿਚ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣਨ ਦੇ ਰਾਹ 'ਤੇ ਹੈ, ਜੋ ਇਸਨੂੰ ਵਿਸ਼ਵ-ਵਿਆਪੀ ਮਾਮਲਿਆਂ ਵਿਚ ਮੁੱਖ ਖਿਡਾਰੀ ਵਜੋਂ ਸਥਾਪਿਤ ਕਰੇਗਾ। 'ਵਿਕਾਸ ਭਾਰਤ 2047' ਦਾ ਮੁੱਖ ਟੀਚਾ ਲਗਭਗ ਦੋ ਦਹਾਕਿਆਂ ਦੇ ਅੰਦਰ 30 ਟ੍ਰਿਲੀਅਨ ਡਾਲਰ ਦੀ ਵਿਕਸਤ ਅਰਥ-ਵਿਵਸਥਾ ਪ੍ਰਾਪਤ ਕਰਨਾ ਹੈ, ਜੋ 1.65 ਬਿਲੀਅਨ ਦੀ ਅਨੁਮਾਨਿਤ ਆਬਾਦੀ ਨੂੰ ਪੂਰਾ ਕਰਦਾ ਹੈ।

ਵਿਕਸਿਤ ਭਾਰਤ ਦੇ ਉਦੇਸ਼ ਆਰਥਿਕ ਵਿਕਾਸ, ਟਿਕਾਊ ਵਿਕਾਸ ਟੀਚਿਆਂ, ਜੀਵਨ ਦੀ ਗੁਣਵੱਤਾ ਵਿਚ ਸੁਧਾਰ, ਵਪਾਰਕ ਵਾਤਾਵਰਣ ਨੂੰ ਵਧਾਉਣਾ, ਬੁਨਿਆਦੀ ਢਾਂਚਾ ਵਿਕਸਤ ਕਰਨਾ ਅਤੇ ਸਮਾਜਿਕ ਭਲਾਈ ਨੂੰ ਉਤਸ਼ਾਹਿਤ ਕਰਨ ਸਮੇਤ ਕਈ ਖੇਤਰਾਂ ਨੂੰ ਕਵਰ ਕਰਦਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਲੋਕਤੰਤਰ ਦੇ ਤੱਤ ਪ੍ਰਤੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਨੇ 'ਵਿਕਸਿਤ ਭਾਰਤ 2047 ਲਈ ਨੌਜਵਾਨਾਂ ਤੋਂ ਵਿਚਾਰ' ਨਾਮਕ ਇੱਕ ਪਹਿਲਕਦਮੀ ਦੇ ਤਹਿਤ ਭਾਰਤ ਦੇ ਨੌਜਵਾਨਾਂ ਨਾਲ ਜੁੜ ਕੇ 15-20 ਲੱਖ ਸੁਝਾਅ ਇਕੱਠੇ ਕੀਤੇ ਅਤੇ ਫਿਰ ਇਨ੍ਹਾਂ ਵਿਚਾਰਾਂ ਨੂੰ ਸ਼੍ਰੇਣੀਆਂ ਵਿਚ ਸੰਗਠਿਤ ਕਰਨ ਲਈ ਯੋਜਨਾਵਾਂ ਨੂੰ ਉਲੀਕਿਆ ਹੈ। ਇਨ੍ਹਾਂ ਸ਼੍ਰੇਣੀਬੱਧ ਯੋਜਨਾਵਾਂ ਨੂੰ ਸਰਕਾਰੀ ਅਧਿਕਾਰੀਆਂ ਦੁਆਰਾ ਹੋਰ ਸੁਧਾਰਿਆ ਅਤੇ ਵਿਕਸਤ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਮੋਦੀ ਦੀ ਇਹ ਵਧੀਆ ਯੋਜਨਾ ਹੈ। ਪਰ ਇਹ ਉਦੋਂ ਤੱਕ ਨਹੀਂ ਹੋ ਸਕਦਾ ਜਦੋਂ ਤੱਕ ਅਧਿਕਾਰੀਆਂ, ਸਮਾਜਾਂ ਦੁਆਰਾ ਭ੍ਰਿਸ਼ਟਾਚਾਰ ਨੂੰ ਜਨਤਕ ਅੰਦੋਲਨਾਂ ਦੁਆਰਾ ਨਹੀਂ ਰੋਕਿਆ ਜਾਂਦਾ ਅਤੇ ਸਰਕਾਰ ਦੁਆਰਾ ਹਰੇਕ ਠੇਕੇ ਵਿਚ ਜਿੱਥੇ ਜਨਤਕ ਪੈਸਾ ਸ਼ਾਮਲ ਹੁੰਦਾ ਹੈ, ਸਹੀ ਆਡਿਟ ਨਹੀਂ ਕੀਤਾ ਜਾਂਦਾ। ਪੂਰਾ ਸਹਿਕਾਰੀ ਖੇਤਰ ਭ੍ਰਿਸ਼ਟਾਚਾਰ ਨਾਲ ਭਰਿਆ ਹੋਇਆ ਹੈ ਅਤੇ ਸਰਕਾਰ ਨੂੰ ਅਹੁਦੇਦਾਰਾਂ, ਪ੍ਰਬੰਧਨ ਦੁਆਰਾ ਦਿੱਤੇ ਗਏ ਠੇਕਿਆਂ ਵਿਚ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਖ਼ਤ ਕਾਨੂੰਨ ਲਿਆਉਣੇ ਵੀ ਜਰੂਰੀ ਹਨ।

ਇਹ ਵੀ ਵਿਚਾਰਨ ਯੋਗ ਮੁਦਾ ਹੈ ਕਿ ਭਾਰਤ ਉਦੋਂ ਤੱਕ ਆਪਣੀ ਵਧਦੀ ਆਬਾਦੀ ਨਾਲ ਪੂਰੀ ਤਰ੍ਹਾਂ ਤਬਾਹ ਵੀ ਹੋ ਸਕਦਾ ਹੈ, ਆਲੇ-ਦੁਆਲੇ ਕੋਈ ਵੀ ਜ਼ਮੀਨ ਕੰਕਰੀਟ ਤੋਂ ਬਿਨਾਂ ਨਹੀਂ ਬਚੀ ਹੋਵੇਗੀ। ਭਾਵੇਂ ਉਹ ਆਬਾਦੀ ਨੂੰ ਕੰਟਰੋਲ ਕਰਦੇ ਹਨ, ਪਰ ਇੰਨੇ ਵਿਭਿੰਨ ਸੱਭਿਆਚਾਰਾਂ ਦਾ ਹੋਣਾ ਇੱਕ ਵਿਕਸਤ ਰਾਸ਼ਟਰ ਬਣਨ ਵਿਚ ਇੱਕ ਹੋਰ ਰੁਕਾਵਟ ਹੈ, ਦੇਸ਼ ਕਦੇ ਵੀ ਇੱਕ ਸਾਂਝੇ ਟੀਚੇ ਨੂੰ ਪੂਰਾ ਕਰਨ ਲਈ ਇੱਕਜੁੱਟ ਨਹੀਂ ਹੁੰਦਾ। ਇੱਕ ਹੋਰ ਕਾਰਨ ਇਹ ਹੈ ਕਿ, ਭਾਰਤ ਇੱਕ ਗਰੀਬ ਦੇਸ਼ ਹੈ ਅਤੇ ਲੋਕਾਂ ਦਾ ਜੀਵਨ ਪੱਧਰ ਬਹੁਤ ਘੱਟ ਹੈ ਅਤੇ ਉਹ ਇਸ ਤੋਂ ਬਹੁਤ ਸੰਤੁਸ਼ਟ ਜਾਪਦੇ ਹਨ। ਉਹ ਪੱਛਮ ਦੀ ਤਰ੍ਹਾਂ ਵਧੀਆ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਨਹੀਂ ਕਰਦੇ। ਬੰਗਲੌਰ ਸੜਕ ਦੇ ਕਿਨਾਰੇ ਨਹਿਰਾਂ ਵਿਚ ਜਾਣ ਵਾਲੇ ਸਾਰੇ ਡਰੇਨੇਜ ਦੇ ਕਾਰਨ ਗੰਦਗੀ ਦੀ ਬਦਬੂ, ਉੱਥੇ ਰਹਿਣ ਵਾਲਾ ਕੋਈ ਵੀ ਇਸ ਬਾਰੇ ਸ਼ਿਕਾਇਤ ਨਹੀਂ ਕਰਦਾ ਅਤੇ ਨਾ ਹੀ ਸਥਾਨਕ ਸਿਆਸਤਦਾਨਾਂ ਨਾਲ ਇਸ ਬਾਰੇ ਗੱਲ ਕਰਦਾ। ਵਿਕਾਸ ਪ੍ਰਤੀ ਇਸ ਤਰ੍ਹਾਂ ਦੀ ਉਦਾਸੀਨਤਾ ਕਦੇ ਵੀ ਦੇਸ਼ ਨੂੰ ਮਹਾਂਸ਼ਕਤੀ ਨਹੀਂ ਬਣਾ ਸਕਦੀ। ਨਾਲ ਹੀ, ਜੇਕਰ ਅਸੀਂ ਭਾਰਤੀ ਕਦਰਾਂ-ਕੀਮਤਾਂ ਅਨੁਸਾਰ ਚੱਲੀਏ, ਤਾਂ ਭਾਰਤ ਕਿਸੇ ਵੀ ਤਰ੍ਹਾਂ ਮਹਾਂਸ਼ਕਤੀ ਬਣਨ ਵਿਚ ਵਿਸ਼ਵਾਸ ਨਹੀਂ ਰੱਖਦਾ, ਉਹ ਸ਼ਾਂਤੀ ਅਤੇ ਸਦਭਾਵਨਾ ਨਾਲ ਰਹਿਣਾ ਚਾਹੁੰਦੇ ਹਨ ਅਤੇ ਸਿਰਫ ਰੱਖਿਆ ਲਈ ਇੱਕ ਫੌਜ ਬਣਾਉਣਾ ਚਾਹੁੰਦੇ ਹਨ, ਜੋ ਸਭ ਤੋਂ ਪਹਿਲਾਂ ਵਿਚਾਰਨਯੋਗ ਮੁੱਦੇ ਹਨ।

ਫਿਰ ਵੀ ਸ਼ਾਲਾ! ਪ੍ਰਧਾਨ ਮੰਤਰੀ ਮੋਦੀ ਜ਼ੋਰ ਦਿੰਦੇ ਹਨ ਕਿ ਉਨ੍ਹਾਂ ਦੀਆਂ ਸਾਰੀਆਂ ਕਾਰਵਾਈਆਂ ਵਿਕਸਿਤ ਭਾਰਤ 2047 ਦੇ ਦ੍ਰਿਸ਼ਟੀਕੋਣ ਦੁਆਰਾ ਨਿਰਦੇਸ਼ਤ ਹਨ। ਹਾਲਾਂਕਿ, ਅੱਜ ਦੇਸ਼ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਸਾਡੇ ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀ ਪਕੜ ਤੋਂ ਦੂਰ ਰੱਖਣਾ ਹੈ।




ਨੌਜਵਾਨਾਂ ਦੀ ਵੱਧਦੀ ਗਿਣਤੀ ਨਸ਼ੇ ਵਿਚ ਪੈ ਰਹੀ ਹੈ, ਜੋ ਨਾ ਸਿਰਫ਼ ਉਨ੍ਹਾਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਰਹੀ ਹੈ, ਸਗੋਂ ਉਨ੍ਹਾਂ ਦੇ ਭਵਿੱਖ ਅਤੇ ਦੇਸ਼ ਦੀ ਤਾਕਤ ਨੂੰ ਵੀ ਖ਼ਤਰੇ ਵਿਚ ਪਾ ਰਹੀ ਹੈ।

ਇੱਕ ਅਧਿਐਨ ਅਨੁਸਾਰ, 10 ਤੋਂ 24 ਸਾਲ ਦੀ ਉਮਰ ਦੇ ਹਰ 5 ਵਿਚੋਂ 1 ਭਾਰਤੀ ਨੇ ਕਿਸੇ ਨਾ ਕਿਸੇ ਸਮੇਂ ਨਸ਼ਿਆਂ ਦੀ ਵਰਤੋਂ ਕੀਤੀ ਹੈ। ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਦੀ ਇੱਕ ਰਿਪੋਰਟ ਦੱਸਦੀ ਹੈ ਕਿ ਭਾਰਤ ਵਿੱਚ 8.5 ਲੱਖ ਤੋਂ ਵੱਧ ਬੱਚੇ ਨਸ਼ੇ ਦੀ ਲਤ ਨਾਲ ਜੂਝ ਰਹੇ ਹਨ। ਇਹ ਅੰਕੜੇ ਬਹੁਤ ਚਿੰਤਾਜਨਕ ਹਨ ਅਤੇ ਤੁਰੰਤ, ਸਮੂਹਿਕ ਕਾਰਵਾਈ ਦੀ ਮੰਗ ਕਰਦੇ ਹਨ। ਪਿਛਲੇ 11 ਸਾਲਾਂ ਵਿਚ, ਮੋਦੀ ਸਰਕਾਰ ਨੇ ਇਸ ਮੁੱਦੇ ਦਾ ਮੁਕਾਬਲਾ ਕਰਨ ਲਈ ਕਈ ਗੰਭੀਰ ਕਦਮ ਚੁੱਕੇ ਹਨ। 2020 ਵਿਚ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਨਸ਼ਾ ਮੁਕਤ ਭਾਰਤ ਅਭਿਆਨ ਸ਼ੁਰੂ ਕੀਤਾ। ਰੋਕਥਾਮ ਅਤੇ ਪੁਨਰਵਾਸ ਦਾ ਸਮਰਥਨ ਕਰਨ ਲਈ, ਸਰਕਾਰ ਨੇ ਨਸ਼ੇੜੀਆਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਆਊਟਰੀਚ-ਵਰਕ-ਡ੍ਰੌਪ-ਇਨ ਸੈਂਟਰ ਸਥਾਪਤ ਕੀਤੇ। ਸਕੂਲਾਂ ਅਤੇ ਕਾਲਜਾਂ ਵਿਚ ਜਾਗਰੂਕਤਾ ਮੁਹਿੰਮਾਂ ਤੇਜ਼ ਹੋਈਆਂ ਹਨ, ਜਦੋਂ ਕਿ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਡਰੱਗ ਮਾਫੀਆ ਵਿਰੁੱਧ ਸਖ਼ਤ ਕਾਰਵਾਈਆਂ ਸ਼ੁਰੂ ਕੀਤੀਆਂ ਹਨ। ਇਸ ਤੋਂ ਇਲਾਵਾ, ਦੇਸ਼ ਭਰ ਵਿਚ ਸਿਹਤ ਅਤੇ ਤੰਦਰੁਸਤੀ ਕੇਂਦਰ ਮਹੱਤਵਪੂਰਨ ਸਲਾਹ ਅਤੇ ਸਹਾਇਤਾ ਪ੍ਰਦਾਨ ਕਰ ਰਹੇ ਹਨ। ਇਨ੍ਹਾਂ ਰਾਸ਼ਟਰੀ ਯਤਨਾਂ ਨੂੰ ਰਾਜ ਸਰਕਾਰਾਂ, ਸਥਾਨਕ ਭਾਈਚਾਰਿਆਂ ਦੀ ਅਗਵਾਈ ਵਿੱਚ ਜ਼ਮੀਨੀ ਪੱਧਰ 'ਤੇ ਮੁਹਿੰਮਾਂ ਦੁਆਰਾ ਪੂਰਕ ਕੀਤਾ ਗਿਆ ਹੈ।

ਇਸ ਮਿਸ਼ਨ ਨੂੰ ਅੱਗੇ ਵਧਾਉਂਦੇ ਹੋਏ, ਭਾਰਤ ਨੇ ਇੱਕ ਮਹੱਤਵਪੂਰਨ ਪਹਿਲਕਦਮੀ ਕੀਤੀ ਹੈ, 'ਯੁਵਾ ਅਧਿਆਤਮਿਕ ਸੰਮੇਲਨ', ਜੋ ਕਿ 19 ਤੋਂ 20 ਜੁਲਾਈ ਤੱਕ ਬਾਬਾ ਵਿਸ਼ਵਨਾਥ ਦੀ ਧਰਤੀ ਕਾਸ਼ੀ ਦੇ ਪਵਿੱਤਰ ਘਾਟ 'ਤੇ ਆਯੋਜਿਤ ਕੀਤਾ ਜਾਵੇਗਾ। 'ਵਿਕਸਤ ਭਾਰਤ ਲਈ ਨਸ਼ਾ-ਮੁਕਤ ਨੌਜਵਾਨ' ਥੀਮ ਵਾਲਾ ਇਹ ਸੰਮੇਲਨ ਪਦਾਰਥਾਂ ਦੀ ਦੁਰਵਰਤੋਂ ਵਿਰੁੱਧ ਨੌਜਵਾਨਾਂ ਦੀ ਅਗਵਾਈ ਵਾਲੇ ਰਾਸ਼ਟਰੀ ਅੰਦੋਲਨ ਦੀ ਨੀਂਹ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਇਹ ਸੰਮੇਲਨ ਭਾਰਤ ਭਰ ਦੇ 100 ਤੋਂ ਵੱਧ ਅਧਿਆਤਮਿਕ ਸੰਗਠਨਾਂ ਦੇ ਨੌਜਵਾਨ ਪ੍ਰਤੀਨਿਧੀਆਂ ਨੂੰ ਇਕੱਠਾ ਕਰੇਗਾ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ, ਸੱਭਿਆਚਾਰ ਮੰਤਰਾਲਾ, ਨਾਰਕੋਟਿਕਸ ਕੰਟਰੋਲ ਬਿਊਰੋ ਸਮੇਤ ਮੁੱਖ ਸਰਕਾਰੀ ਸੰਸਥਾਵਾਂ ਸਰਗਰਮੀ ਨਾਲ ਹਿੱਸਾ ਲੈਣਗੀਆਂ। ਇਹ ਵਿਲੱਖਣ ਪਲੇਟਫਾਰਮ ਨੌਜਵਾਨਾਂ ਨੂੰ ਨੀਤੀ ਨਿਰਮਾਤਾਵਾਂ ਨਾਲ ਸਿੱਧੇ ਤੌਰ 'ਤੇ ਆਪਣੀਆਂ ਆਵਾਜ਼ਾਂ, ਦ੍ਰਿਸ਼ਟੀਕੋਣਾਂ ਅਤੇ ਹੱਲ ਸਾਂਝੇ ਕਰਨ ਦੇ ਯੋਗ ਬਣਾਏਗਾ, ਇੱਕ ਰਾਸ਼ਟਰੀ ਰਣਨੀਤੀ ਵਿਚ ਅਰਥਪੂਰਨ ਯੋਗਦਾਨ ਪਾਵੇਗਾ।

ਇਸ ਸੰਮੇਲਨ 'ਚਿ ਨਸ਼ੇ ਦੀ ਪ੍ਰਕਿਰਤੀ ਅਤੇ ਸਹੀ ਦਿਸ਼ਾ, ਇਸਦੇ ਜਨਸੰਖਿਆ ਪ੍ਰਭਾਵ, ਅੰਤਰਰਾਸ਼ਟਰੀ ਪਹਿਲੂਆਂ ਅਤੇ ਸਰਕਾਰ, ਸਿਵਲ ਸਮਾਜ ਅਤੇ ਨੌਜਵਾਨ ਵਲੰਟੀਅਰਾਂ ਦੀਆਂ ਭੂਮਿਕਾਵਾਂ 'ਤੇ ਸੈਸ਼ਨ ਹੋਣਗੇ। ਨਸ਼ੇ 'ਤੇ ਸਫਲਤਾਪੂਰਵਕ ਕਾਬੂ ਪਾਉਣ ਵਾਲੇ ਨੌਜਵਾਨ ਵਿਅਕਤੀਆਂ ਦੀਆਂ ਨਿੱਜੀ ਕਹਾਣੀਆਂ ਨੂੰ ਵੀ ਦੂਜਿਆਂ ਨੂੰ ਪ੍ਰੇਰਿਤ ਕਰਨ ਲਈ ਸਾਂਝਿਆ ਕੀਤਾ ਜਾਵੇਗਾ।

ਇਹ ਸੰਮੇਲਨ ਕਾਸ਼ੀ ਐਲਾਨਨਾਮੇ ਦੇ ਜਾਰੀ ਹੋਣ ਨਾਲ ਸਮਾਪਤ ਹੋਵੇਗਾ, ਜੋ ਨਸ਼ਾ ਮੁਕਤ ਭਾਰਤ ਮੁਹਿੰਮ ਲਈ ਪੰਜ ਸਾਲਾਂ ਦੇ ਰੋਡਮੈਪ ਵਜੋਂ ਕੰਮ ਕਰੇਗਾ। ਇਹ ਐਲਾਨ ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਿਚ ਪੈਣ ਤੋਂ ਰੋਕਣ, ਪਹਿਲਾਂ ਤੋਂ ਪ੍ਰਭਾਵਿਤ ਲੋਕਾਂ ਲਈ ਸਹਾਇਤਾ ਵਿਧੀ ਪ੍ਰਦਾਨ ਕਰਨ ਅਤੇ ਨਸ਼ਾ ਵਿਰੁੱਧ ਇੱਕ ਮਜ਼ਬੂਤ, ਵਧੇਰੇ ਲਚਕੀਲਾ ਅੰਦੋਲਨ ਬਣਾਉਣ ਲਈ ਦੇਸ਼ ਭਰ ਵਿਚ ਜਾਗਰੂਕਤਾ ਮੁਹਿੰਮਾਂ ਨੂੰ ਤੇਜ਼ ਕਰਨ ਲਈ ਰਣਨੀਤੀਆਂ ਦੀ ਰੂਪਰੇਖਾ ਤਿਆਰ ਕਰੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਹਮੇਸ਼ਾ ਇੱਕ ਅਜਿਹੇ ਭਾਰਤ ਦੀ ਕਲਪਨਾ ਕੀਤੀ ਹੈ ਜੋ ਅੰਮ੍ਰਿਤ ਪੀੜੀ ਦੇ ਸੁਪਨਿਆਂ ਅਤੇ ਇੱਛਾਵਾਂ ਨੂੰ ਦਰਸਾਉਂਦਾ ਹੈ। ਇਸ ਦ੍ਰਿਸ਼ਟੀਕੋਣ ਦੇ ਅਨੁਸਾਰ, ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੀ ਇਹ ਪਹਿਲਕਦਮੀ ਨਾ ਸਿਰਫ਼ ਨੌਜਵਾਨਾਂ ਨੂੰ ਨਸ਼ੇ ਤੋਂ ਬਚਾਉਣ, ਸਗੋਂ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਯਾਤਰਾ ਦੀ ਅਗਵਾਈ ਕਰਨ ਲਈ ਸਸ਼ਕਤ ਬਣਾਉਣ ਵੱਲ ਇੱਕ ਸ਼ਕਤੀਸ਼ਾਲੀ ਕਦਮ ਹੈ। ਭਾਰਤ ਨੂੰ ਇੱਕ ਵਿਕਸਿਤ ਰਾਸ਼ਟਰ ਵਿਚ ਬਦਲਣ ਦੀ ਜ਼ਿੰਮੇਵਾਰੀ ਇਸਦੇ ਨੌਜਵਾਨਾਂ 'ਤੇ ਹੈ। ਯੁਵਾ ਅਧਿਆਤਮਿਕ ਸੰਮੇਲਨ ਸਿਰਫ਼ ਇੱਕ ਸਮਾਗਮ ਨਹੀਂ ਹੈ- ਇਹ ਇੱਕ ਨਵੀਂ ਰਾਸ਼ਟਰੀ ਜਾਗ੍ਰਿਤੀ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। ਇਹ ਨੌਜਵਾਨ ਨਾਗਰਿਕਾਂ ਵਿਚ ਅਨੁਸ਼ਾਸਨ, ਨੈਤਿਕ ਇਮਾਨਦਾਰੀ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਜਗਾਏਗਾ, ਉਨ੍ਹਾਂ ਦੇ ਜੀਵਨ ਨੂੰ ਅਮੀਰ ਬਣਾਏਗਾ ਅਤੇ ਦੇਸ਼ ਦੇ ਭਵਿੱਖ ਨੂੰ ਮਜ਼ਬੂਤ ਕਰੇਗਾ। ਕਾਸ਼ੀ ਦੀ ਪਵਿੱਤਰ ਮਿੱਟੀ ਤੋਂ ਇੱਕ ਅਜਿਹਾ ਸੱਦਾ ਉੱਠੇਗਾ ਜੋ ਹਰ ਨੌਜਵਾਨ ਹਿਰਦੇ ਵਿਚ ਜਾਗਰੂਕਤਾ, ਦੇਸ਼ ਭਗਤੀ ਅਤੇ ਉਦੇਸ਼ ਦੀ ਮਿਸ਼ਾਲ ਜਗਾਏਗਾ। ਇਹ ਸਮੂਹਿਕ ਸੰਕਲਪ 2047 ਤੱਕ ਇੱਕ ਮਜ਼ਬੂਤ, ਸਵੈ-ਨਿਰਭਰ ਅਤੇ ਵਿਕਾਸ ਭਾਰਤ ਦੇ ਅਧਾਰ ਵਜੋਂ ਕੰਮ ਕਰੇਗਾ।

---

# ਅਣਜੰਮੀ ਫੌਜ ਦੀਆਂ ਪਲਟਣਾਂ...

ਗੱਲ ਕੋਈ ਤਿੰਨ ਦਹਾਕੇ ਪੁਰਾਣੀ ਹੈ। ਘਰ ਵਿਚ ਇਕ ਸਰਕਾਰੀ ਨੌਕਰੀ ਆਈ ਤੇ ਨਾਲ ਹੀ 'ਬੁੱਧੂ ਬਕਸਾ' ਆ ਗਿਆ। ਤੁਸੀਂ ਜਾਣਦੇ ਹੀ ਹੋ ਕਿ ਟੀਵੀ ਨੂੰ 'ਬੁੱਧੂ ਬਕਸਾ' (Idiot Box) ਦਾ ਸੰਬੋਧਨ ਅਕਸਰ ਅੰਗਰੇਜ਼ੀ ਸਾਹਿਤ ਅਤੇ ਮੀਡੀਆ ਵਿਚ ਵਰਤਿਆ ਜਾਂਦਾ ਹੈ। 'ਬੁੱਧੂ ਬਕਸਾ' ਕੀ ਆਇਆ, ਉਸ ਨੇ ਘਰ ਦਾ ਮਾਹੌਲ ਈ ਬਦਲ ਕੇ ਰੱਖ ਦਿੱਤਾ। ਪਰਿਵਾਰ ਦੇ ਜੀਆਂ ਦਾ ਸਮਾਂ ਹੁਣ ਟੀਵੀ ਦੇ ਸਮੇਂ ਅਨੁਸਾਰ ਨਿਸ਼ਚਿਤ ਹੋਣਾ ਸ਼ੁਰੂ ਹੋ ਗਿਆ। ਖਾਸਕਰ ਸ਼ਾਮਾਂ ਤੇ ਰਾਤਾਂ। ਹੁਣ ਸ਼ਾਮ ਦੇ ਖਾਣੇ ਉਪਰ ਹੁੰਦੀਆਂ ਪਰਿਵਾਰਕ ਚਰਚਾਵਾਂ ਨੂੰ ਚਿੱਤਰਹਾਰ ਨੇ ਹੂੰਝ ਕੇ ਪਾਸੇ ਕਰ'ਤਾ। ਇਵੇਂ ਹੀ ਦਾਦਾ-



**ਡਾ. ਪਰਮਜੀਤ ਸਿੰਘ ਕੱਟੂ**
**ਫੋਨ: 70873 20578**


ਦਾਦੀ ਤੋਂ ਸੁਣਨ ਵਾਲੀਆਂ ਬਾਤਾਂ ਦੇ ਹੁੰਗਾਰੇ ਰਾਤ ਦੇ ਸੀਰੀਅਲਾਂ ਨੇ ਚੁੱਪ ਕਰਾ ਦਿੱਤੇ। ਇਸ ਮਾਹੌਲ ਤੋਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਮੇਰੇ ਦਾਦਾ ਜੀ। ਹੁਣ ਉਹ ਇੱਕਲਾਪਾ ਮਹਿਸੂਸ ਕਰਦੇ। ਘਰ 'ਚ ਆਈ ਟੀਵੀ ਨਾਮ ਦੀ ਸ਼ੈਅ ਨੇ ਐਸਾ ਮੰਤਰ ਮਾਰਿਆ ਕਿ ਸਭ ਦਾ ਸਮਾਂ ਉਡੰਤਰ ਹੋ ਗਿਆ।

ਮੇਰਾ ਲਗਾਅ ਫੇਰ ਵੀ ਦਾਦਾ ਜੀ ਨਾਲ ਓਨਾ ਹੀ ਰਿਹਾ। ਮੈਂ ਉਦੋਂ 13-14 ਸਾਲਾਂ ਦਾ ਸਾਂ। ਮੈਂ ਅਕਸਰ ਉਨ੍ਹਾਂ ਤੋਂ ਗੱਲਾਂ ਸੁਣਦਾ ਰਹਿੰਦਾ। ਉਨ੍ਹਾਂ ਕੋਲ ਜ਼ਿੰਦਗੀ ਦੇ ਐਨੇ ਅਨੁਭਵ ਸਨ ਕਿ ਮੇਰੇ ਲਈ ਉਹ ਕਿਸੇ ਵੀ ਸੁਪਰਹੀਰੋ ਤੋਂ ਘੱਟ ਨਹੀਂ ਸਨ। ਉਹ ਬੜੇ ਹੀ ਸਹਿਜ ਵਿਅਕਤੀ, ਇਕ ਦਿਨ ਟੀਵੀ ਨਾਲ ਬਦਲੇ ਹੋਏ ਮਾਹੌਲ ਬਾਰੇ ਮੈਨੂੰ ਕਹਿਣ ਲੱਗੇ: 'ਫ਼ੱਕਰਾ, ਇਹ ਸਾਰੇ ਅਣਜੰਮੀ ਫੌਜ ਨੇ ਸ਼ਹੀਦ ਕਰ ਦੇਣੇ ਨੇ।' ਅੱਖਰਾਂ ਤੋਂ ਕੋਰੇ ਪਰ ਗੂੜ੍ਹ ਗਿਆਨੀ ਮੇਰੇ ਦਾਦਾ ਜੀ ਦਾ ਇਹ ਫ਼ਿਕਰਾ ਯਾਦ ਕਰ ਕੇ ਮੈਂ ਅਚੰਭਿਤ ਹੋ ਜਾਂਦਾ ਹਾਂ। ਟੀਵੀ ਉਪਰ ਚਲਦੇ ਪਾਤਰਾਂ ਨੂੰ ਅਣਜੰਮੀ ਫੌਜ ਕਹਿਣਾ, ਇਹ ਸ਼ਾਇਦ ਮੀਡੀਆ ਦੇ ਕਿਸੇ ਤਥਾ-ਕਥਿਤ ਵਿਦਵਾਨ ਦੇ ਹਿੱਸੇ ਵੀ ਨਾ ਆਇਆ ਹੋਵੇ। ਇਹ ਪਾਤਰ, ਘਟਨਾਵਾਂ ਐਸੀ ਕਾਲਪਨਿਕ ਸਿਰਜਣਾ ਨੇ ਜਿਹੜੇ ਕਦੇ ਮਰਨੇ ਨਹੀਂ।

ਦਾਦਾ ਜੀ ਨੂੰ ਰੁਖ਼ਸਤ ਹੋਇਆਂ ਦੋ ਦਹਾਕੇ ਹੋ ਚੱਲੇ ਨੇ। ਇੰਟਰਨੈੱਟ ਦਾ ਵਰਚੁਅਲ ਪਾਸਾਰਾ ਉਨ੍ਹਾਂ ਦੇ ਜਾਣ ਤੋਂ ਬਾਅਦ ਪੈਦਾ ਹੋਇਆ, ਪਰ ਉਨ੍ਹਾਂ ਦਾ ਫ਼ਿਕਰਾ ਅੱਜ ਵੀ ਗੂੰਜਦਾ ਰਹਿੰਦਾ ਹੈ- 'ਫ਼ੱਕਰਾ, ਇਹ ਸਾਰੇ ਅਣਜੰਮੀ ਫੌਜ ਨੇ ਸ਼ਹੀਦ ਕਰ ਦੇਣੇ ਨੇ।' ਹੁਣ ਤਾਂ ਇਸ ਅਣਜੰਮੀ ਫੌਜ ਦੀਆਂ ਪਲਟਣਾ ਦੀਆਂ ਪਲਟਣਾਂ ਘੁੰਮਦੀਆਂ ਨੇ, ਜਿਹੜੀਆਂ ਮਹਾਂਭਾਰਤ ਦੀਆਂ ਅਠਾਰਾਂ ਖੂਹਣੀਆਂ ਭਰਨ ਵਾਲੀ ਫੌਜ ਤੋਂ ਪਤਾ ਨਹੀਂ ਕਿੰਨੀਆਂ ਵੱਡੀਆਂ ਤੇ ਭਿਆਨਕ ਨੇ। ਮਹਾਂਭਾਰਤ ਬਾਰੇ ਕਿਹਾ ਜਾਂਦਾ ਹੈ:

ਕੈਰੋਂ-ਪਾਂਡੋ ਕਰਨ ਲੜਾਈਆਂ, ਅਠਾਰਾਂ ਖੂਹਣੀਆਂ ਤਦੋਂ ਖਪਾਈਆਂ।
ਮਾਰਨ ਭਾਈ ਸਕਿਆਂ ਭਾਈਆਂ, ਕੀ ਓਥੇ ਨਿਆਂ ਨਿਤਾਰਿਆ ਈ।

ਖੂਹਣੀ ਦਾ ਅਰਥ ਹੈ ਵੱਡੀ ਗਿਣਤੀ ਵਿਚ ਹਾਥੀਆਂ, ਘੋੜਿਆਂ ਅਤੇ ਪੈਦਲ ਸਿਪਾਹੀਆਂ ਦੀ ਫ਼ੌਜ; ਲੋਕ-ਧਾਰਨਾ ਅਨੁਸਾਰ, ਏਨੀ ਵੱਡੀ




ਗਿਣਤੀ ਦੀ ਫ਼ੌਜ ਜਿਸ ਦੇ ਹਾਥੀਆਂ, ਰੱਥਾਂ, ਘੋੜਿਆਂ ਅਤੇ ਸਿਪਾਹੀਆਂ ਦੇ ਲੰਘਣ ਸਮੇਂ ਉੱਡੀ ਧੂੜ ਨਾਲ ਲਾਂਘੇ ਨੇੜੇ ਦਾ ਖੂਹ ਭਰ ਜਾਵੇ। ਮਹਾਨ ਕੋਸ਼ ਅਨੁਸਾਰ ਇੱਕ ਖੂਹਣੀ ਸੈਨਾ ਦੀ ਗਿਣਤੀ ਵਿਚ ਹਾਥੀ 21870, ਰਥ 21870, ਘੋੜੇ 65610, ਪੈਦਲ 109350 ਸਿਪਾਹੀ ਹੁੰਦੇ ਸਨ।

ਹੁਣ ਇਸ ਅਣਜੰਮੀ ਫੌਜ ਦੀਆਂ ਖੂਹਣੀਆਂ ਨੇ ਕਿਹੜੇ ਕਿਹੜੇ ਖੂਹ ਭਰਨੇ ਨੇ, ਇਹ ਬਹੁਤ ਹੀ ਵੱਡਾ ਸਵਾਲ ਆ। ਤੇ ਇਹ ਖੂਹ ਵੀ ਐਸੇ ਨੇ ਜਿਨ੍ਹਾਂ ਦਾ ਥੱਲਾ ਕੋਈ ਨਹੀਂ। ਇਸ ਅਣਜੰਮੀ ਫੌਜ ਦੀ ਇਕ ਮਿਸਾਲ ਇਹ ਹੈ ਕਿ ਪਿਛਲੇ ਦਿਨੀਂ ਜਿਹੜੇ ਜਿਸਮ ਨੂੰ ਦੇਖਣ ਵਾਲਿਆਂ ਦੀ ਗਿਣਤੀ ਤਿੰਨ ਤੋਂ ਚਾਰ ਲੱਖ ਦੱਸੀ ਜਾਂਦੀ ਹੈ, ਜਦੋਂ ਉਹੀ ਜਿਸਮ ਫਨਾਹ ਹੋਇਆ ਤਾਂ ਉਥੇ ਪਹੁੰਚਣ ਵਾਲਿਆਂ ਦੀ ਗਿਣਤੀ ਸ਼ਾਇਦ ਚਾਰ ਤੱਕ ਵੀ ਨਾ ਅੱਪੜੀ।

ਅਸਲ ਵਿਚ ਇਸ ਅਣਜੰਮੀ ਫੌਜ ਦੀਆਂ ਪਰੇਡਾਂ ਨੇ ਸਾਨੂੰ 'ਬ੍ਰੇਨ ਰੌਟ' (Brain Rot) ਦੀ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ। ਆਕਸਫੋਰਡ ਡਿਕਸ਼ਨਰੀ ਨੇ ਸਾਲ 2024 ਦੇ ਸ਼ਬਦ ਵਜੋਂ 'ਬ੍ਰੇਨ ਰੌਟ' ਨੂੰ ਚੁਣਿਆ। ਪੰਜਾਬੀ ਵਿਚ ਇਸ ਦਾ ਅਰਥ ਕੀਤਾ ਜਾ ਸਕਦਾ ਹੈ 'ਦਿਮਾਗੀ ਗਿਰਾਵਟ' ਜਾਂ 'ਦਿਮਾਗ ਦੀ ਖਰਾਬੀ'। ਇਹ ਸ਼ਬਦ ਕਿਸੇ ਵਿਅਕਤੀ ਦੀ ਮਾਨਸਿਕ ਜਾਂ ਬੌਧਿਕ ਸਥਿਤੀ ਵਿਚ ਆਉਣ ਵਾਲੀ ਖਰਾਬੀ ਨੂੰ ਦਰਸਾਉਂਦਾ ਹੈ, ਜੋ ਖਾਸ ਤੌਰ 'ਤੇ ਸੋਸ਼ਲ ਮੀਡੀਆ ਜਾਂ ਇੰਟਰਨੈਟ 'ਤੇ ਬੇਲੋੜੀ, ਸਤਹੀ ਜਾਂ ਗੈਰ-ਚੁਣੌਤੀਪੂਰਨ ਸਮੱਗਰੀ ਦੀ ਜ਼ਿਆਦਾ ਵਰਤੋਂ ਕਾਰਨ ਹੁੰਦੀ ਹੈ।

ਇਹ ਸ਼ਬਦ ਅੱਜ ਦੇ ਡਿਜੀਟਲ ਯੁੱਗ ਵਿਚ ਸੋਸ਼ਲ ਮੀਡੀਆ ਦੇ ਵਧਦੇ ਪ੍ਰਭਾਵ ਨੂੰ ਦਰਸਾਉਂਦਾ ਹੈ, ਜਿੱਥੇ ਲੋਕ ਘੰਟਿਆਂ ਤੱਕ ਟਿਕਟੌਕ, ਇੰਸਟਾਗ੍ਰਾਮ, ਯੂਟਿਊਬ ਜਾਂ ਹੋਰ ਪਲੈਟਫਾਰਮਾਂ 'ਤੇ ਸਕ੍ਰੋਲ ਕਰਦੇ ਰਹਿੰਦੇ ਹਨ। ਇਸ ਦੌਰਾਨ, ਉਹ ਅਜਿਹੀ ਸਮੱਗਰੀ ਦੇ ਸੰਪਰਕ ਵਿਚ ਆਉਂਦੇ ਹਨ ਜੋ ਜ਼ਿਆਦਾਤਰ ਮਨੋਰੰਜਕ ਹੁੰਦੀ ਹੈ, ਪਰ ਅਕਸਰ ਬੌਧਿਕ ਤੌਰ 'ਤੇ ਉਤੇਜਕ ਨਹੀਂ ਹੁੰਦੀ। ਇਸ ਵਿਚ ਮੀਮਜ਼, ਵਾਇਰਲ ਵੀਡੀਓਜ਼, ਜਾਂ ਬੇਮਤਲਬ ਦੀਆਂ ਪੋਸਟਾਂ ਸ਼ਾਮਲ ਹੋ ਸਕਦੀਆਂ ਹਨ, ਜੋ ਲੋਕਾਂ ਦੀ ਸੋਚਣ-ਸਮਝਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

'ਬ੍ਰੇਨ ਰੌਟ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਹੀ ਪ੍ਰਚਲਿਤ ਹੋਈ, ਜਿੱਥੇ ਨੌਜਵਾਨ ਆਪਣੇ ਆਪ ਨੂੰ ਜਾਂ ਦੂਜਿਆਂ ਨੂੰ ਮਜ਼ਾਕ ਵਿਚ 'ਦਿਮਾਗੀ ਤੌਰ 'ਤੇ ਖਰਾਬ' ਹੋਣ ਦਾ ਦਾਅਵਾ ਕਰਦੇ ਸਨ, ਜਦੋਂ ਉਹ ਬਹੁਤ ਜ਼ਿਆਦਾ ਸਮਾਂ ਸਕ੍ਰੀਨ 'ਤੇ ਬਿਤਾਉਂਦੇ ਸਨ। ਪਰ, ਇਹ ਸ਼ਬਦ ਹੁਣ ਇੱਕ ਵਿਆਪਕ ਸਮਾਜਿਕ ਚਿੰਤਾ ਨੂੰ ਦਰਸਾਉਂਦਾ ਹੈ, ਜੋ ਡਿਜੀਟਲ ਸਮੱਗਰੀ ਦੇ ਨਕਾਰਾਤਮਕ ਪ੍ਰਭਾਵਾਂ ਨਾਲ ਜੁੜਿਆ ਹੈ।

ਤੇ ਮੈਨੂੰ ਲਗਦਾ ਹੈ ਕਿ ਆਕਸਫੋਰਡ ਡਿਕਸ਼ਨਰੀ ਕਿੰਨੀ ਵੱਡੀ ਟੀਮ ਨੇ ਕਿੰਨੀ ਮਿਹਨਤ ਤੋਂ ਬਾਅਦ ਸਿਰਫ਼ ਇਕ ਸਾਲ ਲਈ ਇਕ ਸ਼ਬਦ 'ਬ੍ਰੇਨ ਰੌਟ' ਚੁਣਿਆਂ ਤੇ ਮੇਰੇ ਦਾਦਾ ਜੀ ਨੇ ਕਿੰਨੇ ਹੀ ਸਹਿਜ ਨਾਲ ਇਕ ਸੰਕਲਪ ਦਿੱਤਾ ਸਾਰੇ ਸਮਿਆਂ ਲਈ- ਅਣਜੰਮੀ ਫੌਜ ਦੀਆਂ ਪਲਟਣਾਂ... ਜੋ ਭਰ ਰਹੀਆਂ ਨੇ ਅਸੰਖ ਖੂਹਣੀਆਂ, ਜਿਸ ਵਿਚ ਖਪ ਰਿਹੈ ਸਾਡਾ ਅੰਤ ਵੀ ਤੇ ਅਨੰਤ ਵੀ...ਤੇ ਕਿੰਨੇ ਹੀ ਹੋ ਰਹੇ ਨੇ ਯੁੱਧ ਘਮਸਾਣ...।

# ਦਰਬਾਰ ਸਾਹਿਬ - 4

*'ਪੰਜਾਬ ਟਾਈਮਜ਼ ਨਾਈਟ' ਮੌਕੇ ਦਿੱਤੇ ਸੁਝਾਉ ਕਿ ਹਰ ਵਾਰ ਕਿਸੇ ਇਕ ਨਗਰ ਅਤੇ/ਜਾਂ ਇਕ ਇਤਿਹਾਸਕ ਗੁਰਦੁਆਰੇ ਦਾ ਇਤਿਹਾਸ ਦਿੱਤਾ ਜਾਵੇ, ਤਹਿਤ ਅਸੀਂ ਅੰਕ 27 ਤੇ 28 ਵਿਚ ਅੰਮ੍ਰਿਤਸਰ ਸ਼ਹਿਰ ਤੇ ਇਸ ਦਾ ਇਤਿਹਾਸ ਪੇਸ਼ ਕੀਤਾ ਸੀ। ਇਸ ਵਾਰ ਅਸੀਂ ਦਰਬਾਰ ਸਾਹਿਬ ਅਤੇ ਇਸ ਵਿਚਲੀਆਂ ਥਾਂਵਾਂ ਦਾ ਇਤਿਹਾਸ ਪੇਸ਼ ਕਰ ਰਹੇ ਹਾਂ, ਜਿਸ ਨੂੰ ਦੋ-ਤਿੰਨ ਕਿਸ਼ਤਾਂ ਵਿਚ ਪੇਸ਼ ਕਰਾਂਗੇ। ਇਹ ਮਜ਼ਮੂਨ ਪ੍ਰੋ. ਸ਼ਿਲਪੀ ਸੇਠ, ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ ਨੇ ਵਿਸ਼ੇਸ਼ 'ਪੰਜਾਬ ਟਾਈਮਜ਼' ਵਾਸਤੇ ਲਿਖਿਆ ਹੈ। ਅਸੀਂ ਉਨ੍ਹਾਂ ਦੇ ਤਹਿ-ਦਿਲ ਤੋਂ ਧੰਨਵਾਦੀ ਹਾਂ।*

## ਦਰਬਾਰ ਸਾਹਿਬ 'ਤੇ ਸੋਨਾ



**ਪ੍ਰੋ. ਸ਼ਿਲਪੀ ਸੇਠ**
ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ

ਦਰਬਾਰ ਸਾਹਿਬ ਦੇ ਪੱਛਮੀ ਦਰਵਾਜ਼ੇ 'ਤੇ ਲੱਗੀ ਇਕ ਤਖ਼ਤੀ ਉਪਰ ਇਹ ਲਿਖਿਆ ਹੋਇਆ ਹੈ ਕਿ ਦਰਬਾਰ ਸਹਿਬ 'ਤੇ ਸਾਰਾ ਸੋਨਾ (ਮਹਾਰਾਜਾ) ਰਣਜੀਤ ਸਿੰਘ ਨੇ ਚੜ੍ਹਾਇਆ ਸੀ। ਬਹੁਤ ਸਾਰੇ ਲੇਖਕ ਇਸ ਤਖ਼ਤੀ ਦੇ ਅਸਰ ਹੇਠ ਇਹ ਲਿਖ ਛੱਡਦੇ ਹਨ ਕਿ ਦਰਬਾਰ ਸਾਹਿਬ ਨੂੰ ਵਾਹਿਗੁਰੂ ਦੇ ਦਰਬਾਰ ਦੀ ਜਗ੍ਹਾ 'ਗੋਲਡਨ ਟੈਂਪਲ' ਰਣਜੀਤ ਸਿੰਘ ਨੇ ਬਣਾ ਦਿੱਤਾ ਸੀ। ਪਰ, ਹਕੀਕਤ ਕੁਝ ਹੋਰ ਹੀ ਹੈ।

ਸੰਨ 1765 ਤੋਂ 1803 ਤਕ ਗੁਰੂ ਦਾ ਚੱਕ (ਅੰਮ੍ਰਿਤਸਰ)'ਤੇ ਭੰਗੀ ਮਿਸਲ ਦਾ ਕਬਜ਼ਾ ਸੀ। ਗੁਰਦੁਆਰਿਆਂ ਦੀ ਸੇਵਾ ਸੰਭਾਲ ਮਿਸਲ ਸ਼ਹੀਦਾਂ (ਅਕਾਲੀਆਂ) ਕੋਲ ਸੀ। ਅਕਾਲੀ ਫੂਲਾ ਸਿੰਘ ਦਾ ਡੇਰਾ ਬੁੰਗਾ ਅਕਾਲੀਆਂ ਵਿਚ (ਜਿਸ ਨੂੰ ਹੁਣ ਅਕਾਲ ਤਖ਼ਤ ਕਹਿਣ ਲਗ ਪਏ ਹਨ) ਸੀ। ਭਾਵੇਂ ਮਗਰੋਂ ਭੰਗੀ ਮਿਸਲ ਦੇ ਆਗੂ ਅੱਯਾਸ਼ ਹੋ ਗਏ ਸਨ ਤੇ ਨਸ਼ਿਆਂ ਵਿਚ ਗਲਤਾਨ ਹੋ ਗਏ ਸਨ, ਪਰ ਪਹਿਲਾਂ ਉਨ੍ਹਾਂ ਵਿਚ ਧਾਰਮਿਕ ਜਜ਼ਬਾਤ ਬਹੁਤ ਸੰਜੀਦਾ ਸਨ। ਉਨ੍ਹਾਂ ਨੇ ਦਰਬਾਰ ਸਾਹਿਬ ਅਤੇ ਗੁਰੂ ਦਾ ਚੱਕ ਵਿਚ ਬਹੁਤ ਪੈਸਾ ਖ਼ਰਚ ਕੀਤਾ ਸੀ। ਸੰਨ 1765 ਤੋਂ 1804 ਤਕ ਉਨ੍ਹਾਂ ਨੇ ਦਰਬਾਰ ਸਾਹਿਬ ਦੀ ਉਸਾਰੀ ਅਤੇ ਸਜਾਵਟ ਵਗ਼ੈਰਾ 'ਤੇ 33 ਲੱਖ 55 ਹਜ਼ਾਰ ਰੁਪੈ ਖ਼ਰਚ ਕੀਤੇ ਸਨ। ਭੰਗੀ ਮਿਸਲ ਨੇ ਦਰਬਾਰ ਸਾਹਿਬ ਦੇ ਅੰਦਰੂਨੀ ਹਿੱਸੇ ਵਿਚ ਸੋਨੇ ਦਾ ਬਹੁਤ ਸਾਰਾ ਕੰਮ ਕਰਵਾਇਆ ਸੀ।

ਉਨ੍ਹਾਂ ਨੇ ਸੰਨ 1803 ਵਿਚ ਦਰਸ਼ਨੀ ਡਿਓਢੀ ਦੇ ਦਰਵਾਜ਼ੇ ਤਿਆਰ ਕਰਵਾਏ ਸਨ (ਇਕ ਰਿਵਾਇਤ ਮੁਤਾਬਿਕ ਮੌਜੂਦਾ ਦਰਵਾਜ਼ੇ ਰਣਜੀਤ ਸਿੰਘ ਨੇ ਬਣਵਾਏ ਸਨ)। ਇਹ ਦਰਵਾਜ਼ੇ ਹਾਥੀ ਦੰਦ ਦੇ ਬਣੇ ਹੋਏ ਹਨ। {ਮਗਰੋਂ ਕਿਸੇ ਨੇ ਇਹ ਗ਼ਲਤ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਕਿ ਇਹ ਦਰਵਾਜ਼ੇ ਉਹੀ ਸਨ ਜਿਹੜੇ ਕਦੇ ਸੋਮਨਾਥ ਦੇ ਮੰਦਰ 'ਤੇ ਲੱਗੇ ਹੋਏ ਸਨ ਅਤੇ ਮਹਿਮੂਦ ਗ਼ਜ਼ਨਵੀ ਇਨ੍ਹਾਂ ਨੂੰ ਉਤਰਵਾ ਕੇ ਗ਼ਜ਼ਨੀ ਲੈ ਗਿਆ ਸੀ ਅਤੇ ਰਣਜੀਤ ਸਿੰਘ ਨੇ ਗ਼ਜ਼ਨੀ 'ਤੇ ਹਮਲਾ ਕਰ ਕੇ ਇਨ੍ਹਾਂ ਨੂੰ ਲਿਆਂਦਾ ਸੀ ਅਤੇ ਦਰਬਾਰ ਸਾਹਿਬ ਵਿਚ ਲੁਆਇਆ ਸੀ। ਇਹ ਨਿਰੀ ਗੱਪ ਹੈ। ਸਿੱਖਾਂ ਨੇ ਕਦੇ ਅਫ਼ਗ਼ਾਨਿਸਤਾਨ 'ਤੇ ਹਮਲਾ ਨਹੀਂ ਕੀਤਾ। ਸਿੱਖਾਂ ਨੇ ਕਦੇ ਵੀ ਅਫ਼ਗ਼ਾਨਿਸਤਾਨ ਨਹੀਂ ਜਿੱਤਿਆ। ਉਹ ਕਦੇ ਵੀ ਦੱਰਾ ਖ਼ੈਬਰ ਤੋਂ ਪਾਰ ਕਾਬਲ, ਕੰਧਾਰ, ਗ਼ਜ਼ਨੀ ਜਾਂ ਜਲਾਲਾਬਾਦ 'ਤੇ ਕਾਬਜ਼ ਨਹੀਂ ਰਹੇ ਸਨ}।

ਸੰਨ 1804 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਦਾ ਚੱਕ 'ਤੇ ਕਬਜ਼ਾ ਕਰ ਲਿਆ ਸੀ। ਹੁਣ ਇਸ ਦਾ ਨਾਂ ਅੰਮ੍ਰਿਤਸਰ ਵੀ ਚੱਲਣ ਲਗ ਪਿਆ ਸੀ। ਇਸ 'ਤੇ ਕਬਜ਼ਾ ਪੱਕਾ ਹੋਣ ਮਗਰੋਂ ਸੰਤ ਸਿੰਘ ਗਿਆਨੀ (ਨਿਰਮਲਾ) ਨੇ ਰਣਜੀਤ ਸਿੰਘ ਨੂੰ ਦਰਬਾਰ ਸਾਹਿਬ ਦੀ ਇਮਾਰਤ ਨੂੰ ਸੋਨੇ ਨਾਲ ਮੜ੍ਹਨ ਵੱਲ ਟੋਰਿਆ ਸੀ। ਰਣਜੀਤ ਸਿੰਘ ਨੇ ਸੋਨਾ ਖ਼ਰੀਦਣ ਵਾਸਤੇ ਉਸ ਨੂੰ ਉਦੋਂ ਦੇ 5 ਲੱਖ ਰੁਪੈ ਦਿੱਤੇ ਸਨ। ਉਸ ਨੇ ਇਸ ਕੰਮ ਵਾਸਤੇ ਯਾਰ ਮੁਹੰਮਦ ਮਿਸਤਰੀ ਦੀ ਸੇਵਾ ਹਾਸਿਲ ਕੀਤੀ ਸੀ। ਸਭ ਤੋਂ ਪਹਿਲਾਂ ਦਰਬਾਰ ਸਾਹਿਬ ਦੇ ਅੰਦਰ ਦੀ ਸੁਨਹਿਰੀ ਛੱਤ ਤਿਆਰ ਕੀਤੀ ਗਈ ਸੀ।



ਦਰਬਾਰ ਸਾਹਿਬ ਦੇ ਬੰਗਲਿਆਂ 'ਤੇ ਸੋਨਾ ਚੜ੍ਹਾਉਣ ਦਾ ਕੰਮ ਸਿੱਖ ਜਰਨੈਲ ਹੁਕਮਾ ਸਿੰਘ ਚਿਮਨੀ ਨੇ ਸ਼ੁਰੂ ਕੀਤਾ ਸੀ। ਉਸ ਨੇ ਦੱਖਣ-ਪੱਛਮੀ (ਇਲਾਇਚੀ ਬੇਰ ਵਾਲੇ ਪਾਸੇ) ਦੇ ਬੰਗਲੇ 'ਤੇ ਸੋਨਾ ਚੜ੍ਹਾਇਆ ਸੀ ਤੇ ਬਾਕੀ ਤਿੰਨਾਂ 'ਤੇ ਰਣਜੀਤ ਸਿੰਘ ਨੇ ਚੜ੍ਹਾਇਆ ਸੀ। ਹੁਕਮਾ ਸਿੰਘ ਚਿਮਨੀ ਦਾ ਸੋਨਾ 1 ਲੱਖ 14 ਹਜ਼ਾਰ ਰੁਪੈ ਦਾ ਸੀ ਤੇ ਰਣਜੀਤ ਸਿੰਘ ਦਾ 3 ਲੱਖ 42 ਹਜ਼ਾਰ 635 ਰੁਪੈ ਦਾ ਸੀ। ਦਰਬਾਰ ਸਾਹਿਬ ਦੇ ਵਿਚਕਾਰਲੇ ਗੁੰਬਦ 'ਤੇ ਸੋਨਾ ਚੜ੍ਹਾਉਣ ਵਾਸਤੇ ਕਪੂਰਥਲਾ ਦੇ ਮਹਾਰਾਜੇ ਫ਼ਤਹਿ ਸਿੰਘ ਨੇ 2 ਲੱਖ 40 ਹਜ਼ਾਰ ਰੁਪੈ ਦਿੱਤੇ ਸਨ। ਇੰਞ ਦਰਬਾਰ ਸਾਹਿਬ ਦੇ ਗੁੰਬਦਾਂ ਦੇ ਸੋਨੇ ਵਿਚੋਂ ਰਣਜੀਤ ਸਿੰਘ ਦਾ ਸੋਨਾ 3 ਲੱਖ 42 ਹਜ਼ਾਰ ਰੁਪੈ ਦਾ ਅਤੇ ਬਾਕੀ ਸਰਦਾਰਾਂ ਦਾ 3 ਲੱਖ 64 ਹਜ਼ਾਰ ਰੁਪੈ ਦਾ ਸੀ। ਪਰ ਗਿਆਨੀ ਸੰਤ ਸਿੰਘ ਨਿਰਮਲਾ ਨੇ ਚਾਪਲੂਸੀ ਕਰਨ ਵਾਸਤੇ ਦਰਸ਼ਨੀ ਡਿਓਢੀ 'ਤੇ ਨਾਂ ਸਿਰਫ਼ ਰਣਜੀਤ ਸਿੰਘ ਦਾ ਹੀ ਲਿਖਿਆ ਸੀ।

ਰਣਜੀਤ ਸਿੰਘ ਦੀ ਮੌਤ (27 ਜੂਨ 1839) ਤੋਂ ਮਗਰੋਂ ਵੀ ਦਰਬਾਰ ਸਾਹਿਬ ਦੀ ਇਮਾਰਤ ਦੇ ਗੁੰਬਦਾਂ 'ਤੇ ਸੋਨਾ ਚੜ੍ਹਾਇਆ ਜਾਂਦਾ ਰਿਹਾ ਸੀ। ਰਾਣੀ ਮਹਿਤਾਬ ਕੌਰ ਦੀ ਕੁੱਖੋਂ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਸ਼ੇਰ ਸਿੰਘ ਨੇ ਸੰਤ ਸਿੰਘ ਗਿਆਨੀ ਦੇ ਪੁੱਤਰ ਗੁਰਮੁਖ ਸਿੰਘ (ਜਿਸ ਨੇ ਦਰਬਾਰ ਸਿੰਘ ਗ੍ਰੰਥੀ ਨਾਲ ਰਲ ਕੇ ਗੁਰਬਿਲਾਸ ਪਾਤਸਾਹੀ ਛੇਵੀਂ ਕਿਤਾਬ ਲਿਖੀ ਸੀ) ਨੂੰ ਦਰਬਾਰ ਸਾਹਿਬ ਦੇ ਸੋਨੇ ਵਾਸਤੇ 5 ਲੱਖ 3 ਹਜ਼ਾਰ 735 ਰੁਪੈ ਦਿੱਤੇ ਸਨ, ਜਿਸ ਵਿਚੋਂ ਬਹੁਤੇ ਉਹ ਆਪ ਡਕਾਰ ਗਿਆ ਸੀ (ਲਾਹੌਰ ਦਰਬਾਰ ਦੇ ਤਖ਼ਤ ਦੇ ਝਗੜੇ ਵਿਚ ਗੁਰਮੁਖ ਸਿੰਘ ਨੂੰ ਸੰਨ 1843 ਵਿਚ ਕਤਲ ਕਰ ਦਿੱਤਾ ਗਿਆ ਸੀ)।

ਇਸ ਮਗਰੋਂ ਵੀ ਦਰਬਾਰ ਸਾਹਿਬ 'ਤੇ ਸੋਨਾ ਚੜ੍ਹਦਾ ਰਿਹਾ ਸੀ। ਸੰਨ 1846 ਵਿਚ ਦਰਸ਼ਨੀ ਡਿਓਢੀ ਦੇ ਬੰਗਲਿਆਂ 'ਤੇ ਸੋਨਾ ਚੜ੍ਹਾਇਆ ਗਿਆ ਸੀ। ਇਕ ਬੰਗਲੇ ਦੇ ਸੋਨੇ ਵਿਚ ਹਿੱਸਾ ਪਾਉਣ ਵਾਸਤੇ ਦੀਵਾਨ ਮੂਲ ਰਾਜ ਨੇ 1200 ਰੁਪੈ ਦਿੱਤੇ ਸਨ। ਦਰਸ਼ਨੀ ਡਿਓਢੀ ਦੀ ਅੰਦਰਲੀ ਛੱਤ ਵਾਸਤੇ ਸੋਨਾ ਜੀਂਦ ਦੇ ਰਾਜੇ ਸੰਗਤ ਸਿੰਘ ਨੇ ਦਿੱਤਾ ਸੀ। ਬਾਹਰ ਸੋਨੇ ਦੀ ਇਕ ਸੁਰਾਹੀ ਵਾਸਤੇ ਭਾਈ ਪ੍ਰੇਮ ਸਿੰਘ ਨੇ ਸੋਨਾ ਦਿੱਤਾ ਸੀ। ਦੀਵਾਰਾਂ ਦਾ ਸੋਨਾ ਭਾਗੋਵਾਲੀਏ ਸਰਦਾਰਾਂ ਨੇ ਦਿੱਤਾ ਸੀ।

ਦਰਬਾਰ ਸਾਹਿਬ ਦੇ ਨਾਲ ਲਗਦੇ ਸਰੋਵਰ ਦਾ ਤਿਗੋਸ਼ਾ (ਜਿਸ ਨੂੰ ਨਿਰਮਲੇ ਬ੍ਰਾਹਮਣ ਪੁਜਾਰੀਆਂ ਨੇ 'ਹਰਿ ਕੀ ਪੌੜੀ' ਕਹਿਣਾ ਸ਼ੁਰੂ ਕਰ ਦਿੱਤਾ ਸੀ) ਸੰਨ 1837 ਵਿਚ ਤਿਆਰ ਹੋਇਆ ਸੀ। ਇਹ ਦਰਬਾਰਾ ਸਿੰਘ ਨਿਰਮਲਾ ਪੁਜਾਰੀ (ਜਿਸ ਨੇ ਗੁਰਮੁਖ ਸਿੰਘ ਨਾਲ ਮਿਲ ਕੇ 'ਗੁਰਬਿਲਾਸ ਪਾਤਸਾਹੀ ਛੇਵੀਂ' ਕਿਤਾਬ ਲਿਖੀ ਸੀ) ਦੀ ਨਿਗਰਾਨੀ ਹੇਠ ਤਿਆਰ ਹੋਇਆ ਸੀ। ਇਸ ਤੋਂ ਉੱਪਰ ਜਾਣ ਵਾਸਤੇ ਜੋ 19 ਪੌੜੀਆਂ ਹਨ ਉਨ੍ਹਾਂ ਉੱਤੇ ਵੀ ਸੁਨਹਿਰੀ ਬੰਗਲੇ ਬਣੇ ਹੋਏ ਹਨ। ਪੌੜੀਆਂ ਦੀ ਅੰਦਰਲੀ ਛੱਤ 'ਤੇ ਕੱਚੀ ਸੁਨਹਿਰੀ ਗਿਲਡ ਰਣਜੀਤ ਸਿੰਘ ਨੇ ਕਰਵਾਈ ਹੋਈ ਸੀ। ਇਸ ਨੂੰ ਪੱਕਾ ਕਰਨ ਵਾਸਤੇ ਸੰਨ 1860 ਵਿਚ ਜੀਂਦ ਦੇ ਰਾਜੇ ਸੰਗਤ ਸਿੰਘ ਨੇ ਯਾਰ੍ਹਾਂ ਹਜ਼ਾਰ ਰੁਪੈ ਖ਼ਰਚੇ ਸਨ।

ਦਰਬਾਰ ਸਾਹਿਬ ਦੇ ਪੂਰਬੀ ਦਰਵਾਜ਼ੇ ਅਤੇ ਸਰੋਵਰ ਦੇ ਵਿਚਕਾਰ ਦੀਆਂ ਛੱਤਾਂ ਰਣਜੀਤ ਸਿੰਘ ਅਤੇ ਕੁੰਵਰ ਖੜਕ ਸਿੰਘ ਨੇ ਚਾਂਦੀ ਦੀਆਂ ਬਣਵਾਈਆਂ ਸਨ। ਸੰਨ 1851 ਵਿਚ ਇਨ੍ਹਾਂ ਨੂੰ ਸੁਨਹਿਰੀ ਬਣਵਾਇਆ ਗਿਆ ਸੀ। ਇਸ ਪਿਛਵਾੜੇ 'ਤੇ ਬਣੀ ਇਮਾਰਤ ਦੀ ਦੂਜੀ ਮੰਜ਼ਿਲ (ਜਿੱਥੇ ਗੁਰੂ ਗ੍ਰੰਥ ਸਾਹਿਬ ਦੇ ਵੱਡ ਅਕਾਰੀ ਸਰੂਪ ਦਾ ਪ੍ਰਕਾਸ਼ ਹੈ) ਨੂੰ ਅਮੀਰ ਸਿੰਘ ਸੰਧਾਵਾਲੀਆ ਨੇ ਸੁਨਹਿਰੀ ਕਰਵਾਇਆ ਸੀ।

ਦਰਬਾਰ ਸਾਹਿਬ ਦੇ ਅੰਦਰ ਛੱਤ ਤਲਾਈ ਅਤੇ ਸੋਨੇ ਦੀ ਨੁਕਰਾਈ ਦੋਵੇਂ ਪਾਸੇ ਤਾਰਾ ਸਿੰਘ ਗ਼ੈਬਾ ਨੇ ਸੰਨ 1805 ਵਿਚ ਕਰਵਾਈ ਸੀ। ਤੀਜੇ ਪਾਸੇ ਸੁਨਹਿਰੀ ਕਰਨ ਦਾ ਖ਼ਰਚ ਸੰਨ 1805 ਵਿਚ ਹੀ ਸਰਦਾਰਾਂ ਪ੍ਰਤਾਪ ਸਿੰਘ ਤੇ ਜੱਸਾ ਸਿੰਘ ਨੇ ਕੀਤਾ ਸੀ। ਚੌਥੇ ਪਾਸੇ ਨੂੰ ਸੁਨਹਿਰੀ ਕਰਨ ਦਾ ਖ਼ਰਚ ਗੰਡਾ ਸਿੰਘ ਪਿਸ਼ੌਰੀਏ ਨੇ ਕੀਤਾ ਸੀ। ਦੂਜੀ ਮੰਜ਼ਿਲ ਦੀ ਛੱਤ ਸੋਭਾ ਸਿੰਘ ਨੱਕਈ ਨੇ ਸੁਨਹਿਰੀ ਕਰਵਾਈ ਸੀ। ਤੀਜੀ ਮੰਜ਼ਿਲ ਦੀ ਛੱਤ ਪ੍ਰੇਮੀ ਰਾਮ ਕਿਸ਼ਨ, ਅਮੀਰ ਚੰਦ ਅਤੇ ਲਾਲ ਚੰਦ ਖਤਰੀ ਨੇ ਆਪਣੇ ਪਰਵਾਰ ਦੇ ਸਿੱਖੀ ਵਿਚ ਸ਼ਾਮਿਲ ਹੋਣ ਦੀ ਖ਼ੁਸ਼ੀ ਵਿਚ ਸੁਨਹਿਰੀ ਕਰਵਾਈ ਸੀ।

ਦਰਬਾਰ ਸਾਹਿਬ ਦੀ ਸਭ ਤੋਂ ਉਪਰਲੀ ਛੱਤ 'ਤੇ ਇਕ 12 ਦਰਵਾਜ਼ਿਆਂ ਵਾਲਾ ਗੁੰਬਦ ਹੈ। ਇਸ ਦੇ ਚਾਰੇ ਪਾਸੇ 36 ਕਲਸ਼ ਹਨ। ਇਹ ਗੁੰਬਦ ਕਪੂਰਥਲਾ ਦੇ ਰਾਜੇ ਭਾਗ ਸਿੰਘ ਤੇ ਉਸ ਦੇ ਪੁੱਤਰ ਰਾਜਾ ਫ਼ਤਹਿ ਸਿੰਘ ਆਹਲੂਵਾਲੀਆ ਨੇ ਬਣਵਾਇਆ ਸੀ। ਇਸ ਦੇ 12 ਦਰਵਾਜ਼ਿਆਂ 'ਤੇ ਸੁਨਹਿਰੀ ਕੰਮ ਬਸੰਤ ਸਿੰਘ ਖੇੜੀ ਵਾਲਿਆਂ ਨੇ ਕਰਵਾਇਆ ਸੀ। ਇਸ ਦੇ ਛੋਟੇ-ਛੋਟੇ ਗੋਲ ਗੁੰਬਦ ਰਣਜੀਤ ਸਿੰਘ ਨੇ ਬਣਵਾਏ ਸਨ।

ਦਰਬਾਰ ਸਾਹਿਬ 'ਤੇ ਸੁਨਹਿਰੀ ਵਗ਼ੈਰਾ ਦਾ ਕੁਲ ਖ਼ਰਚ 64 ਲੱਖ 11 ਹਜ਼ਾਰ ਰੁਪੈ ਆਇਆ ਸੀ। ਇਸ ਵਿਚੋਂ 33 ਲੱਖ 55 ਹਜ਼ਾਰ ਰੁਪੈ ਭੰਗੀ ਮਿਸਲ ਦੇ ਸਰਦਾਰਾਂ ਨੇ, 16 ਲੱਖ 39 ਹਜ਼ਾਰ ਰੁਪੈ ਮਹਾਰਾਜਾ ਰਣਜੀਤ ਸਿੰਘ ਨੇ, 6 ਲੱਖ 41 ਹਜ਼ਾਰ ਰੁਪੈ ਫ਼ਤਹਿ ਸਿੰਘ ਆਹਲੂਵਾਲੀਆ ਨੇ, 5 ਲੱਖ ਰੁਪੈ ਮਹਾਰਾਜਾ ਖੜਕ ਸਿੰਘ ਨੇ, 2 ਲੱਖ 33 ਹਜ਼ਾਰ ਰੁਪੈ ਮਹਾਰਾਣੀ ਸਦਾ ਕੌਰ ਨੇ, 85 ਹਜ਼ਾਰ ਰੁਪੈ ਮਹਾਰਾਜਾ ਸ਼ੇਰ ਸਿੰਘ ਨੇ, 3 ਲੱਖ 17 ਹਜ਼ਾਰ ਰੁਪੈ ਰਾਣੀ ਨਕੈਣ (ਸ਼ਾਇਦ ਦਾਤਾਰ ਕੌਰ ਜਾਂ ਕਾਹਨ ਸਿੰਘ ਦੀ ਪਤਨੀ) ਨੇ, ਤੇ 1 ਲੱਖ 14 ਹਜ਼ਾਰ 200 ਰੁਪੈ ਹੁਕਮਾ ਸਿੰਘ ਚਿਮਨੀ ਨੇ ਖ਼ਰਚ ਕੀਤੇ ਸਨ।

ਦਰਬਾਰ ਸਾਹਿਬ ਦੀ ਇਮਾਰਤ 'ਤੇ ਕੁਲ ਤਕਰੀਬਨ 750 ਕਿਲੋ (ਤਕਰੀਬਨ 20 ਮਣ) ਸੋਨਾ ਲੱਗਾ ਹੈ; ਜਿਸ ਵਿਚੋਂ ਅੰਦਰਲੇ ਹਿੱਸੇ ਵਿਚ 100 ਕਿਲੋ (ਤਕਰੀਬਨ ਪੌਣੇ 3 ਮਣ) ਹੈ। ਇਸ ਵਿਚੋਂ ਮਹਾਰਾਜਾ ਰਣਜੀਤ ਸਿੰਘ ਦਾ ਸੋਨਾ ਤਕਰੀਬਨ 8 ਮਣ ਬਣਦਾ ਹੈ।ਉਦੋਂ ਸੋਨੇ ਦੀ ਕੀਮਤ ਤਕਰੀਬਨ 20 ਰੁਪੈ ਤੋਲਾ (ਤਕਰੀਬਨ 1600 ਰੁਪੈ ਸੇਰ ਅਤੇ ਤਕਰੀਬਨ 64000 ਰੁਪੈ ਮਣ ਸੀ)। ਰਣਜੀਤ ਸਿੰਘ ਦੇ ਚੜ੍ਹਾਏ 8 ਕੁ ਮਣ ਸੋਨੇ ਦੀ ਕੀਮਤ ਉਦੋਂ ਦੇ 5-6 ਲੱਖ ਸੀ ਅਤੇ ਬਾਕੀ ਖ਼ਰਚ ਨੱਕਾਸ਼ੀ ਤੇ ਮਿਹਨਤਾਨੇ 'ਤੇ ਖ਼ਰਚ ਆਇਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਸਾਰਾ ਪੈਸਾ, ਤਕਰੀਬਨ 16 ਲੱਖ ਰੁਪਿਆ, ਨਿਰਮਲੇ ਪੁਜਾਰੀ ਗਿਆਨੀ ਸੰਤ ਸਿਘ ਦੇ ਰਾਹੀਂ ਖ਼ਰਚਿਆ ਸੀ। ਅਜਿਹਾ ਜਾਪਦਾ ਹੈ ਕਿ ਇਸ ਵਿਚੋਂ ਬਹੁਤ ਸਾਰੀ ਰਕਮ ਸੰਤ ਸਿੰਘ ਗਿਆਨੀ ਅਤੇ ਉਸ ਦੇ ਪੁੱਤਰ ਗੁਰਮੁਖ ਸਿੰਘ ('ਗੁਰਬਿਲਾਸ ਪਾਤਸਾਹੀ ਛੇਵੀਂ' ਦੇ ਇਕ ਲੇਖਕ) ਨੇ ਹੜਪ ਲਈ ਸੀ। ਦੂਜੇ ਪਾਸੇ ਮਹਾਰਾਜਾ ਰਣਜੀਤ ਸਿਘ ਨੇ ਬਨਾਰਸ ਦੇ ਸੁਨਹਿਰੀ ਮੰਦਰ 'ਤੇ 33 ਮਣ ਸੋਨਾ (ਉਦੋਂ ਦੇ 22 ਲੱਖ ਰੁਪੈ ਦਾ) ਅਤੇ ਪੁਰੀ ਦੇ ਜਗਨ ਨਾਥ ਮੰਦਰ 'ਤੇ 46 ਮਣ ਸੋਨਾ (ਉਦੋਂ ਦੇ 30 ਲੱਖ ਰੁਪੈ ਦਾ) ਚੜ੍ਹਾਇਆ ਸੀ। ਇੰਞ ਹੀ ਜੰਮੂ ਦੇ ਰਘੂਨਾਥ ਮੰਦਰ, ਕਾਂਗੜਾ, ਜੁਆਲਾਮੁਖੀ ਅਤੇ ਪੁਰਮੰਡਲ ਦੇ ਮੰਦਰਾਂ 'ਤੇ ਕਈ-ਕਈ ਮਣ ਸੋਨਾ ਦਿੱਤਾ ਸੀ। ਇਹ ਸਾਰਾ ਤਕਰੀਬਨ 2 ਤੋਂ 5 ਕਰੋੜ ਰੁਪੈ ਤਕ ਦੀ ਕੀਮਤ ਦਾ ਸੋਨਾ ਸੀ।

---

# ਸਮੇਂ ਨਾਲ ਭਰ ਜਾਂਦੇ ਨੇ ਵੱਡੇ ਤੋਂ ਵੱਡੇ ਫੱਟ

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਓਹਨਾਂ ਦੋਹਾਂ ਨੂੰ ਮੁਹੱਬਤ ਦੇ ਨਾਮ ਤੋਂ ਸਖਤ ਚਿੜ ਸੀ...

ਮੱਧਵਰਗੀ ਪਰਿਵਾਰ ਨਾਲ ਸਬੰਧਿਤ ਦੋਹਾਂ ਦੀ ਜਦੋਂ ਰਿਸ਼ਤੇ ਦੀ ਗੱਲ ਚੱਲੀ ਤਾਂ ਇੰਝ ਵਿਵਹਾਰ ਕੀਤਾ ਜਿੱਦਾਂ ਦੋਹਾਂ ਨੂੰ ਹੀ ਵਿਆਹ ਨਾਮ ਦਾ ਇਹ ਬੰਧਨ ਕਿਸੇ ਕੀਮਤ 'ਤੇ ਵੀ ਮਨਜ਼ੂਰ ਨਹੀਂ ਸੀ...!

ਕੁੜੀ ਦੀ ਵੱਡੀ ਭੈਣ...ਤਲਾਕ ਤੋਂ ਬਾਅਦ ਪੇਕੇ ਘਰ ਹੀ ਰਿਹਾ ਕਰਦੀ...!

ਅਗਲੇ ਘਰ ਕਿੰਨੀਆਂ ਸਾਰੀਆਂ ਰੋਕਾਂ ਟੋਕਾਂ, ਪਾਬੰਦੀਆਂ ਅਤੇ ਕਿੰਨੇ ਸਾਰੇ ਪਰਿਵਾਰਕ ਮਸਲਿਆਂ ਤੋਂ ਬਾਅਦ ਸ਼ਾਇਦ ਉਸਨੇ ਆਪਣੇ ਵਿਵਾਹਿਕ ਜੀਵਨ ਨੂੰ ਸਦਾ ਲਈ ਅਲਵਿਦਾ ਆਖ ਦਿੱਤਾ ਸੀ...!

ਇਸੇ ਗੱਲ ਦਾ ਅਸਰ ਹੀ ਉਸ ਦੀ ਨਿੱਕੀ ਭੈਣ 'ਤੇ ਵੀ ਹੋ ਗਿਆ ਤੇ ਉਸਨੇ ਵੀ ਸਾਰੀ ਜ਼ਿੰਦਗੀ ਮੁਹੱਬਤ ਅਤੇ ਵਿਆਹ ਵਾਲੀ ਦੁਨੀਆ ਤੋਂ ਦੂਰ ਰਹਿਣ ਦਾ ਫੈਸਲਾ ਕਰ ਲਿਆ ਸੀ!

ਦੂਜੇ ਪਾਸੇ ਉਸ ਮੁੰਡੇ ਦਾ ਵੀ ਆਪਣਾ ਇੱਕ ਅਤੀਤ ਸੀ...ਉਸਦੇ ਆਪਣੇ ਨਾਲ ਪੜ੍ਹਾਉਂਦੀ ਇੱਕ ਕੁੜੀ ਜਿਸਨੂੰ ਉਸ ਨੇ ਆਪਣਾ ਸਾਰਾ ਕੁਝ ਮੰਨ ਕਿੰਨੇ ਸਾਰੇ ਕੌਲ ਕਰਾਰ ਕੀਤੇ ਸਨ...ਇੱਕ ਦਿਨ ਚੁੱਪ ਚੁਪੀਤੇ ਮਾਲਦਾਰ ਮੁੰਡੇ ਨਾਲ ਫੇਰੇ ਲੈ ਕੇ ਅਮਰੀਕਾ ਜਾ ਵੱਸੀ...!

ਅਖੀਰ ਪਰਿਵਾਰਾਂ ਦੇ ਦਬਾਓ ਮਗਰੋਂ ਦੋਹਾਂ ਨੇ ਅਣਮੰਨੇ ਮਨ ਨਾਲ ਵਿਆਹ ਵਾਲੇ ਵਰਕੇ 'ਤੇ ਸਹੀ ਪਾ ਦਿੱਤੀ...!

ਦੋਹਾਂ ਨੇ ਆਪੋ ਆਪਣੀਆਂ ਤਲਖ਼ ਹਕੀਕਤਾਂ ਇੱਕ ਦੂਜੇ ਨਾਲ ਸਾਂਝੀਆਂ ਕਰ ਦਿੱਤੀਆਂ ਅਤੇ ਬਾਹਰੀ ਦੁਨੀਆ ਨੂੰ ਭੁਲੇਖੇ ਵਿਚ ਰੱਖਣ ਲਈ ਕੁਝ ਸਮਝੌਤੇ ਕੀਤੇ...ਇੱਕ ਦੂਜੇ ਨੂੰ ਆਪਣੇ ਹਿਸਾਬ ਨਾਲ ਜ਼ਿੰਦਗੀ ਜੀਣ ਦੀ ਖੁੱਲ੍ਹ ਦੇ ਦਿੱਤੀ...!

ਕੁੜੀ ਨੇ ਸਾਫ-ਸਾਫ ਆਖ ਦਿੱਤਾ ਕਿ ਆਪਣਾ ਮਨਪਸੰਦ ਪਹਿਰਾਵਾ ਪਾਵੇਗੀ...ਪੰਜਾਬੀ ਸੂਟ ਵਾਸਤੇ ਮਜਬੂਰ ਨਾ ਕੀਤਾ ਜਾਵੇ...ਆਪਣੀਆਂ ਸਹੇਲੀਆਂ ਕੋਲ ਜਦੋਂ ਮਰਜ਼ੀ ਬਿਨਾ ਕਿਸੇ ਰੋਕ ਟੋਕ ਤੋਂ ਜਾ ਸਕਦੀ ਹੈ...ਆਪਣੇ ਨਾਮ ਦੇ ਨਾਲ ਕਿਸੇ ਹੋਰ ਦਾ ਨਾਮ ਜੋੜਨ ਲਈ ਪ੍ਰੈਸ਼ਰ ਨਹੀਂ ਪਾਇਆ ਜਾਵੇਗਾ...ਬੱਚੇ ਨੂੰ ਜਨਮ ਦੇਣਾ ਨਾ ਦੇਣਾ...ਇਸ ਮੁੱਦੇ 'ਤੇ ਕਦੀ ਵੀ ਕੋਈ ਬਹਿਸ ਨਹੀਂ ਕੀਤੀ ਜਾਵੇਗੀ...!



ਦੂਜੇ ਪਾਸੇ ਮੁੰਡਾ ਵੀ ਕਈ ਵਾਰ ਅੱਧੀ-ਅੱਧੀ ਰਾਤ ਨੂੰ ਕੰਮ ਤੋਂ ਮੁੜਦਾ...ਸਰਕਾਰੀ ਟੂਰ 'ਤੇ ਕਿੰਨੇ ਕਿੰਨੇ ਦਿਨ ਬਾਹਰ ਰਹਿੰਦਾ...ਫੋਨ 'ਤੇ ਦੋਸਤਾਂ ਨਾਲ ਕਿੰਨੀ ਦੇਰ ਗੱਲ ਕਰਦਾ ਰਹਿੰਦਾ...ਉਹ ਬਿਲਕੁਲ ਵੀ ਇਤਰਾਜ਼ ਨਾ ਕਰਦੀ...!

ਦੋਵੇਂ ਇਸ ਰਹਿਣੀ-ਬਹਿਣੀ ਨਾਲ ਪੂਰੀ ਤਰ੍ਹਾਂ ਖੁਸ਼ ਸਨ...!

ਛੇ ਮਹੀਨੇ ਮਗਰੋਂ ਦੋਹਾਂ ਨੇ ਇੱਕ ਦੂਜੇ ਨਾਲ ਕੁਝ ਅੰਦਰ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ...!

ਕਦੀ ਕਦੀ ਕੁਝ ਡੂੰਘੇ ਮਸਲਿਆਂ 'ਤੇ ਸਕਾਰਾਤਮਿਕ ਜਿਹੀ ਬਹਿਸ ਵੀ ਹੋ ਜਾਂਦੀ...ਇੱਕ ਦੂਜੇ 'ਤੇ ਕੁਝ ਬਰਦਾਸ਼ਤ ਯੋਗ ਟਿੱਪਣੀਆਂ ਵੀ ਕਰ ਲਿਆ ਕਰਦੇ...ਪਰ ਪਹਿਲੇ ਦਿਨ ਤੋਂ ਵਾਹ ਦਿੱਤੀ ਲਸ਼ਮਣ ਰੇਖਾ ਕਦੀ ਵੀ ਪਾਰ ਨਾ ਕਰਦੇ...!

ਅਖੀਰ ਵਿਆਹ ਦੀ ਪਹਿਲੀ ਵਰ੍ਹੇਗੰਢ ਨੂੰ ਦੋਹਾਂ ਦੇ ਪਰਿਵਾਰ ਇੱਕਠੇ ਹੋਏ...ਕੁੜੀ ਦੇ ਜ਼ਿਹਨ 'ਤੇ ਅੱਜ ਇੱਕ ਵੱਖਰੀ ਜਿਹੀ ਮਾਨਸਿਕਤਾ ਭਾਰੂ ਸੀ...ਉਸਨੇ ਅੱਜ ਪਹਿਲੀ ਵਾਰ ਪੰਜਾਬੀ ਸੂਟ ਪਾਇਆ...ਪਹਿਲੀ ਵਾਰ ਹੀ ਨਾਲਦੇ ਨੂੰ ਫੋਨ ਕਰ ਕੇ ਪੁੱਛਿਆ ਕਿ ਘਰੇ ਵਾਪਿਸ ਕਦੋਂ ਆਉਣਾ?

ਅਚਨਚੇਤ ਫੇਸਬੁਕ ਅਕਾਊਂਟ ਵਿਚ ਵੀ ਆਪਣੇ ਨਾਮ ਨੂੰ ਐਡਿਟ ਕਰ ਕੇ ਇੱਕ ਨਾਮ ਹੋਰ ਜੋੜ ਦਿੱਤਾ...!

ਮੁੰਡੇ ਨੇ ਵੀ ਘਰੇ ਆਉਂਦੇ ਹੋਏ ਨਾਲਦੀ ਦੇ ਮਨਪਸੰਦ ਵਾਲਾ ਪੀਜ਼ਾ ਆਰਡਰ ਕਰ ਦਿੱਤਾ...ਪਹਿਲੀ ਵਾਰ ਅੱਜ ਉਹ ਆਪਣੀਆਂ ਫਾਈਲਾਂ ਦਾ ਢੇਰ ਦਫਤਰ ਹੀ ਛੱਡ ਕੇ ਆਇਆ...!

ਫੇਰ ਦੇਰ ਰਾਤ ਤੱਕ ਰੌਣਕ ਮੇਲੇ ਵਾਲਾ ਸਿਲਸਿਲਾ ਚੱਲਦਾ ਰਿਹਾ...ਤੁਰੇ ਫਿਰਦਿਆਂ ਦੋਹਾਂ ਦੀਆਂ ਨਜ਼ਰਾਂ ਮਿਲਦੀਆਂ ਅਤੇ ਫੇਰ ਝੁਕ ਜਾਂਦੀਆਂ...ਦੋਵੇਂ ਇੱਕ ਦੂਜੇ ਨਾਲ ਥੋੜ੍ਹਾ ਬਹੁਤ ਹਾਸਾ ਮਜ਼ਾਕ ਵੀ ਕਰ ਲੈਂਦੇ...ਇੰਝ ਲੱਗ ਰਿਹਾ ਸੀ ਜਿੱਦਾਂ ਪਿਛਲੇ ਦਿਨੀਂ ਆਪਸ ਵਿਚ ਹੋ ਗਈ ਥੋੜ੍ਹੀ ਬਹੁਤ ਦੋਸਤੀ ਸ਼ਾਇਦ ਅੱਜ ਮੁਹੱਬਤ ਵਿਚ ਤਬਦੀਲ ਹੋ ਚੁਕੀ ਸੀ...ਓਸੇ ਮੁਹੱਬਤ ਵਿਚ ਜਿਸ ਦਾ ਤਕਰੀਬਨ ਇੱਕ ਸਾਲ ਪਹਿਲਾਂ ਸਰਸਰੀ ਜਿਹਾ ਜ਼ਿਕਰ ਆਉਂਦਿਆਂ ਹੀ ਦੋਹਾਂ ਦੇ ਮੱਥਿਆਂ 'ਤੇ ਡੂੰਘੀਆਂ ਤਿਉੜੀਆਂ ਪੈ ਜਾਇਆਂ ਕਰਦੀਆਂ!

ਸੋ ਦੋਸਤੋ ਜ਼ਿੰਦਗੀ ਵਿਚ ਹੋਏ ਕਿਸੇ ਧੋਖੇ ਦਾ ਅਸਰ ਸਦੀਵੀਂ ਨਹੀਂ ਰਹਿੰਦਾ ਅਤੇ 'ਸਮੇਂ' ਨਾਮ ਦੇ ਪੰਛੀ ਵਿਚ ਜ਼ਮੀਰ 'ਤੇ ਪਾ ਦਿੱਤੇ ਵੱਡੇ ਤੋਂ ਵੱਡੇ ਫੱਟ ਨੂੰ ਭਰਨ ਦੀ ਸਮਰੱਥਾ ਹੁੰਦੀ ਏ...!

# ਇੰਜ ਬਣਿਆ ਸ੍ਰੀ ਦਮਦਮਾ ਸਾਹਿਬ ਪੰਜਵਾਂ ਤਖ਼ਤ

*ਤਖ਼ਤ ਦਮਦਮਾ ਸਾਹਿਬ ਹਮੇਸ਼ਾ ਹੀ ਚਰਚਾ ਦਾ ਵਿਸ਼ਾ ਰਿਹਾ ਹੈ। ਕਦੇ ਇਸ ਨੂੰ ਪੰਜਵਾਂ ਤਖ਼ਤ ਮੰਨਣ ਬਾਰੇ ਰੇੜਕਾ, ਕਦੇ ਇਸ ਦਾ ਜਥੇਦਾਰ ਥਾਪਣ ਬਾਰੇ ਰੇੜਕਾ, ਜਿਵੇਂ ਕਿ ਅੱਜ-ਕੱਲ੍ਹ ਇਸ ਦੇ ਜਥੇਦਾਰੀ ਦੀ ਨਿਯੁਕਤੀ ਹਵਾ ਵਿਚ ਲਟਕ ਰਹੀ ਹੈ। ਇਸ ਲੇਖ ਵਿਚ ਪੇਸ਼ ਹਨ ਇਸ ਬਾਰੇ ਕੁਝ ਦਿਲਚਸਪ ਇਤਿਹਾਸਕ ਤੱਥ-ਸੰਪਾਦਕ*

ਤਖ਼ਤ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਬੈਠਣ ਦੀ ਚੌਕੀ, ਜੋ ਰਾਜ ਸਿੰਘਾਸਣ ਦਾ ਪ੍ਰਤੀਕ ਹੈ। ਸਿੱਖ ਜਗਤ ਵਿਚ ਸਤਿਗੁਰਾਂ ਦੇ ਸਿੰਘਾਸਣ ਨੂੰ ਤਖ਼ਤ ਆਖਿਆ ਜਾਂਦਾ ਹੈ। ਦਮਦਮਾ ਵੀ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਨਗਾਰਾ ਜਾਂ ਦਮਾਮਾ ਹੈ। ਇਸ ਸ਼ਬਦ ਦਾ ਦੂਜਾ ਅਰਥ ਹੈ ਕਿਲ੍ਹੇ ਦਾ ਬੁਰਜ। ਇਥੇ ਦਮਦਮਾ ਸ਼ਬਦ ਦਾ ਭਾਵ ਆਰਾਮ ਜਾਂ ਵਿਸ਼ਰਾਮ ਕਰਨ ਦਾ ਸਥਾਨ ਹੈ। ਭਾਵ ਉਹ ਉੱਚਾ ਥੜ੍ਹਾ ਜਾਂ ਚਬੂਤਰਾ, ਜਿਸ ਉੱਤੇ ਬਿਰਾਜਮਾਨ ਹੋ ਕੇ ਸਤਿਗੁਰਾਂ ਨੇ ਵਿਸ਼ਰਾਮ ਕੀਤਾ।

ਭਾਵੇਂ 1925 ਵਿਚ ਸਿੱਖ ਗੁਰਦੁਆਰਾ ਐਕਟ ਤਾਂ ਹੋਂਦ 'ਚ ਆ ਗਿਆ ਸੀ ਪਰ ਇਸ ਵਿਚ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਦਾ 5ਵੇਂ ਤਖ਼ਤ ਵਜੋਂ ਜ਼ਿਕਰ ਨਹੀਂ ਸੀ। ਉਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਵੇਂ ਬਣੀ ਤਾਂ ਗੁਰਦੁਆਰਿਆਂ ਦੀ ਸੇਵਾ-



**ਕੁਲਦੀਪ ਧਨੌਲਾ**
**ਫੋਨ: 94642-91023**

ਸੰਭਾਲ ਅਤੇ ਮਹੰਤਾਂ ਤੋਂ ਛੁਟਕਾਰੇ ਲਈ ਸੀ, ਪਰ ਇਹਦੇ ਸ਼ੁਰੂ ਤੋਂ ਹੀ ਅੱਜ ਵਰਗੇ ਹਾਲਾਤ ਰਹੇ ਕਿਉਂਕਿ ਧਾਰਮਿਕ ਸੇਵਾਵਾਂ ਨਿਭਾਉਣ ਦੀ ਥਾਂ ਇਹਦੇ ਅਹੁਦੇਦਾਰ, ਜਿਨ੍ਹਾਂ ਦੇ ਲਿਫ਼ਾਫ਼ਿਆਂ ਤੇ ਜੇਬਾਂ ਵਿਚੋਂ ਨਿਕਲਦੇ ਰਹੇ, ਉਨ੍ਹਾਂ ਦੀ ਹੀ ਚਾਕਰੀ ਕਰਦੇ ਆ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਸੇਵਾਵਾਂ ਨਿਭਾਉਣ 'ਚ ਨਾਕਾਮ ਰਹਿਣ ਕਾਰਨ ਹੀ ਪੰਜਾਬ ਵਿਚ ਡੇਰਾਵਾਦ ਤੇ ਦੇਹਧਾਰੀ ਅਤੇ ਅਡੰਬਰੀ ਬਾਬਿਆਂ ਦਾ ਬੋਲਬਾਲਾ ਵਧਿਆ। ਸ਼ਹਿਰਾਂ ਦੀ ਗੱਲ ਛੱਡੋ, ਛੋਟੇ-ਛੋਟੇ ਪਿੰਡਾਂ ਵਿਚ ਹੀ ਕਈ-ਕਈ ਗੁਰਦੁਆਰੇ ਹਨ। ਕਮੇਟੀ ਵੱਲੋਂ ਪਾਸ ਕੀਤੇ ਮਤੇ ਵੀ ਤਿੰਨ-ਤਿੰਨ, ਚਾਰ-ਚਾਰ ਸਾਲ ਅਮਲ ਵਿਚ ਨਹੀਂ ਆਉਂਦੇ। ਇਸ ਤੋਂ ਵੱਡਾ ਨਿਘਾਰ ਕੀ ਹੋਵੇਗਾ? ਸੋ ਖ਼ਾਲਸਾ ਦੀਵਾਨ (ਧੂਰੀ) ਭਸੌੜ, ਬੁਢਲਾਡਾ, ਬਠਿੰਡਾ ਅਤੇ ਹੋਰ ਅਨੇਕ ਸਿੱਖ ਇਕੱਠਾਂ ਵੱਲੋਂ ਮਤੇ ਸ਼੍ਰੋਮਣੀ ਕਮੇਟੀ ਨੂੰ ਐਕਟ ਵਿਚ ਸੋਧ ਲਈ ਭੇਜੇ ਜਾਂਦੇ ਰਹੇ ਪਰ ਕਮੇਟੀ ਦੇ 'ਹਾਕਮਾਂ' 'ਤੇ ਕੋਈ ਅਸਰ ਨਾ ਹੋਇਆ। ਮਾਲਵਾ ਖ਼ਾਲਸਾ ਦੀਵਾਨ ਵੱਲੋਂ ਗਿਆਨ ਸਿੰਘ ਰਾੜੇਵਾਲਾ, ਜਥੇਦਾਰ ਪ੍ਰੀਤਮ ਸਿੰਘ ਗੁੱਜਰਾਂ, ਜਥੇਦਾਰ ਜਗੀਰ ਸਿੰਘ ਫੱਗੂਵਾਲੀਆ ਅਤੇ ਮਾਲਵੇ ਦੀਆਂ ਸਿੰਘ ਸਭਾਵਾਂ ਬੁਢਲਾਡਾ, ਬਠਿੰਡਾ ਆਦਿ ਅਤੇ ਹੋਰ ਮੰਨੇ-ਪ੍ਰਮੰਨੇ ਸਿੱਖ ਆਗੂਆਂ ਦੀ ਅਗਵਾਈ ਹੇਠ ਇਹ ਮੰਗ ਫਿਰ ਉੱਠੀ। ਉੜਕ 1940 ਦੇ ਕਰੀਬ ਰਿਆਸਤ ਪਟਿਆਲਾ ਦੇ ਅਕਾਲੀ ਜਥੇ ਨੇ ਅੱਕ-ਥੱਕ ਕੇ ਅੰਦੋਲਨ ਆਰੰਭਣ ਦਾ ਐਲਾਨ ਕਰ ਦਿੱਤਾ ਤੇ ਅਕਾਲੀ ਆਗੂ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਆਦਿ ਸਿੱਖ ਰਿਆਸਤਾਂ ਵਿਚ ਕਿਸੇ ਅੰਦੋਲਨ ਨੂੰ ਪੰਥਕ ਹਿੱਤਾਂ (ਅੱਜ ਦੇ ਲੀਡਰਾਂ ਵਾਂਗ ਪੰਥ ਖ਼ਤਰੇ ਵਿਚ ਹੈ) ਦੇ ਖ਼ਿਲਾਫ਼ ਸਮਝਦੇ ਸਨ। ਉਨ੍ਹਾਂ ਮਹਾਰਾਜਾ ਯਾਦਵਿੰਦਰ ਸਿੰਘ ਨਾਲ ਗੱਲ ਕਰਕੇ ਰਿਆਸਤੀ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਰਕਾਰੀ, ਗ਼ੈਰ-ਸਰਕਾਰੀ ਨਾਮਜ਼ਦ ਮੈਂਬਰਾਂ ਉੱਤੇ ਆਧਾਰਿਤ 'ਇਨਟਰਮ ਬੋਰਡ' ਬਣਾਉਣਾ ਪ੍ਰਵਾਨ ਕਰਵਾ ਲਿਆ, ਜੋ ਰਿਆਸਤੀ ਪ੍ਰਸ਼ਾਸਨ ਦੇ ਮਹਿਕਮੇ ਡਿਉਢੀ ਮੁਹੱਲਾ ਦੀ ਸ਼ਾਖਾ ਧਰਮ ਅਰਥ ਦੇ ਰੂਪ ਵਿਚ ਕੰਮ ਕਰਦਾ ਰਿਹਾ। ਬੋਰਡ ਨੇ ਬਾਕੀ ਗੁਰਦੁਆਰਿਆਂ ਦਾ ਪ੍ਰਬੰਧ ਤਾਂ ਸੰਭਾਲ ਲਿਆ ਪਰ ਮਹਾਰਾਜਾ ਪਟਿਆਲਾ ਨਾਲ ਰਿਸ਼ਤੇਦਾਰੀ ਕਾਰਨ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਸ਼ਹਿਜ਼ਾਦਪੁਰੀਏ ਸਰਦਾਰਾਂ ਕੋਲ ਹੀ ਰਿਹਾ।

ਦੇਸ਼ ਦੀ ਵੰਡ ਪਿੱਛੋਂ ਪੂਰਬੀ ਪੰਜਾਬ, ਪਟਿਆਲਾ ਅਤੇ ਦੂਜੀਆਂ ਸਿੱਖ ਰਿਆਸਤਾਂ ਦੇ ਏਕੀਕਰਨ ਸਮੇਂ ਜਿੱਥੇ ਕਈ ਹੋਰ ਦੂਜੀਆਂ ਸੰਸਥਾਵਾਂ ਨੂੰ ਇਕ ਕਾਨੂੰਨ ਅਤੇ ਮਰਯਾਦਾ ਵਿਚ ਲਿਆਉਣਾ ਜ਼ਰੂਰੀ ਹੋ ਗਿਆ, ਉੱਥੇ ਦੋਹਾਂ ਰਾਜਾਂ ਦੇ ਗੁਰਦੁਆਰਾ ਪ੍ਰਬੰਧ ਨੂੰ ਵੀ ਸਿੱਖ ਗੁਰਦੁਆਰਾ ਤਰਮੀਮੀ ਬਿਲ 1959 ਰਾਹੀਂ ਇਕ ਤਰੀਕਾ-ਏ-ਤਰਜ਼ ਦੀ ਪ੍ਰਬੰਧਕ ਮਰਯਾਦਾ ਹੇਠ ਲਿਆਉਣ ਲਈ ਪੰਜਾਬ ਵਿਧਾਨ ਮੰਡਲ ਵਿਚ ਗੁਰਦੁਆਰਾ ਕਾਨੂੰਨ ਦਾ ਨਵਾਂ ਖਰੜਾ ਪੇਸ਼ ਕੀਤਾ ਗਿਆ। ਇਸ ਤੋਂ ਪਹਿਲਾਂ ਪੰਜਾਬ ਵਿਚ ਗੁਰਦੁਆਰਾ ਐਕਟ 1925 ਅਤੇ ਪੈਪਸੂ ਵਿਚ ਗੁਰਦੁਆਰਾ ਬੋਰਡ ਸੀ।

ਜਿਵੇਂ ਗੁਰਦੁਆਰਾ ਐਕਟ ਵਿਚ ਚਾਰੇ ਤਖ਼ਤਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਪ੍ਰਤੀਨਿਧਤਾ ਕਰਨ ਲਈ ਉਨ੍ਹਾਂ ਦੇ ਮੁੱਖ ਗ੍ਰੰਥੀਆਂ ਨੂੰ ਲਿਆ ਗਿਆ ਸੀ, ਇਸ ਸੋਧ ਦੁਆਰਾ ਪੈਪਸੂ ਦੇ ਗੁਰਦੁਆਰੇ, ਜਿਨ੍ਹਾਂ ਵਿਚ ਤਖ਼ਤ ਦਮਦਮਾ ਸਾਹਿਬ ਵੀ ਸ਼ਾਮਲ ਸੀ, ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਲੈਣ ਦੇ ਬਾਵਜੂਦ ਵੀ ਇਸ ਦੇ ਪ੍ਰਤੀਨਿਧਾਂ ਨੂੰ ਇਹ ਮਾਣ-ਸਤਿਕਾਰ ਨਹੀਂ ਸੀ ਦਿੱਤਾ ਗਿਆ। ਜਦੋਂ ਬਿਲ ਵਿਚਾਰ ਹਿਤ ਪੰਜਾਬ ਵਿਧਾਨ ਪ੍ਰੀਸ਼ਦ ਵਿਚ ਪੇਸ਼ ਹੋਇਆ ਤਾਂ ਸਿੱਖ ਵਿਦਵਾਨ ਗਿਆਨੀ ਗੁਰਦਿੱਤ ਸਿੰਘ (ਮੇਰਾ ਪਿੰਡ ਵਾਲੇ) ਨੇ ਇਸ ਨਗਰ ਨੂੰ ਤਖ਼ਤ ਬਣਾਉਣ ਲਈ ਆਵਾਜ਼ ਬੁਲੰਦ ਕਰਨ ਦਾ ਢੁਕਵਾਂ ਅਵਸਰ ਬਣਾਇਆ ਤੇ ਕਿਉਂਕਿ ਉਨ੍ਹਾਂ ਆਪਣੇ ਇਤਿਹਾਸਕ ਤੱਥਾਂ (ਸਬੂਤਾਂ) ਉੱਤੇ ਮਾਣ ਕਰਦਿਆਂ ਪੱਕੀ ਧਾਰ ਲਈ ਸੀ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ ਦਮਦਮਾ ਸਾਹਿਬ ਨੂੰ 5ਵੇਂ ਤਖ਼ਤ ਵਜੋਂ ਮਾਨਤਾ ਮਿਲੇਗੀ।

ਉਧਰ ਜਦੋਂ 1948 ਵਿਚ ਪਟਿਆਲਾ ਅਤੇ ਪੂਰਬੀ ਪੰਜਾਬ ਦੀਆਂ ਕੁਝ ਰਿਆਸਤਾਂ ਨੂੰ ਮਿਲਾ ਕੇ ਪੈਪਸੂ ਦੀ ਸਥਾਪਨਾ ਕੀਤੀ ਗਈ ਤਾਂ ਪੈਪਸੂ ਸਰਕਾਰ ਨੇ ਗੁਰਦੁਆਰਾ ਪ੍ਰਬੰਧ ਲਈ ਪਟਿਆਲਾ ਰਿਆਸਤ ਵੱਲੋਂ ਬਣਾਏ 'ਇਨਟਰਮ ਬੋਰਡ' ਨੂੰ ਤੋੜ ਕੇ, ਨਿਰੋਲ ਗ਼ੈਰ-ਸਰਕਾਰੀ ਮੈਂਬਰਾਂ ਦਾ 'ਧਰਮ ਅਰਥ ਬੋਰਡ' ਨਾਮਜ਼ਦ ਕਰ ਦਿੱਤਾ। ਗਿਆਨੀ ਗੁਰਦਿੱਤ ਸਿੰਘ ਇਸ ਬੋਰਡ ਦੇ ਵਰਕਿੰਗ ਮੈਂਬਰ ਅਤੇ ਕੁਝ ਚਿਰ ਜਨਰਲ ਸਕੱਤਰ ਵੀ ਰਹੇ। ਪਰ ਇਹ ਬੋਰਡ ਵੀ ਤਖ਼ਤ ਦਮਦਮਾ ਸਾਹਿਬ ਦਾ ਪ੍ਰਬੰਧ ਸ਼ਹਿਜ਼ਾਦਪੁਰੀਏ ਸਰਦਾਰਾਂ ਦੇ ਜੂਲ੍ਹੇ ਹੇਠੋਂ ਕੱਢਣੋਂ ਅਸਮਰਥ ਰਿਹਾ। 1956 ਵਿਚ ਜਦੋਂ ਪੰਜਾਬ ਅਤੇ ਪੈਪਸੂ ਦਾ ਏਕੀਕਰਨ ਹੋਇਆ ਤਾਂ ਗੁਰਦੁਆਰਾ ਐਕਟ ਵਿਚ ਸੋਧ ਕਰਕੇ ਪੈਪਸੂ ਖੇਤਰ ਵਿਚਲੇ ਗੁਰਦੁਆਰੇ ਭਾਵੇਂ ਸ਼੍ਰੋਮਣੀ ਕਮੇਟੀ ਅਧੀਨ ਆ ਗਏ ਪਰ ਸ਼ਹਿਜ਼ਾਦਪੁਰੀਏ ਸਰਦਾਰ ਤਖ਼ਤ ਦਮਦਮਾ ਸਾਹਿਬ ਦਾ 'ਕਬਜ਼ਾ' ਛੱਡਣ ਲਈ ਤਿਆਰ ਨਹੀਂ ਸਨ। ਫੇਰ ਸੰਤ ਫ਼ਤਿਹ ਸਿੰਘ ਨੇ ਪ੍ਰਬੰਧ ਸ਼੍ਰੋਮਣੀ ਕਮੇਟੀ ਹਵਾਲੇ ਕਰਨ ਲਈ ਉਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਜੀਵਨ ਭਰ (ਤਾਉਮਰ) ਲਈ 350 ਰੁਪਏ ਮਾਸਿਕ ਪੈਨਸ਼ਨ ਦੇਣ ਦੀ ਸ਼ਰਤ ਉੱਤੇ ਮਨਾ ਲਿਆ।

ਇੰਜ ਭਾਵੇਂ ਪ੍ਰਬੰਧ ਤਾਂ ਸ਼੍ਰੋਮਣੀ ਕਮੇਟੀ ਦੇ ਹੱਥ ਆ ਗਿਆ ਪਰ 'ਤਖ਼ਤ' ਦਾ ਰੁਤਬਾ ਅਜੇ ਵੀ ਨਹੀਂ ਮਿਲਿਆ ਸੀ। ਦਸੰਬਰ, 1958 ਵਿਚ ਜਦੋਂ ਗਿਆਨੀ ਗੁਰਦਿੱਤ ਸਿੰਘ ਵੱਲੋਂ ਪੰਜਾਬ ਵਿਧਾਨ ਸਭਾ ਪ੍ਰੀਸ਼ਦ ਦਾ ਮੈਂਬਰ ਬਣਨ ਤੇ ਦਮਦਮਾ ਸਾਹਿਬ ਨੂੰ ਦੂਜੇ ਤਖ਼ਤਾਂ ਵਾਂਗ ਮਾਨਤਾ ਲਈ ਦਲੀਲਾਂ ਪੇਸ਼ ਕੀਤੀਆਂ ਤਾਂ ਮਾਲ ਵਜ਼ੀਰ ਕਰਤਾਰ ਸਿੰਘ ਨੇ ਕਿਹਾ, 'ਹਵਾਲੇ ਤਾਂ ਠੀਕ ਹਨ ਪਰ ਇਹ ਸੁਝਾਅ ਦਾ ਸਮਰਥਨ ਸ਼੍ਰੋਮਣੀ ਕਮੇਟੀ ਵੱਲੋਂ ਆਉਣ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।'

ਗਿਆਨੀ ਗੁਰਦਿੱਤ ਸਿੰਘ ਨੇ ਤਰਮੀਮੀ ਬਿਲ ਦੇ ਖਰੜੇ ਵਿਚ ਜੋ ਤਰਮੀਮਾਂ ਰੱਖੀਆਂ, ਉਨ੍ਹਾਂ ਵਿਚ ਧਾਰਮਿਕ ਨੁਕਤੇ ਤੋਂ ਅਹਿਮ ਇਹ ਸੀ ਕਿ ਇਸ ਐਕਟ ਵਿਚ ਜਿਵੇਂ ਹੈੱਡ ਮਨਿਸਟਰ ਚਾਰੇ ਤਖ਼ਤਾਂ ਦੇ ਲਏ ਗਏ ਹਨ, ਉਸੇ ਤਰ੍ਹਾਂ ਤਖ਼ਤ ਦਮਦਮੇ ਦਾ ਜਥੇਦਾਰ ਵੀ ਉਸੇ ਪਦ ਦਾ ਅਧਿਕਾਰੀ ਹੈ। ਕਿਸੇ ਭੁਲੇਖੇ ਜਾਂ ਪਟਿਆਲਾ ਅਤੇ ਦੂਜੀਆਂ ਸਿੱਖ ਰਿਆਸਤਾਂ ਦੀ ਬੇਪ੍ਰਵਾਹੀ ਕਾਰਨ, ਜਿਨ੍ਹਾਂ ਨੇ ਗੁਰਦੁਆਰਾ ਐਕਟ ਵਿਚ ਸਿੱਖ ਜਨਤਾ ਤੇ ਧਰਮ ਮੰਦਰਾਂ ਵੱਲੋਂ ਨੁਮਾਇੰਦੇ ਚੁਣੇ ਜਾਣ ਦੀ ਥਾਂ ਰਾਜ ਦਰਬਾਰਾਂ ਅਰਥਾਤ ਰਾਜਿਆਂ ਨੂੰ ਆਪੋ ਆਪਣੇ ਮੈਂਬਰ ਭੇਜਣ ਦਾ ਹੱਕ ਮੰਨਵਾ ਲਿਆ, ਇਹ ਗੱਲ ਨਹੀਂ ਹੋਣੀ ਸੀ। ਜਨਤਾ ਨੂੰ ਆਪਣੇ ਨੁਮਾਇੰਦੇ ਭੇਜਣ ਦਾ ਅਧਿਕਾਰ ਮਿਲਣ ਤੋਂ ਰਾਜਾਸ਼ਾਹੀ ਨੁਮਾਇੰਦਗੀ ਉੱਡ ਰਹੀ ਹੈ ਅਤੇ ਵਿਧਾਨ ਅਨੁਸਾਰ ਨਵਾਂ ਰਾਹ ਅਖ਼ਤਿਆਰ ਕੀਤਾ ਜਾ ਰਿਹਾ ਹੈ ਤਾਂ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਨੂੰ ਵੀ ਇਕ ਹੈੱਡ ਮਨਿਸਟਰ ਵਾਲਾ ਅਧਿਕਾਰ ਪ੍ਰਾਪਤ ਹੋਣਾ ਚਾਹੀਦਾ ਹੈ।

ਪਹਿਲਾਂ ਵੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਮਨਿਸਟਰ (ਜਥੇਦਾਰ) ਨੂੰ ਗੁਰਦੁਆਰਾ ਐਕਟ ਦੀ ਧਾਰਾ 19 ਸੈਕਸ਼ਨ 43 (1925) ਵਿਚ ਵੰਚਿਤ ਰੱਖਿਆ ਗਿਆ ਹੈ? ਹੁਣ ਜਦੋਂ ਰਾਜਿਆਂ ਦੇ ਅਧਿਕਾਰ ਤੇ ਉਨ੍ਹਾਂ ਦੀ ਨਾਮਜ਼ਦਗੀ ਖ਼ਤਮ ਹੋਣ ਤੇ ਸਿੱਖ ਸੰਗਤ ਵੱਲੋਂ ਚੁਣੇ ਮੈਂਬਰਾਂ ਨੇ ਆਉਣਾ ਹੈ ਤਾਂ ਐਕਟ ਵਿਚਲੀ ਇਹ ਗ਼ਲਤੀ ਵੀ ਦੂਰ ਕੀਤੀ ਜਾਣੀ ਚਾਹੀਦੀ ਹੈ। ਇਸ ਸਬੰਧੀ ਪੰਜਾਬ ਵਿਧਾਨ ਪ੍ਰੀਸ਼ਦ ਦੇ ਇਜਲਾਸ ਵਿਚ ਕੁਝ ਇਤਿਹਾਸਕ ਤੇ ਰਵਾਇਤੀ ਸਬੂਤ ਵੀ ਪੇਸ਼ ਕੀਤੇ ਗਏ। ਇਸ ਚੀਜ਼ ਵੱਲ ਵੀ ਧਿਆਨ ਦਿਵਾਇਆ ਗਿਆ ਕਿ ਇਸੇ ਹੀ ਐਕਟ ਦੇ ਹੋਰ ਥਾਵਾਂ ਉੱਤੇ ਜਿੱਥੇ ਇਸ ਧਰਮ ਅਸਥਾਨ ਦਾ ਜ਼ਿਕਰ ਆਇਆ ਹੈ 'ਦਮਦਮੇ' ਮੰਨਿਆ ਤੇ ਲਿਖਿਆ ਗਿਆ ਹੈ ਸੋ



*ਗਿਆਨੀ ਗੁਰਦਿੱਤ ਸਿੰਘ*

ਅਮਲੀ ਰੂਪ ਦੇਣਾ ਹੀ ਬਾਕੀ ਹੈ ਪ੍ਰੰਤੂ ਅਧਿਕਾਰਾਂ ਵਾਲੀ ਥਾਂ ਇਸ 'ਤਖ਼ਤ' ਦਾ ਪ੍ਰਤੀਨਿਧ ਪ੍ਰਵਾਨ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਇਸ ਬਾਰੇ ਸਿੱਖ ਸੰਗਤਾਂ ਖ਼ਾਸ ਕਰਕੇ ਮਾਲਵਾ ਅਕਾਲੀ ਦਲ, ਬਠਿੰਡਾ ਖ਼ਾਲਸਾ ਦੀਵਾਨ ਤੇ ਸ੍ਰੀ ਗੁਰੂ ਸਿੰਘ ਸਭਾ, ਬੁਢਲਾਡਾ ਤੇ ਹੋਰ ਜਥਿਆਂ, ਸਿੱਖ ਸੰਸਥਾਵਾਂ, ਅਕਾਲੀ ਜਥਿਆਂ ਤੇ ਧਾਰਮਿਕ ਇਕੱਠਾਂ ਵਿਚ ਇਹ ਮੰਗ ਜ਼ੋਰ ਫੜਨ ਲੱਗੀ ਤੇ ਕਈ ਥਾਵਾਂ ਉੱਤੇ ਉਚੇਚੇ ਸੰਮੇਲਨ ਵੀ ਹੋਏ। ਗਿਆਨੀ ਕਰਤਾਰ ਸਿੰਘ ਉਸ ਵੇਲੇ ਦੇ ਮਾਲ ਮੰਤਰੀ ਸਨ, ਜੋ ਇਸ ਤਰਮੀਮੀ ਬਿਲ ਪੇਸ਼ ਕਰਨ ਵਾਲੇ ਸਨ, ਹੋਰ ਤਰਮੀਮਾਂ ਪ੍ਰਵਾਨ ਕਰ ਲਈਆਂ ਪ੍ਰੰਤੂ ਇਸ ਤਰਮੀਮ ਬਾਰੇ ਉਨ੍ਹਾਂ ਹਾਊਸ ਨੂੰ ਇਨ੍ਹਾਂ ਸ਼ਬਦਾਂ ਵਿਚ ਭਰੋਸਾ ਦਿਵਾਇਆ:-

"ਮਾਲ ਮੰਤਰੀ ਦੇ ਵਿਧਾਨ ਮੰਡਲ ਵਿਚ ਕੀਤੇ ਗਏ ਵਾਅਦੇ ਨੂੰ ਪੂਰਾ ਕਰਨ ਦਾ 'ਪੱਜ' ਬਣਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਹ ਮਸਲਾ ਧਾਰਮਿਕ ਸਲਾਹਕਾਰ ਕਮੇਟੀ ਦੀ ਮੀਟਿੰਗ ਵਿਚ ਵਿਚਾਰ-ਗੋਚਰੇ ਰੱਖਿਆ ਗਿਆ ਤੇ ਫ਼ੈਸਲਾ ਕੀਤਾ ਕਿ ਪਹਿਲਾਂ ਇਸ ਬਾਰੇ ਪੂਰੀ ਖੋਜ-ਪੜਤਾਲ ਕਰਵਾਉਣੀ ਜ਼ਰੂਰੀ ਹੈ। ਇਸ ਲਈ ਸ. ਕਪੂਰ ਸਿੰਘ ਸਾਬਕਾ ਆਈ.ਏ.ਐਸ., ਡਾ. ਗੰਡਾ ਸਿੰਘ ਅਤੇ ਗਿਆਨੀ ਗੁਰਦਿੱਤ ਸਿੰਘ ਵਿਦਵਾਨਾਂ ਦੀ ਤਿੰਨ ਮੈਂਬਰੀ ਖੋਜ-ਪੜਤਾਲ ਸਬ-ਕਮੇਟੀ ਬਣਾ ਕੇ ਮਸਲਾ ਗ਼ਲੋਂ ਲਾਹ ਦੇਣਾ ਚਾਹਿਆ ਪ੍ਰੰਤੂ ਸ਼੍ਰੋਮਣੀ ਕਮੇਟੀ ਦੇ ਨਾਂਹ-ਪੱਖੀ ਰਵੱਈਏ ਤੋਂ ਤੰਗ ਆ ਕੇ ਡਾ. ਗੰਡਾ ਸਿੰਘ ਤਾਂ ਕਿਨਾਰਾ ਕਰ ਗਏ ਪਰ ਉਨ੍ਹਾਂ ਦੇ ਜਾਣ ਬਾਅਦ ਗਿਆਨੀ ਗੁਰਦਿੱਤ ਸਿੰਘ ਹੋਰ ਚੁਕੰਨੇ ਹੋ ਗਏ ਤੇ ਮਨ ਵਿਚ ਧਾਰ ਲਈ ਕਿ ਇਹ ਕੰਮ ਹੁਣ ਸਿਰੇ ਲਾ ਕੇ ਹੀ ਛੱਡਣਾ ਹੈ। ਲੋਕ ਰੋਹ ਨੂੰ ਦੇਖਦਿਆਂ ਭਾਵੇਂ ਸ਼੍ਰੋਮਣੀ ਕਮੇਟੀ ਨੇ ਡਾ. ਗੰਡਾ ਸਿੰਘ ਦੀ ਥਾਂ ਪ੍ਰੋ. ਸਤਿਬੀਰ ਸਿੰਘ ਤਾਂ ਲਾ ਦਿੱਤੇ ਪਰ 'ਰੱਸੀ ਦੇ ਮੱਚਣ ਵਾਂਗ ਵਟ ਨਾ ਗਿਆ' ਵਾਂਗ ਵਤੀਰਾ ਜਿਉਂ ਦਾ ਤਿਉਂ ਰਿਹਾ ਕਿਉਂਕਿ ਸ਼੍ਰੋਮਣੀ ਕਮੇਟੀ ਮਸਲਾ ਹੱਲ ਕਰਨ ਦੀ ਥਾਂ ਲਮਕਾਉਣਾ ਚਾਹੁੰਦੀ ਸੀ।

ਕਮੇਟੀ ਦੇ ਵਤੀਰੇ ਤੋਂ ਤੰਗ ਆ ਕੇ ਸਿੱਖ ਸੰਗਤਾਂ ਵੱਲੋਂ ਖੁੱਲ੍ਹੇ ਇਕੱਠ ਸੱਦੇ ਜਾਣ ਲੱਗੇ। ਫ਼ਤਿਹਗੜ੍ਹ ਸਾਹਿਬ ਦੇ ਜੋੜ ਮੇਲੇ ਉੱਤੇ ਵਿਸ਼ੇਸ਼ ਸੰਮੇਲਨ ਵਿਚ ਮਾਸਟਰ ਤਾਰਾ ਸਿੰਘ ਵੀ ਸ਼ਾਮਲ ਹੋਏ ਤੇ ਉਨ੍ਹਾਂ ਵੱਲੋਂ ਪ੍ਰਿੰ. ਗੰਗਾ ਸਿੰਘ ਨੇ ਬਹਿਸ ਵਿਚ ਹਿੱਸਾ ਲਿਆ। ਇਕ ਵੱਡੀ ਭਾਰੀ ਕਨਵੈਨਸ਼ਨ ਗੁਰਦੁਆਰਾ ਦਮਦਮਾ ਸਾਹਿਬ ਤਲਵੰਡੀ ਦੇ ਬੁੰਗਾ ਮਸਤੂਆਣਾ ਵਿਚ ਕੀਤੀ ਗਈ, ਇਸ ਵਿਚ ਵਜ਼ੀਰ ਗਿਆਨੀ ਕਰਤਾਰ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਵੀ ਸ਼ਾਮਲ ਹੋਏ।

ਲੋਕਾਂ ਵਿਚ ਵਧਦਾ ਰੋਹ ਵੇਖ ਆਖ਼ਰ ਖੋਜ-ਪੜਤਾਲ ਸਬ-ਕਮੇਟੀ ਦਾ ਵੇਰਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਆਫੀਸਲ ਗੁਰਦੁਆਰਾ ਗਜ਼ਟ ਦੇ ਨਵੰਬਰ, 1965 ਦੇ ਪਰਚੇ ਵਿਚ 300 ਕੁ ਸਫ਼ਿਆਂ ਦੇ ਰੂਪ ਵਿਚ ਜੱਗ ਜ਼ਾਹਰ ਕਰਨਾ ਪਿਆ, ਜਿਸ ਵਿਚ ਦੱਸਿਆ ਗਿਆ ਸੀ ਕਿ ਤਖ਼ਤ ਸਾਹਿਬਾਨ ਦੀ ਕਾਇਮੀ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਨੇ ਅਕਾਲ ਤਖ਼ਤ ਦੀ ਸਾਜਣਾ ਤੋਂ ਆਰੰਭ ਕੀਤੀ ਸੀ। ਉਸ ਪਿੱਛੋਂ ਸਿੱਖ ਧਰਮ ਗ੍ਰੰਥ ਤੇ ਮੰਦਰਾਂ ਦੀ ਹੀ ਪ੍ਰਮਾਣਿਕਤਾ ਤਖ਼ਤ ਦਮਦਮਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਮਾਣਿਕ ਬੀੜਾਂ ਦਾ ਤਿਆਰ ਕਰਕੇ ਉਨ੍ਹਾਂ ਦੀ ਸਥਾਪਨਾ ਅਕਾਲ ਬੁੰਗਾ ਪਟਨਾ, ਅਨੰਦਪੁਰ ਦਸਮੇਸ਼ ਉਤਾਰਾ ਰੱਖ ਕੇ ਕੀਤੀ। ਇਕ ਉਤਾਰਾ ਨਾਲ ਲੈ ਗਏ ਸਨ, ਸ੍ਰੀ ਹਜ਼ੂਰ ਸਾਹਿਬ ਗੁਰਗੱਦੀ ਤੇ ਸਥਾਪਨ ਹੋਣ ਕਰਕੇ। ਅੰਤ ਵਿਚ 5ਵਾਂ ਤਖ਼ਤ ਹਜ਼ੂਰ ਸਾਹਿਬ ਸਥਾਪਨ ਕਰਕੇ ਕੀਤੀ ਸੀ।

ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 789, ਮਿਤੀ 30.07.60 ਰਾਹੀਂ ਕਾਇਮ ਕੀਤੀ ਗਈ ਸਬ-ਕਮੇਟੀ ਦੀ ਰਿਪੋਰਟ ਬਾਰੇ ਅਨੇਕਾਂ ਪੰਥ ਪ੍ਰਸਿੱਧ ਵਿਦਵਾਨਾਂ ਦੀਆਂ ਰਾਵਾਂ ਪ੍ਰੋੜ੍ਹਤਾ ਵਿਚ ਪੁੱਜ ਚੁੱਕੀਆਂ ਸਨ।

ਗਿਆਨੀ ਗੁਰਦਿੱਤ ਸਿੰਘ ਐਮ.ਐਲ.ਸੀ. ਦਾ ਪੰਜਾਬ ਕੌਂਸਲ 'ਭਾਸ਼ਨ: ਚੇਅਰਮੈਨ ਸਾਹਿਬ ਇਹ ਤਖ਼ਤਾਂ ਦੇ ਹੈੱਡ ਮਨਿਸਟਰਾਂ ਦੀ ਪ੍ਰਤੀਨਿਧਤਾ ਵਾਲੀ ਇਕ ਅਜਿਹੀ ਗੱਲ ਹੈ, ਜਿਹੜੀ ਇਸ ਦੇ ਬੁਨਿਆਦੀ ਬਿਲ ਵਿਚ ਕਿਸੇ ਪੰਥਕ ਫ਼ੈਸਲੇ ਜਾਂ ਕਿਸੇ ਇਤਿਹਾਸਕ ਗੱਲ ਕਾਰਨ ਨਹੀਂ ਆਈ, ਸਗੋਂ ਜਾਪਦਾ ਹੈ ਕਿ ਜਦੋਂ ਇਹ ਬਿਲ ਬਣਾਇਆ ਗਿਆ ਤਾਂ ਉਸ ਵੇਲੇ ਕਾਹਲੀ ਜਾਂ ਭੁੱਲ ਕਾਰਨ ਇਸ ਨੂੰ ਤਖ਼ਤ ਸਾਹਿਬ ਨੂੰ ਨਹੀਂ ਮੰਨਿਆ ਗਿਆ। ਜੇ ਪਿੱਛੋਂ ਵੀ ਇਸ ਬਾਰੇ ਪੁੱਛ-ਪੜਤਾਲ ਦੇ ਆਧਾਰ 'ਤੇ ਸਬੂਤ ਲੱਭੇ ਜਾਂਦੇ ਤਾਂ ਇਸ ਨੂੰ ਤਖ਼ਤ ਸਾਹਿਬ ਦਾ ਰੁਤਬਾ ਨੂੰ ਜ਼ਰੂਰ ਮਿਲਿਆ ਹੁੰਦਾ।

ਮੈਂ ਕਿਉਂਕਿ ਇਤਿਹਾਸ ਨੂੰ ਕਾਫ਼ੀ ਘੋਖਿਆ ਹੈ, ਇਸ ਲਈ ਮੈਂ ਇਹ ਕਹਿ ਸਕਦਾ ਹਾਂ ਕਿ ਤਖ਼ਤ ਦਮਦਮਾ ਸਾਹਿਬ ਪੁਰਾਣੇ ਸਮੇਂ ਤੋਂ ਹੀ ਤਖ਼ਤ ਹੈ। ਮੈਨੂੰ ਇਸ ਕਾਲਾਜ਼ ਦੀ, ਜਿਸ ਚਾਰ ਤਖ਼ਤਾਂ ਨੂੰ ਪ੍ਰਤੀਨਿਧਤਾ ਹੈ, ਹਮਾਇਤ ਕਰਨ ਲਈ ਕੋਈ ਗੱਲ ਨਹੀਂ ਲੱਭੀ। ਹਾਂ, ਇਸ ਦੇ ਉਲਟ ਇਤਿਹਾਸ ਦੇ ਸਬੂਤ ਮੇਰੇ ਕੋਲ ਮੌਜੂਦ ਹਨ, ਜਿਨ੍ਹਾਂ ਵਿਚ ਤਖ਼ਤ ਦਮਦਮਾ ਸਾਹਿਬ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਥਾਪੇ, ਉਸ ਸਮੇਂ ਤੋਂ ਤਖ਼ਤ ਮੰਨੇ ਜਾਣ ਦਾ ਵਰਣਨ ਹੈ।

ਇਹ ਸਬੂਤ ਮੈਂ ਤੁਹਾਡੇ ਅੱਗੇ ਰੱਖ ਰਿਹਾ ਹਾਂ ਅਤੇ ਉਨ੍ਹਾਂ ਵੱਲ ਹਾਊਸ ਦਾ ਧਿਆਨ ਖਿੱਚ ਕੇ ਮੰਗ ਕਰਦਾ ਹਾਂ ਕਿ ਦਮਦਮਾ ਸਾਹਿਬ ਨੂੰ ਤਖ਼ਤ ਵਜੋਂ ਸ਼ਾਮਲ ਕਰਨ ਵਾਲੀ ਮੇਰੀ ਇਹ ਤਰਮੀਮ ਨੂੰ ਮੰਨ ਲਿਆ ਜਾਵੇ।

ਗਿਆਨੀ ਗੁਰਦਿੱਤ ਸਿੰਘ ਨੇ ਖੋਜ ਭਰਪੂਰ ਭਾਸ਼ਨ ਦੇ ਕੇ ਪੰਜਾਬ ਸਰਕਾਰ ਨੂੰ ਸਾਵਧਾਨ ਕਰ ਦਿੱਤਾ ਸੀ ਕਿ ਇਕ ਨਾ ਇਕ ਦਿਨ ਸ੍ਰੀ ਦਮਦਮਾ ਸਾਹਿਬ ਨੂੰ ਜ਼ਰੂਰ ਪੰਜਵਾਂ ਤਖ਼ਤ ਮੰਨਣਾ ਪਵੇਗਾ। ਉਨ੍ਹਾਂ ਇਸ ਬਾਰੇ ਪੈਂਫਲੈਂਟ ਅਤੇ ਲੇਖ ਛਾਪੇ ਤੇ ਦੂਰ-ਦੁਰਾਡੇ ਤੋਂ ਪ੍ਰਾਚੀਨ ਲਿਖਤਾਂ ਨੂੰ ਇਕੱਠਾ ਕੀਤਾ। ਪਰ ਬਾਵਜੂਦ ਇਸ ਦੇ ਸ਼੍ਰੋਮਣੀ ਕਮੇਟੀ ਖੇਖਣ ਕਰਨੋਂ ਬਾਜ਼ ਨਾ ਆਈ।

2 ਅਕਤੂਬਰ, 1962 ਨੂੰ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਸਾਲਾਨਾ ਚੋਣ ਵਿਚ ਕੁਫ਼ਰ ਦਾ ਕਿਲ੍ਹਾ ਢਹਿ-ਢੇਰੀ ਹੋ ਗਿਆ ਅਤੇ ਪਾਖੰਡ ਤੇ ਝੂਠ ਦਾ ਮਹਿਲ ਧੜੰਮ ਡਿੱਗਿਆ ਤੇ ਸੰਤ ਚੰਨਣ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ ਫੇਰ ਆਸ ਦੀ ਕਿਰਨ ਨਜ਼ਰੀਂ ਪੈਂਦੀ ਜਾਪੀ। ਪੰਚ ਖ਼ਾਲਸਾ ਨੂੰ ਹੌਸਲਾ ਹੋਇਆ ਕਿ ਹੁਣ ਸੱਚ ਦੀ ਆਵਾਜ਼ ਜ਼ਰੂਰ ਸੁਣੀ ਜਾਵੇਗੀ। 15 ਮਾਰਚ, 1963 ਨੂੰ ਸ੍ਰੀ ਮਾਨ ਬਾਬਾ ਫ਼ਤਿਹ ਸਿੰਘ ਪੰਚ ਖੰਡ ਪਹੁੰਚੇ।



ਪ੍ਰਕਾਸ਼

The PARkASH Candigarh

ਤਖ਼ਤ ਦਮਦਮਾ ਸਾਹਿਬ ਬਾਰੇ ਗੁਰਮਤਾ

ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਜਲਾਸ ਵਿਚ ਸਰਬ ਸੰਮਤੀ ਨਾਲ ੧੯ ਨਵੰਬਰ ਨੂੰ ਪਾਸ ਕੀਤਾ ਗਿਆ 'ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ੭੮੯, ੩੦-੭-੬੦ ਰਾਹੀਂ ਕਾਇਮ ਕੀਤੀ ਗਈ ਸਬ ਕਮੇਟੀ ਦੀ ਰਿਪੋਰਟ, ਜੋ ਨਵੰਬਰ ਦੇ ਗੁਰਦੁਆਰਾ ਗਜ਼ਟ ਵਿਚ ਛਾਪੀ ਜਾ ਚੁਕੀ ਹੈ, ਜਿਸ ਬਾਰੇ ਅਨੇਕਾਂ ਪੰਥ ਪ੍ਰਸਿਧ ਵਿਦਵਾਨਾਂ ਦੀਆਂ ਰਾਵਾਂ ਪ੍ਰੋੜ੍ਹਤਾ ਵਿਚ ਪੁਜ ਚੁਕੀਆਂ ਹਨ, ਅਤੇ ਜੋ ਮਸਲਾ ਗੁਰਦੁਆਰਾ ਐਕਟ ਬਣਨ ਵੇਲੇ ਤੋਂ ਹੀ ਬਹਿਸ ਦਾ ਵਿਸ਼ਾ ਬਣਿਆ ਆ ਰਿਹਾ ਹੈ, ਸਬ ਕਮੇਟੀ ਦੀ ਰਿਪੋਰਟ ਵਿਚ ਖੋਜ ਕੇ ਪੇਸ਼ ਕੀਤੇ ਇਤਿਹਾਸਕ ਪ੍ਰਾਚੀਨ ਸਬੂਤਾਂ, ਹੁਕਮਨਾਮਿਆਂ ਅਤੇ ਹੋਰ ਪ੍ਰਾਚੀਨ ਲਿਖਤਾਂ [illegible] ... ਤਖ਼ਤ ਦਮਦਮਾ ਸਾਹਿਬ ਪ੍ਰਾਚੀਨ ਤੋਂ ਹੀ ਤਖ਼ਤ ਹੈ। [illegible] ਉਤੇ 'ਤਖ਼ਤ ਸ੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ', ਨੂੰ ਤਖ਼ਤ ਪ੍ਰਵਾਨ ਕੀਤਾ ਜਾਂਦਾ ਤੇ ਸਮੂਹ ਸੰਗਤਾਂ ਪ੍ਰਤੀ ਵਿਦਿਤ ਕੀਤਾ ਜਾਂਦਾ ਕਿ, ਉਹ ਅਰਦਾਸ ਸਮੇਂ ਇਸ ਤਖ਼ਤ ਸਾਹਿਬ ਦਾ ਵੀ ਧਿਆਨ ਧਰਿਆ ਕਰਨ। ਇਸ ਬਾਰੇ ਸਮੂਹ ਸਬੰਧਤ ਕਾਰਵਾਈ ਤਖ਼ਤ ਦੇ ਜਥੇਦਾਰ ਆਦਿਕ ਨੀਯਤ ਕਰਨ ਦੇ ਅਧਿਕਾਰ ਪ੍ਰਧਾਨ ਸਾਹਿਬ ਜੀ ਨੂੰ ਸੌਂਪੇ ਜਾਂਦੇ ਹਨ।

ਦੋਹਾਂ ਵਿਚਾਰਾਂ ਸੁਣ ਕੇ ਨਿਰਣਾ ਤੇ ਖੋਜ ਕਰਨ ਲਈ ਪ੍ਰਿੰਸੀਪਲ ਗੰਗਾ ਸਿੰਘ ਜੀ ਦੀ ਤਜਵੀਜ਼ ਤੇ ਜਥੇਦਾਰ [illegible] ਸਿੰਘ, ਗਿਆਨੀ ਭੁਪਿੰਦਰ ਸਿੰਘ ਜੀ ਦੀ ਪ੍ਰੋੜ੍ਹਤਾ ਉਤੇ ਤਿੰਨ ਮੈਂਬਰਾਂ ਦੀ ਇਕ ਕਮੇਟੀ ਕਾਇਮ ਕੀਤੀ ਗਈ, ਜਿਸ ਦੇ ਮੈਂਬਰ ਸ: ਗੰਡਾ ਸਿੰਘ, ਸ: ਕਪੂਰ ਸਿੰਘ ਤੇ ਦਾਸ ਗਿ: ਗੁਰਦਿੱਤ ਸਿੰਘ ਨੀਯਤ ਹੋਏ।

ਇਸ ਕਮੇਟੀ ਦੀ ਮੀਟਿੰਗ ਨਾ ਹੋਈ ਤੇ ਕਮੇਟੀ ਇਕ ਤਰ੍ਹਾਂ ਉਦੋਂ ਹੀ ਖਤਮ ਸਮਝੀ ਗਈ। ਇਹ ਮਸਲਾ ਫਿਰ ਸ਼੍ਰੋਮਣੀ ਕਮੇਟੀ ਵਿਚ ਉਠਿਆ, ਤਾਂ ਇਸ ਲਈ ਮੁੜ ਇਕ ਸਬ ਕਮੇਟੀ ਬਣੀ, ਜਿਸ ਦੇ ਹਾਲਾਤ ਨਾਲ ਦੇ ਕਾਲਮਾਂ

(ਬਾਕੀ ਸਫਾ ੨ ਉਤੇ)

ਗਿਆਨੀ ਗੁਰਦਿੱਤ ਸਿੰਘ, ਗਿਆਨੀ ਚੰਨਣ ਸਿੰਘ ਗੁਰਨੇ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਵੀ ਉਥੇ ਹਾਜ਼ਰ ਸਨ। ਸ੍ਰੀ ਮਾਨ ਨੇ ਸੰਤ ਜੀ ਨੂੰ ਇਕ ਪ੍ਰਾਈਵੇਟ ਮੀਟਿੰਗ ਵਿਚ ਜ਼ੋਰਦਾਰ ਪ੍ਰੇਰਨਾ ਕੀਤੀ ਗਈ ਕਿ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਮੰਨੇ ਜਾਣ ਦੀ ਮੰਗ ਮੰਨਣੀ ਚਾਹੀਦੀ ਹੈ।

ਆਖ਼ਰ 13 ਅਪ੍ਰੈਲ, 1963 ਨੂੰ ਵਿਸਾਖੀ ਦੇ ਦਿਹਾੜੇ ਤੇ ਸ੍ਰੀ ਦਮਦਮਾ ਸਾਹਿਬ ਵਿਖੇ ਸੰਤ ਫ਼ਤਿਹ ਸਿੰਘ ਨੇ ਐਲਾਨ ਕੀਤਾ ਕਿ ਅੱਜ ਤੋਂ ਦਮਦਮਾ ਸਾਹਿਬ ਨੂੰ ਪੰਜਵਾਂ ਤਖ਼ਤ ਮੰਨਿਆ ਜਾਵੇਗਾ। ਨਵੇਂ ਤਖ਼ਤ ਦੇ ਪਹਿਲੇ ਜਥੇਦਾਰ ਭਾਈ ਹਰਚੰਦ ਸਿੰਘ ਅਤੇ ਹੈੱਡ ਗ੍ਰੰਥੀ ਸ੍ਰੀ ਮਾਨ ਪੰਥ ਭੂਸ਼ਨ ਗਿਆਨੀ ਚੰਨਣ ਸਿੰਘ ਥਾਪੇ ਗਏ ਸਨ।

ਇਸ ਤਰ੍ਹਾਂ ਗਿਆਨੀ ਗੁਰਦਿੱਤ ਸਿੰਘ ਦੀ ਦਮਦਮਾ ਸਾਹਿਬ ਨੂੰ ਪੰਜਵੇਂ ਤਖ਼ਤ ਵਾਲੀ ਧਾਰਨਾ ਪੂਰੀ ਹੋਈ। ਜੇ ਕਿਤੇ ਗਿਆਨੀ ਜੀ ਵੀ ਡਾ. ਗੰਡਾ ਸਿੰਘ ਵਾਂਗ ਸ਼੍ਰੋਮਣੀ ਕਮੇਟੀ ਦੇ ਵਤੀਰੇ ਤੋਂ ਢੇਰੀ ਢਾਹ ਜਾਂਦੇ ਤਾਂ ਸ਼ਾਇਦ ਅੱਜ ਸਿੱਖਾਂ ਦੇ ਚਾਰ ਹੀ ਤਖ਼ਤ ਹੁੰਦੇ!

ਉਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਹੋਰ ਕਰਾਮਾਤ ਦੇਖੋ ਕਿ ਇਸ ਨੇ 12.02.2020 ਨੂੰ ਮਤਾ ਨੰਬਰ 85 ਰਾਹੀਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਗਿਆਨੀ ਗੁਰਦਿੱਤ ਸਿੰਘ ਜੀ ਦੀ ਫੋਟੋ ਲਾਉਣ ਦਾ ਐਲਾਨ ਕੀਤਾ ਸੀ ਪ੍ਰੰਤੂ ਲਗਪਗ ਸਾਢੇ ਪੰਜ ਵਰ੍ਹੇ ਬੀਤ ਚੁੱਕੇ ਹਨ ਤੇ ਫੋਟੋ ਅਜੇ ਵੀ ਨਹੀਂ ਲੱਗੀ। ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਮਤਾ ਪਾਸ ਕਰਨ ਵੇਲੇ ਵੀ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸਨ ਤੇ ਅੱਜ ਵੀ ਓਹੀ ਹਨ। ਸਮਝੋਂ ਬਾਹਰੀ ਗੱਲ ਹੈ ਕਿ ਇਸ ਬੁੱਧੀਜੀਵੀ ਸ਼ਖ਼ਸੀਅਤ ਨਾਲ ਵਿਤਕਰਾ ਕਿਉਂ?

# ਕਵਿੰਦਰ ਚਾਂਦ ਦਾ ਮੁਆਫ਼ੀਨਾਮਾ...

ਅਜੋਕੇ ਸਮੇਂ ਦੌਰਾਨ ਸੋਸ਼ਲ ਮੀਡੀਆ ਦੇ ਨੁਕਸਾਨਾਂ ਜਾਂ ਫ਼ਾਇਦਿਆਂ ਵਿਚੋਂ ਇੱਕ ਮਹੱਤਵਪੂਰਨ ਫ਼ਾਇਦਾ ਇਹ ਹੈ ਕਿ ਕਦੇ-ਕਦਾਈਂ ਕੋਈ ਮਿਆਰੀ ਅਤੇ ਪਿਆਰੀ ਸਾਹਿਤਕ ਰਚਨਾ ਉੱਡਦੀ-ਉਡਾਉਂਦੀ, ਘੁੰਮਦੀ-ਘੁਮਾਉਂਦੀ ਧੁਰ ਸਾਡੇ ਕੋਲ ਪਹੁੰਚ ਜਾਂਦੀ ਹੈ। ਫਿਰ ਤਾਂ... ਇੰਜ ਮਹਿਸੂਸ ਹੰਦਾ ਹੈ... ਜਿਵੇਂ ਖੂਹ ਖ਼ੁਦ ਈ ਪਿਆਸੇ ਦੀ ਬਗਲ ਵਿਚ ਪਹੁੰਚ ਗਿਆ ਹੋਵੇ। ਇੰਜ ਹੀ, ਕੁਝ ਸਮਾਂ ਪਹਿਲਾਂ ਕੁਝ ਕੁ ਸਤਰਾਂ ਕਿਸੇ ਮਿੱਤਰ ਪਿਆਰੇ ਵੱਲੋਂ ਉੱਡਦੀਆਂ-ਉੱਡਦੀਆਂ ਮੇਰੀ ਝੋਲੀ ਆ ਪਈਆਂ...



**ਕੁਲਵਿੰਦਰ ਬਾਠ**
**ਫੋਨ:209 600 2897**

ਸੁੱਕਿਆ ਦਰਿਆ, ਬੜਾ
ਗ਼ਮਗੀਨ ਹੋ ਕੇ ਪੁੱਛਦੈ
ਜੋ ਪਹਾੜੋਂ ਲੱਥਦੀ ਸੀ
ਉਹ ਨਦੀ ਕਿੱਧਰ ਗਈ...

ਬਣ ਗਿਆ ਚਮਕੌਰ ਸਾਹਿਬ
ਦਰਸ਼ਨੀ, ਸੰਗਮਰਮਰੀ
ਹਾਏ ਮੇਰੇ ਰਹਿਬਰੋ
ਕੱਚੀ ਗੜ੍ਹੀ ਕਿੱਧਰ ਗਈ...।

ਐਨੀ ਪਿਆਰੀ ਅਤੇ ਰੂਹ ਨੂੰ ਧੂਅ ਪਾਉਂਦੀ ਗ਼ਜ਼ਲ ਦੇ ਲਫ਼ਜ਼ਾਂ ਨੂੰ ਪੜ੍ਹਦਿਆਂ, ਜਾਣਦਿਆਂ, ਅਤੇ ਮਾਣਦਿਆਂ ਇਸ ਦੇ ਰਚਨਹਾਰ ਦੀ ਖ਼ੂਬਸੂਰਤ ਰੂਹ, ਉਸਾਰੂ ਬਿਰਤੀ, ਭਾਵੁਕ ਅਤੇ ਸੰਵੇਦਨਸ਼ੀਲ ਮਨ ਦੀ ਝਲਕ ਸਹਿਜੇ ਈ ਪੈ ਜਾਂਦੀ ਹੈ...। ਇਹ ਵਿਲੱਖਣ ਸ਼ਖ਼ਸੀਅਤ ਵਿਰਲਿਆਂ 'ਚੋਂ ਵਿਰਲੇ, ਮੁਹੱਬਤੀ ਰੂਹ, ਅਤੇ 'ਅਸ਼ਰਫ਼ੀਆਂ ਵਾਲੇ' ਕਵਿੰਦਰ ਚਾਂਦ ਦੇ ਨਾਮ ਨਾਲ ਜਾਣੀ ਜਾਂਦੀ ਹੈ, ਜਿਸ ਦਾ ਦੇਸ ਅਤੇ ਪਰਦੇਸ ਦੇ ਪੰਜਾਬੀ ਸਾਹਿਤਕ ਖੇਤਰ ਵਿਚ ਨਿਵੇਕਲਾ ਸਥਾਨ ਹੈ। ਤਾਰਿਆਂ ਵਿਚ ਧਰੂ ਤਾਰਾ! ਅੱਜ-ਕੱਲ੍ਹ ਸਮੁੰਦਰੋਂ ਪਾਰ ਦੇ ਪੰਜਾਬ, ਕੈਨੇਡਾ ਦੇ ਸ਼ਹਿਰ, ਸਰੀ ਵਿਚ ਪਰਿਵਾਰ ਸਮੇਤ ਰਹਿ ਰਿਹਾ ਹੈ। ਦੇਸ਼ ਵਿਦੇਸ਼ ਦੇ ਸਾਹਿਤਕ ਹਲਕਿਆਂ ਵਿਚ ਊੜੇ-ਐੜੇ ਅਤੇ ਪੈਂਤੀ ਦੇ ਛੱਟੇ ਦੇ ਰਿਹਾ ਹੈ। ਪੰਜਾਬ ਭਵਨ ਸਰੀ ਵਿਚ ਵੱਡੇ ਭਾਈ ਸੁੱਖੀ ਬਾਠ ਅਤੇ ਅਮਰੀਕ ਪਲਾਹੀ ਸੰਗ ਮਿਲ ਕੇ ਪੰਜਾਬ, ਪੰਜਾਬੀ, ਅਤੇ ਪੰਜਾਬੀਅਤ ਦੇ ਯਤਨਾਂ ਵਿਚ ਆਪਣਾ ਬਣਦਾ-ਸਰਦਾ ਯੋਗਦਾਨ ਪਾ ਰਿਹਾ ਹੈ।

ਮੁਆਫ਼ੀਨਾਮਾ...

ਕਵਿੰਦਰ ਦੇ 'ਮੁਆਫੀਨਾਮਾ' ਬਾਰੇ ਕੁਝ ਗੱਲਾਂ-ਬਾਤਾਂ ਕਰਨ ਤੋਂ ਪਹਿਲਾਂ, ਆਪ ਜੀ ਤੋਂ 'ਮੁਆਫ਼ੀ ਮੰਗਦਿਆਂ' ਆਪਣੇ ਮਨ ਦੀ ਗੱਲ ਸਾਂਝੀ ਕਰ ਰਿਹਾ ਹਾਂ...। ਅਜੋਕੇ ਸਮੇਂ ਵਿਚ ਪੰਜਾਬੀ ਸਾਹਿਤ ਪੜ੍ਹਿਆ ਕੁਝ ਘੱਟ, ਪਰ ਲਿਖਿਆ ਬਹੁਤਾਤ ਵਿਚ ਜਾ ਰਿਹਾ ਹੈ। ਕੋਈ ਸ਼ੱਕ ਨਹੀਂ ਕਿ 'ਕੁਝ ਕੁ' ਮਿਆਰੀ ਅਤੇ ਪੜ੍ਹਨ ਦੇ ਯੋਗ ਵੀ ਲਿਖਿਆ ਜਾ ਰਿਹਾ ਹੈ ਅਤੇ ਲਿਖਣਾ ਕੋਈ ਮਾੜੀ ਗੱਲ ਵੀ ਨਹੀਂ ਹੈ। ਕਈ ਪੁਰਾਣੇ ਅਤੇ ਨਵੇਂ ਵਿਦਵਾਨ 'ਚੰਗਾ ਲਿਖਣ' ਦੇ ਬਾਵਜੂਦ ਮੈਨੂੰ ਅਕਸਰ 'ਟਟੀਹਰੀ ਵਿਦਵਾਨ' ਜਾਪਣ ਲੱਗ ਜਾਂਦੇ ਹਨ... ਜੋ ਮੁਹੱਬਤੀ ਟਾਹਰਾਂ ਅਤੇ ਸ਼ਹਿਦ ਵਰਗੇ ਅਲਫ਼ਾਜ਼ਾਂ ਨਾਲ ਲੱਦੀਆਂ ਰਚਨਾਵਾਂ ਤਾਂ ਰਚਦੇ ਅਤੇ ਪ੍ਰਚਾਰਦੇ ਜਾਂਦੇ ਹਨ... ਪਰ ਅਸਲ ਜ਼ਿੰਦਗੀ ਵਿਚ ਉਹ ਖ਼ੁਦ ਕੌੜੇ ਤੁੰਮੇ ਵਾਂਗ ਹੀ ਹੁੰਦੇ ਨੇ...। ਸ਼ਾਇਦ ਉਨ੍ਹਾਂ ਨੂੰ ਪੰਜਾਬੀ ਸਾਹਿਤ ਦਾ ਵਿਸ਼ਾਲ ਸੰਸਾਰ ਖ਼ੁਦ ਦੀਆਂ ਟੰਗਾਂ ਉੱਪਰ ਈ ਅੜਿਆ ਅਤੇ ਟਿਕਿਆ ਮਹਿਸੂਸ ਹੁੰਦਾ ਰਹਿੰਦਾ ਹੈ। ਉਨ੍ਹਾਂ ਦੇ ਭੰਬਲਭੂਸੇ ਵਾਲੇ ਕਿਰਦਾਰ ਦੋਗਲੀ ਭਾਅ ਮਾਰਦੇ ਹਨ। ਉਹ ਖ਼ੁਦ ਖ਼ੁਦ ਦੇ ਹੀ ਕਹੇ, ਲਿਖੇ ਅਤੇ ਪ੍ਰਚਾਰੇ ਅਲਫ਼ਾਜ਼ਾਂ ਨੂੰ ਅਪਣਾਉਂਦੇ ਨਹੀਂ..ਜਿਉਂਦੇ ਨਹੀਂ...। ਇਸ ਦੇ ਵਿਪਰੀਤ, ਜ਼ਿੰਦਾਦਿਲੀ ਅਤੇ ਸੂਖ਼ਮ ਬਿਰਤੀ ਵਾਲਾ ਕਵਿੰਦਰ ਚਾਂਦ ਆਪਣੇ ਮਨ ਦੇ ਅਨੁਭਵਾਂ ਅਤੇ ਅਹਿਸਾਸਾਂ ਨੂੰ ਸਿਰਫ਼ ਲਫ਼ਜ਼ਾਂ ਅਤੇ ਸ਼ਬਦਾਂ ਵਿਚ ਪਰੋਂਦਾ ਹੀ ਨਹੀਂ, ਬਲਕਿ, ਉਨ੍ਹਾਂ ਦੇ ਅਰਥਾਂ ਅਤੇ ਰੂਹ ਨੂੰ ਜੀਵਨ ਵਿਚ ਢਾਲਦਿਆਂ... ਜਿਉਂਦਾ ਹੈ ਅਤੇ ਹੰਢਾਉਂਦਾ ਵੀ ਹੈ। ਉਸਦੀ ਜ਼ਿੰਦਾ-ਦਿਲ ਸ਼ਾਇਰੀ ਜ਼ਿੰਦਗੀ ਦੇ ਜਸ਼ਨਾਂ ਨਾਲ ਕਿੱਕਲੀਆਂ ਪਾਉਂਦੀ ਹੈ। ਸ਼ਾਇਰੀ ਤਾਂ ਉਸ ਦੇ ਜੀਨਸ ਵਿਚ ਹੈ, ਵਿਰਾਸਤ ਵਿਚੋਂ ਹੀ ਮਿਲੀ ਸੁਗਾਤ ਹੈ। ਕਵਿੰਦਰ ਬੜਾ ਘੱਟ ਲਿਖਦਾ ਹੈ, ਸਹਿਜ ਨਾਲ ਲਿਖਦਾ ਹੈ, ਪਰ ਜੋ ਵੀ ਲਿਖਦਾ ਹੈ ਉਹ ਜੀਵਨ ਜਾਚ ਜਿਹਾ ਮਹਿਸੂਸ ਹੁੰਦਾ ਹੈ। ਸੱਚ-ਮੁਚ ਈ ਪੜ੍ਹਨ, ਜਾਨਣ, ਅਤੇ ਮਾਣਨ ਵਾਲਾ ਹੁੰਦਾ ਹੈ। ਸੁਨੇਹਾ ਸਕਾਰਾਤਮਕ ਹੁੰਦਾ ਹੈ, ਜਿਸ ਤੋਂ ਕੁਝ ਸਿੱਖਿਆ ਜਾ ਸਕਦਾ ਹੈ।

ਅਸ਼ਰਫ਼ੀਆਂ, ਬੰਸਰੀ ਕਿੱਧਰ ਗਈ ਅਤੇ ਕਣ ਕਣ ਨਾਲ ਸਾਹਿਤਕ ਪੈੜਾਂ ਪਾਉਂਦਾ ਇਹ ਸਮਰੱਥ ਕਵੀ ਅਤੇ ਗ਼ਜ਼ਲਗੋ ਮੁਆਫ਼ੀਆਂ ਮੰਗਦਾ 'ਮੁਆਫ਼ੀਨਾਮਾ' ਲੈ ਕੇ ਸੁਹਿਰਦ ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੇ ਵਿਹੜੇ ਪਹੁੰਚ ਗਿਆ।

'ਕੁਦਰਤ ਕੁੜੀ ਦੀ ਨਿਰਮਲਤਾ ਦੇ ਨਾਂ' ਨੂੰ ਸਮਰਪਤ ਮੁਆਫ਼ੀਨਾਮਾ ਗ਼ਜ਼ਲਾਂ ਅਤੇ ਨਜ਼ਮਾਂ ਦਾ ਖ਼ੂਬਸੂਰਤ ਸੰਗ੍ਰਹਿ ਹੈ ਜਿਸ ਨੂੰ ਔਟਮ ਆਰਟ, ਪਟਿਆਲਾ ਨੇ ਛਾਪਿਆ ਹੈ।

ਮਹਾਨ ਫਿਲਾਸਫਰ 'ਅਰਸਤੂ' ਅਨੁਸਾਰ ਮਨੁੱਖ ਇੱਕ 'ਸਮਾਜਕ ਜੀਵ' ਹੈ, ਜੋ ਮਨੁੱਖੀ ਰਿਸ਼ਤਿਆਂ ਦੀਆਂ ਤੰਦਾਂ ਦੇ ਤਾਣੇ-ਬਾਣੇ 'ਚ ਵਿਚਰਦਾ ਹੈ। ਇੰਜ ਉਸ ਦੇ ਜੀਵਨ ਦੀਆਂ ਤੰਦਾਂ ਕੁਦਰਤ, ਆਲੇ-ਦੁਆਲੇ, ਧਰਮ, ਸਮਾਜ, ਸੱਭਿਆਚਾਰ ਦੇ ਤਾਣਿਆਂ-ਬਾਣਿਆਂ ਨਾਲ ਜੁੜੀਆਂ ਹੁੰਦੀਆਂ ਹਨ। ਕਵਿੰਦਰ ਚਾਂਦ ਬਹੁਤ ਸੰਵੇਦਨਸ਼ੀਲ ਸ਼ਾਇਰ ਹੈ ਜਿਸ ਦਾ ਕਵੀ ਦਿਲ ਨਿੱਘਰਦੇ ਅਤੇ ਟੁੱਟਦੇ ਮਨੁੱਖੀ ਰਿਸ਼ਤਿਆਂ ਦਾ ਦਰਦ ਮਹਿਸੂਸ ਕਰਦਾ ਰਹਿੰਦਾ ਹੈ। ਇਨ੍ਹਾਂ ਅਨੁਭਵਾਂ ਨੂੰ ਉਹ 'ਪੂਰੀ ਉਮਰ ਦੇ ਰਿਸ਼ਤੇ...' ਵਿਚ ਇੰਜ ਲਫ਼ਜ਼ਾਂ ਦੇ ਬਸਤਰ ਪਾ ਕੇ ਉਤਾਰਦਾ ਹੈ...

ਪੂਰੀ ਉਮਰ ਦੇ ਰਿਸ਼ਤੇ ਵਿਚਕਾਰ ਟੁੱਟ ਰਹੇ ਨੇ
ਸਾਰੰਗੀਆਂ ਸਲਾਮਤ ਪਰ ਤਾਰ ਟੁੱਟ ਰਹੇ ਨੇ

ਅੰਨ੍ਹੀ ਹੈ ਦੌੜ ਫਿਰ ਵੀ
ਸਾਰੇ ਨੇ ਇਸ 'ਚ ਸ਼ਾਮਲ
ਇੱਕ ਭੀੜ ਜੁੜ ਰਹੀ ਹੈ
ਪਰਵਾਰ ਟੁੱਟ ਰਹੇ ਨੇ

ਗੁਰੂ ਅਤੇ ਚੇਲੇ ਦੇ ਰੂਹਾਨੀ ਰਿਸ਼ਤੇ ਅਤੇ ਅਮਰ ਮੁਹੱਬਤ ਨੂੰ ਕਵਿੰਦਰ ਚਾਂਦ ਨੇ ਇੰਜ ਬਿਆਨ ਕੀਤਾ ਹੈ

ਮਰਦਾਨਾ ਕਦੇ ਨਾਨਕ ਜੇਹਾ ਲੱਗਦਾ
ਨਾਨਕ ਮਰਦਾਨੇ ਜੇਹਾ ਦਿਸਦਾ

ਨਾਨਕ ਸੰਗ ਤੁਰਿਆ ਮਰਦਾਨਾ ਮੁੜ ਨਾ ਵਿਛੜਿਆ
ਦੂਰ ਮੁਲਕ ਰਬਾਬ ਚੁੱਪ ਹੋਈ,
ਨਾਨਕ ਫੁਰਮਾਇਆ
'ਸੱਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣੁ'

ਗੁਰਬਾਣੀ ਕਹਿੰਦੀ ਹੈ ਕਿ ਮਨੁੱਖ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਤੇ ਹੰਕਾਰ ਜਿਹੇ 'ਪਸ਼ੂ' ਘਰ ਕਰੀ ਬੈਠੇ ਹਨ, ਜਿਨ੍ਹਾਂ ਨੂੰ ਮਾਰਨ ਤੋਂ ਬਗੈਰ ਬੰਦਾ ਇਨਸਾਨ ਨਹੀਂ ਬਣ ਸਕਦਾ। ਹਉਮੈ/ਹੰਕਾਰ ਇੱਕ ਐਸਾ ਵਿਕਾਰ ਹੈ ਜਿਸ ਦੇ ਹੁੰਦਿਆਂ ਹਲੀਮੀ ਅਤੇ ਮੁਆਫ਼ੀ ਦਾ ਹਾਜ਼ਰ ਹੋਣਾ ਨਾਮੁਮਕਿਨ ਬਣ ਜਾਂਦਾ ਹੈ। ਹੰਕਾਰ ਬੰਦੇ ਨੂੰ... ਨਾ ਮੁਆਫ਼ੀ ਮੰਗਣ ਦਿੰਦਾ ਹੈ ਅਤੇ ਨਾ ਹੀ ਮੁਆਫ਼ੀ ਦੇਣ ਦਿੰਦਾ ਹੈ। ਮੁਆਫ਼ੀ ਮੰਗਣ ਅਤੇ ਮੁਆਫ਼ੀ ਦੇਣ ਲਈ ਹੰਕਾਰ ਦਾ ਮਰਨਾ ਬੜਾ ਜ਼ਰੂਰੀ ਹੈ। ਕਵਿੰਦਰ ਚਾਂਦ ਨੇ 'ਆਦਮ-ਜ਼ਾਤ' ਦੀ ਇਸ ਗੰਭੀਰ ਚੁਣੌਤੀ ਅਤੇ ਕਸ਼ਮਕਸ਼ ਨੂੰ ਇੱਕ ਲੰਮੀ ਅਤੇ ਭਾਵਪੂਰਤ ਰਚਨਾ 'ਮੁਆਫੀਨਾਮੇ' ਵਿਚ ਇੰਜ ਸ਼ਬਦਾਂ ਵਿਚ ਪ੍ਰੋਇਆ...

ਜਦੋਂ ਕੁਝ ਉਲਝਦਾ ਹੋਵੇ
ਨਾ ਮਸਲਾ ਸੁਲਝਦਾ ਹੋਵੇ
ਜਦੋਂ ਸੱਭ ਦੇਖਦੇ ਹੁੰਦੇ
ਕਿ ਪਹਿਲੋਂ ਕੌਣ ਝੁਕਦਾ ਹੈ
ਝਿਜਕ ਜਦ ਰੋਕਦੀ ਹੁੰਦੀ ਹੈ
ਸਭ ਨੂੰ ਪਹਿਲ ਕਦਮੀ ਤੋਂ
ਮੇਰਾ ਕੁਝ ਵੀ ਨਹੀਂ ਘਟਦਾ
ਮੈਂ, ਮੁਆਫ਼ੀ ਮੰਗ ਲੈਂਦਾ ਹਾਂ...

ਮੁਆਫ਼ੀ ਮੰਗ ਕੇ ਇੱਕ ਆਮ ਬੰਦਾ
ਖ਼ਾਸ ਹੋ ਜਾਂਦੈ
ਮੁਆਫ਼ੀ ਮੰਗਿਆਂ
ਧਰਤੀ ਜਿਹਾ ਧਰਵਾਸ ਹੋ ਜਾਂਦੈ
ਮੁਆਫ਼ੀ ਨਫ਼ਰਤਾਂ ਦੇ ਬੀਜ ਸਾਰੇ
ਸਾੜ ਸਕਦੀ ਹੈ
ਇਹ ਚਾਲੀ ਮੁਕਤਿਆਂ ਵਾਲਾ ਬੇਦਾਵਾ
ਪਾੜ ਸਕਦੀ ਹੈ...

ਸੰਤਾਲੀ ਤੋਂ, ਚੁਰਾਸੀ ਤੋਂ
ਇਹ ਆਦਮ ਜ਼ਾਤ ਦੇ
ਰਿਸਦੇ ਹੋਏ ਨਾਸੂਰ ਨੇ ਜਿਹੜੇ
ਮੈਂ ਆਪਣੀ ਆਤਮਾਂ ਦਾ ਬੋਝ
ਕੁਝ ਹੌਲਾ ਕਰਨ ਖ਼ਾਤਰ
ਸੁਰਖ਼ਰੂ ਹੋਣ ਦੀ ਖ਼ਾਤਰ
ਮੁਆਫ਼ੀ ਮੰਗ ਲੈਂਦਾ ਹਾਂ
ਤੁਸੀਂ ਮੰਗੋ ਜਾਂ ਨਾ ਮੰਗੋ
ਮੈਂ ਮੁਆਫ਼ੀ ਮੰਗ ਲੈਂਦਾ ਹਾਂ...

ਸਿਆਣੇ ਕਹਿੰਦੇ ਨੇ... ਲੰਘ ਗਏ ਸੱਪ ਦੀ ਲਕੀਰ ਨੂੰ ਕੁੱਟਣ ਨਾਲ ਸੱਪ ਕਦੇ ਨਹੀਂ ਮਰਦੇ ਹੁੰਦੇ। ਜੀਵਨ ਜਿਉਂਦਿਆਂ ਅਤੇ ਸਮਾਜ ਵਿਚ ਵਿਚਰਦਿਆਂ ਹੋ ਰਹੀ ਨਾ-ਇਨਸਾਫ਼ੀ, ਧੱਕੇਸ਼ਾਹੀ, ਅਤੇ ਜ਼ੁਲਮ ਦੇ ਵਿਰੁੱਧ ਇਨਸਾਨ ਦਾ ਆਵਾਜ਼ ਨਾ ਉਠਾਉਣਾ ਉਸ ਦੇ ਮਰਨ ਦੇ ਬਰਾਬਰ ਈ ਹੁੰਦਾ ਹੈ। ਕਵਿੰਦਰ ਚਾਂਦ ਦੀ ਇਨਕਲਾਬੀ ਸੋਚ ਸਮਾਜ ਦੀਆਂ ਮੂੰਹ ਮੁਹਾਂਦਰੇ ਵਾਲੀਆਂ ਹਸਤੀਆਂ ਦੀ ਜ਼ਮੀਰ ਨੂੰ ਸ਼ਰ੍ਹੇਆਮ ਵੰਗਾਰ ਅਤੇ ਫਿਟਕਾਰ ਰਹੀ ਹੈ।

ਸਮਾਂ ਬੋਲਣ ਦਾ ਹੈ...
ਬੜੀ ਦੁਬਿਧਾ 'ਚ ਨੇ ਲੋਕੀਂ
ਤੁਹਾਡੇ ਵੱਲ ਤੱਕਦੇ ਨੇ
ਨਹੀਂ ਤਾਂ ਜੋ ਦਿਖਾਇਆ ਜਾ ਰਿਹੈ,
ਉਹ ਸੱਚ ਸਮਝਣਗੇ
ਸਮਾਂ ਬੋਲਣ ਦਾ ਹੈ
ਬੋਲੋ!
ਜੇ ਹੁਣ ਨਹੀਂ ਬੋਲੇ ਤਾਂ
ਫਿਰ ਕਿਸੇ ਨੇ ਬੋਲਣ ਨਹੀਂ ਦੇਣਾ
ਤੇ ਉਸ ਤੋਂ ਬਾਦ ਫਿਰ
ਬੋਲਣ ਲਈ ਕੁਝ ਨਹੀਂ ਰਹਿਣਾ!
ਜ਼ੁਬਾਨਾਂ ਵਾਲਿਉ ਗੁੰਗਿਉ,
ਤੁਸਾਂ ਜੇ ਅੱਜ ਵੀ
ਇਹ ਧੁੰਦਕਾਰਾ ਸਾਫ਼ ਨਹੀਂ ਕਰਨਾ,
ਤਾਂ ਫਿਰ ਇਤਿਹਾਸ ਨੇ
ਸਾਨੂੰ ਤੁਹਾਨੂੰ ਮਾਫ਼ ਨਹੀਂ ਕਰਨਾ,
ਸਮਾਂ ਬੋਲਣ ਦਾ ਹੈ,
ਬੋਲੋ!

ਮਾਂ ਬੋਲੀ ਇੱਕ ਛੋਟਾ ਜਿਹਾ ਸ਼ਬਦ ਹੈ ਜੋ ਆਪਣੀ ਰੂਹ ਅੰਦਰ ਗਹਿਰੇ ਅਰਥ ਸੰਭਾਲੀ ਬੈਠਾ ਹੈ। ਬੋਲੀ ਮਨੁੱਖੀ ਸੱਭਿਅਤਾ ਅਤੇ ਸੱਭਿਆਚਾਰ ਦੇ ਅਨਮੋਲ ਜ਼ਖ਼ੀਰੇ ਦੀ ਨਿਸ਼ਾਨਦੇਹੀ ਕਰਦੀ ਹੈ। ਪ੍ਰਸਿੱਧ ਸਾਹਿਤਕਾਰ 'ਰਸੂਲ ਹਮਜ਼ਾਤੋਵ' ਦੀ ਸੰਸਾਰ ਪ੍ਰਸਿੱਧ ਵਾਰਤਕ 'ਮੇਰਾ ਦਾਗ਼ਿਸਤਾਨ' ਨੂੰ ਬਹੁਤ ਪੰਜਾਬੀ ਸਾਹਿਤ ਪ੍ਰੇਮੀਆਂ ਨੇ ਪੜ੍ਹਿਆ ਹੋਵੇਗਾ। ਇਸ ਕਿਤਾਬ ਵਿਚ ਰਸੂਲ ਹਮਜ਼ਾਤੋਵ ਨੇ ਦਾਗ਼ਿਸਤਾਨ ਦੇ ਇਲਾਕੇ, ਸਭਿਆਚਾਰ ਅਤੇ ਮਾਂ ਬੋਲੀ ਨੂੰ ਬਾਖ਼ੂਬੀ ਬਰੀਕੀ ਨਾਲ ਪੇਸ਼ ਕੀਤਾ ਹੈ। ਮਾਂ ਬੋਲੀ ਪ੍ਰਤੀ ਉਸ ਦਾ ਇਹ ਵੀ ਮੰਨਣਾ ਹੈ ਕਿ ਆਪਣੀ ਮਾਂ ਬੋਲੀ ਨੂੰ ਭੁੱਲ ਜਾਣਾ ਇੱਕ ਬਦਅਸੀਸ ਦੇ ਸਮਾਨ ਹੁੰਦਾ ਹੈ। ਕਵਿੰਦਰ ਚਾਂਦ ਨੇ ਵੀ ਮਾਂ ਬੋਲੀ ਪੰਜਾਬੀ ਪ੍ਰਤੀ ਆਪਣਾ ਮੋਹ ਅਤੇ ਫ਼ਿਕਰ ਪਾਠਕਾਂ ਨਾਲ ਸਾਂਝਾ ਕੀਤਾ ਹੈ।

ਮੇਰੇ ਆਪਣੇ ਧੀਆਂ ਪੁੱਤਰ
ਮੇਰਾ ਹੁਸਨ ਵਿਗਾੜ ਰਹੇ ਨੇ
ਮੈਨੂੰ ਮੇਰੇ ਆਪਣੇ ਜਾਏ
ਹੌਲ਼ੀ ਹੌਲ਼ੀ ਮਾਰ ਰਹੇ ਨੇ
ਹਰ ਬੋਲੀ ਦੀ ਆਪਣੀਂ ਫੱਬਤ
ਹਰ ਬੋਲੀ ਦਾ ਆਪਣਾ ਰੁੱਤਬਾ
ਮੈਂ ਹਾਂ ਪਰ ਬੋਲੀ ਪੰਜਾਬੀ
ਮੇਰੀ ਸਭ ਤੋਂ ਸ਼ਾਨ ਨਿਰਾਲੀ
ਜੇ ਮੈਂ ਇੰਜ ਕਰੂਪ ਹੋ ਗਈ
ਜ਼ਹਿਰ ਦਾ ਘੁੱਟ ਵੀ ਪੀ ਨਹੀਂ ਹੋਣਾ
ਪਰ ਮੈਥੋਂ ਫਿਰ ਜੀ ਨਹੀਂ ਹੋਣਾ..
ਸੱਚੀਂ ਮੈਥੋਂ ਜੀ ਨਹੀਂ ਹੋਣਾ..


ਪਿਛਲੇ ਕਾਫੀ ਅਰਸੇ ਤੋਂ ਕਵਿੰਦਰ ਆਪਣੇ ਪਰਿਵਾਰ ਸਮੇਤ ਪਰਦੇਸ ਵਿਚ ਰਹਿ ਰਿਹਾ ਹੈ। ਬਹੁਤੇ ਪਰਦੇਸੀ ਦੂਹਰੀ ਜ਼ਿੰਦਗੀ ਜਿਉਣ ਦੀ ਤ੍ਰਾਸਦੀ ਭੋਗਦੇ ਹਨ। ਸਰੀਰ ਪਰਦੇਸ ਅਤੇ ਮਨ ਦੇਸ ਵਿਚ ਪਰਵਾਜ਼ਾਂ ਭਰਦਾ ਰਹਿੰਦਾ ਹੈ। ਮਿੱਟੀ ਦਾ ਮੋਹ ਉਸ ਨੂੰ ਘੇਰ-ਘੇਰ ਕਹਿੰਦਾ ਰਹਿੰਦਾ ਹੈ... 'ਚੱਲ ਪੰਜਾਬ ਨੂੰ ਚੱਲੀਏ...'

ਦਿਲ ਦਰਿਆਵਾਂ ਵਿਚੋਂ ਪਾਣੀ
ਸੁੱਕਦੇ ਸੁੱਕਦੇ ਸੁੱਕ ਜਾਂਦੇ ਨੇ
ਰਿਸ਼ਤੇ ਨਾਤੇ ਪਿਆਰ ਮੁਹੱਬਤ
ਮੁੱਕਦੇ ਮੁੱਕਦੇ ਮੁੱਕ ਜਾਂਦੇ ਨੇ
ਟੁੱਟੀਆਂ ਬਾਹਵਾਂ ਗੱਲ੍ਹ ਨੂੰ ਆਈਆਂ
ਮੁੜਕੇ ਜੋੜਨ ਚੱਲੀਏ, ਝੱਲੀਏ
ਚੱਲ ਪੰਜਾਬ ਨੂੰ ਚੱਲੀਏ...

ਆਪਣੇ ਸਵਰਗੀ ਸ਼ਾਇਰ ਪਿਤਾ ਨੂੰ ਯਾਦ ਕਰਦਿਆਂ ਕਵਿੰਦਰ ਉਦਾਸ ਵੀ ਹੋ ਜਾਂਦਾ ਹੈ...

ਕੱਲ੍ਹ ਰਾਤ
ਮੈਂ ਖਾਮੋਸ਼ ਅਵਾਜ਼ ਮਾਰੀ
ਪਿਤਾ ਅੰਗ ਸੰਗ ਮਹਿਸੂਸ ਹੋਏ

ਆਪਣੀ ਨਵੀਂ ਕਵਿਤਾ
ਸ਼ਾਇਰ ਪਿਤਾ ਨੂੰ ਸੁਣਾਈ




ਸੁਣਾਉਂਦਿਆਂ
ਮੇਰੀਆਂ ਅੱਖਾਂ ਭਰ ਆਈਆਂ ਤੇ
ਪਿਤਾ ਦੀਆਂ ਸੁਣਦਿਆਂ...

ਖ਼ੂਬਸੂਰਤ ਸ਼ਾਇਰੀ ਕਵਿੰਦਰ ਚਾਂਦ ਦਾ ਹਾਸਲ ਹੈ। ਇਹ ਕਿਸੇ-ਕਿਸੇ ਦੇ ਹਿੱਸੇ ਈ ਆਉਂਦਾ ਹੈ। ਇਸ ਦੀ ਸ਼ਾਇਰੀ ਮਨ ਨੂੰ ਸਕੂਨ ਪ੍ਰਦਾਨ ਕਰਦੀ ਹੈ। ਕਦੇ-ਕਦੇ ਉਸ ਦਾ ਜੀਅ ਇੰਜ ਵੀ ਕਰਦੈ...

ਉਦਾਸੇ ਮੌਸਮਾਂ ਅੰਦਰ
ਮੇਰਾ ਹੱਸਣ ਨੂੰ ਜੀਅ ਕਰਦਾ
ਗ਼ਮਾਂ ਦੀ ਪੰਡ 'ਤੇ ਖੜ੍ਹਕੇ
ਮੇਰਾ ਨੱਚਣ ਨੂੰ ਜੀਅ ਕਰਦੈ
ਜ਼ਮਾਨੇ ਭਰ ਦੇ ਸਾਕਾਂ ਤੋਂ
ਇੱਕਦਮ ਸੁਰਖ਼ਰੂ ਹੋ ਕੇ
ਕਵਿੰਦਰ ਨਾਲ ਬਾਕੀ ਦੀ ਉਮਰ
ਵੱਸਣ ਨੂੰ ਜੀਅ ਕਰਦਾ

ਕਵਿੰਦਰ ਚਾਂਦ 'ਆਪਣਾ ਮੂਲ ਪਛਾਣਦਿਆਂ' ਖ਼ੁਦ ਦੇ ਮਨ ਦੀਆਂ ਰਮਜ਼ਾਂ ਖੋਲ੍ਹਦਾ ਹੈ, ਹੋਕਾ ਦੇਂਦਾ ਹੈ ਅਤੇ ਪੈਂਤੀ ਦਾ ਛੱਟਾ ਦੇਂਦਾ... ਆਪਣੀ ਮਸਤੀ... ਤੇ ਆਪਣੀ ਤੋਰੇ... ਤੁਰਿਆ ਜਾਂਦਾ ਹੈ...

ਅਸੀਂ ਓਂਕਾਰ ਦੇ ਬੱਚੇ ਅਸੀਂ ਊੜੇ ਦੇ ਜਾਏ ਹਾਂ
ਅਸੀਂ ਪੈਂਤੀ ਦਾ ਛੱਟਾ ਦੇਣ ਇਸ ਦੁਨੀਆਂ ਤੇ ਆਏ ਹਾਂ

ਅਸਾਂ ਪੰਜਾਬ ਦੇ ਪੁੱਤਰ ਹਾਂ ਵਗਦੇ ਪਾਣੀਆਂ ਵਰਗੇ
ਗੁਰੂ ਪੌਣਾਂ ਨੂੰ ਮੰਨਦੇ ਹਾਂ ਤੇ ਮਾਂ ਮਿੱਟੀ ਦੇ ਜਾਏ ਹਾਂ।

ਉਸ ਦੀ ਰੂਹ ਨਾਲ ਲਿਖੀ ਅਤੇ ਮਕਬੂਲ ਹੋਈ ਨਵੀਂ ਰਚਨਾ 'ਗੁਰੂ ਮਾਨਿਓ... ਗੁਰੂ ਮਾਨਿਓ ਗ੍ਰੰਥ'... ਵੀ ਮੈਨੂੰ ਉਸ ਦੀ ਸੁੰਦਰ ਰੂਹ ਦਾ ਅਗਲਾ ਹੋਕਾ ਲਗਦੀ ਹੈ... ਗੁਰੂ ਮਾਨਿਓ... ਗ੍ਰੰਥ...

ਮਾਂ ਬੋਲੀ ਨੂੰ ਮੁਹੱਬਤ ਕਰਨ ਵਾਲੇ ਦੋਸਤੋ, ਇਸ ਸ਼ਾਹਕਾਰ ਪੁਸਤਕ ਵਿਚ ਬਹੁਤ ਕੁਝ ਹੋਰ ਤੁਹਾਡੇ ਪੜ੍ਹਨ ਅਤੇ ਮਾਣਨ ਵਾਲਾ ਹੈ!! ਮੈਨੂੰ ਆਸ ਹੀ ਨਹੀਂ, ਬਲਕਿ, ਉਮੀਦ ਵੀ ਹੈ ਕਿ ਸਾਡੇ ਸਭ ਦੇ ਅਜ਼ੀਜ਼ ਕਵਿੰਦਰ ਚਾਂਦ ਇੰਜ ਹੀ ਪੰਜਾਬੀ ਸਾਹਿਤ ਅਤੇ ਪੰਜਾਬੀਅਤ ਨੂੰ ਆਪਣੀ ਸ਼ਾਇਰੀ ਨਾਲ ਮਹਿਕਾਉਂਦੇ ਰਹਿਣਗੇ ਅਤੇ ਮੁਹੱਬਤੀ ਚਾਨਣ ਨਾਲ ਰੁਸ਼ਨਾਉਂਦੇ ਵੀ ਰਹਿਣਗੇ। ਅਗਲੇ ਅਤੇ ਅਗਲੇਰੇ ਸਾਹਿਤਕ ਪੈਂਡਿਆਂ 'ਤੇ ਚਲਦਿਆਂ ਨਵੀਆਂ ਮੰਜ਼ਿਲਾਂ ਨੂੰ ਸਰ ਕਰਨ ਲਈ ਮੇਰੇ ਵੱਲੋਂ ਸ਼ੁੱਭ ਕਾਮਨਾਵਾਂ!!

## ਸ਼ਹੀਦ ਊਧਮ ਸਿੰਘ ਜੀ

ਬਣ ਕੇ ਗੋਰਾ ਪਹੁੰਚਿਆ, ਸੂਰਮਾ ਕੈਕਸਟਨ ਹਾਲ,
ਹੱਥ 'ਚ ਫੜ ਕਿਤਾਬ ਉਹ, ਪਿਸਟਲ ਰੱਖ ਕੇ ਨਾਲ਼।

ਕਦੋਂ ਓਡਵਾਇਰ ਆਏਗਾ, ਉਡੀਕੇ ਬੇਸਬਰੀ ਨਾਲ਼,
ਮੈਂ ਸਾਰੀਆਂ ਵਿਚੀਂ ਕੱਢ ਦੂੰ, ਸੁੱਕਾ ਜਾਏ ਕੀ ਮਜਾਲ।

ਆਣ ਢੁੱਕੀ ਘੜੀ ਉਹ ਵੀ, ਜਿਹਦਾ ਸੀ ਇੰਤਜ਼ਾਰ,
ਮਾਰੀਆਂ ਜਦੋਂ ਫੁਕਰੀਆਂ, ਸ਼ੇਰ ਹੋਇਆ ਹੁਸ਼ਿਆਰ।

ਚਾਰੇ ਸੀਨੇ 'ਚੋਂ ਕੱਢੀਆਂ, ਮੱਚ ਗਈ ਸੀ ਹਾਹਾਕਾਰ,
ਰੌਂਦਾਂ ਦਾ ਛੱਟਾ ਦੇ ਕੇ ਤੇ, ਊਧਮ ਨੇ ਮਾਰੀ ਲਲਕਾਰ।

'ਮੈਨੂੰ ਫੜ ਲਉ ਲੰਡਨ ਵਾਸੀਓ, ਖੜ੍ਹ ਕੇ ਕਰਾਂ ਪੁਕਾਰ,
ਬੁਜ਼ਦਿਲ ਨਾ ਆਖਿਓ, ਮੈਂ ਗੁਰੂ ਦਾ ਸਿੰਘ ਸਰਦਾਰ।

ਗੁਰੂ ਦੀ ਸਾਨੂੰ ਸਿਖਿਆ, ਨ ਕਰਦੇ ਕਦੇ ਪਹਿਲੇ ਵਾਰ,
ਪਰ ਭਾਜੀ ਦਿੰਦੇ ਮੋੜ ਹਾਂ, ਨਾ ਹੀ ਰੱਖਦੇ ਕਦੇ ਉਧਾਰ।

ਜਲ੍ਹਿਆਂ ਵਾ਼ਲਾ ਯਾਦ ਹੈ, ਨਿਹੱਥੇ ਮਾਰੇ ਸੀ ਦੋ ਹਜ਼ਾਰ,
ਬਦਲਾ ਹੁਣ ਮੈਂ ਲੈ ਲਿਆ, ਸਾਨੂੰ ਭੱਜਣਾ ਹੈ ਦੁਰਕਾਰ।

ਅਸ਼ਫਾਕ, ਚੰਦਰ ਸ਼ੇਖਰ, ਸਾਡੇ ਨੇ ਆਦਰਸ਼ ਕਿਰਦਾਰ,
ਝੁਕਣਾ ਨਹੀਂ ਕਬੂਲ ਹੈ, ਸਾਡੇ ਰਹਿਬਰ ਨੇ ਖ਼ੁਦਦਾਰ।

ਮਦਨ ਲਾਲ ਢੀਂਗਰਾ ਤੇ, ਸਾਡੇ ਬੱਬਰ ਵੱਡੇ ਸਰਦਾਰ,
ਬੜੇ ਸਿੱਧੇ ਸਾਦੇ ਲੋਕ ਹਾਂ, ਤੇ ਨਲੂਏ ਦੇ ਬਰਖ਼ੁਰਦਾਰ।

ਭਗਤ ਸਿੰਘ ਦਾ ਵਾਰਿਸ, ਮੈਂ ਪੁੱਤਰ ਸਰਾਭੇ ਕਰਤਾਰ,
ਲਾੜੀ ਮੌਤ ਵਿਆਹਵੇਂਦੇ, ਜਾਣੋ ਫਾਂਸੀ ਦੇ ਹਾਂ ਹੱਕਦਾਰ।

ਜੋ ਜੀਅ ਕਰੇ ਸਜ਼ਾ ਦੇਵੋ, ਮੈਂ ਅੱਜ ਪੂਰਾ ਹਾਂ ਸਰਸ਼ਾਰ,
ਹੱਸ ਕੇ ਫਾਂਸੀ ਚੜ੍ਹ ਜਾਵਾਂ, ਹਿੰਦ ਦਾ ਬੇੜਾ ਹੋ ਜੇ' ਪਾਰ।

*-ਸੇਵਾ ਸਿੰਘ ਨੂਰਪੁਰੀ*

# ਵੋਟਰਾਂ ਦਾ ਸ਼ੁੱਧੀਕਰਨ ਅਤੇ ਨਾਗਰਿਕਤਾ

2020 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਇੱਕ ਫ਼ੀਸਦੀ ਵੋਟਾਂ ਦੇ ਫੇਰਬਦਲ ਨਾਲ ਸਰਕਾਰ ਦਾ ਗਣਿਤ ਬਦਲ ਗਿਆ ਸੀ। ਕਈ ਵਿਧਾਨ ਸਭਾ ਸੀਟਾਂ ਉਤੇ ਉਮੀਦਵਾਰਾਂ ਦੀ ਜਿੱਤ ਕੁਝ ਸੈਂਕੜੇ ਵੋਟਾਂ ਤੱਕ ਸੀਮਤ ਸੀ। ਇਸ ਕਰਕੇ ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਵਿਧਾਨ ਸਭਾ ਚੋਣਾਂ 'ਚ ਮਹਿਜ਼ 4 ਕੁ ਮਹੀਨੇ ਪਹਿਲਾਂ ਵੋਟਰ ਸੂਚੀਆਂ ਦੀ ਸੁਧਾਈ ਜਾਂ ਪੁਨਰ-ਨਿਰੀਖਣ ਦਾ ਕੰਮ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਚੋਣ ਕਮਿਸ਼ਨ ਦੀ ਇਸ ਕਾਰਵਾਈ ਨਾਲ ਦੇਸ਼ ਭਰ 'ਚ ਬਵਾਲ ਮਚਿਆ ਹੋਇਆ ਹੈ। ਬਿਹਾਰ 'ਚ ਸਿਆਸੀ ਪਾਰਟੀਆਂ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਪ੍ਰੇਸ਼ਾਨ ਹਨ। ਬਿਹਾਰ ਵਿਚ ਪੁਨਰ ਨਿਰੀਖਣ ਦੇ ਨਾਂ 'ਤੇ ਅੱਧੇ-ਅਧੂਰੇ ਫਾਰਮ ਭਰਵਾ ਕੇ, ਫਾਰਮ ਦੀ ਕਾਪੀ ਪ੍ਰਾਪਤੀ ਨੂੰ ਨਾ ਦੇ ਕੇ, ਮੀਡੀਆ ਵਿਚ ਅਪੁਸ਼ਟ ਖ਼ਬਰਾਂ ਲੀਕ ਕਰਕੇ ਭਾਰਤੀ ਚੋਣ ਕਮਿਸ਼ਨ ਅਧਿਕਾਰੀ ਕੀ ਕਾਨੂੰਨ ਨਹੀਂ ਤੋੜ ਰਹੇ? ਕੀ ਇਹ 'ਵੱਡੇ ਹਾਕਮਾਂ' ਵੱਲੋਂ ਮਿਲੇ ਦਿਸ਼ਾ-ਨਿਰਦੇਸ਼ ਤਾਂ ਨਹੀਂ? ਕੀ ਇਹ ਚੋਣ ਜਿੱਤਣ ਲਈ ਨਵੀਂ ਕਿਸਮ ਦੀ ਕਵਾਇਦ ਤਾਂ ਨਹੀਂ?

ਸਾਲ 1952, 1961, 1983, 1992, 2002, ਅਤੇ 2004 ਵਿਚ ਵੱਖ-ਵੱਖ ਸੂਬਿਆਂ ਵਿਚ ਅਜਿਹੀ ਵੋਟਰ ਸੁਧਾਈ ਹੋਈ ਸੀ। ਬਿਹਾਰ ਵਿਚ ਇਹ ਸੁਧਾਈ 2003 ਵਿਚ ਹੋਈ। ਪਰ ਹੁਣ ਅਚਾਨਕ ਨਾਗਰਿਕਤਾ ਪਛਾਣ ਦੇ ਨਾਂ 'ਤੇ ਪੁਨਰ-ਮੁਲਾਂਕਣ ਕਰਵਾਉਣਾ, ਉਹ ਵੀ ਵੋਟਾਂ 'ਚ ਥੋੜ੍ਹਾ ਸਮਾਂ ਰਹਿਣ 'ਤੇ, ਕੀ ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਹੈ? ਕੀ ਇਹ ਨਾਗਰਿਕਤਾ ਹੱਕ 'ਚ ਬਿਨਾਂ ਵਜਹ ਦਖਲ ਨਹੀਂ?

ਭ੍ਰਿਸ਼ਟ ਤਰੀਕੇ ਨਾਲ ਵੋਟਰ ਲਿਸਟ ਵਿਚ ਨਾਂਅ ਸ਼ਾਮਲ ਕਰਵਾਉਣਾ ਜਾਂ ਸਹੀ ਵੋਟਰਾਂ ਦਾ ਨਾਂਅ ਕਟਵਾਉਣਾ, ਕੀ ਗਲਤ ਨਹੀਂ ਹੈ? ਬਿਹਾਰ ਦੀ ਵੋਟਰ ਲਿਸਟ ਸੰਬੰਧੀ ਹੰਗਾਮੇ ਦੇ ਦੌਰਾਨ ਚੰਦਰ ਬਾਬੂ ਨਾਇਡੂ ਨੇ ਆਂਧਰਾ ਪ੍ਰਦੇਸ਼ ਅਤੇ ਦੂਜੇ ਰਾਜਾਂ ਵਿਚ ਚੋਣਾਂ ਤੋਂ ਕਾਫ਼ੀ ਸਮਾਂ ਪਹਿਲਾਂ ਵਿਗਿਆਨਕ ਤਰੀਕੇ ਨਾਲ ਸਹੀ ਵੋਟਰਾਂ ਦੀ ਪਛਾਣ ਦੀ ਮੰਗ ਕੀਤੀ ਹੈ। ਦੂਜੇ ਪਾਸੇ ਅਸਾਮ ਦੇ ਮੁੱਖ ਮੰਤਰੀ ਹਿੰਮਤ ਵਿਸਵਾ ਸ਼ਰਮਾ ਨੇ ਐਨ.ਆਰ.ਸੀ. ਦਾ ਰਾਗ ਛੇੜ ਕੇ ਸੰਵਿਧਾਨਕ ਮਾਮਲੇ 'ਚ ਪੇਚੀਦਗੀ ਵਧਾ ਦਿੱਤੀ ਹੈ।

ਪੱਛਮੀ ਦੇਸ਼ਾਂ ਵਿਚ ਨਾਗਰਿਕਤਾ ਦਾ ਸਖ਼ਤ ਨਿਯਮ ਹੈ, ਪਰ ਭਾਰਤ ਵਿਚ ਨਾਗਰਿਕਤਾ ਦਾ ਮਾਮਲਾ ਸੰਸਦੀ ਅਸਫਲਤਾ, ਸੱਤਾ ਦੀ ਸਿਆਸਤ ਅਤੇ ਪ੍ਰਸ਼ਾਸਨਿਕ ਭ੍ਰਿਸ਼ਟਾਚਾਰ ਦੀ ਬਲੀ ਚੜ੍ਹ ਰਿਹਾ ਹੈ। ਇਸ ਰੌਲੇ-ਘਚੋਲੇ ਵਿਚ ਨਾਗਰਿਕਤਾ ਸਿੱਧ ਕਰਨ ਦੀ ਜ਼ਿੰਮੇਵਾਰੀ ਕਿਸ ਦੀ ਹੈ, ਬਾਰੇ ਵੀ ਬਹਿਸ ਛਿੜ ਪਈ ਹੈ। ਕੀ ਨਾਗਰਿਕਤਾ ਸਿੱਧ ਕਰਨ ਦੀ ਜ਼ਿੰਮੇਵਾਰੀ ਭਾਰਤੀ ਚੋਣ ਕਮਿਸ਼ਨ ਦੀ ਹੈ?

ਪਿਛਲੇ ਹਫ਼ਤੇ ਸੁਪਰੀਮ ਕੋਰਟ ਵੱਲੋਂ ਬਿਹਾਰ ਵਿਚ ਵੋਟਾਂ ਦੀ ਸੁਧਾਈ ਦੀ ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਨੂੰ ਸੰਵਿਧਾਨਕ ਕਰਾਰ ਦਿੱਤਾ ਗਿਆ ਹੈ ਅਤੇ ਇਸਨੂੰ ਬਿਹਾਰ ਵਿਚ ਅਭਿਆਸ ਜਾਰੀ ਰੱਖਣ ਲਈ ਕਿਹਾ ਹੈ। ਭਾਰਤੀ ਚੋਣ ਕਮਿਸ਼ਨ ਨੇ ਦਾਅਵਾ ਕੀਤਾ ਹੈ ਕਿ ਬਿਹਾਰ ਵਿਚ ਵੱਡੀ ਗਿਣਤੀ ਵਿਚ ਨੇਪਾਲ, ਬੰਗਲਾਦੇਸ਼ ਅਤੇ ਮਯਾਂਮਾਰ ਦੇ ਨਾਗਰਿਕਾਂ ਦਾ ਪਤਾ ਲੱਗਾ ਹੈ, ਜਿਨ੍ਹਾਂ ਵੋਟਾਂ ਬਣਾਈਆਂ ਸਨ ਤੇ ਹੁਣ ਇਨ੍ਹਾਂ ਦੇ ਨਾਂ ਕੱਟੇ ਜਾਣਗੇ। ਚੋਣ ਕਮਿਸ਼ਨ ਨੇ ਇਹ ਐਲਾਨ ਵੀ ਕੀਤਾ ਹੈ ਕਿ ਉਹ ਅੰਤ ਵਿਚ ਦੇਸ਼-ਭਰ 'ਚ ਵੋਟਰ ਸੂਚੀਆਂ ਦੀ ਡੂੰਘਾਈ ਨਾਲ ਸਮੀਖਿਆ ਕਰੇਗਾ ਤਾਂ ਜੋ ਵਿਦੇਸ਼ੀ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਜਨਮ ਸਥਾਨ ਦੀ ਜਾਂਚ ਕਰਕੇ ਵੋਟਰ ਸੂਚੀਆਂ 'ਚੋਂ ਕੱਟਿਆ ਜਾਵੇ।

ਦੇਸ਼ ਦੀਆਂ ਵਿਰੋਧੀ ਪਾਰਟੀਆਂ ਨੇ ਸੁਪਰੀਮ ਕੋਰਟ 'ਚ ਪਟੀਸ਼ਨਾਂ ਦਾਇਰ ਕੀਤੀਆਂ ਹਨ। ਕੇਸਾਂ ਦੀ ਸੁਣਵਾਈ 28 ਜੁਲਾਈ ਸੁਪਰੀਮ ਕੋਰਟ 'ਚ ਨੀਯਤ ਹੈ। ਵਿਰੋਧੀ ਧਿਰ ਦੀਆਂ ਪਟੀਸ਼ਨਾਂ 'ਚ ਦਾਅਵਾ ਕੀਤਾ ਗਿਆ ਕਿ ਇਹ ਪੂਰਾ ਅਮਲ, ਯੋਗ ਨਾਗਰਿਕਾਂ ਨੂੰ ਉਨ੍ਹਾਂ ਦੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰ ਦੇਵੇਗਾ। ਸੰਵਿਧਾਨ ਦੀ ਧਾਰਾ-5 ਜਨਮ ਅਤੇ ਜਨਮ ਸਥਾਨ ਦੇ ਆਧਾਰ 'ਤੇ ਆਪਣੇ-ਆਪ ਨਾਗਰਿਕਤਾ ਦਿੰਦੀ ਹੈ ਅਤੇ ਧਾਰਾ-326 ਇਸਦੀ ਲਗਾਤਾਰਤਾ ਪੱਕਿਆਂ ਕਰਦੀ ਹੈ। ਜਨਮ ਅਤੇ ਜਨਮ ਸਥਾਨ ਨੂੰ ਲੈ ਕੇ ਜੇਕਰ ਕੋਈ ਵਿਵਾਦ ਹੈ ਤਾਂ ਇਹ ਸੂਬੇ ਦੀ ਜ਼ਿੰਮੇਵਾਰੀ ਹੈ ਨਾ ਕਿ ਨਾਗਰਿਕਾਂ ਦੀ ਕਿ ਉਹ ਇਹ ਸਿੱਧ ਕਰੇ ਕਿ ਫਲਾਣਾ ਬੰਦਾ ਭਾਰਤ ਦਾ ਨਾਗਰਿਕ ਹੈ ਕਿ ਨਹੀਂ। ਅਸੀਂ ਨਾਗਰਿਕਤਾ ਲਈ ਸੰਬੰਧਤ ਸੂਬੇ ਦੇ ਸਾਹਮਣੇ ਅਰਜੀ ਨਹੀਂ ਦੇ ਸਕਦੇ ਅਤੇ ਇਹ ਨਾਗਰਿਕਤਾ ਜੀਵਨ ਭਰ ਰਹਿੰਦੀ ਹੈ। ਫਿਰ ਉਸ ਤੋਂ ਬਾਅਦ ਨਾਗਰਿਕਤਾ ਦੇ ਮਾਮਲੇ 'ਤੇ




ਕਿਸੇ ਵੀ ਸੂਬੇ 'ਤੇ ਵਿਵਾਦ ਦੇ ਲਈ ਕੇਂਦਰ ਦਾ ਗ੍ਰਹਿ ਵਿਭਾਗ ਹੈ, ਜਿਸਨੂੰ ਦੇਸ਼ ਦੀ ਸੁਪਰੀਮ ਕੋਰਟ ਨੇ ਸਪਸ਼ਟ ਰੂਪ 'ਚ ਸਾਰੀਆਂ ਪਟੀਸ਼ਨਾਂ ਦੀ ਸੁਣਵਾਈ ਦੌਰਾਨ ਸਪਸ਼ਟ ਕਰ ਦਿੱਤਾ ਹੈ ਕਿ ਅਪਰਾਧ ਨਿਆਂ ਸ਼ਾਸਤਰ ਵਿਚ ਅਪਰਾਧ ਸਿੱਧ ਕਰਨ ਦੀ ਜ਼ਿੰਮੇਵਾਰੀ ਆਰੋਪ ਲਾਉਣ ਵਾਲੇ ਦੀ ਹੈ, ਨਾ ਕਿ ਜਿਸ ਉਤੇ ਆਰੋਪ ਲਗਦਾ ਹੈ ਉਸਦੀ। ਜੇਕਰ ਕੋਈ ਵਿਅਕਤੀ ਪਿਛਲੀਆਂ ਆਮ ਚੋਣਾਂ ਵਿਚ ਵੋਟਰ ਸੀ ਤਾਂ ਉਸ ਨੂੰ ਫਿਰ ਕੁਝ ਚੁਣੇ ਹੋਏ ਸਬੂਤਾਂ, ਕਾਗਜ਼ਾਂ ਪੱਤਰਾਂ ਦੇ ਅਧਾਰ 'ਤੇ ਆਪਣਾ ਵੋਟਰ ਹੋਣ ਦਾ ਅਧਿਕਾਰ ਸਿੱਧ ਕਰਨ ਲਈ ਕਹਿਣਾ ਧਾਰਾ-326 ਦੀ ਉਲੰਘਣਾ ਹੈ।

ਨਾਗਰਿਕਤਾ ਦੇ ਮਾਮਲੇ 'ਚ ਕੁਝ ਬਿੰਦੂਆਂ ਨੂੰ ਸਮਝਣ ਦੀ ਲੋੜ ਹੈ। ਸਾਲ 1951 ਵਿਚ ਮਰਦਮਸ਼ੁਮਾਰੀ ਦੇ ਅਨੁਸਾਰ ਪਹਿਲਾ ਰਾਸ਼ਟਰੀ ਨਾਗਰਿਕ ਰਜਿਸਟਰ (ਐਨ.ਆਰ.ਸੀ.) ਬਣਿਆ। ਪਰ ਉਸਤੋਂ ਬਾਅਦ ਇਹ ਅੱਪਡੇਟ ਨਹੀਂ ਹੋ ਸਕਿਆ। ਨਾਗਰਿਕਤਾ ਕਾਨੂੰਨ ਦੇ ਅਨੁਸਾਰ 2003 ਵਿਚ ਐਨ.ਆਰ.ਸੀ. ਸੱਧਾਂ ਨੂੰ ਲਾਗੂ ਕਰਨ ਦੀ ਮੁਹਿੰਮ 2019 ਵਿਚ ਸੁਪਰੀਮ ਕੋਰਟ ਦੇ ਠੰਢੇ ਬਸਤੇ 'ਚ ਚਲੀ ਗਈ। ਅਸਾਮ ਸਮਝੌਤਾ ਲਾਗੂ ਕਰਨ ਲਈ ਨਾਗਰਿਕਤਾ ਕਾਨੂੰਨ 'ਚ ਜੋੜੀ ਗਈ ਧਾਰਾ 6-ਏ ਨੂੰ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਨੇ ਪਿਛਲੇ ਸਾਲ ਸਹੀ ਠਹਿਰਾਇਆ। ਪਰ ਸੁਪਰੀਮ ਕੋਰਟ ਵੱਲੋਂ ਨਾਗਰਿਕਤਾ ਨਾਲ ਜੁੜੇ ਅਨੇਕਾਂ ਪੈਂਡਿੰਗ ਪਏ ਮਾਮਲਿਆਂ ਦੀ ਸੁਣਵਾਈ ਅਤੇ ਫ਼ੈਸਲਿਆਂ ਲਈ ਸੁਪਰੀਮ ਕੋਰਟ ਕਈ ਸਾਲਾਂ ਤੋਂ ਸੰਵਿਧਾਨਕ ਬੈਂਚ ਹੀ ਨਹੀਂ ਬਣਾ ਸਕੀ। ਭਾਵੇਂ ਕਿ ਹੁਣ ਬਿਹਾਰ ਵਿਚ ਵੋਟਰ ਸੂਚੀਆਂ ਦੀ ਸੱਚਾਈ ਜਾਨਣ ਲਈ ਚੋਣਾਂ ਤੋਂ ਪਹਿਲਾਂ ਪੁਨਰ-ਨਿਰੀਖਣ ਕਰਵਾਉਣ ਲਈ ਚੋਣ ਕਮਿਸ਼ਨ ਨੂੰ ਨਸੀਹਤ ਦਿੱਤੀ ਹੈ।

ਜਨਸੰਖਿਆ ਦਾ ਕਾਨੂੰਨ 1948 ਵਿਚ ਬਣਿਆ। ਲੇਕਿਨ ਰਾਸ਼ਟਰੀ ਜਨਸੰਖਿਆ ਰਜਿਸਟਰ (ਐਨ.ਆਰ. ਸੀ.) ਦੇ ਲਈ 2003 ਵਿਚ ਜਾ ਕੇ ਨਿਯਮ ਬਣੇ। ਉਸਦੇ ਅਨੁਸਾਰ ਭਾਰਤ ਵਿਚ ਸਾਰੇ ਨਿਵਾਸੀਆਂ ਲਈ ਐਨ.ਸੀ.ਆਰ. ਵਿਚ ਰਜਿਸਟਰੇਸ਼ਨ ਜ਼ਰੂਰੀ ਹੈ। 2010 ਵਿਚ ਪਹਿਲਾਂ ਐਨ.ਸੀ.ਆਰ. ਤਿਆਰ ਹੋਣ ਦੇ ਪੰਜ ਸਾਲ ਬਾਅਦ ਅੱਪਡੇਟ ਕੀਤਾ ਗਿਆ। ਲੇਕਿਨ ਆਧਾਰ ਕਾਰਡ ਦੇ ਵਾਂਗਰ ਐਨ.ਸੀ.ਆਰ. ਵਿਚ ਵੇਰਵਾ ਹੋਣਾ ਨਾਗਰਿਕਤਾ ਦਾ ਅਧਿਕਾਰਕ ਸਬੂਤ ਨਹੀਂ ਹੈ।

ਸੀ.ਏ.ਏ.(ਨਾਗਰਿਕਤਾ ਸੰਸ਼ੋਧਨ ਕਾਨੂੰਨ) ਨੂੰ ਦਸੰਬਰ 2019 ਵਿਚ ਮਨਜ਼ੂਰੀ ਮਿਲੀ। ਉਸਦੇ ਅਨੁਸਾਰ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਬੰਗਲਾਦੇਸ਼ ਤੋਂ ਗੈਰ-ਮੁਸਲਿਮ, ਧਾਰਮਿਕ ਘੱਟ ਗਿਣਤੀ ਸ਼ਰਨਾਰਥੀਆਂ ਨੂੰ ਭਾਰਤ ਵਿਚ ਨਾਗਰਿਕਤਾ ਮਿਲ ਸਕਦੀ ਹੈ। ਉਸ ਕਾਨੂੰਨ ਦੇ ਅਨੁਸਾਰ ਸ਼ਰਨਾਰਥੀ ਨੂੰ ਨਾਗਰਿਕਤਾ ਲੈਣ ਲਈ ਭਾਰਤ ਵਿਚ ਰਿਹਾਇਸ਼ ਦੇ ਸਬੂਤ ਦੇ ਤੌਰ 'ਤੇ 20 ਕਿਸਮ ਦੇ ਦਸਤਾਵੇਜ਼ਾਂ ਵਿਚੋਂ ਇੱਕ ਅਤੇ ਗੁਆਂਢੀ ਦੇਸ਼ਾਂ ਦੇ ਰਿਹਾਇਸ਼ ਦੇ ਸਬੂਤਾਂ ਦੇ ਤੌਰ 'ਤੇ 9 ਵਿਚੋਂ ਇੱਕ ਦਸਤਾਵੇਜ਼ ਦੇਣ ਦੀ ਜ਼ਰੂਰਤ ਹੈ।

ਸੀ.ਏ.ਏ. ਅਤੇ ਰੋਹਿੰਗੇ ਸ਼ਰਨਾਰਥੀਆਂ ਦੇ ਮਾਮਲੇ ਸੁਪਰੀਮ ਕੋਰਟ ਵਿਚ ਲਮਕੇ ਪਏ ਹਨ। ਇਸ ਲਈ ਵੋਟਰ ਲਿਸਟ ਵਿਚ ਪਛਾਣ ਦੇ ਬਾਵਜੂਦ ਵਿਦੇਸ਼ੀ ਲੋਕਾਂ ਦੇ ਖ਼ਿਲਾਫ਼ ਉਨ੍ਹਾਂ ਨੂੰ ਦੇਸ਼ ਨਿਕਾਲੇ ਦੀ ਕਾਰਵਾਈ ਲਈ ਗ੍ਰਹਿ ਮੰਤਰਾਲਾ ਹੀ ਐਕਸ਼ਨ ਲੈ ਸਕਦਾ ਹੈ।

ਸੁਪਰੀਮ ਕੋਰਟ ਨੇ ਅਗਸਤ 2013 ਵਿਚ ਕਿਹਾ ਸੀ ਕਿ ਆਧਾਰ ਕਾਰਡ ਦੇ ਜ਼ਰੂਰੀ ਨਾ ਹੋਣ ਬਾਰੇ ਭਾਰਤ ਸਰਕਾਰ ਮੀਡੀਆ 'ਚ ਪ੍ਰਚਾਰ ਕਰੇ ਪਰ ਅਦਾਲਤ ਦੇ ਅਨੇਕਾਂ ਹੁਕਮਾਂ ਦੇ ਬਾਵਜੂਦ ਸਰਕਾਰ ਨੇ ਆਧਾਰ ਕਾਰਡ ਨੂੰ ਪਿਛਲੇ ਦਰਵਾਜ਼ੇ ਰਾਹੀਂ ਜ਼ਰੂਰੀ ਬਣਾ ਦਿੱਤਾ। ਜਾਂਚ ਤੋਂ ਬਿਨਾਂ ਨਿੱਜੀ ਏਜੰਸੀਆਂ ਰਾਹੀਂ ਬਣਾਏ ਗਏ ਆਧਾਰ ਕਾਰਡ ਹੁਣ ਸਰਕਾਰ ਤੋਂ ਬਿਨਾਂ ਭਾਰਤੀ ਚੋਣ ਕਮਿਸ਼ਨ ਦੇ ਗਲੇ ਦੀ ਹੱਡੀ ਬਣੇ ਹੋਏ ਹਨ।

ਸੁਪਰੀਮ ਕੋਰਟ ਦੇ ਪੁਰਾਣੇ ਫ਼ੈਸਲੇ ਅਨੁਸਾਰ ਵੋਟਰ ਲਿਸਟ ਦੀ ਆੜ ਵਿਚ ਚੋਣ ਕਮਿਸ਼ਨ ਨਾਗਰਿਕਤਾ ਦੀ ਪੜਤਾਲ ਨਹੀਂ ਕਰ ਸਕਦਾ। ਐਨ.ਆਰ.ਸੀ. ਅਤੇ ਨਾਗਰਿਕਤਾ ਦਾ ਮਾਮਲਾ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਦੇ ਅਧੀਨ ਹੈ। 18 ਸਾਲ ਦੀ ਉਮਰ ਤੋਂ ਉਪਰ ਨਾਗਰਿਕਾਂ ਦੇ ਨਾਂ ਵੋਟਰ ਲਿਸਟ ਵਿਚ ਸ਼ਾਮਲ ਕਰਨ ਦੇ ਬਾਰੇ ਵਿਚ ਚੋਣ ਕਮਿਸ਼ਨ ਨੂੰ ਸੰਵਿਧਾਨ ਅਨੁਸਾਰ ਪੂਰੇ ਹੱਕ ਹਨ। ਬਿਨਾਂ-ਸ਼ੱਕ ਅਜ਼ਾਦਾਨਾ, ਪਾਰਦਰਸ਼ੀ ਅਤੇ ਨਿਰਪੱਖ ਤਰੀਕੇ ਨਾਲ ਵੋਟਰ ਲਿਸਟ ਦਾ ਸ਼ੁੱਧੀਕਰਣ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ। ਪਰ ਨਾਗਰਿਕਤਾ ਚੁਣ ਜਾਂ ਰੱਦ ਕਰਨ ਦਾ ਅਧਿਕਾਰ ਚੋਣ ਕਮਿਸ਼ਨ ਕੋਲ ਨਹੀਂ ਹੈ।

ਜੇਕਰ ਚੋਣ ਕਮਿਸ਼ਨ ਆਪਣੀ ਇਸ ਸੰਵਿਧਾਨਕ ਸੀਮਾ ਦੀ ਉਲੰਘਣਾ ਕਰਦੀ ਹੈ ਤਾਂ ਉਸਨੂੰ ਆਪਣੇ ਮਕਸਦ ਨੂੰ ਪੂਰਿਆਂ ਕਰਨ ਲਈ ਕਾਨੂੰਨੀ ਕਦਮ ਚੁਕਣੇ ਪੈ ਸਕਦੇ ਹਨ ਅਤੇ ਸੁਪਰੀਮ ਕੋਰਟ ਨੂੰ ਵੀ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਨਾਲ ਇਹ ਦੇਖਣਾ ਹੋਏਗਾ ਕਿ ਚੋਣ ਕਮਿਸ਼ਨ ਇਸ ਮਾਮਲੇ ਵਿਚ ਆਪਣੀ ਸੀਮਾ ਤੋਂ ਬਾਹਰ ਤਾਂ ਨਹੀਂ ਜਾ ਰਿਹਾ।

ਬਿਹਾਰ ਤੋਂ ਬਾਅਦ ਪੰਜ ਹੋਰ ਰਾਜਾਂ ਅਸਾਮ, ਕੇਰਲ, ਪੁਡੂਚੇਰੀ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿਚ ਵਿਧਾਨ ਸਭਾ ਚੋਣਾਂ 2026 'ਚ ਹੋਣੀਆਂ ਹਨ, ਇਸ ਸਮੇਂ ਦੌਰਾਨ ਵੋਟਰ ਸੂਚੀਆਂ ਦੇ ਸ਼ੁੱਧੀਕਰਨ ਅਤੇ ਨਾਗਰਿਕਤਾ ਦਾ ਮਸਲਾ ਪੂਰੀ ਤਰ੍ਹਾਂ ਭਖਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਚੋਣਾਂ 'ਚ ਜਿੱਤ-ਹਾਰ ਹੁਣ ਕੁਝ ਵੋਟਾਂ ਦੇ ਫ਼ਰਕ ਤੱਕ ਸੀਮਤ ਹੁੰਦੀ ਜਾ ਰਹੀ ਹੈ, ਜਿਵੇਂ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਬਿਹਾਰ 'ਚ ਹੋਇਆ ਸੀ।

# 'ਸੰਨ 2046 ਦੀ ਇੱਕ ਸਵੇਰ!'

ਅੱਜ 22 ਜੁਲਾਈ 2025 ਸਵੇਰੇ ਉਠਦਿਆਂ ਦਿਮਾਗ ਵਿਚ ਆਇਆ ਕਿ ਜ਼ਿੰਦਗੀ ਬੜੀ ਤੇਜ਼ੀ ਨਾਲ ਗੁਜ਼ਰ ਰਹੀ ਹੈ।

ਕਈਆਂ ਨੂੰ ਜ਼ਿੰਦਗੀ ਵਿਚ ਬਹੁਤ ਮਿਹਨਤ ਕਰਕੇ ਅਤੇ ਨਾਮ ਬਣਾ ਕੇ 'ਬਾਈ ਜੀ' ਕਹਾਉਣ ਦਾ ਮੌਕਾ ਮਿਲਦਾ, ਤੇ ਕਈ ਜੰਮਦੇ ਈ '22' ਨੂੰ ਆ। ਮੈਨੂੰ ਸੱਤਵੀਂ ਜਮਾਤ ਵਿਚ ਮਾਸਟਰ ਨੇ ਦੱਸਿਆ ਸੀ ਕਿ ਤੇਰੇ ਨਾਮ 'ਸਕੱਤਰ' ਦਾ ਮਤਲਬ 'ਸੈਕਟਰੀ' ਹੈ। ਜੋ ਜ਼ਿਆਦਾ ਕਰਕੇ ਸਭਾਵਾਂ ਜਾਂ ਸਟੇਜਾਂ ਤੇ ਬੋਲਣ ਵਾਲੇ ਨੂੰ ਕਹਿੰਦੇ ਹਨ।

ਜਿਹੜੇ ਬੱਚੇ ਹੁਣ ਪੈਦਾ ਹੋ ਰਹੇ ਹਨ, ਜਦੋਂ ਓਹ ਆਪਣਾ 21ਵਾਂ ਜਨਮ ਦਿਨ ਮਨਾਉਣਗੇ, ਓਦੋਂ ਤੱਕ ਮੈਂ 80 ਵਰ੍ਹਿਆਂ ਦਾ ਹੋ ਚੁੱਕਾ



ਸਕੱਤਰ ਸਿੰਘ ਸੰਧੂ
ਫੋਨ: 206-766-0551

ਹੋਵਾਂਗਾ। ਉਸ ਪੀੜ੍ਹੀ ਕੋਲ੍ਹ ਬਜ਼ੁਰਗਾਂ ਨੇੜੇ ਬਹਿਣ ਦਾ ਸਮਾਂ ਬਿਲਕੁਲ ਨਹੀਂ ਹੋਵੇਗਾ। ਕਦੇ ਕਦੇ ਓਹ ਮਿਊਜ਼ੀਅਮ ਵਿਚ ਰੱਖੀਆਂ ਪੁਰਾਣੀਆਂ ਚੀਜ਼ਾਂ ਦੇਖਣ ਵਾਂਗ ਮੇਰੇ ਕੋਲ੍ਹ ਬਹਿ ਕੇ ਸਾਡੇ ਵੇਲ੍ਹੇ ਦੀਆਂ ਗੱਲਾਂ ਸੁਣ ਕੇ ਹੈਰਾਨ ਹੋਇਆ ਕਰਨਗੇ।

ਓਸ ਵੇਲੇ ਦੇ ਸਮਾਰਟ ਘਰਾਂ ਵਿਚ ਰਹਿ ਕੇ ਸਵੇਰੇ ਸ਼ੀਸ਼ੇ ਸਾਹਮਣੇ ਖੜ੍ਹੇ ਹੋ ਕੇ ਜਦੋਂ ਤਿਆਰ ਹੋਣਗੇ ਤਾਂ ਸ਼ੀਸ਼ਾ ਉਨ੍ਹਾਂ ਦੀ ਸ਼ਕਲ ਦਿਖਾਉਣ ਤੋਂ ਇਲਾਵਾ ਦੱਸੇਗਾ ਕਿ ਸਰੀਰ ਦਾ ਤਾਪਮਾਨ ਅਤੇ ਦਿਲ ਦੀ ਧੜਕਣ ਨਾਰਮਲ ਹੈ, ਰਾਤ ਦੀ ਨੀਂਦ 92% ਰਹੀ, ਸਰੀਰ ਵਿਚ ਪਾਣੀ ਦੀ ਕਮੀਂ ਹੈ, ਇੱਕ ਗਿਲਾਸ ਪਾਣੀ ਦਾ ਪੀਓ। ਬਲੱਡ ਪ੍ਰੈਸ਼ਰ ਬਿਨਾਂ ਪੁੱਛੇ ਡਿਸਪਲੇਅ ਕਰੇਗਾ ਤਾਂ ਉਨ੍ਹਾਂ ਲਈ ਸਾਡੇ ਵੇਲੇ ਇੱਕ ਪੱਖੇ ਅੱਗੇ ਕੋਠੇ ਉਤੇ ਮੰਜੇ ਡਾਹ ਕੇ ਖੁੱਲੇ ਅਸਮਾਨ ਥੱਲੇ ਸੌਣਾਂ ਤੇ ਸਵੇਰ ਨੂੰ ਨਲਕੇ ਦੇ ਪਾਣੀ ਨਾਲ ਨਹਾ ਕੇ ਸਕੂਲ ਲਈ ਤਿਆਰ ਹੋਣਾ ਹੈਰਾਨੀਜਨਕ ਹੋਵੇਗਾ।

ਘਰ ਵਿਚ AI ਅਸਿਸਟੈਂਟ ਅਵਾਜ਼ ਦੇਵੇਗੀ ਕਿ ਬੱਚਿਆਂ ਦਾ ਬ੍ਰੇਕਫਾਸਟ ਤਿਆਰ ਹੈ, ਉਡਣ ਵਾਲੀ ਕਾਰ ਆਪਣੇ' ਆਪ ਗੈਰਾਜ ਖੋਲ੍ਹ ਕੇ ਡਰਾਈਵਵੇਅ ਵਿਚ ਖੜੀ ਵੇਟ ਕਰ ਰਹੀ ਹੈ।

AI ਅਸਿਸਟੈਂਟ ਘਰ ਦੇ ਮਾਲਿਕ ਮਿਸਟਰ ਸਿੰਘ ਨੂੰ ਪਿਆਰ ਨਾਲ ਰਿਮਾਈਂਡ ਕਰਾਏਗੀ ਕਿ ਅੱਜ ਸਵੇਰੇ 10 ਵਜੇ ਤੁਹਾਡੀ ਵਿਰਚੁਅਲ ਮੀਟਿੰਗ ਹੈ। ਘਰ ਦੀ ਛੱਤ 'ਤੇ ਲੱਗੇ ਸੋਲਰ ਪੈਨਲ ਦੀ ਐਨਰਜੀ ਨਾਲ ਜਗਮਗ ਕਰਦੇ ਸਾਰੇ ਘਰ ਦੀਆਂ ਲੋੜਾਂ ਪੂਰੀਆਂ ਹੋਣਗੀਆਂ, ਕਿਚਨ ਵਿਚ AI ਨਾਲ ਅਸਿਸਟ ਕੀਤੇ ਰੋਬੋਟ ਦਾ ਬਣਿਆਂ ਸੁਆਦੀ ਪ੍ਰੋਟੀਨ ਸ਼ੇਕ, ਲੈਬ-ਗ੍ਰੋਨ ਪਨੀਰ ਦੇ ਪਰੌਂਠੇ, ਤੇ ਇਲੈਕਟਰੋਲਾਈਟ ਵਾਲੀ ਚਾਹ ਵਾਲਾ ਬ੍ਰੇਕਫਾਸਟ ਕਰਦਿਆਂ ਨੂੰ ਜਦੋਂ ਮੇਰੀ ਗੱਲ ਯਾਦ ਆਵੇਗੀ ਕਿ ਸਾਡੀਆਂ ਮਾਵਾਂ ਤੇ ਦਾਦੀਆਂ-ਨਾਨੀਆਂ ਲੱਕੜਾਂ ਅਤੇ ਪਾਥੀਆਂ ਬਾਲ ਕੇ ਸਾਰੇ ਟੱਬਰ ਦਾ ਸਾਗ ਰਿੰਨਦੀਆਂ ਸਨ ਤਾਂ ਅਚਾਨਕ ਆਏ ਹਾਸੇ ਨਾਲ ਉਨ੍ਹਾਂ ਦੀ ਹਾਲਤ ਉੱਥੂ ਵਰਗੀ ਹੋ ਜਾਵੇਗੀ।

ਘਰ ਦੀ ਸਰਦਾਰਨੀ ਬਹੂ ਰਾਣੀ ਰੋਬੋਟ ਵੱਲੋਂ ਕਿਚਨ ਦਾ ਸਾਰਾ ਕੰਮ ਸਹੀ ਤਰੀਕੇ ਹੁੰਦਾ ਦੇਖ ਸੱਸ ਦੀ ਕਿਸਮਤ ਉਤੇ ਹੱਸੇਗੀ ਕਿ ਸੱਸ ਸਾਰੇ ਟੱਬਰ ਦੀਆਂ ਰੋਟੀਆਂ ਹੱਥੀਂ ਪਕਾਉਂਦੀ ਰਹੀ ਹੈ।

ਕਈ ਲੋਕ ਵੱਖਰੀਆਂ ਕੰਪਨੀਆਂ ਵੱਲੋਂ ਤਿਆਰ ਕੀਤੀਆਂ ਸੋਹਣੀਆਂ ਸ਼ਕਲਾਂ ਨਾਲ ਅਸਲ ਨਜ਼ਰ ਆਉਣ ਵਾਲੀਆਂ ਨਕਲੀ ਤੀਵੀਆਂ ਨਾਲ ਘੁੰਮਣਗੇ।

ਬਹੁ ਗਿਣਤੀ ਐਡਵਾਂਸ ਅਤੇ ਅਮੀਰ ਲੋਕ ਉਡਣ ਵਾਲੀਆਂ ਆਟੋ ਕੰਟਰੋਲ ਕਾਰਾਂ ਵਿਚ ਬਿਨਾਂ ਸਟੇਰਿੰਗ ਫੜ੍ਹਿਆਂ ਤੋਂ ਸੇਫ਼ ਸਫ਼ਰ ਕਰਨਗੇ।

ਬਹੁ ਗਿਣਤੀ ਕਾਰਾਂ ਹਵਾ ਵਿਚ ਉਡਦੀਆਂ ਦਿਸਣਗੀਆਂ, ਸੜਕਾਂ ਤੇ ਕਾਰਾਂ ਰਾਹੀਂ ਸਫ਼ਰ ਕਰਨ ਵਾਲੇ ਲੋਕ ਅਨਪੜ੍ਹ, ਪਿਛੜੇ ਅਤੇ ਗਰੀਬ ਗਿਣੇ ਜਾਣਗੇ। ਮੇਰੇ ਕੋਲ ਬਹਿ ਕੇ ਗੱਲਾਂ ਸੁਣਨ ਵਾਲੇ ਬੱਚੇ ਜਦ ਆਪਣੇ ਆਪਣੇ ਘਰਾਂ ਤੋਂ ਉਡਣ ਵਾਲੀਆਂ ਕਾਰਾਂ ਵਿਚ ਬਹਿ ਕੇ ਸਕੂਲਾਂ ਲਈ ਰਵਾਨਾਂ ਹੋਣਗੇ, ਤਾਂ ਓਹ ਮੇਰੇ ਵੇਲੇ ਪ੍ਰਾਇਮਰੀ ਸਕੂਲਾਂ ਵਿਚ ਬੋਰੀਆਂ ਜਾਂ ਟਾਟਾਂ ਉਤੇ ਬਹਿਣ ਅਤੇ ਹਾਈ ਸਕੂਲ ਵੇਲੇ ਬਹੁਤੇ ਵਿਦਿਆਰਥੀਆਂ ਵੱਲੋਂ ਖੇਤਾਂ ਵਿਚੋਂ ਦੀ ਤੁਰ ਕੇ ਨਾਲ ਦੇ ਪਿੰਡ ਹਾਈ ਸਕੂਲੇ ਰੋਜ਼ਾਨਾਂ ਜਾਣ-ਆਉਣ ਦੀ ਗੱਲ ਯਾਦ ਕਰ ਕੇ ਬਹੁਤ ਹੈਰਾਨ ਹੋਣਗੇ। ਆਪਣੀਆਂ ਅੱਖਾਂ ਵਿਚ ਪਾਏ ਕਲੀਅਰ ਅਤੇ ਨਾਂ ਦਿਸਣ ਵਾਲੇ ਲੈਂਜ਼ਾਂ ਨਾਲ ਜਦੋਂ ਓਹ ਮੇਰੀ ਗੱਲਾਂ ਕਰਦੇ ਦੀ ਮੈਨੂੰ ਬਿਨਾਂ ਦੱਸੇ ਵੀਡੀਓ ਰਿਕਾਰਡ ਕਰ ਰਹੇ ਹੋਣਗੇ ਤਾਂ ਸਾਡੇ ਵੇਲ੍ਹੇ ਦੀ ਦੱਸੀ ਬਲੈਕ ਐਂਡ ਵਾਈਟ ਫੋਟੋਆਂ, ਕਿਸੇ ਕਿਸੇ ਕੋਲ੍ਹ ਕੈਮਰਾ ਹੋਣ, ਨੈਗੇਟਿਵ ਧੁਆ ਕੇ ਫੋਟੋਆਂ ਬਣਾਉਣ ਦੀ ਗੱਲ ਤੇ ਹੈਰਾਨ ਹੋਣਗੇ।

ਜਦੋਂ ਬੱਚਿਆਂ ਦੀ ਹਰ ਮੁਸ਼ਕਿਲ ਦਾ ਜੁਆਬ



AI ਦੇਵੇਗੀ, ਤਾਂ ਸਾਡੇ ਵੇਲੇ ਪਹਾੜਿਆਂ ਨੂੰ ਲਾਵਾਏ ਘੋਟੇ, ਸਾਇੰਸ ਅਤੇ ਮੈਥ ਟੀਚਰਾਂ ਵੱਲੋਂ ਸੋਟੀਆਂ ਨਾਲ ਵਿਦਿਆਰਥੀਆਂ ਨੂੰ ਕੁੱਟੇ ਜਾਣ ਤੇ ਓਹ ਪੁੱਛਣਗੇ ਕਿ ਫੇਰ ਬੱਚੇ ਟੀਚਰਾਂ 'ਤੇ Sue ਕਿਉਂ ਨਹੀਂ ਸੀ ਕਰਦੇ?

ਵੀਕਐਂਡ ਤੇ ਸ਼ਾਮ ਨੂੰ ਜਦੋਂ Holographic ਰੂਪ ਵਿਚ ਇੰਡੀਆ, ਇੰਗਲੈਂਡ, ਕੈਨੇਡਾ, ਅਮਰੀਕਾ ਵਾਲੇ ਸਾਰੇ ਇਕੱਠੇ ਗੱਲਾਂ ਕਰਨਗੇ ਤਾਂ ਮੇਰੇ ਕੋਲੋਂ ਗੱਲਾਂ ਸੁਣਨ ਵਾਲੇ ਬੱਚੇ ਹੈਰਾਨੀ ਨਾਲ ਸਾਰਿਆਂ ਨੂੰ ਦੱਸਣਗੇ ਕਿ ਯੂ ਨੋਅ ਸਾਡਾ ਗੁਆਂਢੀ ਬਾਬਾ ਦੱਸਦਾ ਹੁੰਦਾ ਕਿ 1980-90'ਸ ਵਿਚ ਲੋਕ ਇੱਕ-ਦੂਜੇ ਨੂੰ ਚਿੱਠੀਆਂ ਲਿਖ ਕੇ ਕਈ ਕਈ ਮਹੀਨੇ ਜੁਆਬ ਦੀ ਵੇਟ ਕਰਦੇ ਹੁੰਦੇ ਸਨ।

ਬੱਚੇ ਦੇ ਜੰਮਣ ਤੋਂ ਪਹਿਲਾਂ ਮਾਪਿਆਂ ਨੂੰ ਪਤਾ ਲੱਗ ਜਾਇਆ ਕਰੇਗਾ ਕਿ ਸਾਡਾ ਬੱਚਾ ਕਿਸ ਦਰਜੇ ਦਾ ਹੁਸ਼ਿਆਰ, ਸ਼ਰਾਰਤੀ, ਲੰਬਾ, ਮੋਟਾ, ਸੁਭਾਅ ਅਤੇ ਨੈਚੂਰਲ ਕਿੰਨੀ ਉਮਰ ਭੋਗੇਗਾ। ਕਿਹੜੀ ਉਮਰ ਵਿਚ ਕਿਹੜੀ ਬਿਮਾਰੀ ਲੱਗਣ ਦਾ ਖ਼ਦਸ਼ਾ ਹੋਵੇਗਾ।

ਮੈਂ ਦੱਸਾਂਗਾ ਕਿ ਅਸੀਂ ਆਪਣੇ ਪਿੰਡ ਸਭ ਤੋਂ ਪਹਿਲਾ ਟੀ ਵੀ, ਇੱਕ ਦੋ ਕਾਰਾਂ, ਇੱਕ-ਦੋ ਲੈਂਡਲਾਈਨ ਫੋਨ, ਵਿਦੇਸ਼ ਫੋਨ ਕਰਨ ਲਈ ਪਹਿਲਾਂ ਡਾਕਖਾਨੇ ਤੇ ਫੇਰ ਓਸ ਵੇਲੇ ਦਾ ਮੌਡਰਨ ਮਾਡਲ STDaF ਉਤੇ ਲੱਗੀਆਂ ਲਾਈਨਾਂ ਦੇਖੀਆਂ।

ਓਹ ਸੁਣ ਕੇ ਹੈਰਾਨ ਹੋਣਗੇ ਕਿ ਜਿਸ ਕਣਕ ਦੀਆਂ ਓਹ ਬਰੈਡਾਂ ਖਾਂਦੇ ਹਨ, ਸਾਡੇ ਬਜ਼ੁਰਗ ਫਸਲ ਬੀਜਣ ਲਈ ਤੜਕੇ 2-3 ਵਜੇ ਚੰਨ-ਚਾਨਣੀ ਵਿਚ ਬਲਦਾਂ ਨਾਲ ਨੰਗੇ ਪੈਰੀਂ ਹਲ੍ਹ ਨਾਲ ਸਵੇਰ ਤੱਕ ਕਿੱਲਾ-ਕਿੱਲਾ ਪੈਲੀ ਦਾ ਵਾਹ ਦਿੰਦੇ ਸਨ ਜਿਸ ਦੀ ਔਸਤਨ ਵਾਟ 25-30 ਕਿਲੋਮੀਟਰ ਤੱਕ ਬਣ ਜਾਂਦੀ ਸੀ। ਬੱਚੇ ਸਵੇਰੇ ਪੰਜਾਬ ਜਾ ਕੇ ਦੂਜੇ ਦਿਨ ਵਾਪਸ ਅਮਰੀਕਾ ਆਉਣ ਵਾਲੀਆਂ ਫਲਾਈਟਾਂ ਦਾ ਆਨੰਦ ਮਾਣਦੇ ਤੇ ਉਡਣੀਆਂ ਕਾਰਾਂ ਵਿਚ ਵਿਆਹਾਂ ਤੇ ਜਾਂਦੇ ਹੋਏ ਇਹ ਸੁਣ ਕੇ ਹੈਰਾਨ ਹੋਣਗੇ ਕਿ ਸਾਡੇ ਵੱਡਿਆਂ ਵੇਲੇ ਬੈਲ ਗੱਡੀਆਂ ਉਤੇ ਦੁਲਹਨ ਨੂੰ ਲਿਆਉਣਾਂ ਹੀ ਟੌਹਰ ਸੀ। ਕਈ ਗੱਡਿਆਂ ਤੇ ਬਰਾਤੇ ਜਾਂਦੇ ਤੇ ਕਈ ਤੁਰ ਕੇ ਵੀ ਬਰਾਤੇ ਚਲੇ ਜਾਂਦੇ ਸਨ।

2046-47 ਦੇ ਓਸ ਰੁਝੇਵਿਆਂ ਭਰੇ ਸਮੇਂ ਵੀ ਮੈਨੂੰ ਪਿਆਰ ਕਰਨ ਵਾਲੇ ਅਤੇ ਮੇਰੇ ਕੋਲ੍ਹ ਬਹਿ ਕੇ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਸੁਣਨ ਵਾਲੇ ਨੌਜੁਆਨਾਂ ਦਾ ਇਕੱਠ ਦਿਨੋਂ-ਦਿਨ ਵਧਦਾ ਜਾਵੇਗਾ।

ਮੇਰੇ ਕੋਲ੍ਹ ਪੁਰਾਣੇ ਸਮੇਂ ਦੀਆਂ ਅਣਕਹੀਆਂ ਤੇ ਉਨ੍ਹਾਂ ਲਈ ਅਣਸੁਣੀਆਂ ਸੱਚੀਆਂ ਘਟਨਾਵਾਂ ਦਾ ਵੱਡਾ ਭੰਡਾਰ ਹੋਵੇਗਾ।

ਓਹ ਫਿਲਮਾਂ ਦੇਖਣ ਜਾਂ ਕਿਤਾਬਾਂ ਪੜ੍ਹਨ ਦੀ ਬਜਾਏ ਮੇਰੇ ਮੂੰਹੋਂ ਅੱਖੀਂ ਦੇਖੇ ਓਸ ਵੇਲੇ ਦੇ ਸਮਾਜਿਕ ਚਿਤਰਨ ਨੂੰ ਸੁਣਨ ਦੀ ਪਹਿਲ ਦੇਣਗੇ।

ਮੈਂ ਦੱਸਾਂਗਾ 1965 ਦੀ ਜੰਗ ਤੋਂ ਬਾਅਦ ਦਾ ਮੇਰਾ ਜਨਮ ਹੈ, 1971 ਦੀ ਲੜਾਈ ਵੇਲੇ ਦੀ ਇੱਕ ਰਾਤ ਅੱਜ ਵੀ ਯਾਦ ਹੈ ਜਦੋਂ ਹਨੇਰੇ ਦੇ ਹੁਕਮ ਦੌਰਾਨ ਮੇਰੀ ਮਾਂ ਮੈਨੂੰ ਸੇਫ ਅਤੇ ਸੁਰੱਖਿਅਤ ਥਾਂ ਤੇ ਸੁਲਾਉਣ ਦਾ ਯਤਨ ਕਰਦੀ ਸੀ।

ਅਸੀਂ 1984 ਦੇ ਅਟੈਕ ਤੋਂ ਪਹਿਲਾਂ ਅਤੇ ਬਾਅਦ ਵਾਲਾ ਦਰਬਾਰ ਸਾਹਿਬ ਵੀ ਦੇਖਿਆ ਹੈ। ਨਵੰਬਰ 84, ਅਤੇ 1982 ਤੋਂ 1992 ਤੱਕ ਦੇ ਪੰਜਾਬ ਦੀ ਜ਼ਿੰਦਗੀ ਨੂੰ ਪੰਜਾਬ ਦੇ ਵਿਚ ਰਹਿ ਕੇ ਕਿਵੇਂ ਜੀਵਿਆ ਹੈ, ਇਹ ਗੱਲਾਂ ਸੁਣਦਿਆਂ ਓਸ 2046 ਦੇ ਨੌਜੁਆਨ ਕੁੱਝ ਕੁ ਹੁਣ ਤੱਕ ਜੰਮੇਂ ਤੇ ਕੁੱਝ ਜਿਨ੍ਹਾਂ ਨੇ ਅਜੇ ਜੰਮਣਾਂ ਹੈ, ਇਹ ਗੱਲਾਂ ਸਾਹ ਰੋਕ ਕੇ ਸੁਣਿਆਂ ਕਰਨਗੇ।

ਫੇਰ ਉਨ੍ਹਾਂ ਸਭਨਾਂ ਤੇ ਕਹਿਣ 'ਤੇ ਮੈਂ ਆਪਣੀ ਉਮਰ ਦੇ ਅੱਸੀ ਵਰ੍ਹੇ ਪੂਰੇ ਹੋਣ ਤੋਂ ਬਾਅਦ ਪਿਛਲੇ ਅੱਠ ਦਹਾਕਿਆਂ ਵਿਚ ਜ਼ਿੰਦਗੀ ਦੇ ਸਫ਼ਰ ਅਤੇ ਬਦਲ ਕੇ ਕਿੱਥੋਂ ਚੱਲ ਕੇ ਕਿੱਥੇ ਪਹੁੰਚੀ ਦੁਨੀਆਂ ਦੀ ਤਰੱਕੀ ਤੇ ਇੱਕ ਕਿਤਾਬ ਲਿਖਾਂਗਾ।


ਹੁਣ ਜਿਹੜੇ ਸੱਜਣ ਉਪਰ ਪੜ੍ਹਦੇ-ਪੜ੍ਹਦੇ ਇਹ ਸੋਚ ਰਹੇ ਹਨ ਕਿ ਇੱਕ ਸਾਹ ਦਾ ਵਿਸਾਹ ਨਹੀਂ ਤੂੰ ਗੱਲਾਂ ਦੋ ਦਹਾਕੇ ਬਾਅਦ ਦੀਆਂ ਕਰਦਾ ਹੈਂ, ਉਨ੍ਹਾਂ ਸੱਜਣਾਂ ਨੂੰ ਮੈਂ ਕਿਤਾਬ ਪੈਸੇ ਲੈ ਕੇ ਮਹਿੰਗੇ ਭਾਅ ਵਿਚ ਵੇਚਾਂਗਾ।

ਬਾਕੀ ਦੇ ਕਰੋੜਾਂ ਪਾਠਕਾਂ ਲਈ ਤੇ ਹਰ ਕਿਸੇ ਲਈ ਮੇਰੀ ਓਹ ਕਿਤਾਬ ਬਿਲਕੁੱਲ ਫ਼ਰੀ ਹੋਵੇਗੀ।

ਪੜ੍ਹਦੇ-ਸੁਣਦੇ ਹਰ ਇੱਕ ਸੱਜਣ-ਪਿਆਰੇ ਨੂੰ ਵਾਹਿਗੁਰੂ ਅੱਜ ਤੋਂ ਅੱਗੇ ਸੌ ਸਾਲ ਹੋਰ ਤੰਦਰੁਸਤੀ ਵਾਲੀ ਲੰਬੀ ਉਮਰ ਬਖ਼ਸ਼ੇ, ਤਾਂ ਕਿ 25 ਸਾਲਾਂ ਬਾਅਦ ਆਉਣ ਵਾਲੀ ਮੇਰੀ ਏਸ ਦੁਨੀਆਂ ਦੇ ਇਤਿਹਾਸ ਦੀ ਸਭ ਤੋਂ ਵਧੀਆ, ਸਭ ਤੋਂ ਵੱਧ ਤੇ ਵੱਡੀ ਰਿਕਾਰਡ ਗਿਣਤੀ ਵਿਚ ਛਪਣ ਵਾਲੀ ਤੇ ਜਾਣਕਾਰੀ ਭਰਪੂਰ ਕਿਤਾਬ ਤੁਸੀਂ ਪੜ੍ਹ ਸਕੋ।

ਏਸ ਪੋਸਟ ਨੂੰ ਲਾਈਕ ਅਤੇ ਵਧੀਆ ਕੁਮੈਂਟ ਕਰਨ ਵਾਲੇ ਸਾਰੇ ਨਾਵਾਂ ਦਾ ਜ਼ਿਕਰ ਮੈਂ 25 ਸਾਲ ਬਾਅਦ ਆਉਣ ਵਾਲੀ ਆਪਣੀ ਕਿਤਾਬ ਵਿਚ 'ਜ਼ਰੂਰ' ਕਰਾਂਗਾ।

# ਗੁਰਮਤਿ ਵਿਚ ਨਿਰਲੇਪ ਅਵਸਥਾ ਦਾ ਵਿਸਮਾਦੀ ਸਿਧਾਂਤ



**ਡਾ. ਸਤਿੰਦਰ ਪਾਲ ਸਿੰਘ**
**ਫੋਨ: 94159-60533**

ਗੁਰੂ ਨਾਨਕ ਸਾਹਿਬ ਦਾ ਜੀਵਨ ਫਲਸਫਾ ਸਮਝਣ ਲਈ ਇੱਕ ਨਹੀਂ ਕਈ ਜਨਮ ਨਾਕਾਫ਼ੀ ਹਨ। ਸੂਰਜ ਦੇ ਨੇੜੇ ਜਾਣ ਦੀ ਤਾਬ ਕਿਸ ਕੋਲ ਹੈ। ਸਾਗਰ ਦੀ ਗਹਿਰਾਈ ਕਿਸ ਨੇ ਜਾਣੀ ਹੈ। ਗੁਰੂ ਸਾਹਿਬ ਆਪ ਨੇੜੇ ਆਏ। ਸੰਸਾਰ ਅਤੇ ਜੀਵਨ ਦੇ ਰਹੱਸ ਆਪ ਗੁਰੂ ਸਾਹਿਬ ਨੇ ਪ੍ਰਗਟ ਕੀਤੇ, ਕਿਉਂਕਿ ਮਨੁੱਖ ਦੇ ਉਧਾਰ ਦੀ ਚਿੰਤਾ ਗੁਰੂ ਸਾਹਿਬ ਦੇ ਚਿੰਤਨ ਦਾ ਕੇਂਦਰ ਬਿੰਦੂ ਸੀ। ਗੁਰੂ ਸਾਹਿਬ ਨੇ ਕਿਹਾ ਕਿ ਮਨੁੱਖ ਦਾ ਹਿੱਤ ਕੂੜ ਤਿਆਗ ਕੇ ਸੱਚ ਧਾਰਨ ਕਰਨ ਵਿਚ ਹੈ। ਆਪ ਨੇ ਆਦਿ ਬਾਣੀ 'ਜਪੁ ਜੀ' ਸਾਹਿਬ ਵਿਚ ਗੁਰਸਿੱਖ ਨੂੰ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥' ਦਾ ਮਨੋਰਥ ਦੇ ਕੇ ਉਸ ਦੇ ਜੀਵਨ ਦੀ ਦਿਸ਼ਾ ਤੈਅ ਕਰ ਦਿੱਤੀ। ਗੁਰੂ ਸਾਹਿਬ ਨੇ ਵੇਖਿਆ ਕਿ ਮਨੁੱਖ ਸੱਚ ਤੋਂ ਦੂਰ ਹੈ ਤੇ ਮਿਥਿਆ ਸੋਚ, ਬੇਬੁਨਿਆਦ ਵਿਸ਼ਵਾਸ ਤੇ ਨਿਹਫਲ ਕਰਮਾਂ ਵਿਚ ਜੀਵਨ ਦਾ ਸਮਾਂ ਵਿਅਰਥ ਗੁਆ ਰਿਹਾ ਹੈ। ਆਪਣੀ ਅਗਿਆਨਤਾ ਕਾਰਨ ਉਸ ਨੇ ਭਰਮ ਨੂੰ ਸੱਚ ਮੰਨ ਲਿਆ ਹੈ। ਸੱਚ ਜਾਣੇ ਤੇ ਧਾਰਨ ਕੀਤੇ ਬਿਨਾ ਮਨੁੱਖ ਦੀ ਗਤਿ ਨਹੀਂ ਹੈ। ਝੂਠ, ਕੂੜ ਵਿਚ ਸਦਾ ਲਾਲਸਾ ਬਣੀ ਰਹਿੰਦੀ ਹੈ, ਕਦੇ ਨਾ ਰੱਜਣ ਵਾਲੀ ਭੁੱਖ ਬਿਹਬਲ ਕਰਦੀ ਰਹਿੰਦੀ ਹੈ। ਗੁਰੂ ਅੰਗਦ ਸਾਹਿਬ ਨੇ ਅਜਿਹੇ ਹਾਲ ਦਾ ਬਿਆਨ ਕਰਦਿਆਂ ਵਚਨ ਕੀਤਾ 'ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ॥' ਭਾਵ ਦਿਨ ਰਾਤ ਝੂਠ ਵਿਚ ਰੱਤਿਆਂ ਵੀ ਸੰਤੁਸ਼ਟੀ ਨਹੀਂ ਹੈ। ਪਰ ਫਿਰ ਵੀ ਮਨੁੱਖ ਝੂਠ ਨੂੰ ਸੱਚ ਮੰਨ ਕੇ ਸੁੱਖ ਤੇ ਸੰਤੋਖ ਦੀ ਭਾਲ ਕਰ ਰਿਹਾ ਹੈ। ਆਪਣੇ ਲਈ, ਆਪਣੇ ਪਰਿਵਾਰ ਲਈ ਉਹ ਕੂੜ ਵਿਚ ਜੀਵਨ ਭਰ ਲਿਪਤ ਰਹਿੰਦਾ ਹੈ। ਗੁਰੂ ਸਾਹਿਬਾਨ ਨੇ ਝੂਠ, ਕੂੜ ਨੂੰ ਮਾਇਆ ਕਿਹਾ। ਸੰਸਾਰ ਵਿਚ ਮਾਇਆ ਦਾ ਅਸਰ ਇੰਨਾ ਸੰਘਣਾ ਹੈ, ਉਸ ਤੋਂ ਬੱਚਣਾ ਅਤਿ ਔਖਾ ਹੈ। ਮਾਇਆ ਬਾਰੇ ਗੁਰਬਾਣੀ ਦੀ ਸਭ ਤੋਂ ਸਟੀਕ ਤੇ ਸੰਖੇਪ ਵਿਆਖਿਆ ਗੁਰੂ ਅਮਰਦਾਸ ਸਾਹਿਬ ਨੇ ਕੀਤੀ ਕਿ 'ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥', ਸਾਰੇ ਸੰਸਾਰ ਨੂੰ ਮਾਇਆ ਆਪਣਾ ਭੋਜਨ ਬਣਾ ਰਹੀ ਹੈ। ਮਨੁੱਖ ਨੇ ਇਸ ਸੰਸਾਰ ਤੇ ਇਸ ਜੀਵਨ ਨੂੰ ਹੀ ਸੱਚ ਮੰਨ ਲਿਆ ਹੈ। ਇਸ ਭਰਮ ਨੂੰ ਤੋੜੇ ਬਿਨਾ ਮਨੁੱਖ ਨੂੰ ਮਾਇਆ ਦੇ ਕੂੜ ਤੋਂ ਦੂਰ ਕਰਨਾ ਸੰਭਵ ਨਹੀਂ ਸੀ। ਗੁਰੂ ਸਾਹਿਬਾਨ ਨੇ ਸਭ ਤੋਂ ਪਹਿਲਾਂ ਜੀਵਨ ਦੇ ਸੱਚ ਨਾਲ ਜੋੜਿਆ।

ਮਨੁੱਖ ਜੋ ਜੀਵਨ ਜਿਉਂ ਰਿਹਾ ਹੈ ਇਹ ਆਦਿ ਤੇ ਅੰਤਮ ਸੱਚ ਨਹੀਂ ਹੈ। ਗੁਰੂ ਅਰਜਨ ਸਾਹਿਬ ਨੇ ਕਿਹਾ 'ਕਈ ਜਨਮ ਭਏ ਕੀਟ ਪਤੰਗਾ॥' ਕਿਤਨੇ ਹੀ ਜਨਮ ਉਹ ਕੀੜਿਆਂ, ਪਤੰਗਿਆਂ ਦੀ ਜੋਨੀ ਵਿਚ ਵਿਚਰਦਾ ਰਿਹਾ ਹੈ। ਉਹ 'ਕਈ ਜਨਮ ਗਜ ਮੀਨ ਕੁਰੰਗਾ॥' ਕਿਤਨਾ ਹੀ ਸਮਾਂ ਹਾਥੀ, ਮੱਛਲੀ, ਹਿਰਨ ਆਦਿਕ ਬਣ ਕੇ ਜਨਮ ਲੈਂਦਾ ਰਿਹਾ ਹੈ। ਉਸ ਨੇ 'ਕਈ ਜਨਮ ਪੰਖੀ ਸਰਪ ਹੋਇਓ॥' ਪੰਛੀ, ਸਰਪ ਆਦਿਕ ਬਣ ਕੇ ਵੀ ਕਈ ਜਨਮ ਲਏ ਹਨ। ਗੁਰੂ ਸਾਹਿਬ ਨੇ ਬੈਲ, ਘੋੜੇ ਆਦਿਕ ਜੀਵ ਹੀ ਨਹੀਂ ਪੱਥਰ, ਪਰਬਤ, ਵਨਸਪਤੀ ਆਦਿਕ ਬਣ ਕੇ ਵੀ ਜਨਮ ਲੈਣ ਬਾਰੇ ਦੱਸਿਆ। ਗੁਰੂ ਸਾਹਿਬ ਨੇ ਇਹ ਵੀ ਕਿਹਾ ਕਿ ਕਿਤਨੀ ਹੀ ਵਾਰ ਉਸ ਨੂੰ ਗਰਭ ਵਿਚ ਹੀ ਕਾਲ ਦਾ ਗ੍ਰਾਸ ਬਣਨਾ ਪਿਆ ਹੈ। ਇਹ ਸੱਚ ਗਿਆਤ ਹੋ ਜਾਣ ਤੋਂ ਬਾਅਦ ਮਨੁੱਖ ਕਿਵੇਂ ਆਪਣੇ ਵਰਤਮਾਨ ਜੀਵਨ 'ਤੇ ਮਾਣ, ਹੰਕਾਰ ਕਰ ਸਕਦਾ ਹੈ 'ਤਿਆਗ ਮਾਨੁ ਝੂਠੁ ਅਭਿਮਾਨੁ॥' ਤੇ ਕਿਵੇਂ ਇਸ ਜੀਵਨ ਦਾ ਮੋਹ ਕਰ ਸਕਦਾ ਹੈ। ਪਿਛਲੇ ਜੀਵਨ ਨਹੀਂ ਰਹੇ ਤੇ ਇਹ ਜੀਵਨ ਵੀ ਨਹੀਂ ਰਹਿਣਾ। ਮਨੁੱਖ ਆਪਣੇ ਪਰਿਵਾਰ 'ਤੇ ਕਿਵੇਂ ਮਾਣ ਕਰ ਸਕਦਾ ਹੈ, ਕਿਵੇਂ ਮੋਹ ਹੋ ਸਕਦਾ ਹੈ ਕਿਉਂਕਿ ਕੌਣ ਉਸ ਦੇ ਮਾਤਾ-ਪਿਤਾ ਹਨ। ਉਹ ਤਾਂ ਹਰ ਜਨਮ ਵਿਚ ਬਦਲਦੇ ਰਹੇ ਹਨ 'ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥' ਮਾਤਾ ਕੌਣ ਹੈ, ਪਿਤਾ ਕੌਣ ਹੈ, ਜਨਮ ਦਾ ਸਰੋਤ ਕੀ ਹੈ ਇਸ ਬਾਰੇ ਨਿਸ਼ਚਿਤ ਤੌਰ 'ਤੇ ਕੀ ਕਿਹਾ ਜਾ ਸਕਦਾ ਹੈ। ਪਰ ਅਗਿਆਨਤਾ ਵੱਸ ਮਨੁੱਖ ਵਿਵਹਾਰ ਇਵੇਂ ਕਰਦਾ ਹੈ ਜਿਵੇਂ ਵਰਤਮਾਨ ਸਬੰਧ ਹੀ ਉਸ ਦਾ ਸਦੀਵੀ ਸੱਚ ਹਨ। ਭਗਤ ਕਬੀਰ ਜੀ ਦਾ ਸ਼ਬਦ ਹੈ ਕਿ ਜਿਸ ਘਰ ਭਾਵ ਪਰਿਵਾਰ, ਕੁਲ ਨੂੰ ਉਹ ਆਪਣਾ ਸਮਝ ਰਿਹਾ ਹੈ ਅਜਿਹੇ ਘਰ ਤਾਂ ਉਹ ਪਿਛਲੇ ਜਨਮਾਂ ਵਿਚ ਅਨੇਕ ਬਣਾ ਚੁੱਕਿਆ ਹੈ। ਉਹ ਬਣਾਏ ਅਣਗਿਣਤ ਘਰ ਆਪਣੇ ਨਹੀਂ ਰਹੇ ਤਾਂ ਅੱਜ ਜਿਸ ਘਰ ਨੂੰ ਉਹ ਆਪਣਾ ਮੰਨ ਰਿਹਾ ਹੈ, ਆਉਣ ਵਾਲੇ ਸਮੇਂ ਵਿਚ ਉਹ ਕਿਵੇਂ ਆਪਣਾ ਬਣਿਆ ਰਹੇਗਾ ਜਾਂ ਅੱਜ ਆਪਣਾ ਕਿਹਾ ਜਾ ਸਕਦਾ ਹੈ। ਮਨੁੱਖ ਨੂੰ ਤਾਂ ਇਹ ਪਛਾਣ ਵੀ ਨਹੀਂ ਕਿ ਉਹ ਆਪ ਕੀ ਹੈ। ਉਸ ਨੇ ਆਪਣੇ ਭੌਤਿਕ ਰੂਪ ਨੂੰ ਆਪਣੀ ਪਛਾਣ ਮੰਨ ਲਿਆ ਹੈ। ਗੁਰੂ ਸਾਹਿਬਾਨ ਨੇ ਇਸ ਭਰਮ ਨੂੰ ਵੀ ਤੋੜਿਆ ਅਤੇ ਆਪਣੇ ਤਨ ਨਾਲ ਕੀਤੀ ਗਈ ਪ੍ਰੀਤ ਨੂੰ ਝੂਠਾ ਕਿਹਾ। ਗੁਰੂ ਅਰਜਨ ਸਾਹਿਬ ਨੇ ਗੁਰੂ ਗਰੰਥ ਸਾਹਿਬ ਦੇ ਅੰਗ 1072 'ਤੇ ਸੁਸ਼ੋਭਿਤ ਆਪਣੀ ਬਾਣੀ ਵਿਚ ਮਨੁੱਖੀ ਹੋਂਦ ਨੂੰ ਦੋ ਹਿੱਸਿਆਂ ਆਤਮਕ ਅਤੇ ਭੌਤਿਕ ਤੱਤ ਵਿਚ ਵੰਡਦਿਆਂ ਕਿਹਾ ਕਿ ਆਤਮਕ ਤੱਤ ਭਾਵ ਮਨ ਨੇ ਭੌਤਿਕ ਤੱਤ ਭਾਵ ਤਨ ਨਾਲ ਪਤੀ ਤੇ ਪਤਨੀ ਜਿਹਾ ਸਬੰਧ ਕਾਇਮ ਕਰ ਲਿਆ ਹੈ। ਮਨ ਨੇ ਤਨ ਨੂੰ ਆਪਣਾ ਸਦੀਵੀ ਸੰਗੀ ਮੰਨ ਲਿਆ ਹੈ। ਤਨ ਵੀ ਇਸ ਭਰਮ ਨੂੰ ਬਣਾਈ ਰੱਖਦਾ ਹੈ। ਮਨ ਜੋ ਕਹਿੰਦਾ ਹੈ, ਤਨ ਉਸ ਨੂੰ ਪੂਰਾ ਕਾਰਨ ਲਈ ਤੁਰੰਤ ਤਤਪਰ ਹੋ ਜਾਂਦਾ ਹੈ। ਇਹ ਸਬੰਧ ਅਤਿ ਨੇੜਤਾ ਦਾ ਬਣ ਜਾਂਦਾ ਹੈ। ਮਨ ਇਸਤਰੀ ਨੂੰ ਇਸ ਵਿਚ ਘਣਾ ਰਸ ਆਉਂਦਾ ਹੈ। ਪਤੀ ਤਨ ਵੀ ਉਸ ਰਸ ਨੂੰ ਸਦਾ ਬਣਾਈ ਰੱਖਦਾ ਹੈ। ਮਨ ਆਪਣੀ ਕਾਮਨਾ ਪ੍ਰਗਟ ਕਰਦੀ ਹੈ ਕਿ ਤਨ ਉਸ ਨੂੰ ਕਦੇ ਵੀ ਛੱਡ ਕੇ ਨਾ ਜਾਵੇ। ਤਨ ਸੰਵਾਦ ਕਰਦਾ ਹੈ ਕਿ ਉਹ ਤਾਂ ਹੁਕਮੀ ਬੰਦਾ ਹੈ। ਜਦੋਂ ਹੁਕਮ ਹੋਇਆ ਉਹ ਵਿਦਾ ਹੋ ਜਾਵੇਗਾ। ਗੁਰੂ ਸਾਹਿਬ ਨੇ ਕਿਹਾ ਕਿ ਮਨ ਇਸਤ੍ਰੀ ਮੋਹ ਵਿਚ ਅੰਨ੍ਹੀ ਹੋ ਗਈ ਹੈ, ਸੱਚ ਵੇਖ ਨਹੀਂ ਪਾ ਰਹੀ ਪਰ ਤਨ ਚੰਚਲ ਤੇ ਸਿਆਣਾ ਹੈ। ਤਨ ਸੱਚ ਵਚਨ ਕਹਿੰਦਾ ਹੈ ਕਿ ਉਹ ਤਦੋਂ ਤੱਕ ਹੀ ਉਸ ਦੇ ਨਾਲ ਰਹਿਣ ਵਾਲਾ ਹੈ ਜਦੋਂ ਤੱਕ ਉਸ ਨੂੰ ਸੰਗ ਰਹਿਣ ਦਾ ਹੁਕਮ ਹੈ। ਮਨ ਨੂੰ ਇਸ 'ਤੇ ਵਿਸ਼ਵਾਸ ਨਹੀਂ ਹੁੰਦਾ ਅਤੇ ਉਹ ਤਨ ਦੀ ਇਸ ਗੱਲ ਨੂੰ ਹਾਸਾ ਹੀ ਸਮਝਦੀ ਹੈ। ਗੁਰੂ ਸਾਹਿਬ ਨੇ ਕਿਹਾ ਕਿ ਕਾਲ ਦਾ ਸੱਦਾ ਆਉਂਦੀਆਂ ਹੀ ਤਨ ਸਾਥ ਛੱਡ ਕੇ ਵਿਦਾ ਹੋ ਜਾਂਦਾ ਹੈ 'ਨਾ ਧਨ ਪੁਛੀ ਨ ਮਤਾ ਪਕਾਇਆ॥', ਇੱਕ ਪਲ ਵੀ ਸੋਚ ਵਿਚਾਰ ਨਹੀਂ ਕਰਦਾ, ਨਾ ਹੀ ਮਨ ਵੱਲ ਪਰਤ ਕੇ ਵੇਖਦਾ ਹੀ ਹੈ। ਮਨ ਦਾ ਮਿਥਿਆ ਮੋਹ ਖਿਨ ਮਾਤਰ ਵਿਚ ਹੀ ਟੁੱਟ ਜਾਂਦਾ ਹੈ। ਮਾਇਆ ਦਾ ਮੋਹ, ਵਿਕਾਰਾਂ ਦਾ ਬੰਧਨ ਤਾਂ ਤਨ ਦੇ ਕਾਰਨ ਹੀ ਸੀ। ਤਨ ਹੀ ਇਸ ਦਾ ਮਾਧਿਅਮ ਸੀ। ਤਨ ਨੂੰ ਅਵਿਨਾਸ਼ੀ ਮੰਨ ਕੇ ਮਨ ਭੋਗ ਵਿਲਾਸ ਤੇ ਕੂੜ ਵਿਚ ਉਲਝਿਆ ਰਹਿੰਦਾ ਹੈ। ਆਪਣੇ ਆਪ ਨੂੰ ਮਨ ਤੋਂ ਵੱਖ ਕਰ ਕੇ ਵੇਖਣ ਦਾ ਯਤਨ ਹੀ ਨਹੀਂ ਕਰਦਾ। ਇਹ ਭੁੱਲ ਪਛਤਾਵੇ ਵਿਚ ਬਦਲ ਜਾਂਦੀ ਹੈ। ਮਨ ਦਾ ਤਨ ਨਾਲ, ਪਰਿਵਾਰ ਨਾਲ, ਮਾਇਆ ਨਾਲ ਲਿਪਤ ਰਹਿਣਾ ਹੀ ਕੂੜ ਹੈ। ਇਸ ਕੂੜ ਨੂੰ ਤੋੜਨਾ ਹੀ ਨਿਰਲੇਪ ਹੋਣਾ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਸਚਿਆਰ ਹੋਣਾ ਕਿਹਾ। ਨਿਰਲੇਪ ਹੋਣਾ ਨਾ ਤਾਂ ਸੰਸਾਰ ਤੇ ਪਰਿਵਾਰ ਦਾ ਤਿਆਗ ਹੈ, ਨਾ ਹੀ ਜੀਵਨ ਤੋਂ ਉਦਾਸ ਹੋਣਾ ਹੈ। ਸੰਸਾਰ ਅੰਦਰ ਜੋ ਵੀ ਦ੍ਰਿਸ਼ਟੀਮਾਨ ਹੈ ਉਹ ਨਾਸ਼ਵਾਨ ਹੈ। ਨਾਸ਼ਵਾਨ ਨਾਲ ਨਹੀਂ, ਜੋ ਅਵਿਨਾਸ਼ੀ ਹੈ ਉਸ ਨਾਲ ਸਬੰਧ ਜੋੜਨਾ ਹੈ, ਪ੍ਰੀਤ ਕਰਨੀ ਹੈ ਤੇ ਭਰੋਸਾ ਕਰਨਾ ਹੈ। ਨਾਸ਼ਵਾਨ ਸੰਸਾਰ ਵੀ ਪਰਮਾਤਮਾ ਦੀ ਹੀ ਰਚਨਾ ਹੈ। ਕੂੜ ਪਰਮਾਤਮਾ ਦੀ ਖੇਡ ਹੈ 'ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥', ਇਸ ਖੇਡ ਵਿਚ ਭਰਮ ਕੇ ਮਨੁੱਖ ਇਵੇਂ ਵਿਵਹਾਰ ਕਰਦਾ ਹੈ ਜਿਵੇਂ ਸਦਾ ਹੀ ਜੀਵਤ ਰਹਿਣਾ ਹੈ ਤੇ ਮਰਨਾ ਵਿਸਾਰ ਦਿੰਦਾ ਹੈ। ਇਸ ਕੂੜ ਤੋਂ ਨਿਰਲੇਪ ਰਹਿਣ ਵਾਲੇ ਹੀ ਸੱਚ ਨੂੰ ਪਛਾਣ ਲੈਂਦੇ ਹਨ ਤੇ ਪਰਮਾਤਮਾ ਦੀ ਕਿਰਪਾ ਦੇ ਪਾਤਰ ਬਣਦੇ ਹਨ 'ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ॥' ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ 'ਨਾਨਕ ਸਾਚੇ ਕਉ ਸਚੁ ਜਾਣੁ॥' ਇੱਕ ਪਰਮਾਤਮਾ ਹੀ ਸੱਚ ਹੈ, ਮਨੁੱਖ ਉਸ ਦੀ ਹੀ ਕਾਮਨਾ ਕਰੇ। ਇਸ ਸੱਚ ਨਾਲ ਪਿਆਰ ਨਿਸ਼ਕਾਮ ਹੈ 'ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥' ਸੰਸਾਰਕ ਪ੍ਰੀਤ ਵਿਚ ਸਵਾਰਥ ਛੁਪਿਆ ਹੁੰਦਾ ਹੈ। ਪਰਮਾਤਮਾ ਨਾਲ ਪ੍ਰੀਤ ਸਵਾਰਥ ਤੋਂ ਰਹਿਤ ਪਾਵਨ ਤੇ ਨਿਰਮਲ ਹੈ। ਪਾਵਨ ਤੇ ਨਿਰਮਲ ਹੋਣਾ ਹੀ ਨਿਰਲੇਪ ਹੋਣਾ ਹੈ। ਮਨੁੱਖ ਪਰਮਾਤਮਾ ਅਤੇ ਸੱਚ ਨਾਲ ਪ੍ਰੀਤ ਵਿਚ ਕੋਈ ਸੰਸਾਰਕ ਵਿਘਨ ਨਹੀਂ ਆਉਣ ਦਿੰਦਾ। ਗੁਰੂ ਨਾਨਕ ਸਾਹਿਬ ਨਾਲ ਉਨ੍ਹਾਂ ਦਾ ਪਰਿਵਾਰ ਸੀ, ਪਰ ਗੁਰਗੱਦੀ ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਸੌਂਪੀ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਦੀ ਆਯੂ ਮਾਤਰ ਬਾਰਹ ਸਾਲ ਸੀ, ਪਰ ਗੁਰੂ ਅਰਜਨ ਸਾਹਿਬ ਨੇ ਇਸ ਦੀ ਕੋਈ ਵਿਚਾਰ ਨਹੀਂ ਕੀਤੀ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਵਿਚ ਨੌਂ ਸਾਲ ਦੇ ਗੁਰੂ ਗੋਬਿੰਦ ਸਿੰਘ ਸਾਹਿਬ ਆਪ ਪ੍ਰੇਰਨਾ ਬਣੇ। ਗੁਰੂ ਹਰਿਰਾਇ ਸਾਹਿਬ ਨੇ ਆਪਣੇ ਵੱਡੇ ਪੁੱਤਰ ਨੂੰ ਗੁਰਬਾਣੀ ਦੀ ਮਰਿਆਦਾ ਨਾ ਕਾਇਮ ਰੱਖਣ ਕਾਰਨ ਜੀਵਨ ਭਰ ਲਈ ਆਪਣੇ ਤੋਂ ਦੂਰ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜ ਦਿਨ ਅੰਦਰ ਆਪਣੇ ਚਾਰਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਹਜ਼ਾਰਾਂ ਜੀਵਤ ਸਿੱਖਾਂ ਦੇ ਹਿੱਤ ਲਈ ਵਾਰਨਾ ਮੰਨ ਕੇ ਸਹਿਜ ਹੀ ਸਵੀਕਾਰ ਕਰ ਲਿਆ। ਇਹ ਹੈ ਨਿਰਲੇਪ ਹੋਣਾ ਜੋ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿਚ ਹੰਢਾ ਕੇ ਸੰਸਾਰ ਨੂੰ ਸਿਖਾਇਆ। ਨਿਰਲੇਪ ਅਵਸਥਾ ਮਾਇਆ ਮੋਹ ਤੋਂ ਉੱਪਰ ਉੱਠਣ ਦੀ ਅਵਸਥਾ ਹੈ ਪਰ ਸਮਾਜਕ, ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੂੰਹ ਨਹੀਂ ਮੋੜਦੀ। ਗੁਰੂ ਨਾਨਕ ਸਾਹਿਬ ਬਿਰਧ ਅਵਸਥਾ ਵਿਚ ਵੀ ਕਰਤਾਰਪੁਰ ਸਾਹਿਬ ਵਿਖੇ ਆਪਣੇ ਪਰਿਵਾਰ ਦੇ ਪਾਲਣ ਲਈ ਖੇਤੀ ਕਰਦੇ ਰਹੇ। ਸਾਰੇ ਹੀ ਗੁਰੂ ਸਾਹਿਬਾਨ ਨੇ ਆਪਣੀ ਸੰਤਾਨ ਦੀ ਵਿਦਿਆ, ਗਿਆਨ ਲਈ ਸੁਚੱਜੇ ਪ੍ਰਬੰਧ ਕੀਤੇ, ਆਪਣੇ ਮਹਿਲਾਂ ਨੂੰ ਸਨਮਾਨ ਤੇ ਸਹਿਯੋਗ ਬਖਸ਼ਿਆ। ਗੁਰੂ ਅੰਗਦ ਸਾਹਿਬ ਦੇ ਮਹਿਲ ਮਾਤਾ ਖੀਵੀ ਜੀ ਲੰਗਰ ਵਿਚ ਸਹਿਯੋਗ ਦਿੰਦੇ ਸਨ। ਗੁਰੂ ਰਾਮਦਾਸ ਜੀ ਦੁਆਰਾ ਆਪਣੇ ਸਬੰਧੀ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਗੁਰੂ ਅਰਜਨ ਸਾਹਿਬ ਨੂੰ ਲਾਹੌਰ ਭੇਜਣ ਦਾ ਜ਼ਿਕਰ ਮਿਲਦਾ ਹੈ। ਗੁਰੂ ਤੇਗ ਬਹਾਦਰ ਜੀ ਕੀਰਤਪੁਰ ਛੱਡ ਕੇ ਬਕਾਲੇ ਆਏ ਤਾਂ ਆਪਣੀ ਮਾਤਾ ਨਾਨਕੀ ਜੀ ਨੂੰ ਵੀ ਨਾਲ ਲਿਆਏ। ਜ਼ਿੰਮੇਵਾਰੀਆਂ ਦਾ ਅਹਿਸਾਸ ਸੀ ਪਰ ਮੋਹ ਜ਼ਿੰਮੇਵਾਰੀਆਂ ਦਾ ਕਾਰਨ ਨਹੀਂ ਬਣਿਆ। ਮੋਹ ਹੋਵੇ ਤਾਂ ਲਾਲਸਾ ਪੈਦਾ ਹੁੰਦੀ ਹੈ। ਲਾਲਸਾ ਵਿਚ ਕੀਤੇ ਕਾਰਜ ਜ਼ਿੰਮੇਵਾਰੀ ਦੀ ਸ੍ਰੇਣੀ ਵਿਚ ਨਹੀਂ ਆਉਂਦੇ। ਜ਼ਿੰਮੇਵਾਰੀ ਦੀ ਇੱਕ ਮਰਿਆਦਾ ਹੈ, ਸੀਮਾ ਹੈ ਜੋ ਗੁਰੂ ਸਾਹਿਬਾਨ ਦੇ ਜੀਵਨ ਵਿਚ ਪ੍ਰਗਟ ਹੋਈ। ਮੋਹ ਤੋਂ ਪੈਦਾ ਹੋਈ ਲਾਲਸਾ ਦੀ ਕੋਈ ਮਰਿਆਦਾ, ਕੋਈ ਸੀਮਾ ਨਹੀਂ ਹੁੰਦੀ। ਜਲ ਵਿਚ ਕਮਲ ਦਾ ਖਿਲਣਾ ਉਸ ਦੀ ਜ਼ਿੰਮੇਵਾਰੀ ਹੈ ਕਿਉਂਕਿ ਉਹ ਜਲ ਵਿਚ ਪੈਦਾ ਹੋਇਆ ਹੈ। ਜਲ ਵਿਚ ਰਹਿ ਕੇ ਵੀ ਜਲ ਤੋਂ ਉੱਪਰ ਰਹਿਣਾ ਉਸ ਦੀ ਨਿਰਲੇਪ ਅਵਸਥਾ ਹੈ ਕਿਉਂਕਿ ਉਸ ਨੂੰ ਗਿਆਨ ਹੈ ਕਿ ਜਲ ਵਿਚ ਡੁੱਬਿਆ ਰਹਿ ਕੇ ਉਹ ਖਿੜ ਨਹੀਂ ਸਕਦਾ।

ਬ੍ਰਹਮ ਗਿਆਨੀ ਸਦਾ ਨਿਰਲੇਪ॥
ਜੈਸੇ ਜਲ ਮਹਿ ਕਮਲ ਅਲੇਪ॥
(ਸ੍ਰੀ ਗੁਰੂ ਗਰੰਥ ਸਾਹਿਬ ਅੰਗ 272 )

ਬ੍ਰਹਮ ਗਿਆਨ ਹੈ ਮਾਇਆ ਦਾ ਵਿਨਾਸ਼ਕਾਰੀ ਸਵਰੂਪ ਜਾਣਨਾ ਤੇ ਵਿਚ ਡੁੱਬਣ ਤੋਂ ਬਚਣਾ ਤਾਂ ਜੋ ਜੀਵਨ ਖਿੜ ਕੇ ਆਪਣਾ ਮਨੋਰਥ ਪ੍ਰਾਪਤ ਕਰ ਸਕੇ। ਗੁਰੂ ਅਰਜਨ ਸਾਹਿਬ ਨੇ ਆਪਣੀ ਬਾਣੀ ਸੁਖਮਨੀ ਸਾਹਿਬ ਵਿਚ ਵਿਸਤਾਰ ਨਾਲ ਸਮਝਾਇਆ ਕਿ ਮਨ, ਵਚਨ ਅਤੇ ਕਰਮ ਦੀ ਪਵਿੱਤਰਤਾ ਹੀ ਬ੍ਰਹਮ ਗਿਆਨੀ ਹੋਣਾ ਹੈ। ਇਹ ਗ੍ਰੰਥਾਂ ਦਾ ਸ਼ਬਦ ਗਿਆਨ ਨਹੀਂ, ਜੀਵਨ ਦੀ ਅਵਸਥਾ ਹੈ, ਜਿਸ ਵਿਚ ਕੋਈ ਭੇਦ ਨਹੀਂ ਰਹਿੰਦਾ। ਜਿਵੇਂ ਸੂਰਜ ਸਾਰਿਆਂ ਨੂੰ ਇੱਕ ਸਮਾਨ ਆਪਣੀ ਰੌਸ਼ਨੀ ਤੇ ਗਰਮਾਹਟ ਵੰਡਦਾ ਹੈ। ਉਹ ਸਮ-ਦ੍ਰਿਸ਼ਟੀ ਦਾ ਧਾਰਕ ਹੈ। ਜਿਵੇਂ ਪਵਨ ਸਾਰਿਆਂ ਨੂੰ ਇੱਕੋ ਜਿਹਾ ਸਪਰਸ਼ ਦਿੰਦੀ ਹੈ, ਉਸ ਅੰਦਰ ਪੱਕਾ ਧੀਰਜ ਹੈ। ਜਿਵੇਂ ਧਰਤੀ ਨੂੰ ਭਾਵੇਂ ਕੋਈ ਪੁੱਟੇ ਜਾਂ ਚੰਦਨ ਦਾ ਲੇਪ ਕਰੇ, ਧਰਤੀ ਸਾਰਿਆਂ ਨੂੰ ਹੀ ਬਰਾਬਰੀ ਦਾ ਅਧਾਰ ਦਿੰਦੀ ਹੈ। ਬ੍ਰਹਮ ਗਿਆਨੀ ਦਾ ਸੁਭਾਅ ਅਗਨੀ ਜਿਹਾ ਹੁੰਦਾ ਹੈ, ਜੋ ਸਹਿਜ ਹੀ ਪ੍ਰਗਟ ਹੁੰਦੀ ਹੈ, ਸਹਿਜ ਹੀ ਅਲੋਪ ਹੋ ਜਾਂਦੀ ਹੈ। ਉਹ ਜਲ ਦੀ ਤ੍ਰਾਹ ਹੁੰਦਾ ਹੈ ਜਿਸ ਨੂੰ ਕਦੇ ਕੋਈ ਮੈਲ ਨਹੀਂ ਲੱਗਦੀ। ਬ੍ਰਹਮ ਗਿਆਨ ਦੀ ਅਵਸਥਾ ਵਿਚ ਮਨ ਅਧਿਆਤਮਕ ਗਿਆਨ ਨਾਲ ਇਵੇਂ ਪ੍ਰਕਾਸ਼ਿਤ ਰਹਿੰਦਾ ਹੈ, ਜਿਵੇਂ ਧਰਤੀ ਉੱਪਰ ਸਦਾ ਹੀ ਅਸਮਾਨ ਟਿਕਿਆ ਹੋਇਆ ਹੈ। ਇਹ ਨਿਰਲੇਪ ਅਵਸਥਾ ਦੇ ਲੱਖਣ ਹਨ। ਉਹ ਸੂਰਜ ਹੈ, ਪਵਨ ਹੈ, ਧਰਤੀ ਹੈ, ਜਲ ਹੈ, ਅਗਨੀ ਹੈ, ਆਕਾਸ਼ ਹੈ। ਸ੍ਰਿਸ਼ਟੀ ਦੇ ਆਦਿ ਤੋਂ ਹੀ ਸੂਰਜ, ਪਵਨ, ਧਰਤੀ, ਜਲ, ਅਗਨੀ, ਆਕਾਸ਼ ਦਾ ਇੱਕੋ ਹੀ ਸੁਭਾਅ ਪ੍ਰਗਟ ਹੋ ਰਿਹਾ ਹੈ। ਇਨ੍ਹਾਂ ਦਾ ਸਨਮਾਨ ਤਾਂ ਹੀ ਹੈ, ਤਾਂ ਹੀ ਇਹ ਜੀਵਨ ਦਾ ਆਧਾਰ ਹਨ। ਨਿਰਲੇਪ ਅਵਸਥਾ ਅਡੋਲ ਹੈ ਤਾਂ ਹੀ ਉਹ ਨਿਰਲੇਪ ਅਵਸਥਾ ਹੈ। ਇਹ ਆਤਮਿਕ ਉਧਾਰ ਦਾ ਮਾਧਿਅਮ ਤਾਂ ਹੈ ਹੀ, ਮਨੁੱਖਤਾ ਦੇ ਉਧਾਰ ਦਾ ਵੀ ਰਾਹ ਖੋਲ੍ਹਦੀ ਹੈ। 'ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥' ਸੰਸਾਰ ਦੀ ਮਾਇਆ-ਮੋਹ ਤੋਂ ਨਿਰਲੇਪ ਗੁਰਸਿੱਖ ਦਾ ਸੰਕਲਪ ਆਤਮ ਕਲਿਆਣ ਦੇ ਨਾਲ ਹੀ ਸਰਬ ਕਲਿਆਣ ਦਾ ਹੈ। ਗੁਰਬਾਣੀ ਨਾਲ ਜੁੜਨਾ ਤਾਂ ਹੀ ਸਫ਼ਲ ਹੈ ਜੇ ਮਨ ਅੰਦਰ ਨਿਰਲੇਪ ਅਵਸਥਾ ਦਾ ਸਿਰਜਣ ਹੋ ਜਾਏ। ਜੀਵਨ ਵਿਚ ਸੁੱਖ-ਦੁੱਖ ਦੀਆਂ ਭਾਵੇਂ ਕਿਹੋ ਜਿਹਿਆਂ ਸਥਿਤੀਆਂ ਬਣਨ ਧੀਰਜ, ਸੰਜਮ, ਸੰਤੋਖ ਅਤੇ ਸਮ-ਦ੍ਰਿਸ਼ਟੀ ਦੇ ਗੁਣ ਅਡੋਲ ਰਹਿਣ 'ਜੈ ਰਾਜੁ ਦੇਹਿ ਤਾਂ ਕਵਨ ਬਡਾਈ॥ ਜੈ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥' ਇਸ ਅਵਸਥਾ ਤੋਂ ਵੱਡਾ ਜਪ, ਤਪ ਕੋਈ ਹੋਰ ਨਹੀਂ ਹੈ, ਇਸ ਤੋਂ ਸ੍ਰੇਸ਼ਟ ਸਿੱਧਤਾ ਕੋਈ ਦੂਜੀ ਨਹੀਂ ਹੈ। ਇਸ ਅਵਸਥਾ ਵਿਚ ਵਿਸਮਾਦ ਹੀ ਵਿਸਮਾਦ ਹੈ ਜਿਸ ਦਾ ਆਨੰਦ ਕਥਨ ਤੋਂ ਪਰੇ ਹੈ। ਰਾਜਾ ਹੋਇਆਂ ਵੀ ਆਨੰਦ ਹੈ, ਭਿੱਖਿਆ ਮੰਗਣਾ ਵੀ ਉਤਨਾ ਹੀ ਆਨੰਦ ਦੇ ਰਿਹਾ ਹੈ।

# ਮਜੀਠੀਆ, ਮਾਸੜ ਜੀ ਦਾ ਮਾਰਿਆ ਮਿਹਣਾ ਧੋ ਰਿਹਾ ਐ?



**ਤਰਲੋਚਨ ਸਿੰਘ 'ਦੁਪਾਲਪੁਰ'**
**ਫੋਨ: 78146-92724**

ਦੋਸਤੋ ਪਹਿਲਾਂ ਮੇਰੀ ਇਕ ਹੱਡ-ਬੀਤੀ ਸੁਣ ਲਉ! ਗੋਰਾਇਆ ਲਾਗਲੇ ਗੁਰਦੁਆਰਾ ਸੰਗ ਢੇਸੀਆਂ ਵਿਖੇ ਚੜ੍ਹਦੇ ਸੰਨ 1996 ਵਿਚ ਸ਼੍ਰੋਮਣੀ ਕਮੇਟੀ ਦੀਆਂ ਹੋਣ ਵਾਲੀਆਂ ਚੋਣਾਂ ਵਾਸਤੇ ਸੰਭਾਵੀ ਉਮੀਦਵਾਰ ਚੁਣਨ ਲਈ ਉੱਥੇ ਦੋ ਜ਼ਿਲ੍ਹਿਆਂ ਦੇ ਉਮੀਦਵਾਰ ਇੰਟਰਵਿਊ ਲਈ ਸੱਦੇ ਹੋਏ ਸਨ। ਇੰਟਰਵਿਊ ਲੈਣ ਵਾਲੇ ਪੈਨਲ ਵਿਚ ਸਰਦਾਰ ਬਾਦਲ ਤੋਂ ਇਲਾਵਾ ਢੀਂਡਸਾ ਜੀ, ਭੂੰਦੜ ਜੀ, ਕੈਪਟਨ ਕੰਵਲਜੀਤ ਸਿੰਘ ਅਤੇ ਟੌਹੜਾ ਸਾਹਿਬ ਜਿਹੇ ਵੱਡੇ ਅਕਾਲੀ ਆਗੂ ਸ਼ਾਮਲ ਸਨ।

ਮੇਰੀ ਵਾਰੀ ਆਈ ਤੋਂ ਟੌਹੜਾ ਸਾਹਬ ਨੇ ਮੈਥੋਂ ਧਾਰਮਿਕ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਕੁੱਝ ਸਵਾਲ ਪੁੱਛੇ। ਫਿਰ ਲਾਗੇ ਬੈਠੇ ਸਵਰਗੀ ਬਾਦਲ ਨੇ ਮੈਨੂੰ ਪੁੱਛਿਆ ਕਿ ਕਾਕਾ ਜੀ ਜੇਲ੍ਹ ਕਿੰਨੀਂ ਕੱਟੀ ਤੁਸੀਂ? ਮੈਂ ਸੱਚ ਬੋਲਿਆ ਕਿ ਜੀ ਮੈਂ ਕਦੇ ਜੇਲ੍ਹ 'ਚ ਨਹੀਂ ਗਿਆ ਪਰ ਮੇਰਾ ਛੋਟਾ ਭਰਾ 'ਧਰਮ ਯੁੱਧ' ਮੋਰਚੇ ਵਿਚ ਗਿਆ ਸੀ। ਮੇਰੇ ਵੱਲ ਹੈਰਾਨੀ ਅਤੇ ਨਾਂਹ-ਵਾਚੀ ਜਿਹੀਆਂ ਨਜ਼ਰਾਂ ਸੁਟਦਿਆਂ ਬਾਦਲ ਸਾਹਬ ਕਹਿੰਦੇ-'ਅੱਛਾ! ਤੁਸੀਂ ਜੇਲ੍ਹ ਗਏ ਈ ਨਹੀਂ ਕਦੇ!!'

ਇਸ ਤੋਂ ਪਹਿਲਾਂ ਕਿ ਮੈਂ ਕੁੱਝ ਬੋਲਦਾ, ਟੌਹੜਾ ਸਾਹਬ ਮਜ਼ਾਕੀਆ ਲਹਿਜ਼ੇ 'ਚ ਬਾਦਲ ਜੀ ਨੂੰ ਕਹਿੰਦੇ-'ਪ੍ਰਧਾਨ ਜੀ ਮੁੰਡਾ ਸਿਆਣਾ ਲਗਦੈ...ਆਪਾਂ ਇਹਨੂੰ ਟਿਕਟ ਲਈ 'ਵਿਚਾਰ' ਲਈਏ! ਜੇਲ੍ਹ ਦਾ ਕੀ ਐ...ਇਹਦੇ ਕੋਲ਼ੋਂ ਕੋਈ 'ਇਲਤ' ਕਰਵਾ ਦਿਆਂਗੇ...ਜੇਲ੍ਹ ਵੀ ਚਲਾ ਜਾਵੇਗਾ!'

ਆਪਣੀ ਇਹ ਗੱਲ ਚੇਤੇ ਆਉਣ ਦਾ ਤਾਜ਼ਾ ਸਬੱਬ ਇਹ ਬਣਿਆ:

ਹੁਣੇ ਹੁਣੇ ਕਿਸੇ ਦੋਸਤ ਨੇ ਮੈਨੂੰ ਵੱਡੇ ਬਾਦਲ ਦੀ ਇਕ ਪੁਰਾਣੀ ਰੀਲ੍ਹ ਭੇਜੀ ਹੈ, ਜਿਸ ਵਿਚ ਉਹ ਪੰਜ ਵਾਰੀ ਮੁੱਖ ਮੰਤਰੀ ਬਣਨ ਪਿੱਛੇ ਆਪਣੀ ਸਤਾਰਾਂ ਸਾਲ ਜੇਲ੍ਹ ਕੱਟਣ ਦੀ 'ਕੁਰਬਾਨੀ' ਦੱਸਦਿਆਂ ਕਹਿੰਦੇ ਨੇ ਕਿ ਦਲ ਦੇ ਕਈ ਅਜੋਕੇ ਲੀਡਰਾਂ ਨੂੰ ਤਾਂ 'ਪੱਕੀਆਂ ਪਕਾਈਆਂ' ਹੀ ਮਿਲ਼ ਗਈਆਂ ਹੋਈਆਂ ਨੇ! ਫਿਰ ਉਹ ਹੱਸਦਿਆਂ ਆਪਣੇ ਲਾਗੇ ਹੀ ਖੜ੍ਹੇ ਬਿਕਰਮ ਸਿੰਘ ਮਜੀਠੀਏ ਵੱਲ ਇਸ਼ਾਰਾ ਕਰਕੇ ਕਹਿੰਦੇ: 'ਇਹਨੂੰ ਪੁੱਛੋ ਜੇਲ੍ਹ ਗਿਆ ਕਦੀ?'



ਸੋ ਜਿਵੇਂ ਸਵਰਗੀ ਬਾਦਲ ਨੇ ਉਦੋਂ ਬਿਕਰਮ ਸਿੰਘ ਮਜੀਠੀਏ ਨੂੰ ਕਦੇ ਵੀ ਜੇਲ੍ਹ ਨਾ ਗਏ ਹੋਏ ਦਾ ਜਿਹੜਾ ਮਿਹਣਾ ਮਾਰਿਆ ਸੀ, ਮੈਨੂੰ ਲਗਦਾ ਹੈ, ਹੁਣ ਮਜੀਠੀਆ ਜੀ ਆਪਣੇ ਮਾਸੜ ਜੀ ਦਾ ਮਾਰਿਆ ਉਹ ਮਿਹਣਾ ਧੋਣ ਵੱਲ ਵਧ ਰਹੇ ਨੇ!

# ਅੱਜ ਦੀ ਸਚਾਈ

ਵਿਆਹ ਦੇ ਲਈ ਕੁੜੀਆ ਦੀ ਕਮੀ ਸਾਡੇ ਸਮਾਜ ਵਿਚ ਨਹੀਂ ਹੈ, ਪਰ ਨਖਰੇ ਬਹੁਤ ਹਨ। ਪਰ ਲੜਕੇ ਵਿਚ ਇਹ ਖੂਬੀਆ ਹੋਣੀਆਂ ਚਾਹੀਦੀਆਂ ਹਨ:

1. ਲੜਕੇ ਦਾ 250 ਗਜ਼ ਦਾ ਮਕਾਨ ਹੋਵੇ।
2. ਨੌਕਰੀ ਹੋਵੇ।
3. ਬੈਂਕ ਵਿਚ 25 ਲੱਖ ਰੁਪਏ ਬੈਲੇਂਸ ਹੋਵੇ।
4. ਲੜਕਾ ਇਕਲੌਤਾ ਹੋਣਾ ਚਾਹੀਦਾ ਹੈ।
5. ਭੈਣ ਨਾ ਹੋਵੇ ਜਾਂ ਫਿਰ ਵਿਆਹੀ ਹੋਵੇ।
6. ਲੜਕੇ ਕੋਲ ਕਾਰ ਵੀ ਹੋਣੀ ਚਾਹੀਦੀ ਆ।
7. ਲੜਕਾ ਲੰਬਾ ਪਤਲਾ ਅਤੇ ਸਮਾਰਟ ਹੋਵੇ।
8. ਸ਼ਰਾਬ ਜਾਂ ਸਿਗਰੇਟ ਨਾ ਪੀਂਦਾ ਹੋਵੇ।
9. ਲੜਕੇ ਦੇ ਨਾਮ ਜ਼ਮੀਨ ਅਤੇ ਪ੍ਰਾਪਰਟੀ ਵੀ ਹੋਣੀ ਚਾਹੀਦੀ ਹੈ।
10. ਘਰ ਵਿਚ ਨੌਕਰਾਣੀ ਵੀ ਹੋਣੀ ਚਾਹੀਦੀ ਹੈ।
11. ਲੜਕੀ ਵਿਆਹ ਦੇ ਬਾਅਦ ਵੀ ਜੀਨ ਪਹਿਨੇਗੀ।
12. ਲੜਕੇ ਵਲੋਂ ਕੋਈ ਡਿਮਾਂਡ ਨਹੀਂ ਚਾਹੀਦੀ।
13. ਸਾਡੇ ਕੋਲ ਦੇਣ ਲਈ ਕੁਝ ਨਹੀਂ ਹੈ ਪਰ ਲੜਕਾ ਮੁਕੇਸ਼ ਅੰਬਾਨੀ ਦੀ ਔਲਾਦ ਹੋਵੇ।
14. ਕੁੜੀ ਨੂੰ ਘੁੰਮਣ ਦਾ ਬਹੁਤ ਸ਼ੌਕ ਹੈ, ਇਸ ਲਈ ਹਰ ਮਹੀਨੇ ਬਾਹਰ ਘੁੰਮਣ ਵੀ ਜਾਣਾ ਪਵੇਗਾ।
15. ਲੜਕੀ ਜੋਇੰਟ ਫੈਮਿਲੀ ਵਿਚ ਨਹੀਂ ਰਹੇਗੀ।
16. ਲੜਕੀ ਪਿੰਡ ਵਿਚ ਨਹੀਂ ਰਹੇਗੀ, ਪਰ ਜ਼ਮੀਨ ਹੋਣੀ ਜ਼ਰੂਰੀ ਆ।
17. ਲੜਕੇ ਦੀ ਇਨਕੁਆਇਰੀ ਕਰਵਾਂਵਾਗੇ, ਬੇਸ਼ਕ-ਕੁੜੀ ਦਾ ਕਰੈਕਟਰ ਕੈਸਾ ਵੀ ਹੋਵੇ।
18. ਲੜਕੀ ਦਾ ਬਾਪ ਚਾਹੇ 60 ਸਾਲ ਦੀ ਉਮਰ ਵਿਚ ਠੇਲ੍ਹਾ ਲਗਾਉਂਦਾ ਹੋਵੇ ਪਰ ਜਵਾਈ 25 ਸਾਲ ਦੀ ਉਮਰ ਵਿਚ ਕਰੋੜਪਤੀ ਹੋਵੇ।

ਜੇ ਤੁਸੀਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋ ਤਾਂ ਤੁਹਾਡਾ ਵਿਆਹ ਸਾਡੀ ਕੁੜੀ ਨਾਲ ਹੋ ਸਕਦਾ ਹੈ। ਅਤੇ ਅਸੀਂ ਤੁਹਾਨੂੰ ਹੋਲਡ 'ਤੇ ਰੱਖਦੇ ਹਾਂ, ਹੋ ਸਕਦਾ ਸਾਨੂੰ ਵਧੀਆ ਰਿਸ਼ਤਾ ਮਿਲ ਜਾਵੇ। ਬਾਕੀ ਜਵਾਬ ਦੇਣ ਲਈ ਤਾਂ ਕੁੰਡਲੀ ਦਾ ਬਹਾਨਾ ਬਣਾਉਣਾ ਪੱਕਾ ਹੀ ਹੈ।

# ਨਾ ਹਮ ਹਿੰਦੂ ਨਾ ਮੁਸਲਮਾਨ



ਭਜਨ ਸਿੰਘ ਪ੍ਰਦੇਸੀ
ਫੋਨ: 513-290-9812

ਸਨਾਤਨ (ਹਿੰਦੂ) ਮੱਤ ਦੀ ਪੂਰੀ ਕੋਸ਼ਿਸ਼ ਹੈ ਸਿੱਖਾਂ ਨੂੰ ਆਪਣੇ ਵਿਚ ਜਜ਼ਬ ਕਰ ਲੈਣ ਦੀ ਦੂਸਰਾ ਦੁਨੀਆਂ ਭਰ ਦੇ ਮੁਲਕਾਂ ਵਿਚ ਸਿੱਖਾਂ ਦੇ ਪਹਿਰਾਵੇ ਨੂੰ ਵੇਖ ਕੇ ਮੁਸਲਮਾਨ ਸਮਝਿਆ ਜਾਂਦਾ ਹੈ। ਪੰਜ-ਛੇ ਸਾਲ ਪਹਿਲਾਂ ਦਾ ਵਾਕਿਆ ਹੈ ਮੇਰਾ ਸੈਰ ਕਰਨ ਦਾ ਰਸਤਾ ਮਸਜਦ ਦੇ ਸਾਹਮਣੇ ਤੋਂ ਗੁਜ਼ਰਨ ਕਰਕੇ ਇੱਕ ਦਿਨ ਸ਼ੁੱਕਰਵਾਰ ਇੱਕ ਨਮਾਜ਼ੀ ਨੇ ਮੈਨੂੰ ਸਵਾਲ ਕੀਤਾ, Are you a Mohammedan? ਜਵਾਬ ਸੀ No I am a Sikh. During conversation I told him as your prophet is Mohammad sahib, Sikh's prophet is Guru Nanak sahib more over Sikh religion is modern, latest and reform stage of Hinduism and Mohammedan's religions. ਇਸ ਕਰਕੇ ਵਿਚਾਰ ਪੇਸ਼ ਕਰ ਰਿਹਾ ਹਾਂ।

### ਦੋ ਸਾਖੀਆਂ:— (ੳ) ਬਾਬੇ ਨਾਨਕ ਦਾ ਵੇਈਂ ਨਦੀ ਵਿਚ ਇਸ਼ਨਾਨ ਕਰਨਾ

ਗੁਰੂ ਨਾਨਕ ਸਾਹਿਬ ਨੂੰ ਭੈਣ ਨਾਨਕੀ ਸਾਬੋ ਕੀ ਤਲਵੰਡੀ ਤੋਂ ਸੁਲਤਾਨ ਪੁਰ ਲੋਧੀ ਲੈ ਆਈ, ਭਣਵੱਈਆ ਜੈ ਰਾਮ ਜੀ ਨੇ ਨਾਨਕ ਜੀ ਨੂੰ ਸੁਲਤਾਨ ਦੇ ਮੋਦੀਖ਼ਾਨੇ ਵਿਚ ਨੌਕਰੀ 'ਤੇ ਲਗਵਾ ਦਿੱਤਾ। ਨਾਨਕ ਰੋਜ਼ਾਨਾ ਅੰਮ੍ਰਿਤ ਵੇਲੇ ਵੇਈਂ ਨਦੀ ਵਿਚ ਇਸ਼ਨਾਨ ਕਰਦੇ, ਬੇਰੀ ਥੱਲੇ ਬੈਠ ਰੱਬ ਦਾ ਸਿਮਰਨ ਕਰਦੇ, ਫਿਰ ਸੱਚੇ ਮਨ ਨਾਲ ਡਿਊਟੀ ਕਰਦੇ। ਇੱਕ ਦਿਨ ਨਦੀ ਵਿਚ ਇਸ਼ਨਾਨ ਕਰਨ ਗਏ, ਨਾ ਬਾਹਰ ਨਿਕਲੇ



ਅਤੇ ਡਿਊਟੀ ਤੋਂ ਵੀ ਗ਼ੈਰਹਾਜ਼ਰ ਹੋਣ 'ਤੇ ਪੂਰੇ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਨਾਨਕ ਨਦੀ ਵਿਚ ਡੁੱਬ ਗਏ ਨੇ। ਕੋਈ ਕਹਿ ਰਿਹਾ ਸੀ ਮੋਦੀਖ਼ਾਨੇ ਵਿਚ ਘਾਟਾ ਪੈਣ ਕਾਰਨ ਆਤਮ-ਹੱਤਿਆ ਕਰ ਗਿਆ ਹੈ। ਬੇਬੇ ਨਾਨਕੀ ਨੇ ਸਭ ਅਫਵਾਹਾਂ ਨੂੰ ਝੂਠਾ ਦੱਸਿਆ ਤੇ ਕਿਹਾ ਮੇਰਾ ਵੀਰ ਰੱਬੀ ਨੂਰ ਹੈ, ਨਦੀ ਵਿਚ ਡੁੱਬ ਨਹੀਂ ਸਕਦਾ।

ਤੀਸਰੇ ਦਿਨ ਅਕਾਲ ਪੁਰਖ ਦੀ ਦਰਗਾਹ ਤੋਂ ਗਿਆਨ ਪ੍ਰਾਪਤ ਕਰ ਕੇ ਅਤੇ ਮੂਲ-ਮੰਤਰ ਲੈ ਕੇ ਨਦੀ ਵਿਚੋਂ ਬਾਹਰ ਨਿਕਲੇ। ਘਰ ਨੂੰ ਆਉਂਦੇ ਵੇਖ ਸਭ ਲੋਕ ਹੈਰਾਨ ਸਨ ਬਾਬਾ ਨਾਨਕ ਉੱਚੀ-ਉੱਚੀ ਬੋਲ ਰਹੇ ਸਨ, "ਨਾ ਹਮ ਹਿੰਦੂ ਨਾ ਮੁਸਲਮਾਨ", ਨਾ ਹਮ ਹਿੰਦੂ ਨਾ ਮੁਸਲਮਾਨ"।

ਬਾਬੇ ਨਾਨਕ ਜੀ ਦੀ ਕਾਜ਼ੀਆਂ ਨੇ ਪ੍ਰੀਖਿਆ ਵੀ ਲਈ।

### (ਅ) ਫ਼ਕੀਰ ਭੀਖਨ ਸ਼ਾਹ ਦੇ ਬਾਲਕ ਗੋਬਿੰਦ ਰਾਏ ਦੇ ਦਰਸ਼ਨ ਕਰਨਾ

ਬਿਹਾਰ ਦੀ ਰਾਜਧਾਨੀ ਪਟਨਾ ਸਾਹਿਬ ਜਦੋਂ ਗੁਰੂ ਨਾਨਕ ਦੀ ਦਸਵੀਂ ਜੋਤ ਬਾਲਕ ਗੋਬਿੰਦ ਰਾਏ ਨੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਗ੍ਰਹਿ ਵਿਖੇ ਪ੍ਰਕਾਸ਼ ਧਾਰਿਆ ਤਾਂ ਅੰਬਾਲੇ ਦੇ ਮੁਸਲਮਾਨ ਫ਼ਕੀਰ ਭੀਖਨ ਸ਼ਾਹ ਜੀ ਨੇ ਸਜਦਾ ਪੱਛਮ ਦੀ ਤਰਫ ਕਰਨ ਦੀ ਬਜਾਏ ਪੂਰਬ ਦੀ ਦਿਸ਼ਾ ਚੜ੍ਹਦੇ ਵੱਲ ਕੀਤਾ ਤਾਂ ਚੇਲਿਆਂ ਨੇ ਸਵਾਲ ਕੀਤਾ ਫ਼ਕੀਰ ਜੀ ਅੱਜ ਉਲਟ ਪਾਸੇ ਕਿਉਂ ਸਿਜਦਾ ਕੀਤਾ ਤਾਂ ਜਵਾਬ ਸੀ ਅੱਜ ਇੱਕ ਰੱਬੀ ਨੂਰ ਦਾ ਪ੍ਰਕਾਸ਼ ਇਸ ਧਰਤੀ ਦੇ ਪੂਰਬ ਤਰਫੋਂ ਨਜ਼ਰ ਆਇਆ ਹੈ, ਚਲੋ ਦਰਸ਼ਨ ਕਰ ਕੇ ਆਈਏ।

ਫ਼ਕੀਰ ਜੀ ਨੇ ਪਟਨਾ ਸਾਹਿਬ ਸ਼ਹਿਰ ਵੱਲ ਚਾਲੇ ਪਾ ਦਿੱਤੇ। ਪੈਦਲ ਯਾਤਰਾ ਕਰਦੇ ਪੜਾਅ ਦਰ ਪੜਾਅ ਠਹਿਰਦੇ ਤੇ ਚਲਦੇ ਹੋਏ ਰਸਤੇ ਵਿਚ ਵਿਚਾਰ ਆਇਆ ਕਿ ਕਿਉਂ ਨਾ ਦੋ ਕੁੱਝੀਆਂ ਲਈਆਂ ਜਾਣ, ਇੱਕ ਮੁਸਲਮਾਨਾਂ ਦੇ ਨਾਮ ਤੇ ਦੂਸਰੀ ਹਿੰਦੂਆਂ ਦੇ ਨਾਮ ਦੀ, ਇਹ ਜਾਨਣ ਲਈ ਕਿ ਇਹ ਬਾਲਕ ਹਿੰਦੂਆਂ ਪੱਖੀ ਹੋਵੇਗਾ ਜਾਂ



ਮੁਸਲਮਾਨਾਂ ਪੱਖੀ? ਪਟਨਾ ਸਾਹਿਬ ਪਹੁੰਚਣ 'ਤੇ ਬਾਲਕ ਗੋਬਿੰਦ ਦੇ ਦਰਸ਼ਨ ਕਰਨ ਦੀ ਬੇਨਤੀ ਕੀਤੀ। ਬਾਲਕ ਦੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਆਸਾਮ ਦੇ ਦੌਰੇ 'ਤੇ ਸਨ ਸੋ ਪਰਿਵਾਰ ਦੇ ਮੈਂਬਰਾਂ ਨੇ ਨਾਂਹ ਕਰ ਦਿੱਤੀ। ਫ਼ਕੀਰ ਜੀ ਦਰਵਾਜ਼ੇ ਅੱਗੇ ਬੈਠ ਗਏ ਅਤੇ ਕਿਹਾ ਕਿ ਮੈਂ ਦਰਸ਼ਨ ਕਰਨ ਤੋਂ ਬਿਨਾਂ ਨਹੀਂ ਜਾਵਾਂਗਾ। ਫ਼ਕੀਰ ਜੀ ਦੀ ਸ਼ਰਧਾ ਅਤੇ ਹੱਠ ਨੂੰ ਵੇਖਦਿਆਂ ਹੋਇਆਂ ਜਿਵੇਂ ਹੀ ਮਾਮਾ ਕਿਰਪਾਲ ਦਾਸ ਬਾਲਕ ਗੋਬਿੰਦ ਰਾਏ ਨੂੰ ਫ਼ਕੀਰ ਜੀ ਪਾਸ ਲੈ ਕੇ ਆਏ, ਦਰਸ਼ਨ ਕੀਤੇ ਤਾਂ ਭੀਖਨ ਸ਼ਾਹ ਜੀ ਨੇ ਦੋਵੇਂ ਕੁੱਝੀਆਂ ਬਾਲਕ ਅੱਗੇ ਕਰ ਦਿੱਤੀਆਂ, ਬਾਲਕ ਗੋਬਿੰਦ ਨੇ ਆਪਣੇ ਦੋਵੇਂ ਹੱਥ ਦੋਹਾਂ ਕੁੱਝੀਆਂ 'ਤੇ ਰੱਖੇ ਹੀ ਸਨ ਕਿ ਮੁਸਲਮਾਨ ਫ਼ਕੀਰ ਦੇ ਚਿਹਰੇ ਉੱਤੇ ਖੁਸ਼ੀਆਂ ਆਈਆਂ ਤੇ ਜ਼ੋਰ ਨਾਲ ਬੋਲਿਆ, "ਐ ਅੱਲ੍ਹਾ ਪਰਵਰਦਗਾਰ ਮੇਰਾ ਸ਼ੰਕਾ ਦੂਰ ਹੂਆ," ਇਹ ਬਾਲਕ ਵੱਡਾ ਹੋ ਕੇ ਸਭ ਧਰਮਾਂ ਦਾ ਸਤਿਕਾਰ ਕਰੇਗਾ, ਸੱਚ ਵਾਸਤੇ ਯੁੱਧ ਵੀ ਲੜੇਗਾ ਅਤੇ ਬਾਬੇ ਨਾਨਕ ਦੀ ਵਿਚਾਰਧਾਰਾ ਨੂੰ ਚਾਰ ਚੰਨ ਲਾਵੇਗਾ।

ਆਓ ਵਿਚਾਰ ਕਰੀਏ, ਗੁਰੂ ਗ੍ਰੰਥ ਸਾਹਿਬ ਇਸ ਬਾਰੇ ਕੀ ਕਹਿੰਦੇ ਨੇ:

(1) (ੳ) ਭਗਤ ਕਬੀਰ ਜੀ:
ਹਿੰਦੂ ਤੁਰਕ ਕਹਾਂ ਤੇ ਆਏ ਕਿਨਿ ਏਹ ਰਾਹ ਚਲਾਈ॥
ਦਿਲ ਮਹਿ ਸੋਚਿ ਬਿਚਾਰ ਕਵਾਦੇ ਭਿਸਤ ਦੋਜਕ ਕਿਨਿ ਪਾਈ॥
ਅੰਗ 477
(ਅ) ਬੁੱਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥੧॥
ਅੰਗ 654
(ੲ) ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਾਉਰ ਮੁਕਾਮਾ॥
ਅੰਗ 1349
(ਸ) ਹਮਰਾ ਝਗਰਾ ਰਹਾ ਨ ਕੋਊ॥
ਪੰਡਿਤ ਮੁੱਲਾਂ ਛਾਡੇ ਦੋਊ॥੧॥
ਪੰਡਿਤ ਮੁੱਲਾਂ ਜੋ ਲਿਖਿ ਦੀਆ॥
ਛਾਡਿ ਚਲੇ ਹਮ ਕਛੂ ਨ ਲੀਆ॥੩॥
ਅੰਗ 1159
(ਹ) ਭੈਰਉ ਮਹੱਲਾ ਪੰਜਵਾਂ (ਪੰਜਵੇਂ ਨਾਨਕ):
ਵਰਤ ਨ ਰਹਉ ਨ ਮਹ ਰਮਦਾਨਾ॥ ਤਿਸੁ ਸੇਵੀ ਜੋ ਰਖੈ ਨਿਧਾਨਾ॥੧॥
ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੋਹਾਂ ਨਬੇਰਾ॥੧॥ ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ ਅਵਰੁ ਨ ਦੂਜਾ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡ ਪਰਾਨ॥੪॥
ਅੰਗ 1136
(ਕ) ਭਗਤ ਨਾਮ ਦੇਵ ਜੀ:-
ਹਿੰਦੂ ਅਨ੍ਹਾਂ ਤੁਰਕੂ ਕਾਣਾ॥ ਦੋਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੇ ਦੇਹੁਰਾ ਮੁਸਲਮਾਣੁ ਮਸੀਤ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾਂ ਮਸੀਤਿ॥
ਅੰਗ 875
(2) ਭਾਈ ਗੁਰਦਾਸ ਜੀ:—
ਪੁਛਨਿ ਖੋੁਲ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜ਼ੀਆ ਸ਼ੁਭਿ ਅਮਲਾ ਬਾਝੋਂ ਦੋਨੋ ਰੋਈ॥
ਵਾਰ ਪਹਿਲੀ ਪਉੜੀ 33ਵੀਂ
(3) ਇਤਿਹਾਸ ਵਿਚੋਂ:—
(ੳ) ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਵਸਦਾ ਗੁਰਾਂ ਦੇ ਨਾਮ
ਪ੍ਰੋ: ਪੂਰਨ ਸਿੰਘ
(ਅ) ਨਾਨਕ ਸ਼ਾਹ ਫ਼ਕੀਰ ਹਿੰਦੂਆਂ ਦਾ ਗੁਰੂ ਮੁਸਲਮਾਨਾਂ ਦਾ ਪੀਰ।
ਆਮ ਕਹਾਵਤ ਹੈ।

(ੲ) ਗੁਰੂ ਨਾਨਕ ਸਾਹਿਬ ਦੇ ਜੋਤੀ-ਜੋਤ ਸਮਾਉਣ ਵੇਲੇ ਸਿਰਫ਼ ਚਿੱਟੀ ਚਾਦਰ ਮਿਲੀ ਸਿੱਖਾਂ ਨੇ ਅੱਧੀ ਚਾਦਰ ਦਾ ਸਸਕਾਰ ਕੀਤਾ ਅਤੇ ਮੁਸਲਮਾਨਾਂ ਨੇ ਦਫ਼ਨਾਇਆ। ਕਰਤਾਰ ਪੁਰ (ਪਾਕਿ) ਅੱਜ ਵੀ ਬਾਬੇ ਨਾਨਕ ਦੀ ਮਜ਼ਾਰ ਹਾਜ਼ਰ ਹੈ।

(ਸ) ਮੂਰਤੀ ਪੂਜਕ ਸਨਾਤਨੀਆਂ (ਹਿੰਦੂਆਂ) ਨੂੰ ਮੁਸਲਮਾਨ ਕਾਫ਼ਰ ਆਖਦੇ ਹਨ ਅਤੇ ਮੁਸਲਮਾਨਾਂ ਨੂੰ ਹਿੰਦੂ ਮਲੇਸ਼ ਆਖਦੇ ਹਨ। ਸਿੱਖ ਨਫ਼ਰਤੀ ਸ਼ਬਦ ਕਾਫ਼ਰ ਅਤੇ ਮਲੇਸ਼ ਦੋਵਾਂ ਤੋਂ ਵੱਖ ਹਨ।

(ਹ) ਹਿੰਦੂ ਸਿਰ ਦੇ ਵਾਲ ਕੱਟਦੇ, ਦਾੜ੍ਹੀ ਮੁੱਛਾਂ ਰੋਜ਼ਾਨਾ ਸ਼ੇਵ ਕਰਦੇ ਹਨ। ਕੱਟੜ ਮੁਸਲਮਾਨ ਸਿਰ ਦੇ ਵਾਲ ਕੱਟਦੇ, ਦਾੜ੍ਹੀ ਚਾਰ ਤੋਂ ਛੇ ਇੰਚ (ਮੁੱਠੀ ਭਰ) ਰੱਖਦੇ, ਮੁੱਛਾਂ ਸ਼ੇਵ ਕਰਦੇ ਹਨ। ਸਿੱਖ ਰਹਿੰਦੇ ਹਨ ਸਾਬਤ ਸੂਰਤ।

ਸਿੱਖਾਂ ਦੇ ਗੁਰੂ, ਗੁਰੂ ਗ੍ਰੰਥ ਸਾਹਿਬ ਵਿਚ ਹੀ ਹਿੰਦੂ, ਹਿੰਦੋਸਤਾਨ ਅਤੇ ਤੁਰਕ (ਮੁਸਲਮਾਨ) ਸ਼ਬਦ ਆਉਂਦੇ ਹਨ, ਇਹ ਸ਼ਬਦ ਵੇਦਾਂ, ਸ਼ਾਸਤਰਾਂ, ਗੀਤਾ ਆਦਿ ਧਾਰਮਿਕ ਗ੍ਰੰਥਾਂ ਵਿਚ ਨਹੀਂ ਹਨ। ਹਿੰਦੋਸਤਾਨ ਅਤੇ ਹਿੰਦੂ ਸ਼ਬਦ ਮੁਗ਼ਲਾਂ ਦੇ ਆਉਣ 'ਤੇ ਹੀ ਆਏ, ਇੰਡੀਅ ਨਾਮ ਅੰਗਰੇਜ਼ਾਂ ਵੇਲੇ ਮਿਲਿਆ ਦੇਸ਼ ਦਾ ਅਸਲੀ ਨਾਮ ਭਾਰਤ ਹੈ।

# ਰੂਹਦਾਰੀ ਦੀਆ ਬਾਤਾਂ ਵਰਗੀ ਕਿਤਾਬ 'ਮੌਸਮ ਠੀਕ ਨਹੀਂ'

*ਅਲਫ਼ਾਜ਼*
*ਫੋਨ:+91-98884-08383*

ਪ੍ਰਗਟ ਸਤੌਜ ਪੰਜਾਬੀ ਸਾਹਿਤ ਦਾ ਜਾਣਿਆ-ਪਛਾਣਿਆ ਨਾਮ ਏ। ਉਸ ਦੀਆਂ ਕਿਤਾਬਾਂ ਦੇ ਕਈ-ਕਈ ਐਡੀਸ਼ਨ ਛਪ ਚੁੱਕੇ ਨੇ। ਇਸ ਤੋਂ ਪਹਿਲਾਂ ਉਸ ਦੇ ਛੇ ਨਾਵਲ, ਇਕ ਕਹਾਣੀ ਸੰਗ੍ਰਹਿ, ਇਕ ਕਵਿਤਾ ਸੰਗ੍ਰਹਿ, ਦੋ ਸੰਪਾਦਿਤ ਤੇ ਇੱਕ ਅਨੁਵਾਦ ਪੁਸਤਕ ਵੀ ਛਪ ਚੁੱਕੇ ਨੇ ਤੇ ਬਰਾਬਰ ਹੀ ਉਸਦੀਆ ਰਚਨਾਵਾਂ 'ਤੇ ਖੋਜ ਕਾਰਜ ਹੋਇਆ ਹੈ।

ਕੈਲੀਬਰ ਪ੍ਰਕਾਸ਼ਨ, ਪਟਿਆਲ਼ਾ ਵੱਲੋਂ ਛਾਪਿਆ ਗਿਆ ਕਹਾਣੀ ਸੰਗ੍ਰਹਿ 'ਮੌਸਮ ਠੀਕ ਨਹੀ' ਵਿਚ ਵੱਖ-ਵੱਖ ਵਿਸ਼ਿਆਂ ਦੀਆਂ ਦਸ ਕਹਾਣੀਆਂ ਨੇ, ਜਿਨ੍ਹਾਂ ਵਿੱਚੋਂ ਕੁਝ ਪਹਿਲਾਂ ਹੀ ਮੈਗਜ਼ੀਨਾਂ ਵਿਚ ਛਪ ਕੇ ਵਾਹੋ-ਵਾਹੀ ਬਟੋਰ ਚੁੱਕੀਆਂ ਨੇ।

ਪਹਿਲੀ ਕਹਾਣੀ 'ਤੂੰ ਮੈਨੂੰ ਪਿਆਰ ਨਹੀਂ ਕਰਦਾ' ਦਾ ਸਿਰਲੇਖ ਪੜ੍ਹਦਿਆਂ ਇੱਕ ਪੰਜਾਬੀ ਗੀਤ ਦੀ ਯਾਦ ਆਉਂਦੀ ਏ, ਕਹਾਣੀ ਇੱਕ ਲੇਖਕ ਦੇ ਮਨ ਦੀਆਂ ਤਰੰਗਾਂ ਨੇ, ਇੱਕ ਸ਼ੱਕੀ ਪਤਨੀ ਦੇ ਸੁਭਾਅ ਕਰਕੇ ਖੜ੍ਹੀਆਂ ਹੁੰਦੀਆਂ ਪਰੇਸ਼ਾਨੀਆਂ ਤੇ ਉਨ੍ਹਾਂ ਤੋਂ ਨਿਜਾਤ ਪਾਉਣ ਦੇ ਤਰੀਕੇ ਬਾਰੇ ਸੋਹਣਾ ਵਿਖਿਆਨ ਹੈ। 'ਮਿੱਟੀ' ਕਹਾਣੀ ਨੇ ਪਹਿਲਾਂ ਵੀ ਕਾਫ਼ੀ ਚਰਚਾ ਬਟੋਰੀ ਹੈ। ਵਿਦੇਸ਼ ਜਾਣ ਦੇ ਰੁਝਾਨ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਪ੍ਰਗਟ ਨੇ ਬਾਰੀਕੀ ਨਾਲ ਸਾਹਮਣੇ ਰੱਖਿਆ ਹੈ, ਅਜੋਕੀ ਦੌੜ ਵਿਚ ਪਈ ਪੀੜ੍ਹੀ ਤੇ ਪੁਰਾਣੀ ਪੀੜ੍ਹੀ ਦਾ ਦਰਦ ਸੋਹਣੇ ਤਰੀਕੇ ਨਾਲ ਸਾਡੇ ਸਾਹਮਣੇ ਆਉਂਦਾ ਏ। 'ਟੀਨਏਜਰ' ਕਹਾਣੀ ਇੱਕ ਵਿਦਿਆਰਥਣ ਵੱਲੋਂ ਅਧਿਆਪਕ ਦੀ ਹਮਦਰਦੀ ਵੱਸ ਕੀਤੀ ਮਦਦ ਨੂੰ ਹਾਰਮੋਨਲ ਚੇਂਜ ਕਰਕੇ ਗਲਤ ਸਮਝਣਾ ਤੇ ਅਧਿਆਪਕ ਵੱਲੋਂ ਫਿਰ ਮਨੋਵਿਗਿਆਨਿਕ ਤਰੀਕੇ ਨਾਲ ਨਜਿੱਠ ਲੈਣ ਨੂੰ ਕਲਾਤਮਕ ਢੰਗ ਨਾਲ ਪੇਸ਼ ਕੀਤਾ ਏ, ਕਹਾਣੀ ਪ੍ਰਭਾਵ ਛੱਡਦੀ ਉੱਥੇ ਇਹੋ ਜਿਹੇ ਵਿਸ਼ਿਆਂ ਬਾਰੇ ਹੋਰ ਲਿਖਣ ਦੀ ਲੋੜ ਮਹਿਸੂਸ ਹੁੰਦੀ ਏ। 'ਐਪੀਲੈਪਸੀ ਵਾਰਡ' ਦੁੱਖ ਦਰਦਾਂ ਤੇ ਬੀਮਾਰੀਆਂ ਨਾਲ ਦੂਹਰੇ ਹੁੰਦੇ ਲੋਕਾਂ ਨੂੰ ਹਸਪਤਾਲ ਦੀ ਸਾਂਝੀ ਤੰਦ ਰਾਹੀਂ ਇੱਕ ਦੂਜੇ ਦੇ ਪੂਰਕ ਬਣਦਿਆਂ ਖੁਸ਼ੀਆਂ ਲੱਭਦੇ ਵਿਖਾਏ ਜਾਣ ਸੱਚੀ ਸਕੂਨ ਵਾਂਗ ਪ੍ਰਤੀਤ ਹੁੰਦਾ ਏ। ਟਾਈਟਲ ਕਹਾਣੀ 'ਮੌਸਮ ਠੀਕ ਨਹੀਂ' ਔਰਤ ਮਰਦ ਦੇ ਰਿਸ਼ਤੇ 'ਚ ਤੁਰਦੀ ਕਈ ਪਰਤਾਂ ਉਘੇੜਦੀ ਸੁਹਜ ਤਰੀਕੇ ਔਰਤ ਦੀ ਹੋਣੀ ਤੇ ਬੜਾ ਕੁਝ ਬਿਆਨ ਕਰ ਜਾਂਦੀ ਏ। ਪੜ੍ਹਦਿਆਂ-ਪੜ੍ਹਦਿਆਂ ਅੰਤ ਤੇ ਪਾਠਕ ਖੁਦ ਕਹਿ ਦਿੰਦਾ ਏ ਕਿ ਮੌਸਮ ਸੱਚੀ ਠੀਕ ਨਹੀਂ।




ਕੋਈ ਵੀ ਕ੍ਰਿਮਿਨਲ ਨਹੀਂ ਜੰਮਦਾ ਤੇ ਹਾਲਾਤ ਅੱਗੇ ਬੰਦਾ ਵੀ ਮਜਬੂਰ ਹੋ ਜਾਂਦਾ ਏ। ਅਜੋਕੇ ਸਮਾਜ ਦੀ ਸੱਚਾਈ ਵੀ ਆ ਜੋ ਗੁਰਦੀਪ ਨਾਮ ਦਾ ਪਾਤਰ 'ਆਖ਼ਰੀ ਰਾਤ' ਕਹਾਣੀ ਰਾਹੀਂ ਸਾਡੇ ਸਾਹਮਣੇ ਰੱਖ ਜਾਂਦਾ ਏ। ਬਹੁਤ ਵਾਰੀ ਵਿਆਹ ਤੋਂ ਪਹਿਲੇ ਸੰਬੰਧ ਵਿਆਹ ਤੋਂ ਬਾਅਦ ਵੀ ਦੋਹਾਂ ਜੀਆਂ ਵਿਚ ਕੰਧ ਪਾ ਕੇ ਰਿਸ਼ਤੇ ਖਰਾਬ ਕਰਦੇ ਨੇ ਤੇ ਆਖਿਰ ਅੱਕਿਆ ਹੋਇਆ ਗੁਰਦੀਪ ਸਖਤ ਫੈਸਲਾ ਲੈਂਦਾ ਏ।

ਵਾਲਿਦ ਮੰਗੂ ਉਰਫ ਮੰਗਲਦੀਪ ਇੱਕ ਪਾਤਰ ਪ੍ਰਧਾਨ ਕਹਾਣੀ ਆ। ਮੈਂ ਪਾਤਰ ਫੌਜੀ ਦੇ ਰੂਪ 'ਚ ਮੰਗੂ ਦੇ ਜਵਾਨੀ ਦੇ ਵਲਵਲਿਆਂ ਨੂੰ ਤੇ ਫਿਰ ਸੱਧਰਾਂ ਟੁੱਟ ਜਾਣ 'ਤੇ ਗਰੀਬ ਹੋਣ ਕਰਕੇ ਵਿਆਹ ਤੱਕ ਨਾ ਹੋਣ ਨੂੰ ਤੇ ਅੰਤ 'ਚ ਪ੍ਰੇਮਿਕਾ ਦੁਆਰਾ ਕੰਨ 'ਚ 'ਜੱਗ 'ਚ ਸ਼ੀਰ ਪੈਣ' ਵਾਲੇ ਕਹੇ ਸ਼ਬਦ ਮੰਗੂ ਨੂੰ ਜਦੋਂ ਜਿਉਂਦਿਆਂ 'ਚ ਖੜਾ ਵਿਖਾਉਂਦੇ ਆ ਤਾਂ ਕਹਾਣੀ ਦਾ ਸਿਖ਼ਰ ਹੋ ਨਿਬੜਦਾ ਏ।

'ਜੜ੍ਹਾਂ ਵਿਹੂਣੇ ਬੰਦੇ' ਵੰਡ ਦਾ ਦੁਖਾਂਤ ਏ। 1947 ਤੋਂ 1994 ਦੇ ਪੀਰੀਅਡ ਕਾਲ ਦੀ ਕਹਾਣੀ ਬੰਦੇ ਦੇ ਦਰਦ ਨੂੰ ਸੰਜੀਵ ਕਰਦੀ ਏ। ਐਨਾ ਸਮਾਂ ਬੀਤਣ ਦੇ ਬਾਅਦ ਵੀ ਦਰਦ ਕਿਤੇ ਨਾ ਕਿਤੇ ਬਾਹਰ ਆਉਣ 'ਚ ਸਮਾਂ ਨਹੀਂ ਲੈਂਦਾ। 'ਹਲਕਵਾਅ' ਸੱਭਿਆਚਾਰ ਗਰੁੱਪਾਂ ਦਾ ਕਾਲਾ ਸੱਚ ਏ। ਵੱਖ ਵੱਖ ਪਾਤਰਾਂ ਦੇ ਨਜ਼ਰੀਏ ਤੋਂ ਲਿਖੀ ਕਹਾਣੀ ਉਨ੍ਹਾਂ ਦੇ ਵਲਵਲਿਆਂ ਨੂੰ ਬਾਹਰ ਕੱਢਦੀ ਇੱਕ ਉਸ ਅੰਜਾਮ 'ਤੇ ਪਹੁੰਚਦੀ ਏ, ਜੋ ਕਿ ਹੋਣਾ ਚਾਹੀਦਾ ਏ। ਸੰਗ੍ਰਹਿ ਦੀ ਅੰਤਲੀ ਕਹਾਣੀ 'ਨਦੀ ਰਾਹ ਨਾ ਜਾਣਦੀ' ਸਮਾਜ ਦਾ ਇੱਕ ਹੋਰ ਘਿਨੌਣਾ ਚਿਹਰਾ ਸਾਹਮਣੇ ਲਿਆਉਂਦੀ ਏ। ਵਿਆਹ ਬਾਹਰੀ ਸੰਬੰਧ ਤੋਂ ਅਗਲਾ ਰੂਪ ਸਾਡੇ ਸਮਾਜ 'ਚ ਆ ਰਿਹਾ ਏ, ਜਿੱਥੇ ਵਿਆਹੁਤਾ ਹੋਣ ਦੇ ਬਾਵਜੂਦ ਆਂਢ-ਗੁਆਂਢ 'ਚ ਬਿਨਾਂ ਸੰਗ ਸ਼ਰਮ ਰਿਹਾ ਜਾ ਰਿਹਾ ਏ। ਬੱਚਿਆਂ ਦੇ ਮਨ 'ਤੇ ਕੀ ਬੀਤਦੀ ਏ ਤੇ ਅੰਜਾਮ ਕੀ ਹੁੰਦਾ ਏ, ਕਹਾਣੀ ਜਦੋਂ ਸੱਚ ਸਾਹਮਣੇ ਰੱਖਦੀ ਏ ਤਾਂ ਬਹੁਤ ਕੁਝ ਸੋਚਣ 'ਤੇ ਮਜਬੂਰ ਕਰਦੀ ਏ।

151 ਪੰਨਿਆਂ ਦੀ ਕਿਤਾਬ ਦੀ ਭਾਸ਼ਾ ਲੱਛੇਦਾਰ ਤੇ ਸੁਆਦਲ਼ੀ ਹੋਣ ਦੇ ਨਾਲ-ਨਾਲ ਆਮ ਬੋਲਚਾਲ ਨਾਲ ਗੁੰਨ੍ਹੀ ਹੋਈ ਠੇਠ ਮਲਵਈ ਆ, ਜੋ ਪਾਠਕਾਂ ਨੂੰ ਨਿਸ਼ਚੇ ਪਸੰਦ ਆਉਣ ਵਾਲੀ ਏ। ਕਾਫ਼ੀ ਕਹਾਣੀਆਂ 'ਚ ਵਿਸ਼ਾ ਵਿਭਿੰਨਤਾ ਤੇ ਅਜੋਕੇ ਸਮਾਜ ਵਿਚ ਵਾਪਰ ਰਹੇ ਵਰਤਾਰਿਆ ਨੂੰ ਸਾਹਮਣੇ ਲਿਆਂਦਾ ਏ।

ਇਸ ਕਿਤਾਬ ਨਾਲ ਪ੍ਰਗਟ ਸਤੌਜ ਦਾ ਕੱਦ ਹੋਰ ਉੱਚਾ ਵੀ ਹੋਇਆ ਏ ਤੇ ਸਾਹਿਤ ਜਗਤ ਨਿੱਘੇ ਦਿਲ ਨਾਲ ਜੀ ਆਇਆਂ ਆਖਦਾ ਕਿਤਾਬ ਦੀ ਸਫਲਤਾ ਦੀ ਦੁਆ ਕਰਦਾ ਏ।

# ਫ਼ਿਲਮ ਲੋਕ

18 ਜੁਲਾਈ ਨੂੰ ਬਰਸੀ 'ਤੇ ਵਿਸ਼ੇਸ਼

## ਬਾਲੀਵੁੱਡ ਦਾ ਪਹਿਲਾ ਸੁਪਰਸਟਾਰ ਸੀ - ਰਾਜੇਸ਼ ਖੰਨਾ



ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

ਸੰਨ 1965 ਵਿਚ ਮੁੰਬਈ ਵਿਖੇ ਯੂਨਾਈਟਿਡ ਪ੍ਰੋਡਿਊਸਰਜ਼ ਅਤੇ ਫ਼ਿਲਮ ਫ਼ੇਅਰ ਵੱਲੋਂ ਸਾਂਝੇ ਤੌਰ 'ਤੇ 'ਆਲ ਇੰਡੀਆ ਟੈਲੈਂਟ ਕੰਟੈਸਟ' ਭਾਵ 'ਸਰਬ ਭਾਰਤੀ ਪ੍ਰਤਿਭਾ ਖੋਜ ਮੁਕਾਬਲਾ' ਕਰਵਾਇਆ ਗਿਆ ਸੀ ਜਿਸ ਵਿਚ ਸ਼ਾਮਿਲ ਦਸ ਹਜ਼ਾਰ ਪ੍ਰਤੀਯੋਗੀਆਂ ਨੂੰ ਪਛਾੜ ਕੇ ਅੱਠ ਫ਼ਨਕਾਰ ਆਖ਼ਰੀ ਗੇੜ ਵਿਚ ਪੁੱਜੇ ਸਨ, ਜਿਨ੍ਹਾਂ ਵਿਚੋਂ 23 ਸਾਲਾ ਨੌਜਵਾਨ ਜਤਿਨ ਖੰਨਾ ਆਪਣੀ ਬਾਕਮਾਲ ਅਦਾਕਾਰੀ ਦਾ ਪ੍ਰਗਟਾਵਾ ਕਰ ਕੇ ਅੱਵਲ ਰਿਹਾ ਸੀ ਤੇ ਸ਼ਰਤ ਮੁਤਾਬਿਕ ਕਈ ਸਾਰੀਆਂ ਫ਼ਿਲਮਾਂ ਹਾਸਿਲ ਕਰਨ ਵਿਚ ਕਾਮਯਾਬ ਰਿਹਾ ਸੀ, ਜਿਨ੍ਹਾਂ ਵਿਚ 'ਆਖ਼ਰੀ ਖ਼ਤ', 'ਰਾਜ਼', 'ਔਰਤ', 'ਡੋਲੀ' ਅਤੇ 'ਇਤਫ਼ਾਕ' ਆਦਿ ਫ਼ਿਲਮਾਂ ਦੇ ਨਾਂ ਪ੍ਰਮੁੱਖ ਸਨ। ਬੜਾ ਹੀ ਦਿਲਚਸਪ ਤੱਥ ਹੈ ਕਿ ਇਸ ਪ੍ਰਤੀਯੋਗਤਾ ਦੇ ਆਖ਼ਰੀ ਗੇੜ ਵਿਚ ਪੁੱਜੇ ਬਾਕੀ ਕਲਾਕਾਰਾਂ ਵਿਚ ਸੁਭਾਸ਼ ਘਈ ਅਤੇ ਧੀਰਜ ਕੁਮਾਰ ਵੀ ਸ਼ਾਮਿਲ ਸਨ। ਇਸ ਪ੍ਰਤੀਯੋਗਤਾ ਦੇ ਜੱਜ ਸਨ, ਬਾਲੀਵੁੱਡ ਦੇ ਦਿੱਗਜ ਫ਼ਿਲਮਕਾਰ ਬੀ.ਆਰ.ਚੋਪੜਾ, ਬਿਮਲ ਰਾਏ, ਜੀ.ਪੀ.ਸਿੱਪੀ, ਐਚ.ਐਸ.ਰਵੇਲ, ਨਾਸਿਰ ਹੁਸੈਨ, ਸ਼ਕਤੀ ਸਾਮੰਤ, ਸੁਬੋਧ ਮੁਖਰਜੀ ਅਤੇ ਜੇ.ਓਮ.ਪ੍ਰਕਾਸ਼।


ਜਤਿਨ ਖੰਨਾ ਜੋ ਬਾਅਦ ਵਿਚ ਰਾਜੇਸ਼ ਖੰਨਾ ਦੇ ਨਾਂ ਨਾਲ ਬਾਲੀਵੁੱਡ ਦੀ ਸ਼ਾਨ ਬਣ ਕੇ ਉੱਭਰਿਆ, ਬਾਲੀਵੁੱਡ ਦਾ ਅਜਿਹਾ ਪਹਿਲਾ ਸੁਪਰਸਟਾਰ ਸੀ, ਜਿਸ ਨੇ ਸੰਨ 1969 ਤੋਂ 1971 ਤੱਕ ਦੋ ਸਾਲ ਦੇ ਅਰਸੇ ਵਿਚ ਲਗਾਤਾਰ ਪੰਦਰਾਂ ਹਿੱਟ ਫ਼ਿਲਮਾਂ ਦਿੱਤੀਆਂ ਸਨ। ਉਸ ਨੇ ਆਪਣੇ ਸਮੁੱਚੇ ਕੈਰੀਅਰ ਦੌਰਾਨ ਕੁੱਲ 168 ਫ਼ਿਲਮਾਂ ਕੀਤੀਆਂ, ਜਿਨ੍ਹਾਂ ਵਿਚੋਂ 106 ਫ਼ਿਲਮਾਂ ਬਤੌਰ ਨਾਇਕ ਅਤੇ 62 ਫ਼ਿਲਮਾਂ ਬਤੌਰ ਸਹਿਨਾਇਕ ਜਾਂ ਚਰਿੱਤਰ ਅਭਿਨੇਤਾ ਵਜੋਂ ਕੀਤੀਆਂ। ਰਾਜੇਸ਼ ਨੂੰ ਫ਼ਖ਼ਰ ਸੀ ਕਿ ਉਸਦੀ ਪਹਿਲੀ ਹੀ ਫ਼ਿਲਮ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਆਸਕਰ ਪੁਰਸਕਾਰ ਲਈ ਨਾਮਜ਼ਦ ਹੋਈ ਸੀ। ਸੰਨ 1966 ਵਿਚ ਬਣੀ ਇਸ ਫ਼ਿਲਮ ਦਾ ਨਾਂ ਸੀ 'ਆਖ਼ਰੀ ਖ਼ਤ' ਤੇ ਇਸਨੂੰ ਨਾਮਵਰ ਨਿਰਦੇਸ਼ਕ ਚੇਤਨ ਆਨੰਦ ਨੇ ਨਿਰਦੇਸ਼ਿਤ ਕੀਤਾ ਸੀ।

ਰਾਜੇਸ਼ ਖੰਨਾ ਕੇਵਲ ਮਿਹਨਤ ਦਾ ਹੀ ਨਹੀਂ ਸਗੋਂ ਕਿਸਮਤ ਦਾ ਵੀ ਧਨੀ ਸੀ। ਉਸਨੂੰ ਜਨਮ ਦੇਣ ਵਾਲੀ ਮਾਂ ਦਾ ਨਾਂ ਚਾਂਦ ਰਾਣੀ ਖੰਨਾ ਸੀ ਤੇ ਉਸਦਾ ਪਿਤਾ ਲਾਲ ਹੀਰਾਨੰਦ ਖੰਨਾ ਪਾਕਿਸਤਾਨ ਦੇ ਬੂਰੇਵਾਲਾ ਵਿਖੇ ਸਥਿਤ ਐਮ.ਸੀ.ਹਾਈ ਸਕੂਲ ਵਿਖੇ ਬਤੌਰ ਹੈੱਡਮਾਸਟਰ ਸੇਵਾ ਨਿਭਾਇਆ





ਕਰਦਾ ਸੀ। ਰਾਜੇਸ਼ ਦਾ ਪਾਲਣ-ਪੋਸ਼ਣ ਕਰਨ ਵਾਲੇ ਮਾਪੇ ਚੂਨੀ ਲਾਲ ਖੰਨਾ ਅਤੇ ਲੀਲਾਵਤੀ ਖੰਨਾ ਸਨ, ਜੋ ਉਸਦੇ ਮਾਪਿਆਂ ਦੇ ਰਿਸ਼ਤੇਦਾਰ ਸਨ ਤੇ ਉਨ੍ਹਾਂ ਨੇ ਨਿੱਕੀ ਉਮਰੇ ਹੀ ਰਾਜੇਸ਼ ਨੂੰ ਗੋਦ ਲੈ ਲਿਆ ਸੀ। ਸ੍ਰੀ ਚੂਨੀ ਲਾਲ ਖੰਨਾ ਰੇਲਵੇ ਵਿਚ ਠੇਕੇਦਾਰ ਸਨ ਅਤੇ ਲਾਹੌਰ ਤੋਂ ਮੁੰਬਈ ਵਿਖੇ ਆਣ ਵੱਸੇ ਸਨ ਜਿਸ ਕਰਕੇ ਰਾਜੇਸ਼ ਨੂੰ ਬਾਲੀਵੁੱਡ ਦੇ ਨੇੜੇ ਹੋਣ ਦਾ ਸੁਭਾਗ ਹਾਸਿਲ ਹੋ ਗਿਆ।



ਉਸਦਾ ਜਨਮ 29 ਦਸੰਬਰ 1942 ਨੂੰ ਅੰਮ੍ਰਿਤਸਰ ਵਿਖੇ ਹੋਇਆ ਸੀ।

ਰਾਜੇਸ਼ ਖੰਨਾ ਦੀਆਂ ਕਾਮਯਾਬ ਫ਼ਿਲਮਾਂ ਦੀ ਫ਼ਹਰਿਸਤ ਬੜੀ ਲੰਮੀ ਹੈ, ਪਰ ਉਸ ਦੀਆਂ 'ਹਾਥੀ ਮੇਰੇ ਸਾਥੀ', 'ਅਰਾਧਨਾ', 'ਸਫ਼ਰ', 'ਅੰਦਾਜ਼', 'ਮਰਿਆਦਾ', 'ਕਟੀ ਪਤੰਗ', 'ਮਹਿਬੂਬਾ', 'ਅਮਰ ਪ੍ਰੇਮ', 'ਨਮਕ ਹਰਾਮ', 'ਕੁਦਰਤ', 'ਅਗਰ ਤੁਮ ਨਾ ਹੋਤੇ', 'ਨਜ਼ਰਾਨਾ', 'ਧਰਮ ਕਾਂਟਾ', 'ਮਕਸਦ', 'ਅਲਗ-ਅਲਗ', 'ਸੌਤਨ', 'ਆਪ ਕੀ ਕਸਮ', 'ਰਾਜਪੂਤ', 'ਅਨੁਰੋਧ', 'ਸਵਰਗ', 'ਦੋ ਰਾਸਤੇ', 'ਆਨੰਦ', 'ਮਹਿਬੂਬ ਕੀ ਮਹਿੰਦੀ', 'ਆਨ ਮਿਲੋ ਸਜਨਾ', 'ਅਵਤਾਰ' ਅਤੇ 'ਰੋਟੀ' ਆਦਿ ਫ਼ਿਲਮਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਨਾ ਬਣਦਾ ਹੈ। ਉਸਨੇ ਬਤੌਰ ਨਿਰਮਾਤਾ ਤਿੰਨ ਫ਼ਿਲਮਾਂ ਬਣਾਈਆਂ ਸਨ, ਜਿਨ੍ਹਾਂ ਵਿਚੋਂ 'ਅਲਗ-ਅਲਗ' ਰਿਲੀਜ਼ ਹੋਈ ਸੀ ਤੇ ਹਿੱਟ ਰਹੀ ਸੀ, ਪਰ 'ਪੁਲੀਸ ਕੇ ਪੀਛੇ ਪੁਲੀਸ' ਅਤੇ 'ਜੈ ਸ਼ਿਵ ਸ਼ੰਕਰ' ਨਾਮਕ ਫ਼ਿਲਮਾਂ ਰਿਲੀਜ਼ ਨਹੀਂ ਹੋ ਸਕੀਆਂ ਸਨ। ਬਤੌਰ ਸਹਿ-ਨਿਰਮਾਤਾ ਉਸ ਵੱਲੋਂ ਬਣਾਈਆਂ 'ਰੋਟੀ', 'ਮਹਿਬੂਬ ਕੀ ਮਹਿੰਦੀ' ਅਤੇ 'ਬਰਸਾਤ' ਪੂਰੀ ਤਰ੍ਹਾਂ ਸਫ਼ਲ ਰਹੀਆਂ ਸਨ।

ਸੰਨ 1992 ਵਿਚ ਨਵੀਂ ਦਿੱਲੀ ਤੋਂ ਲੋਕ ਸਭਾ ਮੈਂਬਰ ਚੁਣੇ ਗਏ ਮਹਾਨ ਅਦਾਕਾਰ ਰਾਜੇਸ਼ ਖੰਨਾ ਦੀ ਸ਼ਾਦੀ ਸੰਨ 1973 ਵਿਚ ਅਦਾਕਾਰਾ ਡਿੰਪਲ ਕਪਾਡੀਆ ਨਾਲ ਹੋਈ ਸੀ ਤੇ ਉਸ ਦੀਆਂ ਦੋ ਧੀਆਂ ਟਵਿੰਕਲ ਖੰਨਾ ਅਤੇ ਰਿੰਕੀ ਖੰਨਾ ਹਨ। ਟਵਿੰਕਲ ਖੰਨਾ ਅਦਾਕਾਰ ਅਕਸ਼ੈ ਕੁਮਾਰ ਨਾਲ ਆਪਣਾ ਸਫ਼ਲ ਵਿਆਹੁਤਾ ਜੀਵਨ ਬਿਤਾਅ ਰਹੀ ਹੈ। ਕਿਸੇ ਵੇਲੇ ਬਾਲੀਵੁੱਡ ਦੇ ਸਮੂਹ ਅਦਾਕਾਰਾਂ ਵਿਚੋਂ ਰਾਜੇਸ਼ ਖੰਨਾ ਇੱਕ ਮਾਤਰ ਐਸਾ ਅਦਾਕਾਰ ਸੀ ਜਿਸ ਕੋਲ ਸਭ ਤੋਂ ਮਹਿੰਗੀ ਐਮ.ਜੀ. ਸਪੋਰਟਸ ਕਾਰ ਸੀ। 18 ਜੁਲਾਈ, 2012 ਨੂੰ ਇਸ ਮਹਾਨ ਅਦਾਕਾਰ ਦਾ ਦੇਹਾਂਤ ਹੋ ਗਿਆ।

-ਮੋਬਾ: 97816-46008

### ਗੁਰੂ ਦੱਤ ਦਾ ਜਨਮ ਸ਼ਤਾਬਦੀ ਸਾਲ

## ਪੋਤੀਆਂ ਨੇ ਸੰਭਾਲੀ ਦਾਦੇ ਦੀ ਮਹਾਨ ਵਿਰਾਸਤ

ਲਿਵਿੰਗ ਰੂਮ ਦੀ ਕੰਧ 'ਚੇ ਫ਼ਿਲਮ 'ਪਿਆਸਾ' (1957) ਦਾ ਪੋਸਟਰ ਲੱਗਾ ਹੋਇਆ ਹੈ। ਦੂਜੀ ਕੰਧ 'ਤੇ 'ਬਲੈਕ ਐਂਡ ਵਾਈਟ ਫੈਮਲੀ ਫੋਟੋ' ਟੰਗੀ ਹੋਈ ਹੈ, ਜਿਸ ਵਿਚ ਲੀਜੈਂਡਰੀ ਫਿਲਮਕਾਰ ਗੁਰੂ ਦੱਤ, ਉਨ੍ਹਾਂ ਦੀ ਗਾਇਕਾ ਪਤਨੀ ਗੀਤਾ (ਰਾਇ) ਦੱਤ ਅਤੇ ਉਨ੍ਹਾਂ ਦੇ ਬੱਚੇ ਹਨ। ਮੁੰਬਈ ਦੇ ਇਸ ਘਰ ਵਿਚ ਗੁਰੂ ਦੱਤ ਦੀ ਮੌਜੂਦਗੀ ਦਾ ਅਹਿਸਾਸ ਹਰ ਜਗ੍ਹਾ ਹੈ। ਇਹ ਗੁਰੂ ਦੱਤ ਦੀ ਨੂੰਹ ਇੱਫ਼ਤ ਦਾ ਘਰ ਹੈ, ਜਿਸ ਵਿਚ ਉਹ ਆਪਣੀਆਂ ਦੋਵੇਂ ਧੀਆਂ ਕਰੁਣਾ ਅਤੇ ਗੌਰੀ ਨਾਲ ਰਹਿੰਦੀ ਹੈ। ਇੱਫਤ ਨੇ ਗੁਰੂ ਦੱਤ ਦੇ ਪੁੱਤਰ ਅਰੁਣ ਦੱਤ ਨਾਲ ਵਿਆਹ ਕੀਤਾ ਸੀ, ਜੋ ਹੁਣ ਇਸ ਦੁਨੀਆ ਵਿਚ ਨਹੀਂ ਹੈ। ਪਰ ਤਿੰਨੋਂ ਮਾਵਾਂ ਧੀਆਂ ਨੇ ਆਪਣੇ ਪਰਿਵਾਰ ਦੀ ਮਹਾਨ ਸਿਨੇਮਾਈ ਵਿਰਾਸਤ ਨੂੰ ਸੰਭਾਲਿਆ ਹੋਇਆ ਹੈ ਅਤੇ ਗੁਰੂ ਦੱਤ ਦੀ ਜਨਮ ਸ਼ਤਾਬਦੀ-ਸਾਲ ਦਾ ਜਸ਼ਨ ਮਨਾਉਣ ਦੀ ਯੋਜਨਾ ਬਣਾ ਰਹੀਆਂ। ਗੌਰੀ ਦੱਸਦੀ ਹੈ, 'ਹਾਲਾਂਕਿ ਸਾਡੇ ਦਾਦਾ ਗੁਰੂ ਦੱਤ ਦੀ ਹਮੇਸ਼ਾ ਹੀ ਸਾਡੇ ਜੀਵਨ ਵਿਚ ਪ੍ਰਭਾਵੀ ਮੌਜੂਦਗੀ ਰਹੀ ਹੈ, ਪਰ ਇਸ ਸਾਲ ਅਸੀਂ ਉਸ ਨੂੰ ਕੁਝ ਵਧੇਰੇ ਮਹਿਸੂਸ ਕਰ ਰਹੇ ਹਾਂ, ਕਿਉਂਕਿ 9 ਜੁਲਾਈ, 2025 ਨੂੰ ਜੇਕਰ ਉਹ ਹੁੰਦੇ ਤਾਂ ਉਹ ਸੌ ਸਾਲ ਦੇ ਹੋ ਗਏ ਹੁੰਦੇ।

ਪੁਣੇ 'ਚ ਰਹਿੰਦੇ ਹੋਏ ਪੋਤੀਆਂ ਨੂੰ ਆਪਣੇ ਦਾਦਾ ਗੁਰੂ ਦੱਤ ਦਾ ਮਹੱਤਵ ਕਾਲਜ ਦੇ ਦਿਨਾਂ ਵਿਚ ਹੀ ਸਮਝ ਵਿਚ ਆਇਆ ਸੀ। ਕਰੁਣਾ ਨੇ ਫਰਗਿਊਸਨ ਕਾਲਜ ਤੋਂ ਸਿੱਖਿਆ ਪ੍ਰਾਪਤ ਕੀਤੀ ਸੀ ਅਤੇ ਗੌਰੀ ਨੇ ਨੈਰੋਜਜੀ ਵਾਡੀਆ ਕਾਲਜ ਤੋਂ। ਗੌਰੀ ਦੱਸਦੀ ਹੈ, 'ਜਦੋਂ ਅਸੀਂ ਬੱਚੀਆਂ ਸਾਂ, ਤਾਂ ਸਾਨੂੰ ਆਪਣੇ ਦਾਦਾ ਜੀ ਦੇ ਕੰਮ ਤੋਂ ਜਾਣੂ ਸਾਡੇ ਪਿਤਾ ਨੇ ਕਰਵਾਇਆ ਸੀ।



ਗੁਰੂ ਦੱਤ ਅਤੇ ਦੇਵਾਨੰਦ ਨੇ ਇਕ ਦੂਜੇ ਨਾਲ ਵਾਅਦਾ ਕੀਤਾ, ਜੋ ਵੀ ਪਹਿਲਾਂ ਨਿਰਮਾਤਾ ਬਣੇਗਾ, ਉਹ ਦੂਸਰੇ ਨੂੰ ਆਪਣੀ ਫ਼ਿਲਮ ਵਿਚ ਕੰਮ ਦੇਵੇਗਾ। ਪਹਿਲਾਂ ਦੇਵਾਨੰਦ ਨਿਰਮਾਤਾ ਬਣੇ ਅਤੇ ਉਨ੍ਹਾਂ ਨੇ ਫ਼ਿਲਮ 'ਬਾਜ਼ੀ' ਦੇ ਨਿਰਦੇਸ਼ਨ ਦੀ ਜ਼ਿੰਮੇਵਾਰੀ ਗੁਰੂ ਦੱਤ ਨੂੰ ਦੇ ਕੇ ਅਪਣਾ ਵਾਅਦਾ ਨਿਭਾਇਆ ਅਤੇ ਜਦੋਂ ਗੁਰੂ ਦੱਤ ਨੇ 'ਸੀ.ਆਈ.ਡੀ.' ਫਿਲਮ ਬਣਾਈ ਤਾਂ ਦੇਵਾਨੰਦ ਨੂੰ ਹੀਰੋ ਲਿਆ ਗਿਆ। ਪ੍ਰਭਾਤ ਫ਼ਿਲਮ ਕੰਪਨੀ ਵਿਚ ਹੀ ਗੁਰੂ ਦੱਤ ਦੀ ਮੁਲਾਕਾਤ ਰਹਿਮਾਨ ਨਾਲ ਹੋਈ ਅਤੇ ਇਹ ਦੋਸਤੀ ਵੀ ਉਮਰ ਭਰ ਚੱਲੀ। 'ਬਾਜ਼ੀ' (1951) ਵਿਚ ਗੀਤਾ ਨੇ 'ਤਦਬੀਰ ਸੇ ਬਿਗੜੀ ਹੁਈ ਤਕਦੀਰ ਬਨਾ ਲੇ' ਗੀਤ ਗਾਇਆ ਸੀ ਅਤੇ ਉਨ੍ਹਾਂ ਦੀ ਮਖਮਲੀ ਆਵਾਜ਼ ਨੇ ਗੁਰੂ ਦੱਤ ਨੂੰ ਹੈਰਾਨ ਕਰ ਦਿੱਤਾ ਸੀ। ਉਹ ਆਪਣਾ ਦਿਲ ਹੀ ਹਾਰ ਗਏ ਸਨ। ਤਿੰਨ ਸਾਲ ਤੱਕ ਮੁਹੱਬਤ ਚੱਲੀ ਅਤੇ ਫਿਰ 26 ਮਈ, 1953 ਨੂੰ ਗੀਤਾ ਰਾਇ ਗੁਰੂ ਦੱਤ ਦੀ ਗੀਤਾ ਦੱਤ ਬਣ ਗਈ। ਉਨ੍ਹਾਂ ਦੇ ਤਿੰਨ ਬੱਚੇ ਹੋਏ-ਤਰੁਣ, ਅਰੁਣ ਅਤੇ ਨੀਨਾ। ਕਿਉਂਕਿ ਪੋਤੀਆਂ ਦੀ ਆਪਣੇ ਦਾਦਾ ਦੀਆਂ ਫਿਲਮਾਂ ਨਾਲ ਜਾਣ-ਪਛਾਣ ਕਿਸ਼ੋਰ ਅਵਸਥਾ ਵਿਚ ਹੋਈ ਸੀ, ਇਸ ਲਈ ਉਹ ਆਪਣੇ ਕੰਮ ਨੂੰ ਬਿਹਤਰ ਢੰਗ ਨਾਲ ਸਮਝ ਸਕੀਆਂ ਅਤੇ ਜਲਦੀ ਹੀ ਉਸ 'ਤੇ ਆਪਣੀ ਰਾਇ ਵੀ ਕਾਇਮ ਕਰ ਸਕੀਆਂ।





ਦੋਵੇਂ ਭੈਣਾਂ ਆਪਣੀਆਂ ਫਿਲਮਾਂ ਬਣਾ ਕੇ ਗੁਰੂ ਦੱਤ ਦੀ ਵਿਰਾਸਤ ਨੂੰ ਅੱਗੇ ਵਧਾਉਣ ਦੀ ਇੱਛਾ ਰੱਖਦੀਆਂ ਹਨ ਅਤੇ ਉਸੇ ਦਿਸ਼ਾ ਵਿਚ ਕੰਮ ਕਰ ਰਹੀਆਂ ਹਨ। ਗੁਰੂ ਦੱਤ ਦੀ ਜਨਮ ਸ਼ਤਾਬਦੀ ਲਈ ਪਰਿਵਾਰ ਨੇ ਕੋਈ ਵਿਸ਼ੇਸ਼ ਯੋਜਨਾ ਤਾਂ ਨਹੀਂ ਬਣਾਈ ਪਰ ਇੱਫਤ ਦੱਸਦੀ ਹੈ, 'ਪਰਿਵਾਰ ਦੇ ਇਹੋ ਜਿਹੇ ਮੌਕਿਆਂ 'ਤੇ ਅਸੀਂ ਪ੍ਰਾਈਵੇਟਲੀ ਜਸ਼ਨ ਮਨਾਉਂਦੇ ਹਾਂ। ਪਰ ਅਸੀਂ ਪਰਿਵਾਰ ਦੀ ਪਰੰਪਰਾ ਦਾ ਪਾਲਣ ਕਰਦੇ ਹੋਏ ਆਪਣੇ ਸਵਰਗੀ ਮੈਂਬਰਾਂ ਦੇ ਪਸੰਦ ਵਾਲੇ ਭੋਜਨ ਤਿਆਰ ਕਰਕੇ ਪੰਛੀਆਂ ਨੂੰ ਖਵਾਉਂਦੇ ਹਾਂ। ਇਹ ਪਰੰਪਰਾ ਅਰੁਣ ਨੇ ਸ਼ੁਰੂ ਕੀਤੀ ਸੀ। ਇਸ ਲਈ 9 ਜੁਲਾਈ ਨੂੰ ਅਸੀਂ ਪਾਪਾ (ਗੁਰੂ ਦੱਤ) ਦੀ ਪਸੰਦ ਵਾਲੀ ਮੰਗਲੋਰੀ ਡਿਸ਼ ਜਿਸ ਵਿਚ ਦਾਲ ਚਾਵਲ ਅਤੇ ਸੌਂਗ (ਆਲੂ ਪਿਆਜ਼ ਦੀ ਮਸਾਲੇਦਾਰ ਡਿਸ਼) ਤਿਆਰ ਕੀਤੀ।' ਜਦ ਕਿ ਫਿਲਮ ਨਿਰਮਾਣ ਪ੍ਰਕਿਰਿਆ ਹੁਣ ਐਨਾਲਾਗ ਤੋਂ ਡਿਜੀਟਲ ਹੋ ਗਈ ਹੈ, ਪਰ ਗੁਰੂ ਦੱਤ ਹੁਣ ਵੀ ਮੀਲ ਦਾ ਪੱਥਰ ਹਨ ਕਿ ਉਹ ਜੋ ਕਹਾਣੀਆਂ ਸੁਣਾਉਣਾ ਚਾਹੁੰਦੇ ਸਨ, ਉਸ 'ਤੇ ਉਨ੍ਹਾਂ ਨੇ ਕਾਲਜਈ ਸਿਨੇਮਾ ਬਣਾਇਆ ਅਤੇ ਉਹ ਵੀ ਬਾਜ਼ਾਰ ਦੀਆਂ ਸੀਮਾਵਾਂ ਵਿਚ ਕੰਮ ਕਰਦੇ ਹੋਏ। ਉਨ੍ਹਾਂ ਦੇ ਜਨਮ ਸ਼ਤਾਬਦੀ ਵਰ੍ਹੇ ਵਿਚ ਸਾਡੇ ਕੋਲ ਉਨ੍ਹਾਂ ਦੀ ਵਾਪਸੀ ਇਕ ਅਧਿਆਪਕ ਅਤੇ ਸੱਚ ਦੇ ਝੰਡਾਬਰਦਾਰ ਦੇ ਰੂਪ ਵਿਚ ਹੋਣੀ ਚਾਹੀਦੀ ਹੈ। ਕਰੁਣਾ ਅਤੇ ਗੌਰੀ ਦੀ ਇਹੀ ਕੋਸ਼ਿਸ਼ ਹੈ।

-0-

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

*Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 776 Vereda ct San Jose CA 95123
2. 8455 Peachtree Ave Newark CA 94560
3. 2125 Neptune Rd Livermore CA 94550
4. 2169 Charger Dr San Jose CA 95131
5. 9550 Appaloosa Pl Elk Grove CA 95624
6. 9810 Bobcat Ct Gilroy CA 95020
7. 3033 Pellier Pl San Jose CA 95135
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 106 Coralflower Ln, San Ramon, CA 94582

## Purchase Loan and Refinance

Call Sukhveer (Sukhi) Gill
DHMS, Loan Broker
Ph: 510-207-9067
CA BRE Lic.#01180969
NMLS# 352095

19-20